BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery

Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400

5425 E. Thompson Rd., Indianapolis IN 46237






Buying/Selling *in*
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com



Twenty-Fourth Year of Publication ਮਿਡਵੈਸਟ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 05; February 3, 2024 20451 N. Plum Grove Rd., Palatine, IL 60074 Ph:847-359-0746, Fax:847-705-9388


# ਭਾਜਪਾ ਹੁਣ ਆਪਣੇ ਅਸਲੀ ਰੰਗ ਵਿਚ

## ਚੰਡੀਗੜ੍ਹ ਤੋਂ ਵਿਰੋਧੀਆਂ ਲਈ ਸਾਫ ਤੇ ਸਖਤ ਸੁਨੇਹਾ

**ਚੰਡੀਗੜ੍ਹ:** ਚੰਡੀਗੜ੍ਹ ਦੇ ਮੇਅਰ ਦੇ ਅਹੁਦੇ ਲਈ ਹੋਈ ਚੋਣ ਦੇ ਨਤੀਜਿਆਂ ਅਤੇ ਬਿਹਾਰ ਵਿਚ ਹੋਏ ਸਿਆਸੀ ਫੇਰਬਦਲ ਨੇ ਸਪਸ਼ਟ ਸੁਨੇਹਾ ਦੇ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ ਸੱਤਾ ਵਿਚ ਬਰਕਰਾਰ ਰਹਿਣ ਲਈ ਭਾਜਪਾ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ। ਇਸ ਪੈਂਤੜੇ ਨਾਲ ਮਹਾਂ ਗੱਠਜੋੜ (ਇੰਡੀਆ) ਰਾਹੀਂ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਦੇ ਸੁਪਨੇ ਵੇਖ ਰਹੀਆਂ ਵਿਰੋਧੀ ਧਿਰਾਂ ਦੇ ਭੁਲੇਖੇ ਵੀ ਦੂਰ ਕਰ ਦਿੱਤੇ ਹਨ।

ਚੰਡੀਗੜ੍ਹ ਮੇਅਰ ਚੋਣਾਂ ਵਿਚ ਬਹੁਮਤ ਹੁੰਦਿਆਂ ਵੀ ਆਮ ਆਦਮੀ ਪਾਰਟੀ ਅਤੇ ਕਾਂਗਰਸ ਦਾ ਗੱਠਜੋੜ ਆਪਣਾ ਮੇਅਰ ਨਹੀਂ ਬਣਾ ਸਕਿਆ। ਨਾਟਕੀ ਢੰਗ ਨਾਲ ਭਾਜਪਾ ਦੇ ਉਮੀਦਵਾਰ ਮਨੋਜ ਸੋਨਕਰ ਨੇ ਗੱਠਜੋੜ ਦੇ ਕੁਲਦੀਪ ਕੁਮਾਰ ਨੂੰ ਹਰਾ ਦਿੱਤਾ। ਇਨ੍ਹਾਂ ਚੋਣਾਂ ਤੋਂ ਪਹਿਲਾਂ ਇਹ ਤੈਅ ਸੀ ਕਿ ਮੇਅਰ ਗੱਠਜੋੜ ਦਾ ਹੀ ਬਣੇਗਾ ਕਿਉਂਕਿ ਭਾਜਪਾ ਕੋਲ ਸਿਰਫ 14, ਜਦਕਿ ਗੱਠਜੋੜ ਕੋਲ 20 ਵੋਟਾਂ ਸਨ ਪਰ ਹੋਇਆ ਇਸ ਦੇ ਬਿਲਕੁਲ ਉਲਟ। ਗੱਠਜੋੜ ਦੀਆਂ 8 ਵੋਟਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਮੇਅਰ ਦੀ ਕੁਰਸੀ ਭਗਵਾ ਧਿਰ ਹੱਥ ਆ ਗਈ। ਆਪ ਤੇ ਕਾਂਗਰਸ ਨੇ ਇਸ ਨੂੰ ਧੱਕੇਸ਼ਾਹੀ ਕਰਾਰ ਦਿੰਦਿਆਂ ਹਾਈਕੋਰਟ ਤੱਕ ਪਹੁੰਚ ਵੀ ਕੀਤੀ ਹੈ। ਦੋਵਾਂ ਧਿਰਾਂ ਨੇ ਇਕ ਵੀਡੀਓ ਵੀ ਜਾਰੀ ਕੀਤਾ ਹੈ ਜਿਸ ਵਿਚ ਚੋਣਾਂ ਕਰਵਾਉਣ ਆਇਆ ਅਫਸਰ ਵੋਟਾਂ ਵਾਲੀਆਂ ਪਰਚਿਆਂ ਨਾਲ 'ਛੇੜਛਾੜ' ਕਰ ਰਿਹਾ ਹੈ।



### ਲੋਕਾਂ ਕੋਲ ਲੋਕਤੰਤਰ ਬਚਾਉਣ ਦਾ ਆਖਰੀ ਮੌਕਾ: ਖੜਗੇ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਹੈ ਕਿ ਆਉਂਦੀਆਂ ਸੰਸਦੀ ਚੋਣਾਂ ਲੋਕਾਂ ਕੋਲ ਲੋਕਤੰਤਰ ਬਚਾਉਣ ਦਾ ਆਖਰੀ ਮੌਕਾ ਹਨ ਕਿਉਂਕਿ ਜੇਕਰ ਭਾਜਪਾ ਦੁਬਾਰਾ ਚੋਣਾਂ ਜਿੱਤ ਗਈ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ 'ਚ ਤਾਨਾਸ਼ਾਹੀ ਲਾਗੂ ਕਰ ਸਕਦੇ ਹਨ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦੋਸ਼ ਲਾਇਆ ਕਿ ਭਾਜਪਾ ਈ.ਡੀ. ਤੇ ਸੀ.ਬੀ.ਆਈ. ਦੇ ਨਾਂ 'ਤੇ ਲੋਕਾਂ ਨੂੰ ਧਮਕਾਉਣ ਲੱਗੀ ਹੈ। ਭਗਵਾ ਪਾਰਟੀ ਨੂੰ ਵੋਟ ਨਾ ਪਾਉਣ ਦੀ ਸੂਰਤ ਵਿਚ ਭਾਜਪਾ ਲੋਕਾਂ ਨੂੰ ਉਨ੍ਹਾਂ ਦੇ ਘਰਾਂ 'ਚ ਕੇਂਦਰੀ ਜਾਂਚ ਏਜੰਸੀਆਂ ਭੇਜਣ ਦੀ ਧਮਕੀ ਦੇ ਰਹੀ ਹੈ।

ਦਰਅਸਲ, ਨਗਰ ਨਿਗਮ ਦੇ ਕੁੱਲ 35 ਚੁਣੇ ਗਏ ਕੌਂਸਲਰਾਂ ਅਤੇ ਸੰਸਦ ਦੀ ਇਕ ਵੋਟ ਜੋੜ ਕੇ ਕੁੱਲ 36 ਵੋਟਾਂ ਬਣਦੀਆਂ ਹਨ। ਇਨ੍ਹਾਂ ਵਿਚੋਂ ਆਪ-ਕਾਂਗਰਸ ਗੱਠਜੋੜ (13 ਆਪ ਤੇ 7 ਕਾਂਗਰਸ) ਕੋਲ 20 ਵੋਟਾਂ ਹਨ ਅਤੇ ਭਾਜਪਾ ਕੋਲ ਆਪਣੇ 14 ਕੌਂਸਲਰਾਂ ਅਤੇ ਸੰਸਦ ਮੈਂਬਰ ਦੀ ਇਕ ਵੋਟ ਸਮੇਤ ਕੁੱਲ 15 ਵੋਟਾਂ ਹਨ। ਨਿਗਮ ਵਿਚ ਇਕ ਵੋਟ ਸ਼੍ਰੋਮਣੀ ਅਕਾਲੀ ਦਲ ਦੇ ਕੌਂਸਲਰ ਦੀ ਹੈ। ਦੱਸ ਦਈਏ ਕਿ ਭਾਜਪਾ ਨੇ ਇਹ ਚੋਣ ਜਿੱਤਣ ਲਈ ਟਿੱਲ ਲਾਇਆ ਹੋਇਆ ਸੀ, ਕਿਉਂਕਿ ਲੋਕ ਸਭਾ ਚੋਣਾਂ ਵਿਚ ਭਗਵਾ ਧਿਰ ਖ਼ਿਲਾਫ਼ ਬਣ ਰਹੇ ਗੱਠਜੋੜ ਦੀ ਇਹ ਪਹਿਲੀ ਪ੍ਰੀਖਿਆ ਸੀ।

ਦੱਸ ਦਈਏ ਕਿ ਚੰਡੀਗੜ੍ਹ ਸ਼ਹਿਰ ਦੇ ਮੇਅਰ ਦਾ ਕਾਰਜਕਾਲ ਇਕ ਸਾਲ ਲਈ ਹੁੰਦਾ ਹੈ। ਨਿਗਮ ਦੇ ਮੌਜੂਦਾ ਮੇਅਰ ਦਾ ਕਾਰਜਕਾਲ ਇਸ ਮਹੀਨੇ 17 ਜਨਵਰੀ ਨੂੰ ਪੂਰਾ ਹੋ ਗਿਆ ਸੀ ਅਤੇ ਪ੍ਰਸ਼ਾਸਨ ਨੇ 18 ਨੂੰ ਨਵੇਂ ਮੇਅਰ ਦੀ ਚੋਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਪਰ ਮੇਅਰ ਦੀ ਚੋਣ ਤੋਂ ਪਹਿਲਾਂ ਨਿਗਮ ਭਵਨ ਵਿਚ ਹੋਏ ਸਿਆਸੀ ਹੰਗਾਮੇ ਨੂੰ ਲੈ ਕੇ ਪ੍ਰਸ਼ਾਸਨ ਨੇ 18 ਜਨਵਰੀ ਨੂੰ ਮੇਅਰ ਦੀ ਚੋਣ ਮੁਅੱਤਲ ਕਰ ਕੇ ਚੋਣ ਦੀ ਤਰੀਕ 6 ਫਰਵਰੀ ਤੈਅ ਕੀਤੀ ਸੀ। ਪ੍ਰਸ਼ਾਸਨ ਦੇ ਇਸ ਫੈਸਲੇ ਖ਼ਿਲਾਫ਼ 'ਆਪ' ਵੱਲੋਂ ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਤੋਂ ਬਾਅਦ ਕੋਰਟ ਨੇ ਮੇਅਰ ਦੀ ਚੋਣ 30 ਜਨਵਰੀ ਨੂੰ ਕਰਵਾਉਣ ਦੇ ਹੁਕਮ ਦਿੱਤੇ ਸਨ। ਚੋਣ ਤੋਂ ਪਹਿਲਾਂ ਤੈਅ ਸੀ ਭਾਜਪਾ ਗੇਮ ਵਿਚੋਂ ਬਾਹਰ ਹੈ ਪਰ ਵੋਟਾਂ ਦੀ ਗਿਣਤੀ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਕੁਝ ਇਸੇ ਤਰ੍ਹਾਂ ਦੇ ਪੈਂਤੜੇ ਨਾਲ ਭਾਜਪਾ ਬਿਹਾਰ ਦੀ ਸੱਤਾ ਵਿਚ ਹਿੱਸੇਦਾਰ ਬਣ ਗਈ ਹੈ ਅਤੇ ਮਹਾਂ ਗੱਠਜੋੜ ਦਾ ਸਭ ਤੋਂ ਪ੍ਰਮੁੱਖ ਚਿਹਰਾ ਤੇ ਬਿਹਾਰ ਦਾ ਮੁੱਖ ਮੰਤਰੀ ਨਿਤੀਸ਼ ਕੁਮਾਰ ਐਨ.ਡੀ.ਏ. ਨਾਲ ਆ ਰਲਿਆ। ਜਨਤਾ ਦਲ (ਯੂਨਾਈਟਡ) (ਜੇ.ਡੀ.ਯੂ.) ਦੇ ਮੁਖੀ ਨੇ ਭਾਜਪਾ ਨਾਲ ਰਲ ਕੇ ਸਰਕਾਰ ਬਣਾ ਲਈ ਹੈ। ਇਹ ਉਹੀ ਪਾਰਟੀ ਹੈ ਜਿਸ ਨਾਲੋਂ ਉਨ੍ਹਾਂ ਨੇ ਡੇਢ ਸਾਲ ਪਹਿਲਾਂ ਨਾਤਾ ਤੋੜ ਲਿਆ ਸੀ।

ਕੁਝ ਸਿਆਸੀ ਮਾਹਰ ਨਿਤੀਸ਼ ਦੇ ਪੈਂਤੜੇ ਨੂੰ ਦੇਸ਼, ਖਾਸ ਕਰਕੇ ਬਿਹਾਰ ਵਿਚ ਸਿਆਸੀ ਵਿਰੋਧੀਆਂ ਦੇ ਘਰ ਪੈ ਰਹੇ ਕੇਂਦਰੀ ਏਜੰਸੀਆਂ ਦੇ ਛਾਪਿਆਂ ਨਾਲ ਵੀ ਜੋੜ ਕੇ ਵੇਖ ਰਹੇ ਹਨ। ਰਾਸ਼ਟਰੀ ਜਨਤਾ ਦਲ ਦੇ ਨੇਤਾ ਤੇਜਸਵੀ ਯਾਦਵ, ਉਨ੍ਹਾਂ ਦੇ ਪਿਤਾ ਤੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਯਾਦਵ ਇਸ ਸਮੇਂ ਈ.ਡੀ. ਦੇ ਰਿਡਾਰ ਉਤੇ


*(ਬਾਕੀ ਸਫਾ 6 'ਤੇ)*


# ਕਿਸਾਨਾਂ ਵੱਲੋਂ ਸਰਕਾਰ ਨੂੰ ਘੇਰਨ ਲਈ ਲਾਮਬੰਦੀ



**ਲੁਧਿਆਣਾ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਨੇ ਮੋਦੀ ਸਰਕਾਰ ਦੀ ਘੇਰੇਬੰਦੀ ਦੀਆਂ ਤਿਆਰੀ ਸ਼ੁਰੂ ਕਰ ਦਿੱਤੀਆਂ ਹਨ। ਸੰਯੁਕਤ ਕਿਸਾਨ ਮੋਰਚਾ ਅਤੇ ਟਰੇਡ ਯੂਨੀਅਨਾਂ ਦੇ ਤਾਲਮੇਲ ਵੱਲੋਂ ਦਿੱਤੇ 16 ਫਰਵਰੀ ਦੇ ਭਾਰਤ ਬੰਦ ਦੇ ਸੱਦੇ ਨੂੰ ਸਫ਼ਲ ਬਣਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਇਸ ਦੌਰਾਨ 16 ਫਰਵਰੀ ਦੇ ਬੰਦ ਨੂੰ ਸਫ਼ਲ ਬਣਾਉਣ ਲਈ ਵੱਖ-ਵੱਖ ਪ੍ਰੋਗਰਾਮ ਉਲੀਕਦਿਆਂ ਕਿਸਾਨ ਆਗੂਆਂ ਦੀਆਂ ਜ਼ਿੰਮੇਵਾਰੀਆਂ ਲਗਾਈਆਂ ਗਈਆਂ। ਇਸੇ ਤਰ੍ਹਾਂ ਕਿਸਾਨਾਂ ਦੀ ਪਿੰਡ ਪੱਧਰ ਤੱਕ ਲਾਮਬੰਦੀ ਲਈ 9 ਫਰਵਰੀ ਨੂੰ ਤਹਿਸੀਲ ਪੱਧਰ ਉਤੇ ਰੋਸ ਮਾਰਚ ਕਰਨ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਮੀਟਿੰਗ ਦੌਰਾਨ 32 ਕਿਸਾਨ ਜਥੇਬੰਦੀਆਂ ਨੇ ਬੰਦ ਨੂੰ ਸਫ਼ਲ ਕਰਨ ਲਈ 16 ਫਰਵਰੀ ਨੂੰ ਜ਼ਿਲ੍ਹਾ ਤੇ ਤਹਿਸੀਲ ਕੇਂਦਰਾਂ ਦੀਆਂ ਮੁੱਖ ਸੜਕਾਂ ਅਤੇ ਚੌਕਾਂ ਉਤੇ ਵੱਡੇ ਇਕੱਠ ਕਰਕੇ ਜਾਮ ਕਰਨ ਦਾ ਫ਼ੈਸਲਾ ਵੀ ਕੀਤਾ ਹੈ। ਇਸ ਮੌਕੇ ਸਰਬਸੰਮਤੀ ਨਾਲ ਫ਼ੈਸਲਾ ਕਰਕੇ ਐਲਾਨ ਕੀਤਾ ਕਿ ਪੰਜਾਬ ਦੇ ਪਾਣੀਆਂ ਅਤੇ ਵਾਤਾਵਰਨ ਨਾਲ ਸਬੰਧਤ ਮੁੱਦਿਆਂ, ਕਰਜ਼ਾ ਮੁਕਤੀ, ਸੰਘੀ ਢਾਂਚੇ ਉੱਪਰ ਹੋ ਰਹੇ ਹਮਲਿਆਂ ਕਾਰਨ ਸੂਬੇ ਦੇ ਅਧਿਕਾਰਾਂ ਉਤੇ ਵੱਜ ਰਹੀ ਸੱਟ ਅਤੇ ਐਮ.ਐਸ.ਪੀ. ਦੇ ਸਵਾਲ ਉਤੇ ਭਵਿੱਖੀ


*(ਬਾਕੀ ਸਫਾ 6 'ਤੇ)*



India Palace Restaurant
And Banquet Hall
*Restaurant-Fine Indian Cuisine*
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800
Best Price Wholesale
Ph: 630-400-0996
*Lakhvir S. Johal*
Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
*ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:*
Jaspal S. Ghotra: 765-337-5151

ਵਧੀਆ ਸਥਾਪਿਤ ਗੈਸ ਸਟੇਸ਼ਨ ਵਿਕਾਊ
ਬੁਫੈਲੋ ਦੇ ਨੇੜੇ ਵੈਸਟਰਨ ਨਿਊਯਾਰਕ ਵਿਚ ਹਾਈਵੇਅ 60 'ਤੇ ਵਧੀਆ ਸਥਾਪਿਤ ਗੈਸ ਸਟੇਸ਼ਨ/ਸਟੋਰ ਵਿਕਾਊ ਹੈ।
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਰਾਜ: 346-391-6000
Gas Station for sale near Buffalo, NY
Well Established Neighborhood Store which
* Includes Property & 3.75 Acres Land
* Laundromat, Bank, Pizza, Deli & Hardware
On a busy Highway 7 miles off I-90
45 Miles West of Buffalo, NY.
EB-5 Investors welcome!
Hunt Commercial
Phone: Raj 346-391-6000

RAJVEER GILL
847-907-1525
Regal Jewels
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.RegalJewels.com

# ਭਾਰਤ ਦੇ ਕੌਂਸਲੇਟ ਜਨਰਲ, ਸ਼ਿਕਾਗੋ ਨੇ 75ਵਾਂ ਗਣਤੰਤਰ ਦਿਵਸ ਮਨਾਇਆ

**ਸ਼ਿਕਾਗੋ:** ਭਾਰਤ ਦੇ ਕੌਂਸਲੇਟ ਜਨਰਲ, ਸ਼ਿਕਾਗੋ ਵਲੋਂ 75ਵਾਂ ਗਣਤੰਤਰ ਦਿਵਸ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕੌਂਸਲ ਜਨਰਲ ਸੋਮਨਾਥ ਘੋਸ਼ ਨੇ ਰਾਸ਼ਟਰੀ ਝੰਡਾ ਫਹਿਰਾ ਕੇ ਕੀਤੀ। ਰਾਸ਼ਟਰੀ ਗੀਤ ਦੇ ਗਾਇਨ ਤੋਂ ਬਾਅਦ ਕੌਂਸਲ ਜਨਰਲ ਨੇ ਭਾਰਤ ਦੇ ਮਾਣਯੋਗ ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਦਾ ਭਾਸ਼ਣ ਪੜ੍ਹਿਆ ਅਤੇ ਭਾਰਤ-ਅਮਰੀਕਾ ਰਣਨੀਤਕ ਭਾਈਵਾਲੀ ਅਤੇ ਭਾਰਤੀ ਡਾਇਸਪੋਰਾ ਦੇ ਬਹੁਮੁੱਲੇ ਯੋਗਦਾਨ ਬਾਰੇ ਗੱਲਬਾਤ ਕੀਤੀ। ਇਸ ਮੌਕੇ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਇਆ ਗਿਆ, ਜਿਸ ਵਿਚ ਕਲਾਸੀਕਲ ਡਾਂਸ ਪੇਸ਼ ਕੀਤਾ ਗਿਆ। ਤਬਲਾ ਵਾਦਕ ਸ੍ਰੀ ਅਰੁਣ ਸਬਪਥੀ ਦੇ ਨਾਲ ਸਰੋਦ 'ਤੇ ਸੌਰਯਦੀਪ ਭੱਟਾਚਾਰੀਆ ਦੁਆਰਾ ਵਾਦਨ ਕੀਤਾ ਗਿਆ। ਮਿਸਟਰ ਕੋਲਿਨ ਮਾਸਕਾਰਨਹਾਸ ਅਤੇ ਏਕਯਮ ਓਡੀਸੀ ਡਾਂਸ ਕਲੈਕਟਿਵ ਸ਼ਿਕਾਗੋ ਤੋਂ ਨੀਤੀ ਸਬਰਵਾਲ ਦੁਆਰਾ ਓਡੀਸੀ ਡਾਂਸ ਦਾ ਪ੍ਰਦਰਸ਼ਨ ਕੀਤਾ ਗਿਆ। ਇਸ਼ਾਨ ਅਹਿਮਦ ਅਤੇ ਨਲਿਨੀ ਪਾਰਿਖ ਦੁਆਰਾ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ ਗਏ। ਪ੍ਰੋਗਰਾਮ ਵਿਚ ਰਾਜ ਦੇ ਸੈਨੇਟਰ ਰਾਮ ਵਿਲੀਵਲਮ, ਕੁੱਕ ਕਾਉਂਟੀ ਦੇ ਖਜ਼ਾਨਚੀ ਸ਼੍ਰੀਮਤੀ ਮਾਰੀਆ ਪਾਪਾਸ, ਅਤੇ ਭਾਰਤੀ ਡਾਇਸਪੋਰਾ ਦੇ ਪ੍ਰਮੁੱਖ ਮੈਂਬਰਾਂ ਨੇ ਸ਼ਿਰਕਤ ਕੀਤੀ।
















# ਐਫਆਈਏ ਨੇ ਕੀਤੀ ਗਣਤੰਤਰ ਦਿਵਸ ਸਮਾਰੋਹ ਦੀ ਮੇਜ਼ਬਾਨੀ

**ਸ਼ਿਕਾਗੋ:** ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ, ਸ਼ਿਕਾਗੋ (ਐਫਆਈਏ), ਨੇ ਸ਼ਿਕਾਗੋ ਦੇ ਵੱਕਾਰੀ ਮੈਟਰਿਕਸ ਕਲੱਬ ਵਿਚ 28 ਜਨਵਰੀ ਨੂੰ ਭਾਰਤ ਦੇ ਗਣਤੰਤਰ ਦਿਵਸ ਦੇ ਜਸ਼ਨ ਨੂੰ ਨਵੀਂਆਂ ਉਚਾਈਆਂ ਤਕ ਪਹੁੰਚਾਇਆ। ਇਹ ਸਮਾਰੋਹ ਅਨੇਕਤਾ ਵਿਚ ਭਾਰਤ ਦੀ ਡੂੰਘੀ ਏਕਤਾ ਨੂੰ ਸਪੱਸ਼ਟ ਤੌਰ 'ਤੇ ਰੇਖਾਂਕਿਤ ਕਰਦਾ ਹੈ। ਇਸ ਦੌਰਾਨ ਭਾਰਤ ਦੇ ਪ੍ਰਸਿੱਧ ਕਲਾਕਾਰਾਂ ਦੁਆਰਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਦੀ ਅਗਵਾਈ , ਪਦਮਸ਼੍ਰੀ ਮੁਹੰਮਦ ਰਫੀ ਦੇ ਪੁੱਤਰ ਸ਼ਾਹਿਦ ਰਫੀ ਨੇ ਕੀਤੀ।

ਸਮਾਗਮ ਦੇ ਸ਼ੁਰੂਆਤ ਵਿਚ ਜੋਤੀ ਜਗਾ ਕੇ ਕੀਤੀ ਗਈ, ਜਿਸ ਦੌਰਾਨ ਸੰਸਥਾ ਦੇ ਸੰਸਥਾਪਕ ਅਤੇ ਚੇਅਰਮੈਨ ਸੁਨੀਲ ਸ਼ਾਹ, ਪ੍ਰਧਾਨ ਵਿਨੀਤਾ ਗੁਲਾਬਾਨੀ, ਤੇ ਸਾਬਕਾ ਪ੍ਰਧਾਨ ਪ੍ਰਤਿਭਾ ਜੈਰਥ ਮੌਜੂਦ ਸਨ। ਮੱਖ ਸਮਾਗਮ ਵਿਚ ਐਫਆਈਏ ਦੇ ਜਨਰਲ ਸਕੱਤਰ, ਨੀਲਾਭ ਦੂਬੇ ਵੀ ਮੌਜੂਦ ਸਨ ਜਿਨ੍ਹਾਂ, ਨੇ ਸ਼ਾਮ ਦੇ ਮੇਜ਼ਬਾਨਾਂ ਅਨੂ ਮਲਹੋਤਰਾ ਅਤੇ ਸੁਚਿੱਤਰਾ ਕੁਕਰੇਜਾ ਦੀ ਜਾਣ-ਪਛਾਣ ਕਰਵਾਈ।

ਸੰਸਥਾਪਕ ਚੇਅਰਮੈਨ ਸੁਨੀਲ ਸ਼ਾਹ ਨੇ ਸੰਗਠਨ ਦੇ ਦ੍ਰਿਸ਼ਟੀਕੋਣ ਅਤੇ ਮਿਸ਼ਨ ਨੂੰ ਬਾਖੂਬੀ ਬਿਆਨ ਕੀਤਾ। ਸਾਬਕਾ ਪ੍ਰਧਾਨ ਵਿਨੀਤਾ ਗੁਲਾਬਾਨੀ ਨੇ ਸਾਲ 2023 ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਉਜਾਗਰ ਕੀਤਾ। ਮੌਜੂਦਾ ਪ੍ਰਧਾਨ ਪ੍ਰਤਿਭਾ ਜੈਰਥ ਨੇ ਕਾਰਜਕਾਰੀ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ 2024 ਲਈ ਆਪਣੀ ਯੋਜਨਾ ਦੀ ਰੂਪਰੇਖਾ ਦਿੱਤੀ।

ਮਗਰੋਂ ਸਟੇਜ ਨੇ ਮੁੱਖ ਮਹਿਮਾਨ, ਕੌਂਸਲੇਟ ਜਨਰਲ ਸੋਮਨਾਥ ਘੋਸ਼ ਦਾ ਸਵਾਗਤ ਕੀਤਾ, ਜਿਨ੍ਹਾਂ ਨੇ ਭਾਰਤ ਦੇ ਪ੍ਰਵਾਸੀਆਂ ਲਈ ਭਾਰਤ ਦੇ ਗਣਤੰਤਰ ਦਿਵਸ ਦੀ ਪ੍ਰਸੰਗਿਕਤਾ ਬਾਰੇ ਭਾਵੁਕਤਾ ਨਾਲ ਗੱਲ ਕੀਤੀ ਤੇ ਭਾਰਤ ਦੇ ਰਾਸ਼ਟਰਪਤੀ ਦੇ ਮੁੱਖ ਸੰਦੇਸ਼ਾਂ ਨੂੰ ਦਰਸ਼ਕਾਂ ਤਕ ਪਹੁੰਚਾਇਆ।

ਐਫਆਈਏ ਦੇ ਸਲਾਹਕਾਰ ਬੋਰਡ ਦੇ ਮੈਂਬਰਾਂ ਵਿਚ ਸਈਅਦ ਹੁਸੈਨੀ, ਮਨੀਸ਼ ਗਾਂਧੀ, ਆਸ਼ਾ ਓਰੋਸਕਰ, ਪਿੰਕੀ ਠੱਕਰ, ਲਖਵੀਰ ਸਹੋਤਾ, ਡਾ: ਅਨੁਜਾ ਗੁਪਤਾ, ਡਾ: ਭੁਪਿੰਦਰ ਬੇਰੀ, ਡਾ: ਸੁਰੇਸ਼ ਰੈਡੀ, ਨਿਮਿਸ਼ ਜਾਨੀ, ਸ਼ਰੂਜਲ ਪਟੇਲ, ਸੁਸ਼ਮਾ ਭਨੋਟ, ਸ਼ੀਤਲ ਦਫ਼ਤਾਰੀ, ਅਤੇ ਜਸਬੀਰ ਸੁਗਾ ਨੇ ਐੱਫ.ਆਈ.ਏ. ਬਾਰੇ ਵਿਚਾਰ ਸਾਂਝੇ ਕੀਤੇ। ਇਸ ਭਾਗ ਦੀ ਸਮਾਪਤੀ 'ਤੇ ਅਥਰਵ ਡਾਂਸ ਅਕੈਡਮੀ ਦੇ ਬੱਚਿਆਂ ਨੇ ਦੇਸ਼ ਭਗਤੀ ਦਾ ਡਾਂਸ ਪੇਸ਼ ਕੀਤਾ। ਵਿਭਿੰਨ ਖੇਤਰਾਂ ਵਿਛ ਸਮਾਜ ਉੱਤੇ ਅਮਿੱਟ ਛਾਪ ਛੱਡਣ ਵਾਲੀਆਂ ਸ਼ਖਸੀਅਤਾਂ ਨੂੰ ਸੰਸਥਾਪਕ ਚੇਅਰਮੈਨ ਸੁਨੀਲ ਸ਼ਾਹ, ਪ੍ਰਧਾਨ ਵਿਨੀਤਾ ਗੁਲਾਬਾਨੀ, ਪ੍ਰਤਿਭਾ ਜੈਰਥ ਅਤੇ ਕੌਂਸਲੇਟ ਜਨਰਲ ਸੋਮਨਾਥ ਘੋਸ਼ ਨੇ ਸਨਮਾਨ ਭੇਟ ਕੀਤਾ।

ਐਫਆਈਏ ਦੇ ਉਪ ਪ੍ਰਧਾਨ ਅਤੇ ਐਮਸੀ ਪ੍ਰੋ-ਐਮਸੀ ਰਿਚਾ ਚੰਦ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲਿਆਂ ਦਾ ਐਲਾਨ ਕੀਤਾ। ਉਪ ਪ੍ਰਧਾਨ ਚਾਂਦਨੀ ਦੁਵੂਰੀ ਨੇ ਕੌਂਸਲੇਟ ਜਨਰਲ ਸੋਮਨਾਥ ਘੋਸ਼, ਲਿੰਡਾ ਡੇਵਨਪੋਰਟ, ਕੋਰਟ ਜੱਜ, ਅਤੇ ਹੋਰ ਮਾਣਯੋਗ ਪਤਵੰਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਦੀ ਮੌਜੂਦਗੀ ਨੇ ਇਸ ਮੌਕੇ ਦਾ ਮਾਣ ਵਧਾਇਆ।

ਇਸ ਮੌਕੇ ਸ਼ਾਹਿਦ ਰਫੀ ਨੇ ਆਪਣੇ ਪਿਤਾ ਮੁਹੰਮਦ ਰਫੀ ਦੇ ਗੀਤ ਗਾ ਕੇ ਦਰਸ਼ਕ ਕੀਲ ਲਏ। ਨੀਲਾਜਨ ਰੇ, ਪ੍ਰਿਯੰਕਾ ਮਿੱਤਰਾ, ਸੈਮੀ ਐੱਮ., ਗੌਤਮੀ ਰਾਏ, ਪ੍ਰਖਰ ਘੋਸ਼, ਅਤੇ ਮੁਹੰਮਦ ਸਲਾਮਤ ਦੇ ਸ਼ਾਨਦਾਰਪ੍ਰਦਰਸ਼ਨ ਨਾਲ ਸਮਾਗਮ ਸਮਾਪਤ ਹੋ ਗਿਆ।













# ਅਦਾਲਤ ਨੇ ਮੂਸੇਵਾਲਾ ਦੇ ਪਰਿਵਾਰ ਕੋਲੋਂ ਰਿਕਾਰਡ ਮੰਗਿਆ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਦੀ ਸੁਣਵਾਈ ਦੌਰਾਨ ਮਾਨਸਾ ਦੀ ਜ਼ਿਲ੍ਹਾ ਤੇ ਸੈਸ਼ਨ ਜੱਜ ਦੀ ਅਦਾਲਤ ਵਿਚ 24 ਮੁਲਜ਼ਮਾਂ ਨੇ ਪੇਸ਼ੀ ਭੁਗਤੀ। ਇਨ੍ਹਾਂ ਵਿਚੋਂ 21 ਜਣਿਆਂ ਨੇ ਵੀਡੀਓ ਕਾਨਫਰੰਸਿੰਗ ਅਤੇ 3 ਜਣਿਆਂ ਨੇ ਨਿੱਜੀ ਤੌਰ ਉਤੇ ਅਦਾਲਤ 'ਚ ਪੇਸ਼ੀ ਭੁਗਤੀ ਜਦੋਂਕਿ ਇਕ ਹੋਰ ਮੁਲਜ਼ਮ ਤਿਹਾੜ ਜੇਲ੍ਹ 'ਚ ਬੰਦ ਹੋਣ ਕਾਰਨ ਉਸ ਨਾਲ ਸੰਪਰਕ ਨਹੀਂ ਹੋਇਆ।



ਵਕੀਲ ਸਤਿੰਦਰਪਾਲ ਸਿੰਘ ਮਿੱਤਲ ਨੇ ਦੱਸਿਆ ਕਿ ਅਦਾਲਤ ਨੇ ਕਤਲ ਕੇਸ ਨਾਲ ਸਬੰਧਤ ਸਿੱਧੂ ਮੂਸੇਵਾਲਾ ਦੇ ਪਰਿਵਾਰ ਤੋਂ ਕੁਝ ਰਿਕਾਰਡ ਮੰਗਿਆ ਹੈ, ਜਿਸ ਨੂੰ ਅਗਲੀ ਪੇਸ਼ੀ ਉਤੇ ਪੇਸ਼ ਕੀਤਾ ਜਾਵੇਗਾ। ਜ਼ਿਲ੍ਹਾ ਤੇ ਸੈਸ਼ਨ ਜੱਜ ਪ੍ਰੀਤੀ ਸਾਹਨੀ ਦੀ ਅਦਾਲਤ ਨੇ ਮਾਮਲੇ ਦੀ ਸੁਣਵਾਈ 8 ਫਰਵਰੀ ਤੱਕ ਮੁਲਤਵੀ ਕਰ ਦਿੱਤੀ ਹੈ। ਪੰਜਾਬ ਅਤੇ ਹੋਰ ਰਾਜਾਂ ਦੀਆਂ ਵੱਖ-ਵੱਖ ਜੇਲ੍ਹਾਂ 'ਚ ਬੰਦ 21 ਮੁਲਜ਼ਮਾਂ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਅਦਾਲਤ ਵਿਚ ਪੇਸ਼ ਕੀਤਾ ਗਿਆ। ਮੁਲਜ਼ਮ ਕਪਿਲ ਪੰਡਤ, ਅਰਸ਼ਦ ਖਾਨ, ਸਚਿਨ ਭਿਵਾਨੀ ਨਿੱਜੀ ਤੌਰ ਉਤੇ ਪੇਸ਼ ਹੋਏ, ਜਦੋਂ ਕਿ ਤਿਹਾੜ ਜੇਲ੍ਹ ਵਿਚ ਬੰਦ ਗੈਂਗਸਟਰ ਸਚਿਨ ਬਿਸ਼ਨੋਈ ਨਾਲ ਤਕਨੀਕੀ ਕਾਰਨਾਂ ਕਰਕੇ ਸੰਪਰਕ ਨਹੀਂ ਹੋ ਸਕਿਆ। ਅਦਾਲਤ ਵਿਚ ਪੁੱਜੇ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਦੱਸਿਆ ਕਿ ਉਮੀਦ ਹੈ ਕਿ ਜਲਦੀ ਹੀ ਦੋਸ਼ ਆਇਦ ਕੀਤੇ ਜਾਣਗੇ ਅਤੇ ਨਿਆਂ ਮਿਲੇਗਾ ਪਰ ਉਹ ਸਰਕਾਰ ਤੋਂ ਬਹੁਤ ਨਿਰਾਸ਼ ਹਨ।

ਉਨ੍ਹਾਂ ਕਿਹਾ ਕਿ 10 ਮਹੀਨਿਆਂ ਬਾਅਦ ਵੀ ਪੰਜਾਬ ਸਰਕਾਰ ਚੁੱਪ ਹੈ ਅਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੇ ਮਾਮਲੇ ਦੀ ਜ਼ਿੰਮੇਵਾਰੀ ਤੈਅ ਨਹੀਂ ਕਰ ਰਹੀ। ਇਸ ਮਾਮਲੇ ਵਿਚ ਸਰਕਾਰ ਨਾ ਸਿਰਫ਼ ਲਾਪਰਵਾਹੀ ਦਿਖਾ ਰਹੀ ਹੈ ਸਗੋਂ ਗੈਂਗਸਟਰਾਂ ਦੀ ਮਦਦ ਕਰਦੀ ਨਜ਼ਰ ਆ ਰਹੀ ਹੈ। ਜ਼ਿਕਰਯੋਗ ਹੈ ਕਿ ਮੂਸੇਵਾਲਾ ਦੀ ਪਿਛਲੇ ਸਾਲ 29 ਮਈ ਨੂੰ ਮਾਨਸਾ ਦੇ ਪਿੰਡ ਜਵਾਹਰਕੇ ਵਿਚ ਛੇ ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।





UMA TRAVELS
2541 W. Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.

05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com

05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376

03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**

02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

## ਲੜਕੇ ਦੀ ਲੋੜ ਹੈ

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.

02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

# ਪੰਜਾਬ ਕਾਂਗਰਸ 'ਬਾਗੀਆਂ' ਖਿਲਾਫ ਸਖਤ ਕਾਰਵਾਈ ਦੇ ਰੌਂਅ ਵਿਚ

**ਪਟਿਆਲਾ:** ਪੰਜਾਬ ਕਾਂਗਰਸ 'ਬਾਗੀਆਂ' ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਰੌਂਅ ਵਿਚ ਨਜ਼ਰ ਆ ਰਹੀ ਹੈ। ਪੰਜਾਬ ਮਾਮਲਿਆਂ ਬਾਰੇ ਕਾਂਗਰਸ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਨਵਜੋਤ ਸਿੱਧੂ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਪੰਜਾਬ ਵਿਚ ਪਾਰਟੀ ਵਿਰੋਧੀ ਸਰਗਰਮੀਆਂ ਤੇ ਅਨੁਸ਼ਾਸਨ ਭੰਗ ਕਰਨ ਵਾਲਿਆਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਅਨੁਸ਼ਾਸਨਬੱਧ ਪਾਰਟੀ ਹੈ ਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਪਹਿਲਾਂ ਹੀ ਸਾਫ਼ ਕਰ ਚੁੱਕੇ ਹਨ ਕਿ ਕਾਂਗਰਸ ਵਿਚ ਮਨਮਰਜ਼ੀਆਂ ਕਰਨ ਵਾਲੇ ਬਖ਼ਸ਼ੇ ਨਹੀਂ ਜਾਣਗੇ।

ਉਨ੍ਹਾਂ ਕਿਹਾ ਕਿ ਨਵਜੋਤ ਸਿੱਧੂ ਨਾਲ ਜੁੜਿਆ ਮਸਲਾ ਹਾਈਕਮਾਂਡ ਦੇ ਧਿਆਨ ਵਿਚ ਲਿਆ ਦਿੱਤਾ ਗਿਆ ਹੈ ਅਤੇ ਅਗਲਾ ਫ਼ੈਸਲਾ ਹਾਈਕਮਾਂਡ ਨੇ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਉਮੀਦਵਾਰਾਂ ਬਾਰੇ ਅਜੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ ਪਰ ਕਾਂਗਰਸ ਦੀ ਖੋਜ ਕਮੇਟੀ ਵੱਲੋਂ ਉਮੀਦਵਾਰਾਂ ਦੀ ਭਾਲ ਕੀਤੀ ਜਾ ਰਹੀ ਹੈ। ਯਾਦਵ ਪਟਿਆਲਾ ਲੋਕ ਸਭਾ ਹਲਕੇ ਨੂੰ ਲੈ ਕੇ ਪੰਜਾਬ ਕਾਂਗਰਸ ਵੱਲੋਂ ਲੀਡਰਾਂ ਤੇ ਵਰਕਰਾਂ ਨਾਲ ਰੱਖੀ 'ਖੁੱਲ੍ਹੀ ਚਰਚਾ' ਵਿਚ ਸ਼ਾਮਲ ਹੋਣ ਲਈ ਆਏ ਸਨ।

ਯਾਦਵ ਨੇ ਕਿਹਾ ਕਿ 'ਖੁੱਲ੍ਹੀ ਚਰਚਾ' ਦਾ ਪ੍ਰੋਗਰਾਮ ਪੂਰੇ ਪੰਜਾਬ ਵਿਚ ਵਿੱਢਿਆ ਗਿਆ ਹੈ



ਜਿਨ੍ਹਾਂ ਰਾਹੀਂ ਅਗਾਮੀ ਲੋਕ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਵਰਕਰਾਂ ਦੀ ਰਾਇ ਤੇ ਸੁਝਾਅ ਲਏ ਜਾ ਰਹੇ ਹਨ। ਉਮੀਦਵਾਰਾਂ ਦੀ ਚੋਣ ਵਰਕਰਾਂ ਤੋਂ ਮਿਲੀ ਫੀਡਬੈਕ ਦੇ ਅਧਾਰ ਉਤੇ ਕੀਤੀ ਜਾਏਗੀ। ਵਰਕਰਾਂ ਤੇ ਹੇਠਲੇ ਆਗੂਆਂ ਦੀਆਂ ਭਾਵਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਏਗਾ। ਇਹ ਸਾਰੀ ਰਿਪੋਰਟ ਹਾਈਕਮਾਂਡ ਨੂੰ ਸੌਂਪੀ ਜਾਏਗੀ, ਜਿਸ ਤੋਂ ਬਾਅਦ ਪਾਰਟੀ ਅਗਲਾ ਫ਼ੈਸਲਾ ਲਏਗੀ। ਯਾਦਵ ਨੇ ਕਿਹਾ ਕਿ ਉਹ ਅਗਲੇ ਤਿੰਨ ਦਿਨਾਂ ਵਿਚ ਛੇ ਲੋਕ ਸਭਾ ਹਲਕਿਆਂ ਵਿਚ 'ਖੁੱਲ੍ਹੀ ਚਰਚਾ' ਪ੍ਰੋਗਰਾਮ ਕਰਨਗੇ।

ਕਾਂਗਰਸ ਪ੍ਰਧਾਨ ਅਮਰਿੰਦਰ ਰਾਜਾ ਵੜਿੰਗ ਨੇ ਕਿਹਾ ਕਿ ਪਟਿਆਲਾ ਤੋਂ ਐਮ.ਪੀ. ਪ੍ਰਨੀਤ ਕੌਰ ਨੂੰ ਕਾਂਗਰਸ ਵਿਰੋਧੀ ਸਰਗਰਮੀਆਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ ਤੇ ਉਨ੍ਹਾਂ ਨੂੰ ਹੁਣ ਪਟਿਆਲਾ ਸੰਸਦੀ ਹਲਕੇ ਤੋਂ ਕਾਂਗਰਸ ਦੀ ਟਿਕਟ ਨਹੀਂ ਮਿਲੇਗੀ। ਉਨ੍ਹਾਂ ਨਵਜੋਤ ਸਿੱਧੂ ਦੇ ਅਸਿੱਧੇ ਹਵਾਲੇ ਨਾਲ ਕਿਹਾ ਕਿ ਜਿਸ ਨੇ ਪਾਰਟੀ ਵਿਚ ਆਪਣੀ ਮਨਮਰਜ਼ੀ ਨਾਲ ਕੰਮ ਕਰਨਾ ਹੈ, ਉਹ ਪਾਰਟੀ ਛੱਡ ਕੇ ਅਜਿਹਾ ਕਰ ਸਕਦਾ ਹੈ।

## ਸਾਬਕਾ ਜ਼ਿਲ੍ਹਾ ਪ੍ਰਧਾਨ ਤੇ ਪੁੱਤਰ ਦੀ ਮੈਂਬਰਸ਼ਿਪ ਮੁਅੱਤਲ

**ਮੋਗਾ:** ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੱਧੂ ਦੀ ਮੋਗਾ ਵਿਚ 21 ਜਨਵਰੀ ਨੂੰ 'ਜਿੱਤੇਗਾ ਪੰਜਾਬ ਜਿੱਤੇਗੀ ਕਾਂਗਰਸ' ਰੈਲੀ ਦੇ ਪ੍ਰਬੰਧਕ ਸਾਬਕਾ ਜ਼ਿਲ੍ਹਾ ਕਾਂਗਰਸ ਪ੍ਰਧਾਨ ਮਹੇਸ਼ਇੰਦਰ ਸਿੰਘ ਨਿਹਾਲ ਸਿੰਘ ਵਾਲਾ ਤੇ ਉਨ੍ਹਾਂ ਦੇ ਪੁੱਤਰ ਐਡਵੋਕੇਟ ਧਰਮਪਾਲ ਸਿੰਘ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ। ਸੂਬਾ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਜਾਰੀ ਪੱਤਰ ਅਨੁਸਾਰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਮੁਅੱਤਲ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਤੁਰਤ ਪ੍ਰਭਾਵ ਨਾਲ ਪਾਰਟੀ ਅਹੁਦਿਆਂ ਤੋਂ ਵੀ ਹਟਾ ਦਿੱਤਾ ਗਿਆ ਹੈ। ਪਾਰਟੀ ਹਾਈਕਮਾਂਡ ਵੱਲੋਂ 21 ਜਨਵਰੀ ਨੂੰ ਜਾਰੀ ਨੋਟਿਸ ਵਿਚ ਦੋਵਾਂ ਆਗੂਆਂ ਨੂੰ ਦੋ ਦਿਨ ਅੰਦਰ ਪਾਰਟੀ ਕੋਲ ਆਪਣਾ ਪੱਖ ਪੇਸ਼ ਕਰਨ ਦਾ ਸਮਾਂ ਦਿੱਤਾ ਗਿਆ ਸੀ।

## ਅਨੁਸ਼ਾਸਨ ਸਾਰਿਆਂ ਲਈ ਇਕ ਹੋਵੇ: ਨਵਜੋਤ ਸਿੱਧੂ

**ਡੇਰਾ ਬਾਬਾ ਨਾਨਕ:** ਪੰਜਾਬ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਆਪਣੇ 37 ਕੁ ਸਾਥੀਆਂ ਨੂੰ ਨਾਲ ਲੈ ਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕੀਤੇ। ਸਿੱਧੂ ਸਮਰਥਕਾਂ ਨੂੰ ਪ੍ਰਦੇਸ਼ ਕਾਂਗਰਸ ਵੱਲੋਂ ਅਨੁਸ਼ਾਸਨ ਭੰਗ ਕਰਨ ਲਈ ਕਾਰਨ ਦੱਸੋ ਨੋਟਿਸ ਭੇਜੇ ਜਾਣ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਅਨੁਸ਼ਾਸਨ ਸਿਰਫ਼ 4-5 ਬੰਦਿਆਂ ਲਈ ਨਹੀਂ ਸਗੋਂ ਸਾਰਿਆਂ ਲਈ ਇਕ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉਹ ਕੁਝ ਵੀ ਗਲਤ ਨਹੀਂ ਕਰ ਰਿਹਾ ਸਗੋਂ ਪਾਰਟੀ ਦੇ ਹੁਕਮਾਂ ਅਨੁਸਾਰ ਹੀ ਲੋਕਾਂ ਵਿਚ ਜਾ ਰਿਹਾ ਹੈ। ਸਿੱਧੂ ਨੇ ਸਪੱਸ਼ਟ ਕੀਤਾ ਕਿ ਰੈਲੀਆਂ ਵਿਚ ਕਾਂਗਰਸ ਦੀ ਗੱਲ ਕਰ ਰਹੇ ਹਾਂ, ਵਿਰੋਧੀ ਧਿਰ ਦਾ ਰੋਲ ਨਿਭਾ ਰਹੇ ਹਾਂ। ਇਸ ਸਬੰਧੀ ਕਿਸੇ ਨੂੰ ਕੋਈ ਦਿੱਕਤ ਨਹੀਂ ਹੋਣੀ ਚਾਹੀਦੀ।

# ਪਰਵਾਸੀਆਂ ਨੂੰ ਸਿੱਖਿਆ ਤੇ ਸਿਹਤ ਫੰਡ ਲਈ ਦਸਵੰਧ ਕੱਢਣ ਦੀ ਸਲਾਹ

**ਚੰਡੀਗੜ੍ਹ:** ਪੰਜਾਬ ਦੇ ਕੈਬਨਿਟ ਵਜ਼ੀਰਾਂ ਨੇ ਕੈਨੇਡਾ ਵਿਚ ਪਰਵਾਸੀ ਪੰਜਾਬੀਆਂ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਬਣੇ 'ਸਿੱਖਿਆ ਤੇ ਸਿਹਤ ਫੰਡ' ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਟੋਰਾਂਟੋ ਤੋਂ 'ਆਪ' ਦੇ ਸੀਨੀਅਰ ਆਗੂ ਕਮਲਜੀਤ ਸਿੰਘ ਸਿੱਧੂ ਵੱਲੋਂ ਕਰਵਾਈਆਂ ਮੀਟਿੰਗਾਂ ਵਿਚ ਕੈਬਨਿਟ ਮੰਤਰੀ ਹਰਭਜਨ ਸਿੰਘ ਅਤੇ ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਸ਼ਮੂਲੀਅਤ ਕੀਤੀ।

ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਪਰਵਾਸੀ ਭਾਰਤੀ ਜਨਮ ਭੂਮੀ ਦੀ ਬਿਹਤਰੀ ਲਈ ਤੇ ਖਾਸ ਕਰਕੇ ਸਿਹਤ ਅਤੇ ਸਿੱਖਿਆ ਸੰਸਥਾਵਾਂ ਵਾਸਤੇ ਫੰਡ ਦੇਣ। ਉਨ੍ਹਾਂ ਕਿਹਾ ਕਿ ਪਰਵਾਸੀ ਪੰਜਾਬੀਆਂ ਨੂੰ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਦਸਵੰਧ ਕੱਢਣਾ ਚਾਹੀਦਾ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੈਨੇਡਾ ਦੇ ਸਕੂਲਾਂ ਦਾ ਦੌਰਾ ਕੀਤਾ ਤੇ ਉਥੋਂ ਦੇ ਸਿੱਖਿਆ ਮਾਹਿਰਾਂ ਨਾਲ ਗੱਲਬਾਤ ਕੀਤੀ। 'ਆਪ' ਦੇ ਕੈਨੇਡਾ ਚੈਪਟਰ ਦੇ ਆਗੂ ਕਮਲਜੀਤ ਸਿੰਘ ਸਿੱਧੂ (ਰਾਈਆ), ਸੋਹਣ ਸਿੰਘ ਢੀਂਡਸਾ, ਪਾਲ ਸਿੰਘ ਰੰਧਾਵਾ, ਹਰਪ੍ਰੀਤ ਸਿੰਘ ਖੋਸਾ, ਰੁਪਿੰਦਰ ਸਿੰਘ ਗਰੇਵਾਲ, ਕਮਲਜੀਤ ਸਿੰਘ ਮਿਨਹਾਸ, ਹਰਜਿੰਦਰ ਸਿੰਘ, ਨਰਿੰਦਰ ਸੈਣੀ, ਨਿਰਮਲ ਸੰਧੂ, ਡਾ. ਗੁਰਦੀਪ ਗਰੇਵਾਲ ਨੇ ਕੈਬਨਿਟ ਵਜ਼ੀਰਾਂ ਨੂੰ ਪਰਵਾਸੀ ਪੰਜਾਬੀਆਂ ਦੀਆਂ ਮੁਸ਼ਕਲਾਂ ਤੋਂ ਜਾਣੂ ਕਰਾਇਆ। ਯਾਦ ਰਹੇ ਕਿ ਕੈਬਨਿਟ ਮੰਤਰੀਆਂ ਤੋਂ ਬਿਨਾਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੀ ਕੈਨੇਡਾ ਪੁੱਜੇ ਹੋਏ ਸਨ, ਜਿਨ੍ਹਾਂ ਉਥੇ ਸੀਨੀਅਰ ਆਗੂ ਹਿੰਮਤ ਸ਼ੇਰਗਿੱਲ ਦੇ ਵਿਆਹ ਸਮਾਗਮਾਂ 'ਚ ਸ਼ਮੂਲੀਅਤ ਕੀਤੀ।

# ਟਿਕਟ ਵੰਡ ਤੋਂ ਪਹਿਲਾਂ ਵਰਕਰਾਂ ਦੇ ਦਰਾਂ 'ਤੇ ਪੁੱਜੀ ਕਾਂਗਰਸ

**ਜਲੰਧਰ:** ਪੰਜਾਬ ਕਾਂਗਰਸ ਟਿਕਟਾਂ ਦੀ ਵੰਡ ਤੋਂ ਪਹਿਲਾਂ ਵਰਕਰਾਂ ਦੇ ਦਰਾਂ 'ਤੇ ਪੁੱਜੀ ਹੈ। ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ 'ਚ ਕਿਸੇ ਹੋਰ ਪਾਰਟੀ ਨਾਲ ਗੱਠਜੋੜ ਬਾਰੇ ਕੋਈ ਵੀ ਫੈਸਲਾ ਪਾਰਟੀ ਆਗੂਆਂ ਤੇ ਵਰਕਰਾਂ ਦੀ ਰਾਇ ਨਾਲ ਹੀ ਲਿਆ ਜਾਵੇਗਾ। ਜਲੰਧਰ ਤੇ ਹੁਸ਼ਿਆਰਪੁਰ 'ਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵਰਕਰਾਂ ਦੀ ਰਾਇ ਲੈਣ ਲਈ ਕਰਵਾਏ ਪ੍ਰੋਗਰਾਮਾਂ 'ਚ ਉਨ੍ਹਾਂ ਕਿਹਾ ਕਿ ਵਰਕਰਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਜਾਵੇਗੀ ਅਤੇ ਉਹ ਜੋ ਵੀ ਫੀਡਬੈਕ ਦੇਣਗੇ, ਪਾਰਟੀ ਹਾਈਕਮਾਨ ਉਸ ਅਨੁਸਾਰ ਹੀ ਫ਼ੈਸਲਾ ਕਰੇਗੀ।

ਇਸ ਮੌਕੇ ਬਹੁਤੇ ਵਰਕਰਾਂ ਨੇ ਇਹ ਹੀ ਰਾਇ ਦਿੱਤੀ ਕਿ ਕਾਂਗਰਸ ਇਕੱਲਿਆਂ ਹੀ ਚੋਣਾਂ ਲੜੇ। ਜਲੰਧਰ 'ਚ ਕਾਂਗਰਸੀ ਆਗੂਆਂ ਦੀ ਮੀਟਿੰਗ ਵਿਚ ਦੇਵੇਂਦਰ ਯਾਦਵ ਤੇ ਪ੍ਰਤਾਪ ਸਿੰਘ ਬਾਜਵਾ ਨੇ ਸਿੱਧੂ ਦਾ ਨਾਂ ਲਏ ਬਿਨਾਂ ਅਨੁਸ਼ਾਸਨਹੀਣਤਾ ਖ਼ਿਲਾਫ਼ ਚਿਤਾਵਨੀ ਜਾਰੀ ਕੀਤੀ। ਯਾਦਵ ਨੇ ਕਿਹਾ ਕਿ ਪੰਜਾਬ ਦੇ ਜ਼ਿਆਦਾਤਰ ਵਰਕਰਾਂ ਦੀ ਸ਼ਿਕਾਇਤ ਹੈ ਕਿ ਅਨੁਸ਼ਾਸਨ ਤੋੜਨ ਵਾਲੇ ਛੋਟੇ ਨੇਤਾਵਾਂ ਉਤੇ ਕਾਰਵਾਈ ਕੀਤੀ ਜਾਂਦੀ ਹੈ, ਵੱਡੇ ਨੇਤਾਵਾਂ 'ਤੇ ਨਹੀਂ। ਇਸ ਬਾਰੇ ਉਹ ਪਾਰਟੀ ਹਾਈਕਮਾਨ ਨੂੰ ਜਾਣਕਾਰੀ ਦੇਣਗੇ। ਪ੍ਰਤਾਪ ਸਿੰਘ ਬਾਜਵਾ ਨੇ ਅਨੁਸ਼ਾਸਨਹੀਣਤਾ ਬਾਰੇ ਸੰਕੇਤਕ ਲਫ਼ਜ਼ਾਂ 'ਚ ਕਿਹਾ, "ਜਦੋਂ ਅੰਗੂਠਾ ਜ਼ਹਿਰ ਨਾਲ ਭਰ ਜਾਵੇ ਤਾਂ ਉਸ ਨੂੰ ਕੱਟ ਦੇਣਾ ਚਾਹੀਦਾ ਹੈ, ਨਹੀਂ ਤਾਂ ਬਾਅਦ ਵਿਚ ਲੱਤ ਕੱਟਣੀ ਪੈ ਸਕਦੀ ਹੈ, ਜਿਸ ਨਾਲ ਹੋਰ ਨੁਕਸਾਨ ਹੋਵੇਗਾ।" ਕਾਂਗਰਸ ਇੰਚਾਰਜ ਯਾਦਵ ਜਲੰਧਰ ਲੋਕ ਸਭਾ ਸੀਟ ਲਈ ਉਮੀਦਵਾਰ ਦੀ ਭਾਲ ਵਿਚ ਆਗੂਆਂ ਦੀ ਮੀਟਿੰਗ ਕਰਨ ਲਈ ਕਾਂਗਰਸ ਭਵਨ ਪੁੱਜੇ ਸਨ। ਮੀਟਿੰਗ ਵਿਚ ਫਿਲਹਾਲ ਕਿਸੇ ਦਾ ਨਾਂ ਫਾਈਨਲ ਨਹੀਂ ਹੋਇਆ ਹੈ। ਹੁਸ਼ਿਆਰਪੁਰ 'ਚ ਬਾਜਵਾ ਨੇ ਵਰਕਰਾਂ ਨੂੰ ਤਕੜੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।

ਯਾਦਵ ਨੇ ਮੀਟਿੰਗ ਤੋਂ ਪਹਿਲਾਂ ਮੀਡੀਆ ਨਾਲ ਗੱਲਬਾਤ ਕੀਤੀ ਤੇ 'ਆਪ' ਵੱਲੋਂ ਇਕੱਲਿਆਂ ਹੀ ਲੋਕ ਸਭਾ ਚੋਣਾਂ ਲੜਨ ਦੇ ਐਲਾਨ ਸਬੰਧ ਸਵਾਲ ਦੇ ਜਵਾਬ 'ਚ ਆਖਿਆ ਕਿ ਉਹ ਪੰਜਾਬ ਦੇ ਸੀਨੀਅਰ ਤੇ ਜ਼ਮੀਨੀ ਪੱਧਰ ਉਤੇ ਸਰਗਰਮ ਆਗੂਆਂ ਨਾਲ ਮੀਟਿੰਗਾਂ ਕਰ ਰਹੇ ਹਾਂ। ਮੀਟਿੰਗਾਂ ਤੋਂ ਬਾਅਦ ਪੰਜਾਬ 'ਚ ਜੋ ਵੀ ਸਮੀਕਰਨ ਹੋਣਗੇ, ਉਸ ਬਾਰੇ ਦਿੱਲੀ ਲੀਡਰਸ਼ਿਪ ਨੂੰ ਜਾਣੂ ਕਰਵਾਇਆ ਜਾਵੇਗਾ ਜਿਸ ਮਗਰੋਂ ਸਾਰੇ ਫ਼ੈਸਲੇ ਲਏ ਜਾਣਗੇ।

## ਹਰ ਸਿੱਖ ਵੋਟ ਬਣਾਉਣ ਦੀ ਜ਼ਿੰਮੇਵਾਰੀ ਸਮਝੇ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਦੀਆਂ ਆਗਾਮੀ ਚੋਣਾਂ ਸਬੰਧੀ ਵੋਟਾਂ ਬਣਾਉਣ ਦੀ ਮੱਠੀ ਰਫ਼ਤਾਰ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਜਾਣਕਾਰੀ ਅਨੁਸਾਰ ਵੋਟਾਂ ਬਣਾਉਣ ਦੇ ਸਮੇਂ ਵਿਚ ਕੀਤੇ ਗਏ ਵਾਧੇ ਦੇ ਬਾਵਜੂਦ ਸਿੱਖਾਂ ਵੱਲੋਂ ਇਸ ਸਬੰਧੀ ਕੋਈ ਵਿਸ਼ੇਸ਼ ਦਿਲਚਸਪੀ ਨਹੀਂ ਦਿਖਾਈ ਜਾ ਰਹੀ। ਇਸ ਸਥਿਤੀ ਨੂੰ ਦੇਖਦਿਆਂ ਧਾਮੀ ਨੇ ਕਿਹਾ ਕਿ ਸਾਡੇ ਵਡੇਰਿਆਂ ਦੀਆਂ ਕੁਰਬਾਨੀਆਂ ਮਗਰੋਂ ਹੋਂਦ ਵਿਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਮਰੱਥ ਸਿੱਖ ਸੰਸਥਾ ਵਜੋਂ ਕਾਇਮ ਰੱਖਣ ਲਈ ਹਰ ਸਿੱਖ ਨੂੰ ਗੁਰਦੁਆਰਾ ਕਮੇਟੀ ਦੀ ਆਗਾਮੀ ਚੋਣ ਲਈ ਵੋਟ ਜ਼ਰੂਰ ਬਣਾਉਣੀ ਚਾਹੀਦੀ ਹੈ। ਵੋਟਾਂ ਬਣਾਉਣ ਲਈ ਫਾਰਮ ਜਮ੍ਹਾਂ ਕਰਵਾਉਣ ਦੀ ਆਖ਼ਰੀ ਮਿਤੀ 29 ਫਰਵਰੀ ਹੈ।

# ਅਕਾਲੀ ਦਲ ਪੰਜਾਬ ਦੇ ਭਵਿੱਖ ਲਈ ਹਰ ਜ਼ਿੰਮੇਵਾਰੀ ਚੁੱਕਣ ਦੇ ਸਮਰੱਥ: ਸੁਖਬੀਰ

**ਸ੍ਰੀ ਆਨੰਦਪੁਰ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਸਥਾਨਕ ਖਾਲਸਾ ਕਾਲਜ ਵਿਚ 'ਪੰਜਾਬ-ਮੌਜੂਦਾ ਸੰਕਟ ਅਤੇ ਹੱਲ' ਵਿਸ਼ੇ ਉਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਬੁਲਾਰਿਆਂ ਨੇ ਸੂਬੇ ਦੇ ਵਡੇਰੇ ਹਿੱਤਾਂ ਲਈ ਖੇਤਰੀ ਪਾਰਟੀ ਦੇ ਤਾਕਤਵਰ ਹੋਣ 'ਤੇ ਜ਼ੋਰ ਦਿੱਤਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਲੋਕਤੰਤਰ ਦੀ ਖ਼ੂਬਸੂਰਤੀ ਹੈ ਕੇ ਅਸਲ ਤਾਕਤ ਲੋਕਾਂ ਦੇ ਹੱਥਾਂ ਵਿਚ ਹੈ ਪਰ ਕਈ ਵਾਰ ਭਾਵੁਕ ਹੋ ਕੇ ਲੋਕ ਵੀ ਗ਼ਲਤ ਫ਼ੈਸਲਾ ਲੈ ਬੈਠਦੇ ਹਨ। ਉਨ੍ਹਾਂ ਕਿਹਾ ਕਿ ਸਿਆਸੀ ਵਿਚਾਰਧਾਰਾ ਤੋਂ ਸੱਖਣੇ ਲੋਕਾਂ ਦੇ ਹੱਥ ਸੂਬੇ ਦੀ ਸੱਤਾ ਆਉਣ ਕਾਰਨ ਬਹੁਤ ਵੱਡਾ ਨੁਕਸਾਨ ਹੋ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦੀਆਂ ਸਰਕਾਰਾਂ ਦੌਰਾਨ ਹੀ ਪੰਜਾਬ ਵਿਚ ਸੜਕ, ਹਵਾਈ ਅਤੇ ਬਿਜਲੀ ਉਪਲੱਬਧਤਾ ਦੇ ਨਾਲ-ਨਾਲ ਸੰਰਚਨਾਤਮਕ ਢਾਂਚੇ ਦਾ ਵਿਸਥਾਰ



ਹੋਇਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਸੁਨਹਿਰੀ ਭਵਿੱਖ ਲਈ ਹਰ ਜ਼ਿੰਮੇਵਾਰੀ ਚੁੱਕਣ ਦੇ ਸਮਰੱਥ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਅਤੇ ਪੰਥ ਦੇ ਹਿੱਤਾਂ ਦੀ ਰਾਖੀ ਲਈ ਸਿਰਫ਼ ਸ਼੍ਰੋਮਣੀ ਅਕਾਲੀ ਦਲ ਵੱਲੋਂ ਹੀ ਸੰਘਰਸ਼ ਕੀਤਾ ਗਿਆ ਹੈ। ਉਨ੍ਹਾਂ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਿੰਡਾਂ ਅਤੇ ਬੂਥ ਪੱਧਰ 'ਤੇ ਪਾਰਟੀ ਨੂੰ ਜਥੇਬੰਦਕ ਤੌਰ ਉਤੇ ਮਜ਼ਬੂਤ ਕਰਨ।

# ਭਾਜਪਾ ਨੇ ਰੁਪਾਨੀ ਨੂੰ ਪੰਜਾਬ ਤੇ ਚੰਡੀਗੜ੍ਹ ਦਾ ਇੰਚਾਰਜ ਲਾਇਆ

**ਨਵੀਂ ਦਿੱਲੀ:** ਸੱਤਾਧਾਰੀ ਭਾਜਪਾ ਨੇ 23 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਲਈ ਲੋਕ ਸਭਾ ਚੋਣ ਇੰਚਾਰਜ ਨਿਯੁਕਤ ਕੀਤੇ ਅਤੇ ਰਾਜ ਸਭਾ ਮੈਂਬਰ ਅਤੇ ਉੜੀਸਾ ਦੇ ਨੇਤਾ ਬੈਜਯੰਤ ਪਾਂਡਾ ਨੂੰ ਉੱਤਰ ਪ੍ਰਦੇਸ਼ ਦਾ ਇਕਲੌਤਾ ਇੰਚਾਰਜ ਨਿਯੁਕਤ ਕੀਤਾ।

ਇਸ ਰਾਜ ਵਿਚ ਸਭ ਤੋਂ ਵੱਧ 80 ਲੋਕ ਸਭਾ ਸੀਟਾਂ ਹਨ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ ਚੰਡੀਗੜ੍ਹ ਅਤੇ ਪੰਜਾਬ ਨੂੰ ਸੰਭਾਲਣਗੇ। ਪੰਜਾਬ ਵਿਚ ਉਨ੍ਹਾਂ ਦੀ ਮਦਦ ਨਰਿੰਦਰ ਸਿੰਘ ਸਹਿ ਇੰਚਾਰਜ ਵਜੋਂ ਕਰਨਗੇ।

ਹਰਿਆਣਾ ਲਈ ਭਾਜਪਾ ਇੰਚਾਰਜ ਬਿਪਲਬ ਦੇਬ ਦੇ ਨਾਲ ਸਹਿ ਇੰਚਾਰਜ ਸੁਰਿੰਦਰ ਨਾਗਰ ਹੋਣਗੇ। ਹਿਮਾਚਲ 'ਚ ਭਾਜਪਾ ਦੇ ਸਾਬਕਾ ਰਾਸ਼ਟਰੀ ਮੀਡੀਆ ਇੰਚਾਰਜ ਅਤੇ ਉੱਤਰ ਪ੍ਰਦੇਸ਼ ਦੇ ਮੌਜੂਦਾ ਵਿਧਾਇਕ ਸ੍ਰੀਕਾਂਤ ਸ਼ਰਮਾ ਇੰਚਾਰਜ ਹੋਣਗੇ, ਜਦ ਕਿ ਸਹਿ ਇੰਚਾਰਜ ਸੰਜੇ ਟੰਡਨ ਹੋਣਗੇ।

ਭਾਜਪਾ ਦੇ ਜਨਰਲ ਸਕੱਤਰ ਤਰੁਣ ਚੁੱਘ ਅਤੇ ਇਸ ਵੇਲੇ ਜੰਮੂ-ਕਸ਼ਮੀਰ ਅਤੇ ਲੱਦਾਖ ਦੇ ਇੰਚਾਰਜ ਦੋਵੇਂ ਰਾਜਾਂ ਨੂੰ ਸੰਭਾਲਦੇ ਰਹਿਣਗੇ। ਜੰਮੂ-ਕਸ਼ਮੀਰ ਵਿਚ, ਚੁੱਘ ਦੀ ਮਦਦ ਦਿੱਲੀ ਭਾਜਪਾ ਨੇਤਾ ਆਸ਼ੀਸ਼ ਸੂਦ ਕਰਨਗੇ।

# 'ਆਪ' ਵਿਧਾਇਕ ਪੁਰਾਣੇ ਅਗਵਾ ਕੇਸ ਵਿਚੋਂ ਬਰੀ

**ਜਲੰਧਰ:** ਜਲੰਧਰ ਪੱਛਮੀ ਤੋਂ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਅਤੇ ਉਸ ਦੇ ਭਰਾ ਰਾਜ ਅੰਗੁਰਾਲ ਨੂੰ ਸੀ.ਜੇ.ਐਮ. ਡਾਕਟਰ ਗਗਨਦੀਪ ਕੌਰ ਦੀ ਅਦਾਲਤ ਨੇ ਚਾਰ ਸਾਲ ਪੁਰਾਣੇ ਅਗਵਾ ਕੇਸ ਵਿਚੋਂ ਬਰੀ ਕਰ ਦਿੱਤਾ ਹੈ। ਮਾਮਲੇ 'ਚ ਵਿਧਾਇਕ ਅੰਗੁਰਾਲ ਅਤੇ ਉਸ ਦੇ ਭਰਾ ਦੇ ਨਾਲ ਜੌਲੀ, ਜਿੰਨੀ, ਦੀਪਾ ਅਤੇ ਚਿਰਾਗ ਨੂੰ ਵੀ ਬਰੀ ਕਰ ਦਿੱਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਡਿਵੀਜ਼ਨ ਨੰਬਰ-5 ਦੀ ਪੁਲਿਸ ਨੇ ਸਾਲ 2020 ਵਿਚ 15 ਸਾਲਾ ਬੱਚੇ ਨੂੰ ਅਗਵਾ ਕਰਨ ਦੇ ਦੋਸ਼ ਹੇਠ ਵਿਧਾਇਕ ਅੰਗੁਰਾਲ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਉਨ੍ਹਾਂ ਪੁਲਿਸ ਉਤੇ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ ਵੀ ਲਾਏ ਸਨ। ਮਾਮਲੇ ਦੀ ਸੁਣਵਾਈ ਦੌਰਾਨ ਸਬੂਤਾਂ ਦੀ ਘਾਟ ਕਾਰਨ ਸਾਰੇ ਮੁਲਜ਼ਮਾਂ



ਨੂੰ ਬਰੀ ਕਰ ਦਿੱਤਾ ਗਿਆ ਹੈ। ਵਿਧਾਇਕ ਸ਼ੀਤਲ ਵੱਲੋਂ ਐਡਵੋਕੇਟ ਪੰਕਜ ਸ਼ਰਮਾ ਪੇਸ਼ ਹੋਏ। ਇਹ ਮਾਮਲਾ ਸਾਲ 2020 ਵਿਚ ਦਰਜ ਕੀਤਾ ਸੀ।

# ਜਤਿੰਦਰ ਔਲਖ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਆਈ.ਪੀ.ਐਸ. ਅਧਿਕਾਰੀ ਜਤਿੰਦਰ ਸਿੰਘ ਔਲਖ ਨੂੰ ਪੰਜਾਬ ਪਬਲਿਕ ਸਰਵਿਸ ਕਮਿਸ਼ਨ (ਪੀ.ਪੀ.ਐਸ.ਸੀ.) ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਸੂਬਾ ਸਰਕਾਰ ਨੇ ਜਤਿੰਦਰ ਸਿੰਘ ਔਲਖ ਨੂੰ ਪੀ.ਪੀ.ਐਸ.ਸੀ. ਦਾ ਚੇਅਰਮੈਨ ਲਗਾਉਣ ਲਈ ਰਾਜਪਾਲ ਨੂੰ ਸਿਫਾਰਸ਼ ਕੀਤੀ ਸੀ।

ਮੀਟਿੰਗ ਉਪਰੰਤ ਇਹ ਫਾਈਲ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਕੋਲ ਭੇਜੀ ਗਈ, ਜਿਨ੍ਹਾਂ ਨੇ ਪ੍ਰਵਾਨਗੀ ਦੇ ਦਿੱਤੀ ਹੈ। ਔਲਖ ਪੰਜਾਬ ਕਾਡਰ ਦੇ 1997 ਬੈਚ ਦੇ ਆਈ.ਪੀ.ਐਸ. ਅਧਿਕਾਰੀ ਹਨ ਜਿਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਬਤੌਰ ਐਸ.ਪੀ. ਤੇ ਐਸ.ਐਸ.ਪੀ. ਵਜੋਂ ਸੇਵਾਵਾਂ ਨਿਭਾਈਆਂ ਸਨ।

# ਕਿਸਾਨਾਂ ਵੱਲੋਂ ਟਰੈਕਟਰ ਮਾਰਚ ਨਾਲ ਇਕਜੁੱਟਤਾ ਦਾ ਸੁਨੇਹਾ

**ਚੰਡੀਗੜ੍ਹ:** ਗਣਤੰਤਰ ਦਿਵਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਉਤੇ ਪੰਜਾਬ ਭਰ ਵਿਚ ਕਿਸਾਨ ਜਥੇਬੰਦੀਆਂ ਨੇ ਟਰੈਕਟਰ ਮਾਰਚ ਕਰ ਕੇ 16 ਫਰਵਰੀ ਨੂੰ ਬੰਦ ਦੇ ਸੱਦੇ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਕਿਸਾਨ ਜਥੇਬੰਦੀਆਂ ਨੇ ਦਾਅਵਾ ਕੀਤਾ ਕਿ ਸੂਬੇ ਭਰ 'ਚ 10 ਹਜ਼ਾਰ ਤੋਂ ਵੱਧ ਟਰੈਕਟਰਾਂ ਰਾਹੀਂ ਮਾਰਚ ਕੱਢ ਕੇ ਇਕਜੁੱਟਤਾ ਦਾ ਸੁਨੇਹਾ ਦਿੱਤਾ ਗਿਆ ਹੈ। ਟਰੇਡ ਯੂਨੀਅਨਾਂ ਅਤੇ ਹੋਰ ਜਨਤਕ ਜਥੇਬੰਦੀਆਂ ਨੇ ਵੀ ਇਸ ਮਾਰਚ ਨੂੰ ਹਮਾਇਤ ਦਿੱਤੀ।

ਮਾਰਚ ਦੌਰਾਨ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਉਤੇ ਲੀਕ ਮਾਰਨ, ਸਾਰੀਆਂ ਫ਼ਸਲਾਂ ਦਾ ਐਮ.ਐਸ.ਪੀ. ਤੇ ਖ਼ਰੀਦ ਦੀ ਗਾਰੰਟੀ ਦਾ ਕਾਨੂੰਨ ਬਣਾਉਣ, ਖੇਤੀ ਲਾਗਤ ਵਸਤਾਂ ਦੀਆਂ ਕੀਮਤਾਂ ਘਟਾਉਣ, ਪ੍ਰੀਪੇਡ ਮੀਟਰਾਂ ਦੀ ਨੀਤੀ ਵਾਪਸ ਲੈਣ, ਸਰਲ ਅਤੇ ਸਰਕਾਰੀ ਫ਼ਸਲ ਬੀਮਾ ਯੋਜਨਾ ਲਾਗੂ ਕਰਨ, ਕਿਸਾਨ ਪਰਿਵਾਰਾਂ ਲਈ ਦਸ ਹਜ਼ਾਰ



ਰੁਪਏ ਮਹੀਨਾ ਪੈਨਸ਼ਨ ਸਕੀਮ ਲਾਗੂ ਕਰਨ ਅਤੇ ਚਾਰ ਲੇਬਰ ਕੋਡ ਰੱਦ ਕਰਨ ਦੇ ਨਾਲ ਨਾਲ ਬਿਜਲੀ, ਰੇਲਵੇ ਸਣੇ ਜਨਤਕ ਖੇਤਰ ਦੇ ਨਿੱਜੀਕਰਨ ਦੀਆਂ ਨੀਤੀਆਂ ਰੱਦ ਕਰਨ ਦੀ ਮੰਗ ਕੀਤੀ ਗਈ।

ਕਿਸਾਨ ਆਗੂਆਂ ਜੋਗਿੰਦਰ ਸਿੰਘ ਉਗਰਾਹਾਂ, ਸੁਖਦੇਵ ਸਿੰਘ ਕੋਕਰੀ ਕਲਾਂ ਅਤੇ ਰਾਮਿੰਦਰ ਸਿੰਘ ਪਟਿਆਲਾ ਨੇ ਵੱਖੋ-ਵੱਖਰੇ ਬਿਆਨਾਂ ਰਾਹੀਂ ਦੱਸਿਆ ਕਿ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਟਰੈਕਟਰ ਚਾਲਕਾਂ ਵੱਲੋਂ ਕਿਸਾਨੀ ਮੰਗਾਂ ਦੇ ਹੱਕ ਵਿਚ ਅਤੇ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇ ਲਾਏ ਗਏ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਰੋਸ ਮਾਰਚਾਂ ਵਿਚ ਸੈਂਕੜੇ ਔਰਤਾਂ ਸਣੇ 20,000 ਦੇ ਕਰੀਬ ਕਿਸਾਨਾਂ ਨੇ ਸ਼ਮੂਲੀਅਤ ਕੀਤੀ। ਮਾਰਚ ਸ਼ੁਰੂ ਕਰਨ ਮੌਕੇ ਥਾਂ-ਥਾਂ ਜੁੜੇ ਕਿਸਾਨਾਂ-ਮਜ਼ਦੂਰਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਕੀਤੇ ਲਿਖਤੀ ਵਾਅਦਿਆਂ ਤੋਂ ਭੱਜ ਰਹੀ ਹੈ। ਇਸੇ ਤਰ੍ਹਾਂ ਮਜ਼ਦੂਰ ਵਿਰੋਧੀ ਕਾਨੂੰਨ ਪਾਸ ਕਰ ਕੇ ਤੇ ਨਿੱਜੀਕਰਨ ਦੀਆਂ ਸਾਮਰਾਜੀ ਨੀਤੀਆਂ ਲਾਗੂ ਕਰ ਕੇ ਸਾਰੇ ਕਿਰਤੀ ਵਰਗਾਂ ਦੇ ਸ਼ੋਸ਼ਣ ਦਾ ਮੁੱਢ ਬੰਨ੍ਹਿਆ ਜਾ ਰਿਹਾ ਹੈ। ਮਹਿੰਗਾਈ ਅਤੇ ਬੇਰੁਜ਼ਗਾਰੀ ਹੱਦਾਂ ਬੰਨੇ ਟੱਪ ਰਹੀ ਹੈ। ਇਸ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਮੁੜ ਉਲੀਕੇ ਗਏ ਲੰਬੇ ਸੰਘਰਸ਼ ਦੇ ਅਗਲੇ ਪੜਾਅ ਤਹਿਤ 16 ਫਰਵਰੀ ਨੂੰ ਬੰਦ ਦਾ ਸੱਦਾ ਦਿੱਤਾ ਗਿਆ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਕਿਸਾਨਾਂ-ਮਜ਼ਦੂਰਾਂ ਤੋਂ ਇਲਾਵਾ ਮੁਲਾਜ਼ਮ, ਵਪਾਰੀ, ਦੁਕਾਨਦਾਰ, ਡਰਾਈਵਰ ਅਤੇ ਹੋਰ ਤਬਕੇ ਵੀ ਬੁਰੀ ਤਰ੍ਹਾਂ ਪਰੇਸ਼ਾਨ ਹਨ। ਉਨ੍ਹਾਂ ਨੇ ਸਮਾਜ ਦੇ ਸਾਰੇ ਤਬਕਿਆਂ ਨੂੰ ਇਸ ਬੰਦ ਨੂੰ ਵਿਆਪਕ ਸਮਰਥਨ ਦੇਣ ਦੀ ਅਪੀਲ ਕਰਦਿਆਂ ਕਿਸਾਨਾਂ ਨੂੰ ਇਸ ਬੰਦ ਨੂੰ ਸਫਲ ਬਣਾਉਣ ਲਈ ਲਾਮਬੰਦੀ ਕਰਨ ਦਾ ਸੱਦਾ ਦਿੱਤਾ।

## ਗੁਰਪਤਵੰਤ ਪੰਨੂ ਖਿਲਾਫ ਕੇਸ ਦਰਜ


**ਅੰਮ੍ਰਿਤਸਰ:** ਪੰਜਾਬ ਪੁਲਿਸ ਨੇ ਖਾਲਿਸਤਾਨ ਪੱਖੀ ਆਗੂ ਅਤੇ ਭਾਰਤ ਸਰਕਾਰ ਵੱਲੋਂ ਅਤਿਵਾਦੀ ਐਲਾਨੇ ਗਏ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਧਰਮ ਜਾਂ ਨਸਲ ਦੇ ਆਧਾਰ ਉਤੇ ਦੋ ਵੱਖ-ਵੱਖ ਫਿਰਕਿਆਂ ਦਰਮਿਆਨ ਦੁਸ਼ਮਣੀ ਅਤੇ ਨਫ਼ਰਤ ਫੈਲਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਹੈ।

ਇਹ ਮਾਮਲਾ ਇੱਥੇ ਡੀ ਡਿਵੀਜ਼ਨ ਥਾਣੇ ਵਿਚ ਦਰਜ ਕੀਤਾ ਗਿਆ, ਜਿਸ ਲਈ ਉਸ ਦੀ ਸੋਸ਼ਲ ਮੀਡੀਆ 'ਤੇ ਪਾਈ ਵੀਡੀਓ ਨੂੰ ਆਧਾਰ ਬਣਾਇਆ ਗਿਆ ਹੈ। ਵੀਡੀਓ 'ਚ ਪੰਨੂ ਨੇ ਦੁਰਗਿਆਣਾ ਮੰਦਰ ਦੇ ਅਧਿਕਾਰੀਆਂ ਨੂੰ ਮੰਦਰ ਨੂੰ ਬੰਦ ਕਰਨ ਅਤੇ ਇਸ ਦੀਆਂ ਚਾਬੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੂੰ ਸੌਂਪਣ ਲਈ ਕਥਿਤ ਚਿਤਾਵਨੀ ਦਿੱਤੀ ਸੀ।

# ਪੰਜਾਬ ਦੇ ਮੰਤਰੀ ਦੀ ਵੀਡੀਓ ਦਾ ਮਾਮਲਾ ਰਾਜਪਾਲ ਕੋਲ ਪੁੱਜਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਵਫਦ ਨੇ ਸੂਬੇ ਦੇ ਇਕ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪਦਿਆਂ ਅਪੀਲ ਕੀਤੀ ਕਿ ਇਸ ਮਾਮਲੇ ਦੀ ਕਿਸੇ ਕੇਂਦਰੀ ਏਜੰਸੀ ਕੋਲੋਂ ਜਾਂਚ ਕਰਵਾਈ ਜਾਵੇ ਅਤੇ ਬਲਕਾਰ ਸਿੰਘ ਨੂੰ ਮੰਤਰੀ ਮੰਡਲ ਵਿਚੋਂ ਬਰਖ਼ਾਸਤ ਕੀਤਾ ਜਾਵੇ।

ਵਫ਼ਦ ਵਿਚ ਸ਼ਾਮਲ ਬਿਕਰਮ ਸਿੰਘ ਮਜੀਠੀਆ ਤੇ ਡਾ. ਦਲਜੀਤ ਸਿੰਘ ਨੇ ਦੱਸਿਆ ਕਿ ਇਹ ਇਤਰਾਜ਼ਯੋਗ ਵੀਡੀਓ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨਾਲ ਸਬੰਧਤ ਹੈ। ਵਫ਼ਦ ਨੇ ਰਾਜਪਾਲ ਨੂੰ ਦੱਸਿਆ ਕਿ ਪੀੜਤ ਨੂੰ ਡਰਾਇਆ ਧਮਕਾਇਆ ਗਿਆ ਹੈ ਅਤੇ ਦਬਾਅ ਬਣਾਇਆ ਗਿਆ ਹੈ ਕਿ ਉਹ ਮੰਤਰੀ ਖ਼ਿਲਾਫ਼ ਸ਼ਿਕਾਇਤ ਲਈ ਅੱਗੇ ਨਾ ਆਵੇ। ਅਕਾਲੀ ਆਗੂਆਂ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਹਾਲ



ਹੀ ਵਿਚ 'ਆਪ' ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਕੈਨੇਡਾ ਤੋਂ ਡਿਪੋਰਟ ਹੋਣ ਤੋਂ ਬਚਾਉਣ ਲਈ ਉਸ ਸਬੰਧੀ ਕਲੀਨ ਚਿੱਟ ਦਿੱਤੀ ਹੈ।

ਉਨ੍ਹਾਂ ਅਪੀਲ ਕੀਤੀ ਕਿ ਸੰਦੋਆ ਨੂੰ ਪੁਲਿਸ ਕਲੀਅਰੈਂਸ ਸਰਟੀਫਿਕੇਟ ਦੇਣ ਵਾਲੇ ਪੁਲਿਸ ਅਫ਼ਸਰਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇ ਅਤੇ ਸਰਟੀਫਿਕੇਟ ਵਾਪਸ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਬਲਕਾਰ ਸਿੰਘ ਨੇ ਆਪਣੇ ਆਪ ਨੂੰ ਅਪੰਗ ਵਿਖਾ ਕੇ ਆਪਣੇ ਪੁੱਤਰ ਲਈ ਇੰਸਪੈਕਟਰ ਦੀ ਨੌਕਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਉਤੇ ਹਾਈ ਕੋਰਟ ਨੇ ਰੋਕ ਲਗਾ ਦਿੱਤੀ ਸੀ।

### ਜਾਖੜ ਨੇ 'ਦਾਗੀ' ਮੰਤਰੀ ਖਿਲਾਫ ਨਿਰਪੱਖ ਜਾਂਚ ਮੰਗੀ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਚਿੱਠੀ ਲਿਖ ਕੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 'ਆਪ' ਸਰਕਾਰ ਦੇ ਮੰਤਰੀ ਖ਼ਿਲਾਫ਼ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਰਾਜਪਾਲ ਨੂੰ ਲਿਖੇ ਪੱਤਰ ਵਿਚ ਸੁਨੀਲ ਜਾਖੜ ਨੇ ਕਿਹਾ ਹੈ ਕਿ ਇਕ ਮੰਤਰੀ 'ਤੇ ਮਹਿਲਾ ਦੇ ਜਿਨਸੀ ਸ਼ੋਸ਼ਣ ਦੇ ਦੋਸ਼ ਬਹੁਤ ਗੰਭੀਰ ਹਨ ਤੇ ਇਨ੍ਹਾਂ ਦੀ ਸਮਾਂਬੱਧ ਤੇ ਨਿਰਪੱਖ ਜਾਂਚ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੱਤਾ ਦੇ ਹੰਕਾਰ ਵਿਚ ਚੂਰ 'ਆਪ' ਸਰਕਾਰ ਆਪਣੀ ਆਲੋਚਨਾ ਸੁਣਨੀ ਵੀ ਪਸੰਦ ਨਹੀਂ ਕਰਦੀ। ਇਸ ਨੇ ਲੋਕਾਂ ਦਾ ਭਰੋਸਾ ਗੁਆ ਲਿਆ ਹੈ।

# ਮਿਸ਼ਨ 2024: ਚੋਣ ਤਿਆਰੀਆਂ ਵਿਚ ਜੁਟੀ ਆਮ ਆਦਮੀ ਪਾਰਟੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸੇ ਦੇ ਚਲਦਿਆਂ 'ਆਪ' ਵੱਲੋਂ ਪਾਰਟੀ ਦੇ ਸੂਬਾਈ ਤੇ ਸਾਰੇ ਜ਼ਿਲ੍ਹਿਆਂ ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ ਗਿਆ ਹੈ। ਇਸ ਵਿਚ ਸੂਬਾਈ ਖ਼ਜ਼ਾਨਚੀ, ਸੰਯੁਕਤ ਸਕੱਤਰ ਅਤੇ ਇਕ ਦਰਜਨ ਤੋਂ ਵੱਧ ਵਿੰਗਾਂ ਦੇ ਪ੍ਰਧਾਨ ਅਤੇ ਜ਼ਿਲ੍ਹਾ ਅਹੁਦੇਦਾਰਾਂ ਦਾ ਵੀ ਐਲਾਨ ਕਰ ਦਿੱਤਾ ਹੈ। ਇਹ ਐਲਾਨ ਪਾਰਟੀ ਦੇ ਕੌਮੀ ਜਨਰਲ ਸਕੱਤਰ ਡਾ. ਸੰਦੀਪ ਪਾਠਕ, ਸੂਬਾ ਪ੍ਰਧਾਨ ਭਗਵੰਤ ਮਾਨ ਅਤੇ ਸੂਬਾ ਕਾਰਜਕਾਰੀ ਪ੍ਰਧਾਨ ਪ੍ਰਿੰਸੀਪਲ ਬੁੱਧਰਾਮ ਵੱਲੋਂ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ 'ਆਪ' ਨੇ ਸੁਰੇਸ਼ ਕੁਮਾਰ ਨੂੰ ਪੰਜਾਬ ਦਾ ਖ਼ਜ਼ਾਨਚੀ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ



ਦਵਿੰਦਰ ਜੀਤ ਸਿੰਘ ਲਾਡੀ ਧੌਂਸ, ਅਮਰੀਕ ਸਿੰਘ ਬੰਗਰ, ਬਲਜਿੰਦਰ ਕੌਰ ਤੁੰਗੋਵਾਲੀ, ਜਗਤਾਰ ਸੰਘੇੜਾ, ਬਰੀ ਸਲਮਾਨੀ, ਕਰਨਲ ਸਰਾਈ, ਜਸਟਿਸ ਜ਼ੋਰਾ ਸਿੰਘ ਅਤੇ ਜੇਪੀ ਸਿੰਘ ਨੂੰ ਸੂਬਾ ਸੰਯੁਕਤ ਸਕੱਤਰ ਲਗਾਇਆ ਗਿਆ ਹੈ।

ਇਸ ਤੋਂ ਇਲਾਵਾ ਨੀਲ ਗਰਗ ਨੂੰ ਟਰੇਡ ਵਿੰਗ ਦਾ ਸੂਬਾ ਪ੍ਰਧਾਨ, ਕੁਲਵੰਤ ਬਾਜ਼ੀਗਰ ਨੂੰ ਵਿਮੁਕਤ ਜਾਤੀ ਵਿੰਗ ਦਾ ਸੂਬਾ ਪ੍ਰਧਾਨ, ਪ੍ਰੀਤੀ ਮਲਹੋਤਰਾ ਨੂੰ ਮਹਿਲਾ ਵਿੰਗ ਦਾ ਸੂਬਾ ਪ੍ਰਧਾਨ, ਯਸ਼ਪਾਲ ਚੌਹਾਨ ਨੂੰ ਸਵਰਨਕਾਰ ਸੰਘ ਦਾ ਸੂਬਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।

'ਆਪ' ਨੇ ਸ਼ਿਵਕਰਨ ਸਿੰਘ ਨੂੰ ਬੀ.ਸੀ. ਵਿੰਗ, ਡਾ. ਸੰਜੀਵ ਗੌਤਮ ਨੂੰ ਡਾਕਟਰ ਵਿੰਗ, ਸਵਰਨ ਸਿੰਘ ਸਾਂਪਲਾ ਨੂੰ ਸਾਬਕਾ ਮੁਲਾਜ਼ਮ ਵਿੰਗ, ਮਨਜੀਤ ਸਿੰਘ ਘੁਮਾਣ ਨੂੰ ਸਾਬਕਾ ਫ਼ੌਜੀ ਵਿੰਗ, ਆਰ.ਪੀ.ਐਸ. ਮਲਹੋਤਰਾ ਨੂੰ ਬੁੱਧੀਜੀਵੀ ਵਿੰਗ, ਜਗਤਾਰ ਸਿੰਘ ਦਿਆਲਪੁਰ ਨੂੰ ਕਿਸਾਨ ਵਿੰਗ, ਐਡਵੋਕੇਟ ਦਿਨੇਸ਼ ਚੱਢਾ ਨੂੰ ਲੀਗਲ ਵਿੰਗ, ਜੀਓਰਜ ਸੋਨੀ ਨੂੰ ਘੱਟ ਗਿਣਤੀਆਂ ਵਿੰਗ, ਕੁਲਵੰਤ ਸਿੰਘ ਪੰਡੋਰੀ ਨੂੰ ਐਸ.ਸੀ. ਵਿੰਗ, ਮਨਜਿੰਦਰ ਸਿੰਘ ਲਾਲਪੁਰਾ ਨੂੰ ਯੂਥ ਵਿੰਗ ਅਤੇ ਵਿੱਕੀ ਘਨੌਰ ਨੂੰ ਖੇਡ ਵਿੰਗ ਦਾ ਸੂਬਾਈ ਪ੍ਰਧਾਨ ਲਗਾਇਆ ਗਿਆ ਹੈ।

ਇਸੇ ਤਰ੍ਹਾਂ 'ਆਪ' ਵੱਲੋਂ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਇੰਚਾਰਜ, ਇਵੈਂਟ ਇੰਚਾਰਜ, ਮੀਡੀਆ ਇੰਚਾਰਜ ਅਤੇ ਵੱਖ-ਵੱਖ ਵਿੰਗਾਂ ਦੇ ਵੀ ਅਹੁਦੇਦਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ।

ਗ਼ੌਰਤਲਬ ਹੈ ਕਿ 'ਆਪ' ਨੇ ਇਸ ਦੇ ਨਾਲ ਹੀ ਪਾਰਟੀ ਨੂੰ ਬੂਥ ਪੱਧਰ ਉਤੇ ਮਜ਼ਬੂਤ ਕਰਨ ਲਈ ਤਿਆਰੀਆਂ ਖਿੱਚ ਦਿੱਤੀਆਂ ਹਨ, ਜਿਸ ਨਾਲ ਅਗਾਮੀ ਲੋਕ ਸਭਾ ਚੋਣਾਂ ਵਿਚ ਪਾਰਟੀ ਮਜ਼ਬੂਤੀ ਨਾਲ ਚੋਣ ਮੈਦਾਨ 'ਚ ਨਿੱਤਰ ਸਕੇ।

# ਪੰਜਾਬ ਵਿਚ 'ਸੜਕ ਸੁਰੱਖਿਆ ਫੋਰਸ' ਦੀ ਸ਼ੁਰੂਆਤ ਕੀਤੀ

**ਜਲੰਧਰ:** ਸੂਬੇ ਵਿਚ ਹਰ ਸਾਲ ਸੜਕ ਹਾਦਸਿਆਂ 'ਚ ਜਾਨ ਵਾਲੀਆਂ ਤਕਰੀਬਨ ਤਿੰਨ ਹਜ਼ਾਰ ਮਨੁੱਖੀ ਜਾਨਾਂ ਬਚਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੀ ਪਹਿਲੀ 'ਸੜਕ ਸੁਰੱਖਿਆ ਫੋਰਸ' ਦੇ 129 ਹਾਈ-ਟੈੱਕ ਵਾਹਨਾਂ ਨੂੰ ਝੰਡੀ ਵਿਖਾ ਕੇ ਰਵਾਨਾ ਕੀਤਾ। ਇੱਥੋਂ ਦੇ ਪੀ.ਏ.ਪੀ. ਗਰਾਊਂਡ 'ਚ ਇਸ ਫੋਰਸ ਦੀ ਸ਼ੁਰੂਆਤ ਕਰਨ ਲਈ ਰੱਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਲਈ ਇਹ ਇਤਿਹਾਸਕ ਪਲ ਹਨ ਕਿਉਂਕਿ ਲੋਕਾਂ ਦੀ ਸੁਰੱਖਿਆ ਨੂੰ ਸਮਰਿਪਤ ਫੋਰਸ ਦੀ ਸ਼ੁਰੂਆਤ ਕਰਨ ਵਾਲਾ ਪੰਜਾਬ ਦੇਸ਼ ਦਾ ਪਹਿਲਾ ਸੂਬਾ ਬਣ ਗਿਆ ਹੈ ਜਿਸ ਨਾਲ ਲੋਕਾਂ ਦੀ ਜਾਨ ਬਚਾਈ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਇਸ ਫੋਰਸ ਦੇ ਗਠਨ ਅਤੇ ਉਸ ਤੋਂ ਬਾਅਦ ਲੋਕਾਂ ਨੂੰ ਸਮਰਪਿਤ ਕਰਨ ਵਿਚ ਸਾਰੇ ਅਧਿਕਾਰੀਆਂ ਨੇ ਅਹਿਮ ਰੋਲ ਅਦਾ ਕੀਤਾ ਹੈ। ਉਨ੍ਹਾਂ ਉਮੀਦ ਜ਼ਾਹਿਰ ਕੀਤੀ ਕਿ ਇਹ ਫੋਰਸ ਲੋਕਾਂ ਦੀਆਂ ਕੀਮਤੀ ਜਾਨਾਂ ਬਚਾਉਣ ਅਤੇ ਆਵਾਜਾਈ ਸੁਚਾਰੂ ਬਣਾਉਣ ਵਿਚ ਬਹੁਤ ਵੱਡਾ ਰੋਲ ਅਦਾ ਕਰੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਸ ਫੋਰਸ ਦੇ ਗਠਨ ਨਾਲ ਪੁਲਿਸ ਦੇ ਜਵਾਨ ਆਪਣੀ ਡਿਊਟੀ ਹੋਰ ਵੀ ਪ੍ਰਭਾਵਸ਼ਾਲੀ ਢੰਗ ਨਾਲ ਨਿਭਾਅ ਸਕਣਗੇ। ਉਨ੍ਹਾਂ ਕਿਹਾ ਕਿ ਜਿਹੜੇ ਵਾਹਨ ਇਸ ਫੋਰਸ ਨੂੰ ਦਿੱਤੇ ਗਏ ਹਨ, ਉਹ ਦੁਨੀਆ ਭਰ ਦੇ ਸਭ ਤੋਂ ਵਧੀਆ ਵਾਹਨਾਂ ਵਿਚੋਂ ਇਕ ਹਨ। ਉਨ੍ਹਾਂ ਕਿਹਾ ਕਿ ਐਸ.ਐਸ.ਐਫ. ਆਮ ਵਿਅਕਤੀ ਦੀ ਜਾਨ ਬਚਾਉਣ ਲਈ ਅਹਿਮ ਭੂਮਿਕਾ ਨਿਭਾਏਗੀ ਅਤੇ ਹੁਣ ਤੋਂ ਐਸ.ਐਸ.ਐਫ. ਦੇ ਕੰਮਕਾਜ ਦੀ ਪੜਚੋਲ ਕਰਨ ਲਈ ਹਰ ਮਹੀਨੇ ਦੇ ਅੰਕੜਿਆਂ ਦਾ ਅਧਿਐਨ ਕੀਤਾ ਜਾਵੇਗਾ ਤੇ ਹਰ ਮਹੀਨੇ ਬਾਅਦ ਅੰਕੜੇ ਲੋਕਾਂ ਨਾਲ ਸਾਂਝੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਡਰਾਈਵਿੰਗ ਲਾਇਸੈਂਸਾਂ ਲਈ ਵੀ ਪੁਆਇੰਟਾਂ ਦੀ ਵਿਵਸਥਾ ਕੀਤੀ ਜਾਵੇਗੀ ਤਾਂ ਜੋ ਆਉਣ ਵਾਲੇ ਸਮੇਂ ਵਿਚ ਵਾਰ-ਵਾਰ ਟਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਉਨ੍ਹਾਂ ਦੇ ਡਰਾਈਵਿੰਗ ਲਾਇਸੈਂਸ ਰੱਦ ਕਰਕੇ ਸਜ਼ਾ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ



ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਦੇ ਨਾਲ ਵਾਹਨਾਂ ਦੀ ਆਵਾਜਾਈ ਨੂੰ ਸੁਚਾਰੂ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਲੜਕੀਆਂ ਪੁਲਿਸ ਫੋਰਸ ਵਿਚ ਸ਼ਾਮਲ ਹੋ ਰਹੀਆਂ ਹਨ ਅਤੇ ਐਸ.ਐਸ.ਐਫ. ਦੇ ਵਾਹਨਾਂ ਦੇ 90 ਡਰਾਈਵਰ ਵੀ ਲੜਕੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ 5500 ਕਿਲੋਮੀਟਰ ਰਾਜ ਅਤੇ ਰਾਸ਼ਟਰੀ ਮਾਰਗਾਂ ਨੂੰ ਕਵਰ ਕਰਨ ਲਈ ਸੜਕ ਸੁਰੱਖਿਆ ਯੋਜਨਾ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ 65 ਫੀਸਦ ਮੌਤਾਂ ਰਾਸ਼ਟਰੀ ਅਤੇ ਰਾਜ ਮਾਰਗਾਂ ਉਤੇ ਵਾਪਰਦੇ ਹਾਦਸਿਆਂ 'ਚ ਹੁੰਦੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਰਾਬ ਪੀ ਕੇ ਗੱਡੀ ਚਲਾਉਣ ਅਤੇ ਤੇਜ਼ ਰਫ਼ਤਾਰ ਵਾਹਨ ਨੂੰ ਰੋਕਣ ਲਈ ਵਿਸ਼ੇਸ਼ ਸਾਜ਼ੋ-ਸਾਮਾਨ ਨਾਲ ਲੈਸ 129 ਪੈਟਰੋਲਿੰਗ ਵਾਹਨ ਇਨ੍ਹਾਂ ਰੂਟਾਂ 'ਤੇ ਤਾਇਨਾਤ ਕੀਤੇ ਜਾਣਗੇ ਅਤੇ ਵਾਹਨ ਹਰੇਕ 30 ਕਿਲੋਮੀਟਰ ਦੀ ਦੂਰੀ ਨੂੰ ਕਵਰ ਕਰੇਗਾ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਹੋਏ ਪੁਲਿਸ ਮੁਲਾਜ਼ਮਾਂ ਵਿਚੋਂ ਜਿਨ੍ਹਾਂ ਮੁਲਾਜ਼ਮਾਂ ਨੂੰ ਢੁੱਕਵੀਂ ਸਿਖਲਾਈ ਦਿੱਤੀ ਗਈ ਹੈ, ਨੂੰ ਸੜਕ ਸੁਰੱਖਿਆ ਫੋਰਸ ਵਿਚ ਤਾਇਨਾਤ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਕਿਸਮ ਦੀ ਪਹਿਲੀ ਵਿਸ਼ੇਸ਼ ਫੋਰਸ ਪੰਜਾਬ ਵਿਚ ਰੋਜ਼ਾਨਾ ਸੜਕ ਹਾਦਸਿਆਂ ਵਿਚ ਗੁਆਚ ਰਹੀਆਂ ਕਈ ਕੀਮਤੀ ਜਾਨਾਂ ਨੂੰ ਬਚਾਉਣ ਲਈ ਸਹਾਈ ਹੋਵੇਗੀ।

**Punjab Times**

**Established in 2000**
**24th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਬਹਿਬਲ-ਕੋਟਕਪੂਰਾ ਗੋਲੀ ਕਾਂਡ ਦੀ ਸੁਣਵਾਈ ਮੁਲਤਵੀ

**ਫਰੀਦਕੋਟ:** ਸਪੈਸ਼ਲ ਜੱਜ ਰਾਜੀਵ ਕਾਲੜਾ ਦੀ ਅਦਾਲਤ ਵਿਚ ਕੋਟਕਪੂਰਾ ਅਤੇ ਬਹਿਬਲ ਗੋਲੀਕਾਂਡ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ, ਆਈ.ਜੀ. ਪਰਮਰਾਜ ਸਿੰਘ ਉਮਰਾਨੰਗਲ, ਸੁਖਮਿੰਦਰ ਸਿੰਘ ਮਾਨ ਅਤੇ ਬਾਕੀ ਮੁਲਜ਼ਮ ਵੀਡੀਓ ਕਾਨਫਰੰਸ ਰਾਹੀਂ ਅਦਾਲਤ ਵਿਚ ਪੇਸ਼ ਹੋਏ। ਸੁਖਬੀਰ ਬਾਦਲ ਵੱਲੋਂ ਅਦਾਲਤ ਵਿਚ ਪੇਸ਼ ਹੋਏ ਸੀਨੀਅਰ ਵਕੀਲ ਆਰ.ਐਸ. ਚੀਮਾ ਨੇ ਕਿਹਾ ਕਿ ਘਟਨਾ ਵੇਲੇ ਸੁਖਬੀਰ ਬਾਦਲ ਕੋਟਕਪੂਰਾ ਜਾਂ ਬਹਿਬਲ ਵਿਚ ਮੌਜੂਦ ਨਹੀਂ ਸਨ, ਇਸ ਲਈ ਉਹ ਉਨ੍ਹਾਂ ਨੂੰ ਮਾਮਲੇ ਵਿਚੋਂ ਡਿਸਚਾਰਜ ਕਰਨ ਦੀ ਮੰਗ ਕਰਦੇ ਹਨ। ਇਸ ਮਾਮਲੇ ਉਤੇ ਅਦਾਲਤ ਹੁਣ ਅਗਲੀ ਸੁਣਵਾਈ 5 ਫਰਵਰੀ ਨੂੰ ਕਰੇਗੀ। ਆਪਣੇ ਐਲਾਨ ਮੁਤਾਬਕ ਸਾਬਕਾ ਜਾਂਚ ਅਧਿਕਾਰੀ ਅਤੇ ਵਿਧਾਇਕ ਕੁੰਵਰ ਵਿਜੈ ਪ੍ਰਤਾਪ ਸਿੰਘ ਵੀ ਫਰੀਦਕੋਟ ਵਿਚ ਮੌਜੂਦ ਸਨ, ਪਰ ਉਹ ਅਦਾਲਤ ਵਿਚ ਪੇਸ਼ ਨਹੀਂ ਹੋਏ। ਬਾਅਦ ਵਿਚ ਉਨ੍ਹਾਂ ਕਿਹਾ ਕਿ ਉਹ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖਣਗੇ।

ਉਨ੍ਹਾਂ ਕਿਹਾ ਕਿ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਦੇ ਕੁਝ ਗਵਾਹ ਮੁਲਜ਼ਮਾਂ ਨਾਲ ਕਥਿਤ ਤੌਰ ਉਤੇ ਮਿਲ ਗਏ ਹਨ। ਉਨ੍ਹਾਂ ਆਪਣੀ ਹੀ ਸਰਕਾਰ 'ਤੇ ਕੋਟਕਪੂਰਾ ਤੇ ਬਹਿਬਲ ਗੋਲੀ ਕਾਂਡ ਨੂੰ ਅਣਗੌਲਿਆ ਕਰਨ ਦਾ ਦੋਸ਼ ਵੀ ਲਾਇਆ। ਇਨ੍ਹਾਂ ਮਾਮਲਿਆਂ ਦੀ ਸੁਣਾਈ ਦੌਰਾਨ ਕੁਝ ਸਿੱਖ ਜਥੇਬੰਦੀਆਂ ਦੇ ਆਗੂ ਵੀ ਅਦਾਲਤ ਦੇ ਬਾਹਰ ਮੌਜੂਦ ਸਨ।

# ਜਤਿੰਦਰ ਸਿੰਘ ਔਲਖ ਤੇ ਇੰਦਰਪਾਲ ਸਿੰਘ ਨੇ ਸਹੁੰ ਚੁੱਕੀ

**ਚੰਡੀਗੜ੍ਹ:** ਇਥੇ ਪੰਜਾਬ ਰਾਜ ਭਵਨ ਵਿਚ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਨਵ ਨਿਯੁਕਤ ਚੇਅਰਮੈਨ ਜਤਿੰਦਰ ਸਿੰਘ ਔਲਖ ਅਤੇ ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਨਵ ਨਿਯੁਕਤ ਰਾਜ ਮੁੱਖ ਸੂਚਨਾ ਕਮਿਸ਼ਨਰ ਇੰਦਰਪਾਲ ਸਿੰਘ ਨੂੰ ਅਹੁਦੇ ਦਾ ਭੇਤ ਗੁਪਤ ਰੱਖਣ ਦਾ ਹਲਫ਼ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਦਿਵਾਇਆ। ਸਹੁੰ ਚੁੱਕ ਸਮਾਗਮ ਦੀ ਕਾਰਵਾਈ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਚਲਾਈ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ, ਬ੍ਰਮ ਸ਼ੰਕਰ ਜਿੰਪਾ ਤੇ ਗੁਰਮੀਤ ਸਿੰਘ ਖੁੱਡੀਆ, ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਵੀ ਕੇ ਸਿੰਘ, ਡੀ.ਜੀ.ਪੀ. ਗੌਰਵ ਯਾਦਵ ਮੌਜੂਦ ਸਨ।

ਦੱਸਣਯੋਗ ਹੈ ਕਿ ਪੰਜਾਬ ਕਾਡਰ ਦੇ 1997 ਬੈਚ ਦੇ ਆਈ.ਪੀ.ਐਸ. ਅਧਿਕਾਰੀ ਜਤਿੰਦਰ ਸਿੰਘ ਔਲਖ ਪਿੰਡ ਬਰਗਾੜੀ (ਫਰੀਦਕੋਟ) ਦੇ ਜੰਮਪਲ ਹਨ। ਉਹ ਪੰਜਾਬ ਪੁਲਿਸ ਵਿੱਚ 33 ਸਾਲ ਸੇਵਾਵਾਂ ਨਿਭਾਉਣ ਤੋਂ ਬਾਅਦ ਏ.ਡੀ.ਜੀ.ਪੀ. ਦੇ ਰੈਂਕ ਉਤੇ ਇੰਟੈਲੀਜੈਂਸ ਚੀਫ਼ ਵਜੋਂ ਸੇਵਾਮੁਕਤ ਹੋਏ ਸਨ। ਉਨ੍ਹਾਂ ਨੂੰ ਰਾਸ਼ਟਰੀ ਪੁਰਸਕਾਰ (ਵਿਸ਼ੇਸ਼), ਵਿਸ਼ੇਸ਼ ਸੇਵਾਵਾਂ ਲਈ ਪੁਲਿਸ ਮੈਡਲ, ਪੁਲਿਸ ਮੈਡਲ ਫਾਰ ਮੈਰੀਟੋਰੀਅਸ ਸਰਵਿਸਿਜ਼, ਮੁੱਖ ਮੰਤਰੀ ਮੈਡਲ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਰਾਜ ਮੁੱਖ ਸੂਚਨਾ ਕਮਿਸ਼ਨਰ ਵਜੋਂ ਸਹੁੰ ਚੁੱਕਣ ਵਾਲੇ ਐਡਵੋਕੇਟ ਇੰਦਰਪਾਲ ਸਿੰਘ ਹੁਸ਼ਿਆਰਪੁਰ ਦੇ ਵਸਨੀਕ ਹਨ।

## ਕਿਸਾਨਾਂ ਵੱਲੋਂ ਸਰਕਾਰ ਨੂੰ ਘੇਰਨ ਲਈ ਲਾਮਬੰਦੀ

*(ਪਹਿਲੇ ਸਫੇ ਦੀ ਬਾਕੀ)*

ਸੰਘਰਸ਼ ਦੀ ਅਗਲੀ ਰਣਨੀਤੀ ਘੜਨ ਲਈ 18 ਫਰਵਰੀ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਕੀਤੀ ਜਾਵੇਗੀ। ਇਸੇ ਦੌਰਾਨ ਕਿਸਾਨ ਮਜ਼ਦੂਰ ਮੋਰਚਾ ਦੀਆਂ 16 ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀ ਅਗਵਾਈ ਹੇਠ ਕਿਸਾਨਾਂ ਨੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ। ਪ੍ਰਦਰਸ਼ਨਾਂ ਦੌਰਾਨ ਕਿਸਾਨ ਆਗੂਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਤੰਤਰ ਵਿਚ ਸ਼ਾਂਤਮਈ ਤਰੀਕੇ ਨਾਲ ਕੀਤੇ ਜਾਣ ਵਾਲੇ ਪ੍ਰਦਰਸ਼ਨ ਨੂੰ ਉਖਾੜਨ ਦੀ ਕੋਸ਼ਿਸ਼ ਅਸਲ ਮਾਅਨਿਆਂ ਵਿਚ ਲੋਕਤੰਤਰ ਨੂੰ ਉਖਾੜਨ ਦਾ ਹੀ ਕੀਤਾ ਗਿਆ ਯਤਨ ਸੀ, ਜੋ ਸਫ਼ਲ ਨਹੀਂ ਹੋ ਸਕਿਆ ਪਰ ਇਸ ਦੇ ਦੋਸ਼ੀ ਅੱਜ ਵੀ ਆਜ਼ਾਦ ਘੁੰਮ ਰਹੇ ਹਨ ਅਤੇ ਜਥੇਬੰਦੀ ਦੋਸ਼ੀਆਂ ਵਿਰੁੱਧ ਕਾਰਵਾਈ ਕਰਵਾਉਣ ਤੱਕ ਇਸ ਅਭੁੱਲਣਯੋਗ ਵਿਹਾਰ ਨੂੰ ਯਾਦ ਰੱਖੇਗੀ।

# ਭਾਜਪਾ ਹੁਣ ਆਪਣੇ ਅਸਲੀ ਰੰਗ ਵਿਚ

*(ਪਹਿਲੇ ਸਫੇ ਦੀ ਬਾਕੀ)*

ਹਨ। ਇਥੋਂ ਤੱਕ ਕਿ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਦੇ ਡਰੋਂ ਝਾਰਖੰਡ ਦਾ ਮੁੱਖ ਮੰਤਰੀ ਹੇਮੰਤ ਸੋਰੇਨ 24 ਰੂਪੋਸ਼ ਰਿਹਾ।

ਦਰਅਸਲ, ਭਾਜਪਾ ਬਿਹਾਰ ਅਤੇ ਉਤਰ ਪ੍ਰਦੇਸ਼ ਵਿਚ ਸਿਆਸੀ ਵਿਰੋਧੀਆਂ ਦੇ ਗੱਠਜੋੜ ਦੀ ਤਾਕਤ ਤੋਂ ਭਲੀਭਾਂਤ ਜਾਣੂ ਹੈ। ਇਹ ਦੋਵੇਂ ਸੂਬੇ ਕੇਂਦਰੀ ਸੱਤਾ ਵਿਚ ਜਾਣ ਦਾ ਰਾਹ ਤਿਆਰ ਕਰਦੇ ਹਨ। ਗੱਠਜੋੜ ਦੇ ਹਿਸਾਬ ਨਾਲ ਉਤਰ ਪ੍ਰਦੇਸ਼ ਵਿਚ ਸਮਾਜਵਾਦੀ ਪਾਰਟੀ, ਕਾਂਗਰਸ, ਆਮ ਆਦਮੀ ਪਾਰਟੀ ਤੇ ਹੋਰ ਧਿਰਾਂ ਦਾ ਏਕਾ ਭਾਜਪਾ ਲਈ ਖਤਰੇ ਦੀ ਘੰਟੀ ਸੀ। ਇਸੇ ਤਰ੍ਹਾਂ ਦੇ ਹਾਲਾਤ ਬਿਹਾਰ ਵਿਚ ਬਣ ਰਹੇ ਸਨ। ਨਿਤੀਸ਼ ਦੇ ਮੋੜਾ ਕੱਟਣ ਕਾਰਨ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.), ਕਾਂਗਰਸ ਅਤੇ ਖੱਬੇ ਪੱਖੀਆਂ ਦੀ ਸ਼ਮੂਲੀਅਤ ਵਾਲੇ ਮਹਾਂ ਗੱਠਜੋੜ ਨੂੰ ਹੀ ਨਹੀਂ ਸਗੋਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ ਪਿਛਲੇ ਸਾਲ ਬਣਾਏ ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਨੂੰ ਵੀ ਝਟਕਾ ਲੱਗਿਆ ਹੈ।

ਪੱਛਮੀ ਬੰਗਾਲ ਅਤੇ ਪੰਜਾਬ ਵਿਚ ਸੀਟਾਂ ਦੀ ਵੰਡ ਬਾਰੇ ਮਤਭੇਦਾਂ ਨੇ ਇਸ ਗੱਠਜੋੜ ਦੀਆਂ ਕਮਜ਼ੋਰੀਆਂ ਉਘਾੜੀਆਂ ਹਨ। ਮਹਾਂਗੱਠਜੋੜ ਵਿਚੋਂ ਨਿਤੀਸ਼ ਦਾ ਬਾਹਰ ਹੋਣਾ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਜਿਉਂ-ਜਿਉਂ ਲੋਕ ਸਭਾ ਚੋਣਾਂ ਨੇੜੇ ਆਉਣਗੀਆਂ, ਵਿਰੋਧੀ ਪਾਰਟੀਆਂ ਦੇ ਹੋਰ ਆਗੂ ਵੀ ਇਸ ਤੋਂ ਲਾਂਭੇ ਜਾ ਸਕਦੇ ਹਨ। ਇਸ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਜੇਤੂ ਮੁਹਿੰਮ ਨੂੰ ਠੱਲ੍ਹਣਾ ਮੁਸ਼ਕਿਲ ਹੋ ਜਾਵੇਗਾ।

ਭਾਜਪਾ ਨੇ ਚੰਡੀਗੜ੍ਹ ਵਿਚ ਗੱਠਜੋੜ ਦੀਆਂ ਪ੍ਰਮੁੱਖ ਧਿਰਾਂ ਕਾਂਗਰਸ ਤੇ ਆਪ ਦੀਆਂ ਆਸਾਂ ਉਤੇ ਪਾਣੀ ਫੇਰ ਕੇ ਸਾਫ ਇਸ਼ਾਰਾ ਕਰ ਦਿੱਤਾ ਹੈ ਕਿ ਉਹ ਸੱਤਾ ਵਿਚ ਕਾਇਮ ਰਹਿਣ ਲਈ ਹਰ ਹਰਬਾ ਵਰਤਣ ਲਈ ਤਿਆਰ ਬਰ ਤਿਆਰ ਹੈ।

## ਜਥੇਦਾਰ ਨੇ ਮੁੜ ਚੁੱਕਿਆ ਬੰਦੀ ਸਿੰਘਾਂ ਦਾ ਮੁੱਦਾ

**ਲਾਲੜੂ:** ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਇਕ ਵਾਰ ਫਿਰ ਚੁੱਕਿਆ ਹੈ। ਉਨ੍ਹਾਂ ਇਥੇ ਇਕ ਧਾਰਮਿਕ ਸਮਾਗਮ 'ਚ ਸ਼ਾਮਲ ਹੁੰਦਿਆਂ ਕਿਹਾ ਕਿ ਬੰਦੀ ਸਿੰਘਾਂ ਦਾ ਮਸਲਾ ਸਰਕਾਰਾਂ ਨੂੰ ਛੇਤੀ ਨਿਪਟਾਉਣਾ ਚਾਹੀਦਾ ਹੈ ਤਾਂ ਜੋ ਸਿੱਖ ਕੌਮ 'ਚ ਬੇਗਾਨਗੀ ਦਾ ਅਹਿਸਾਸ ਨਾ ਹੋਵੇ। ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਹਕੂਮਤ ਸਿੱਖਾਂ ਨੂੰ ਗੁਲਾਮੀ ਵਾਲਾ ਅਹਿਸਾਸ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਉਨ੍ਹਾਂ ਨੂੰ ਰਿਹਾਅ ਤਾਂ ਕੀ ਕਰਨਾ ਸੀ, ਉਨ੍ਹਾਂ ਨੂੰ ਪੈਰੋਲ ਤੱਕ ਵੀ ਨਹੀਂ ਦਿੱਤੀ ਜਾ ਰਹੀ। ਉਧਰ, ਦੂਜੇ ਪਾਸੇ ਡੇਰਾ ਸਿਰਸਾ ਦੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ ਜਿਸ ਨਾਲ ਸਿੱਖਾਂ ਵਿਚ ਵਿਤਕਰੇ ਦੀ ਭਾਵਨਾ ਪੈਦਾ ਹੋ ਰਹੀ ਹੈ। ਉਹ ਪੰਥ ਦੇ ਪ੍ਰਸਿੱਧ ਢਾਡੀ ਮੋਹਨ ਸਿੰਘ ਬਡਾਲਾ ਵੱਲੋਂ ਕਰਵਾਏ ਧਾਰਮਿਕ ਸਮਾਗਮ ਵਿਚ ਸ਼ਿਰਕਤ ਕਰਨ ਲਈ ਆਏ ਸਨ।

# ਮਜੀਠੀਆ ਦੇ ਨਜ਼ਦੀਕੀਆਂ ਨੂੰ ਸੰਮਨ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਦੋ ਸਾਲ ਪਹਿਲਾਂ ਨਸ਼ਾ ਤਸਕਰੀ ਦੇ ਦੋਸ਼ਾਂ ਤਹਿਤ ਦਰਜ ਹੋਏ ਕੇਸ ਦੀ ਜਾਂਚ ਲਈ ਪਟਿਆਲਾ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਬਣੀ ਸਿਟ ਵੱਲੋਂ ਹੁਣ ਮਜੀਠੀਆ ਦੇ ਚਾਰ ਨਜ਼ਦੀਕੀਆਂ ਨੂੰ ਸੰਮਨ ਭੇਜੇ ਗਏ ਹਨ। ਸੱਦੇ ਗਏ ਵਿਅਕਤੀਆਂ ਵਿਚ ਤਲਵੀਰ ਸਿੰਘ ਗਿੱਲ, ਸ਼ਿਵ ਚਰਨ, ਕੁਲਤਾਰ ਸਿੰਘ ਅਤੇ ਬੁੱਧ ਸਿੰਘ ਸ਼ਾਮਲ ਹਨ। ਇਨ੍ਹਾਂ 'ਚੋਂ ਇਕ ਮਜੀਠੀਆ ਦਾ ਸਾਬਕਾ ਪੀਏ ਅਤੇ ਇਕ ਸਾਬਕਾ ਓ.ਐਸ.ਡੀ. ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਿਟ ਵੱਲੋਂ ਮਜੀਠੀਆ ਤੋਂ ਤਿੰਨ ਵਾਰ ਪੁੱਛ-ਪੜਤਾਲ ਕੀਤੀ ਜਾ ਚੁੱਕੀ ਹੈ। ਦੋ ਵਾਰ ਪੁੱਛ-ਪੜਤਾਲ ਸਿਟ ਦੇ ਮੁਖੀ ਏ.ਡੀ.ਜੀ.ਪੀ. ਮੁਖਵਿੰਦਰ ਸਿੰਘ ਛੀਨਾ ਦੀ ਸੇਵਾਮੁਕਤੀ ਤੋਂ ਪਹਿਲਾਂ ਹੋਈ ਜਦਕਿ ਇਕ ਵਾਰ ਪੁੱਛ-ਪੜਤਾਲ ਛੀਨਾ ਦੀ ਸੇਵਾਮੁਕਤੀ ਮਗਰੋਂ ਨਵੇਂ ਮੁਖੀ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠਲੀ ਟੀਮ ਵੱਲੋਂ ਕੀਤੀ ਗਈ ਸੀ। ਸਿਟ 'ਚ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਅਤੇ ਐਸ.ਪੀ.ਡੀ. ਵਰੁਣ ਸ਼ਰਮਾ ਸਣੇ ਡੀ.ਐਸ.ਪੀ. ਜਸਵਿੰਦਰ ਟਿਵਾਣਾ ਤੇ ਨਰਿੰਦਰ ਸਿੰਘ ਅਤੇ ਇੰਸਪੈਕਟਰ ਦਰਬਾਰਾ ਸਿੰਘ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਸਾਬਕਾ ਅਕਾਲੀ ਵਿਧਾਇਕ ਅਮਰਪਾਲ ਸਿੰਘ ਬੋਨੀ ਅਜਨਾਲਾ, ਅਕਾਲੀ ਆਗੂ ਬਿੱਟੂ ਔਲਖ ਅਤੇ ਜਗਜੀਤ ਸਿੰਘ ਚਾਹਲ ਨੂੰ ਵੀ ਸਿਟ ਗਵਾਹਾਂ ਵਜੋਂ ਸਵਾਲ-ਜਵਾਬ ਕਰ ਚੁੱਕੀ ਹੈ।

## ਅਮਰੀਕੀ ਯੂਨੀਵਰਸਿਟੀ ਦੇ ਲਾਪਤਾ ਭਾਰਤੀ ਵਿਦਿਆਰਥੀ ਦੀ ਲਾਸ਼ ਮਿਲੀ

**ਵਾਸ਼ਿੰਗਟਨ:** ਅਮਰੀਕਾ ਦੇ ਇੰਡੀਆਨਾ ਸੂਬੇ ਵਿਚ ਸਥਿਤ ਵੱਕਾਰੀ ਪਰਡਿਊ ਯੂਨੀਵਰਸਿਟੀ ਦੇ ਲਾਪਤਾ ਭਾਰਤੀ ਵਿਦਿਆਰਥੀ ਦੀ ਮੌਤ ਹੋ ਗਈ ਹੈ। ਯੂਨੀਵਰਸਿਟੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਭਾਰਤੀ ਵਿਦਿਆਰਥੀ ਨੀਲ ਆਚਾਰੀਆ ਅਚਾਨਕ ਲਾਪਤਾ ਹੋ ਗਿਆ ਸੀ। ਪ੍ਰਯੋਗਸ਼ਾਲਾ ਦੇ ਨੇੜੇ ਨੀਲ ਦੀ ਲਾਸ਼ ਮਿਲੀ ਹੈ। ਉਸ ਨੇ ਕੰਪਿਊਟਰ ਵਿਗਿਆਨ ਅਤੇ ਡਾਟਾ ਵਿਗਿਆਨ ਵਿਚ ਡਿਗਰੀ ਹਾਸਲ ਕੀਤੀ ਅਤੇ ਉਹ ਜੌਨ ਮਾਰਟਿਨਸਨ ਆਨਰਜ਼ ਕਾਲਜ ਵਿਚ ਪੜ੍ਹਦਾ ਸੀ।

# ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਕਰਵਾਉਣ ਦਾ ਫੈਸਲਾ

**ਅੰਮ੍ਰਿਤਸਰ:** ਇਥੇ ਚੀਫ਼ ਖ਼ਾਲਸਾ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਹੋਈ ਜਿਸ ਵਿਚ ਸੰਸਥਾ ਦੇ ਅਹੁਦੇਦਾਰਾਂ ਦੀ ਚੋਣ 18 ਫਰਵਰੀ ਨੂੰ ਕਰਵਾਉਣ ਦਾ ਫੈਸਲਾ ਕੀਤਾ ਗਿਆ। ਇਹ ਮੀਟਿੰਗ ਦੀਵਾਨ ਦੇ ਗੁਰਦੁਆਰੇ ਵਿਚ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਝਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ ਵੱਲੋਂ ਏਜੰਡਾ ਪੇਸ਼ ਕੀਤਾ ਗਿਆ।

ਇਸ ਉਪਰੰਤ ਚੀਫ਼ ਖ਼ਾਲਸਾ ਦੀਵਾਨ ਜਨਰਲ ਕਮੇਟੀ ਦੀ ਚੋਣ ਦੀ ਮਿਤੀ ਅਤੇ ਵਿਧੀ ਨਿਰਧਾਰਤ ਕਰਨ ਸਬੰਧੀ ਵਿਚਾਰਾਂ ਕੀਤੀਆਂ ਗਈਆਂ। ਡਾ. ਨਿੱਝਰ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦੇ ਸੰਵਿਧਾਨ ਅਨੁਸਾਰ ਜਨਰਲ ਕਮੇਟੀ ਦੀ ਮਿਆਦ 17 ਫਰਵਰੀ ਨੂੰ ਖ਼ਤਮ ਹੋਣ ਜਾ ਰਹੀ ਹੈ ਅਤੇ ਸੰਵਿਧਾਨ ਦੇ ਨਿਯਮ 13 ਮੁਤਾਬਕ ਦੀਵਾਨ ਅਹੁਦੇਦਾਰਾਂ ਇਕ ਪ੍ਰਧਾਨ, ਦੋ ਮੀਤ ਪ੍ਰਧਾਨ, ਇਕ ਸਥਾਨਕ ਪ੍ਰਧਾਨ, ਦੋ ਆਨਰੇਰੀ ਸਕੱਤਰਾਂ ਦੀ ਚੋਣ ਪੰਜ ਸਾਲ ਬਾਅਦ ਹੋਣੀ ਚਾਹੀਦੀ ਹੈ। ਉਨ੍ਹਾਂ ਵੱਲੋਂ ਮੀਟਿੰਗ ਵਿਚ ਇਹ ਚੋਣ 18 ਫਰਵਰੀ ਨੂੰ ਕਰਵਾਉਣ ਦੀ ਤਜਵੀਜ਼ ਰੱਖੀ ਗਈ ਹੈ ਜਿਸ ਨੂੰ ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ। ਇਸ ਮੌਕੇ ਮਹਿੰਦਰ ਸਿੰਘ (ਸਾਬਕਾ ਵਧੀਕ ਸਕੱਤਰ, ਐਸ.ਜੀ.ਪੀ.ਸੀ.) ਨੂੰ ਚੋਣ ਅਧਿਕਾਰੀ ਅਤੇ ਇੰਜੀਨੀਅਰ ਜਸਪਾਲ ਸਿੰਘ, ਪ੍ਰੋ. ਸੁਖਬੀਰ ਸਿੰਘ ਅਤੇ ਐਡਵੋਕੇਟ ਇੰਦਰਜੀਤ ਸਿੰਘ ਅੜੀ ਨੂੰ ਰਿਟਰਨਿੰਗ ਅਧਿਕਾਰੀ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ।

# ਮੋਦੀ ਸਰਕਾਰ ਵੱਲੋਂ ਸੀ.ਏ.ਏ. ਲਾਗੂ ਕਰਨ ਦੀ ਤਿਆਰੀ

**ਕੋਲਕਾਤਾ:** ਕੇਂਦਰੀ ਮੰਤਰੀ ਸ਼ਾਂਤਨੂ ਠਾਕੁਰ ਨੇ ਦਾਅਵਾ ਕੀਤਾ ਹੈ ਕਿ ਨਾਗਰਿਕਤਾ (ਸੋਧ) ਐਕਟ (ਸੀ.ਏ.ਏ.) ਸੱਤ ਦਿਨਾਂ ਦੇ ਅੰਦਰ ਪੂਰੇ ਦੇਸ਼ ਵਿਚ ਲਾਗੂ ਕੀਤਾ ਜਾਵੇਗਾ। ਪੱਛਮੀ ਬੰਗਾਲ 'ਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਨੇ ਠਾਕੁਰ ਦੇ ਇਸ ਦਾਅਵੇ ਨੂੰ 'ਚੋਣ ਬਿਆਨਬਾਜ਼ੀ' ਦੱਸ ਕੇ ਖਾਰਜ ਕਰ ਦਿੱਤਾ ਹੈ। ਉਂਜ ਪਾਰਟੀ ਨੇ ਸੂਬੇ ਵਿਚ ਸੀ.ਏ.ਏ. ਲਾਗੂ ਨਾ ਹੋਣ ਦੇਣ ਦਾ ਵਾਅਦਾ ਕੀਤਾ। ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਮਤੂਆ ਭਾਈਚਾਰੇ ਦੀ ਬਹੁਗਿਣਤੀ ਵਾਲੇ ਬੋਂਗਾਓਂ ਹਲਕੇ ਤੋਂ ਭਾਜਪਾ ਦੇ ਸੰਸਦ ਮੈਂਬਰ ਠਾਕੁਰ ਨੇ ਕਿਹਾ ਕਿ ਵਿਵਾਦਿਤ ਕਾਨੂੰਨ ਨੂੰ ਸੱਤ ਦਿਨਾਂ ਦੇ ਅੰਦਰ ਤੇਜ਼ੀ ਨਾਲ ਲਾਗੂ ਕੀਤਾ ਜਾਵੇਗਾ। ਕੇਂਦਰ ਵਿਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਵੱਲੋਂ 2019 ਵਿਚ ਲਿਆਂਦੇ ਸੀ.ਏ.ਏ. ਦਾ ਮੁੱਖ ਮੰਤਵ 31 ਦਸੰਬਰ 2014 ਤੋਂ ਪਹਿਲਾਂ ਭਾਰਤ 'ਚ ਵਸੇ ਬੰਗਲਾਦੇਸ਼, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਦੇ ਹਿੰਦੂ, ਸਿੱਖ, ਜੈਨ, ਬੋਧੀ, ਪਾਰਸੀ ਅਤੇ ਈਸਾਈਆਂ ਸਮੇਤ ਵਧੀਕੀਆਂ ਦਾ ਸ਼ਿਕਾਰ ਗੈਰ-ਮੁਸਲਿਮ ਪਰਵਾਸੀਆਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕਰਨਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਹਰਜੀਤ ਸਿੰਘ ਸਾਹੀ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਸਰਵਣ ਸਿੰਘ ਟਿਵਾਣਾ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਜਸਬੀਰ ਕੌਰ ਢਿੱਲੋਂ | ਜੈਦੇਵ ਸਿੰਘ ਭੱਠਲ | ਡਾ. ਗੁਰਚਰਨ ਸਿੰਘ ਗਰੇਵਾਲ | ਜਸਕਰਨ ਸਿੰਘ ਧਾਲੀਵਾਲ |
| ਡਾ. ਇਨਕਲਾਬੀ ਥਾਂਦੀ | ਪਰਮਿੰਦਰ ਸਿੰਘ ਵਾਲੀਆ | ਗੁਰਦੇਵ ਸਿੰਘ ਜੌੜਾ | ਅਮਰੀਕ ਸਿੰਘ (ਅਮਰ ਕਾਰਪੇਟ) |
| ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ | ਅੰਮ੍ਰਿਤਪਾਲ ਸਿੰਘ ਸੰਘਾ |
| ਹਰਦਿਆਲ ਸਿੰਘ ਦਿਓਲ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ | ਭੁਪਿੰਦਰ ਸਿੰਘ ਧਾਲੀਵਾਲ |
| ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ | ਅਮੋਲਕ ਸਿੰਘ ਗਾਖਲ |
| | | | ਜਸਵਿੰਦਰ ਸਿੰਘ (ਜੱਸੀ) ਗਿੱਲ |

# ਨਿਤੀਸ਼ ਕੁਮਾਰ ਦਾ ਯੂ-ਟਰਨ; ਭਾਜਪਾ ਨਾਲ ਮੁੜ ਭਾਈਵਾਲੀ

**ਪਟਨਾ:** ਜਨਤਾ ਦਲ (ਯੂ.) ਦੇ ਪ੍ਰਧਾਨ ਨਿਤੀਸ਼ ਕੁਮਾਰ ਨੇ ਮਹਾਗੱਠਜੋੜ ਤੇ ਵਿਰੋਧੀ ਧਿਰਾਂ ਦੇ ਗੁੱਟ 'ਇੰਡੀਆ' ਨੂੰ ਤਿਆਗਦਿਆਂ ਅਤੇ ਭਾਜਪਾ ਨਾਲ ਮੁੜ ਭਾਈਵਾਲੀ ਕਰਦਿਆਂ ਰਿਕਾਰਡ ਨੌਵੀਂ ਵਾਰ ਬਿਹਾਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ।



ਇਸ ਤੋਂ ਪਹਿਲਾਂ ਨਿਤੀਸ਼ ਕੁਮਾਰ ਨੇ ਮੁੱਖ ਮੰਤਰੀ ਵਜੋਂ ਅਸਤੀਫ਼ਾ ਦਿੰਦਿਆਂ ਕਿਹਾ ਕਿ ਮਹਾਗੱਠਜੋੜ ਤੇ ਵਿਰੋਧੀ ਧਿਰਾਂ ਦੇ ਗੁੱਟ 'ਇੰਡੀਆ' ਵਿਚ ਉਨ੍ਹਾਂ ਲਈ 'ਚੀਜ਼ਾਂ ਸਹੀ ਨਹੀਂ ਹੋ ਰਹੀਆਂ ਸਨ'। ਇਸ ਦੇ ਨਾਲ ਹੀ ਉਨ੍ਹਾਂ ਭਾਜਪਾ ਦੇ ਸਮਰਥਨ ਨਾਲ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਜ਼ਿਕਰਯੋਗ ਹੈ ਕਿ ਇਸੇ ਗੱਠਜੋੜ ਵਿਚੋਂ ਉਹ 18 ਮਹੀਨੇ ਪਹਿਲਾਂ ਬਾਹਰ ਹੋ ਗਏ ਸਨ। ਇੱਥੇ ਰਾਜ ਭਵਨ ਵਿਚ ਰਾਜਪਾਲ ਰਾਜੇਂਦਰ ਅਰਲੇਕਰ ਨੇ ਉਨ੍ਹਾਂ ਨੂੰ ਅਹੁਦੇ ਤੇ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਨਿਤੀਸ਼ ਦੇ ਨਾਲ ਭਾਜਪਾ ਆਗੂਆਂ ਵਿਜੇ ਕੁਮਾਰ ਸਿਨਹਾ, ਸਮਰਾਟ ਚੌਧਰੀ ਤੇ ਪ੍ਰੇਮ ਕੁਮਾਰ ਨੇ ਨਵੀਂ ਸਰਕਾਰ ਦੇ ਮੰਤਰੀਆਂ ਵਜੋਂ ਹਲਫ਼ ਲਿਆ।

ਭਾਜਪਾ ਵਿਧਾਇਕ ਦਲ ਨੇ ਚੌਧਰੀ ਤੇ ਸਿਨਹਾ ਨੂੰ ਆਪਣੇ ਆਗੂ ਤੇ ਉਪ ਆਗੂ ਵਜੋਂ ਨਾਮਜ਼ਦ ਕੀਤਾ ਸੀ। ਇਨ੍ਹਾਂ ਤੋਂ ਇਲਾਵਾ ਜੇ.ਡੀ.(ਯੂ.) ਮੈਂਬਰਾਂ ਵਿਜੇ ਕੁਮਾਰ ਚੌਧਰੀ, ਵਿਜੇਂਦਰ ਯਾਦਵ ਤੇ ਸ਼ਰਵਣ ਕੁਮਾਰ ਨੇ ਵੀ ਮੰਤਰੀਆਂ ਵਜੋਂ ਸਹੁੰ ਚੁੱਕੀ। ਸਾਬਕਾ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਦੀ ਅਗਵਾਈ ਵਾਲੇ ਹਿੰਦੁਸਤਾਨ ਅਵਾਮ ਮੋਰਚਾ ਦੇ ਸੰਤੋਸ਼ ਕੁਮਾਰ ਸੁਮਨ ਤੇ ਆਜ਼ਾਦ ਵਿਧਾਇਕ ਸੁਮਿਤ ਸਿੰਘ ਨੇ ਵੀ ਮੰਤਰੀਆਂ ਦੇ ਤੌਰ ਉਤੇ ਹਲਫ਼ ਲਿਆ। ਸਹੁੰ ਚੁੱਕ ਸਮਾਗਮ ਮੌਕੇ ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਤੇ ਪਾਰਟੀ ਦੇ ਹੋਰ ਸੀਨੀਅਰ ਆਗੂ ਹਾਜ਼ਰ ਸਨ ਜਦਕਿ ਮਹਾਗੱਠਜੋੜ ਵਿਚ ਨਿਤੀਸ਼ ਦੀ ਭਾਈਵਾਲ ਰਹੀ ਪਾਰਟੀ ਆਰ.ਜੇ.ਡੀ. ਨੇ ਸਮਾਗਮ ਦਾ ਬਾਈਕਾਟ ਕੀਤਾ। ਜ਼ਿਕਰਯੋਗ ਹੈ ਕਿ ਆਰ.ਜੇ.ਡੀ. ਵਿਧਾਨ ਸਭਾ ਵਿਚ ਸਭ ਤੋਂ ਵੱਡੀ ਪਾਰਟੀ ਹੈ। ਇਕ ਹੋਰ ਸਾਬਕਾ ਭਾਈਵਾਲ ਕਾਂਗਰਸ ਵੱਲੋਂ ਵੀ ਇਸ ਮੌਕੇ ਕੋਈ ਹਾਜ਼ਰ ਨਹੀਂ ਸੀ। ਮਹਾਗੱਠਜੋੜ ਨੂੰ ਬਾਹਰੋਂ ਸਮਰਥਨ ਦੇ ਰਹੀ ਸੀ.ਪੀ.ਆਈ. (ਐਮ.ਐਲ.) ਲਿਬਰੇਸ਼ਨ ਦੇ ਜਨਰਲ ਸਕੱਤਰ ਦੀਪਾਂਕਰ ਭੱਟਾਚਾਰੀਆ ਨੇ ਦੋਸ਼ ਲਾਇਆ ਕਿ ਨਿਤੀਸ਼ 'ਜਿਨ੍ਹਾਂ ਦਾ ਮੁੱਖ ਮੰਤਰੀ ਵਜੋਂ ਸਭ ਤੋਂ ਲੰਮਾ ਕਾਰਜਕਾਲ ਰਿਹਾ ਹੈ', ਨੂੰ ਆਰ.ਐਸ.ਐਸ-ਭਾਜਪਾ ਆਪਣੀ 'ਕਠਪੁਤਲੀ ਬਣਾ ਕੇ ਵਰਤਣਗੇ।'

ਦੱਸਣਯੋਗ ਹੈ ਕਿ ਨਿਤੀਸ਼ ਕੁਮਾਰ ਭਾਜਪਾ ਉਤੇ ਜੇ.ਡੀ.(ਯੂ.) ਵਿਚ ਫੁਟ ਪਾਉਣ ਦਾ ਦੋਸ਼ ਲਾ ਕੇ ਅਗਸਤ 2022 ਵਿਚ ਮਹਾਗੱਠਜੋੜ ਦਾ ਹਿੱਸਾ ਬਣੇ ਸਨ। ਉਸ ਵੇਲੇ ਉਨ੍ਹਾਂ ਆਰ.ਜੇ.ਡੀ. ਤੇ ਕਾਂਗਰਸ ਨਾਲ ਗੱਠਜੋੜ ਕਰ ਕੇ ਨਵੀਂ ਸਰਕਾਰ ਬਣਾਈ ਸੀ। ਜੇ.ਡੀ.(ਯੂ) ਸੁਪਰੀਮੋ ਨਿਤੀਸ਼ ਕੁਮਾਰ ਨੇ ਪਹਿਲੀ ਵਾਰ ਸੰਨ 2000 ਵਿਚ ਮੁੱਖ ਮੰਤਰੀ ਵਜੋਂ ਹਲਫ ਲਿਆ ਸੀ, ਪਰ ਉਨ੍ਹਾਂ ਦੀ ਸਰਕਾਰ ਹਫ਼ਤੇ ਵਿਚ ਹੀ ਡਿੱਗ ਗਈ। ਸੰਨ 2005 ਵਿਚ ਉਹ ਮੁੜ ਮੁੱਖ ਮੰਤਰੀ ਬਣੇ ਤੇ ਪੰਜ ਸਾਲ ਬਾਅਦ ਵੀ ਸੱਤਾ 'ਚ ਪਰਤੇ। ਭਾਜਪਾ ਨਾਲ 2013 ਵਿਚ ਤੋੜ-ਵਿਛੋੜੇ ਤੋਂ ਬਾਅਦ ਵੀ ਨਿਤੀਸ਼ ਜੇ.ਡੀ.(ਯੂ.) ਦੀ ਸਰਕਾਰ ਨੂੰ ਸੱਤਾ ਵਿਚ ਰੱਖਣ 'ਚ ਕਾਮਯਾਬ ਰਹੇ। ਜੇ.ਡੀ.(ਯੂ.) ਉਸ ਵੇਲੇ ਬਹੁਮਤ ਦੇ ਅੰਕੜੇ ਤੋਂ ਥੋੜ੍ਹੀ ਹੀ ਪਿੱਛੇ ਸੀ। ਪਰ ਇਸ ਨੂੰ ਕਾਂਗਰਸ ਤੇ ਸੀ.ਪੀ.ਆਈ. ਜਿਹੀਆਂ ਧਿਰਾਂ ਦੀ ਹਮਾਇਤ ਮਿਲੀ। ਇਸ ਤੋਂ ਇਲਾਵਾ ਆਰ.ਜੇ.ਡੀ. ਦੇ ਇਕ ਨਾਰਾਜ਼ ਧੜੇ ਨੇ ਵੀ ਹਮਾਇਤ ਦਿੱਤੀ। ਹਾਲਾਂਕਿ ਇਕ ਸਾਲ ਬਾਅਦ ਉਨ੍ਹਾਂ ਲੋਕ ਸਭਾ ਚੋਣਾਂ ਵਿਚ ਜੇ.ਡੀ(ਯੂ) ਦੀ ਹਾਰ ਦੀ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਅਹੁਦਾ ਤਿਆਗ ਦਿੱਤਾ। ਹਾਲਾਂਕਿ ਇਕ ਸਾਲ ਤੋਂ ਵੀ ਘੱਟ ਸਮੇਂ ਵਿਚ ਉਹ ਮੁੱਖ ਮੰਤਰੀ ਵਜੋਂ ਪਰਤ ਆਏ। ਉਸ ਵੇਲੇ ਉਨ੍ਹਾਂ ਪਾਰਟੀ 'ਚ ਆਪਣੇ ਸਾਥੀ ਤੇ ਤਤਕਾਲੀ ਮੁੱਖ ਮੰਤਰੀ ਜੀਤਨ ਰਾਮ ਮਾਂਝੀ ਨੂੰ ਅਹੁਦੇ ਤੋਂ ਪਾਸੇ ਕਰ ਮੁੜ ਮੁੱਖ ਮੰਤਰੀ ਵਜੋਂ ਹਲਫ ਲਿਆ। ਨਿਤੀਸ਼ ਨੂੰ ਉਦੋਂ ਆਰ.ਜੇ.ਡੀ. ਤੇ ਕਾਂਗਰਸ ਤੋਂ ਪੂਰਾ ਸਮਰਥਨ ਮਿਲਿਆ। ਮਹਾਗੱਠਜੋੜ 2015 ਵਿਚ ਉਸ ਵੇਲੇ ਬਣਿਆ ਜਦ ਜੇ.ਡੀ.(ਯੂ.), ਕਾਂਗਰਸ ਤੇ ਆਰ.ਜੇ.ਡੀ. ਇਕੱਠੇ ਹੋਏ। ਉਨ੍ਹਾਂ 2015 ਦੀਆਂ ਵਿਧਾਨ ਸਭਾ ਚੋਣਾਂ ਜਿੱਤੀਆਂ। ਹਾਲਾਂਕਿ ਇਹ ਗੱਠਜੋੜ ਦੋ ਸਾਲ ਹੀ ਟਿਕ ਸਕਿਆ ਤੇ ਨਿਤੀਸ਼ 2017 ਵਿਚ ਮੁੜ ਐਨ.ਡੀ.ਏ. ਦਾ ਹਿੱਸਾ ਬਣ ਗਏ। ਵਰਤਮਾਨ 243 ਮੈਂਬਰੀ ਬਿਹਾਰ ਵਿਧਾਨ ਸਭਾ ਵਿਚ ਜੇ.ਡੀ.(ਯੂ.) ਕੋਲ 44 ਤੇ ਭਾਜਪਾ ਕੋਲ 78 ਵਿਧਾਇਕ ਹਨ। ਨਿਤੀਸ਼ ਕੋਲ ਇਕ ਆਜ਼ਾਦ ਵਿਧਾਇਕ ਦੀ ਵੀ ਹਮਾਇਤ ਹੈ। ਜੀਤਨ ਰਾਮ ਮਾਂਝੀ ਦੀ ਪਾਰਟੀ ਹਿੰਦੁਸਤਾਨ ਅਵਾਮ ਮੋਰਚਾ ਦੇ ਚਾਰ ਵਿਧਾਇਕ ਵੀ ਐਨ.ਡੀ.ਏ. ਦਾ ਹਿੱਸਾ ਹਨ। ਜਦਕਿ ਆਰ.ਜੇ.ਡੀ. ਕੋਲ 79 ਤੇ ਕਾਂਗਰਸ ਕੋਲ 19 ਸੀਟਾਂ ਹਨ। ਖੱਬੇ ਪੱਖੀ ਧਿਰਾਂ (16) ਦੇ ਨਾਲ ਇਨ੍ਹਾਂ ਕੋਲ ਕੁੱਲ 114 ਵਿਧਾਇਕ ਹਨ ਜੋ ਕਿ ਬਹੁਮਤ ਦੇ ਅੰਕੜੇ ਤੋਂ 8 ਘੱਟ ਹਨ।

### ਪਹਿਲਾਂ ਹੀ ਖ਼ਦਸ਼ਾ ਸੀ: ਕਾਂਗਰਸ

**ਨਵੀਂ ਦਿੱਲੀ:** ਬਿਹਾਰ ਵਿਚ ਮਹਾਗਠਬੰਧਨ ਤੋਂ ਬਾਹਰ ਹੋਣ ਲਈ ਜੇ.ਡੀ.(ਯੂ.) ਅਤੇ ਇਸ ਦੀ ਲੀਡਰਸ਼ਿਪ 'ਤੇ ਤਨਜ਼ ਕਸਦਿਆਂ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਇਸੇ ਦਾ ਖ਼ਦਸ਼ਾ ਸੀ ਤੇ ਦੇਸ਼ ਵਿਚ ਅਜਿਹੇ ਕਈ ਲੋਕ ਹਨ ਜੋ 'ਆਇਆ ਰਾਮ ਗਿਆ ਰਾਮ' ਹਨ। ਉਨ੍ਹਾਂ ਦੱਸਿਆ ਕਿ ਆਰ.ਜੇ.ਡੀ. ਮੁਖੀ ਲਾਲੂ ਪ੍ਰਸਾਦ ਯਾਦਵ ਨੇ ਉਨ੍ਹਾਂ ਨੂੰ ਪੰਜ ਦਿਨਾਂ ਪਹਿਲਾਂ ਜੇ.ਡੀ.ਯੂ. ਦੇ ਮਹਾਗਠਬੰਧਨ 'ਚੋਂ ਲਾਂਭੇ ਹੋਣ ਦੀਆਂ ਯੋਜਨਾਵਾਂ ਬਾਰੇ ਦੱਸਿਆ ਸੀ। ਕੋਸ਼ਿਸ਼ਾਂ ਦੇ ਬਾਵਜੂਦ ਨਿਤੀਸ਼ ਕੁਮਾਰ ਦੀ ਅਗਵਾਈ ਵਾਲੀ ਪਾਰਟੀ ਗੱਠਜੋੜ ਛੱਡ ਗਈ।

### ਹੁਣ ਕਿਤੇ ਹੋਰ ਜਾਣ ਦਾ ਸਵਾਲ ਹੀ ਨਹੀਂ: ਨਿਤੀਸ਼

**ਪਟਨਾ:** ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਮਗਰੋਂ ਜੇ.ਡੀ.(ਯੂ) ਪ੍ਰਧਾਨ ਨਿਤੀਸ਼ ਕੁਮਾਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਐਨ.ਡੀ.ਏ. ਨੂੰ ਛੱਡ ਕੇ ਕਿਤੇ ਹੋਰ ਜਾਣ ਦਾ ਹੁਣ ਸਵਾਲ ਹੀ ਨਹੀਂ ਹੈ। ਨਿਤੀਸ਼ ਨੇ ਕਿਹਾ, 'ਮੈਂ ਪਹਿਲਾਂ ਵੀ ਉਨ੍ਹਾਂ (ਐਨ.ਡੀ.ਏ.) ਦੇ ਨਾਲ ਸੀ। ਅਸੀਂ ਵੱਖ-ਵੱਖ ਰਾਹਾਂ ਉਤੇ ਚਲੇ ਗਏ, ਪਰ ਹੁਣ ਅਸੀਂ ਇਕੱਠੇ ਹਾਂ ਤੇ ਰਹਾਂਗੇ। ਮੈਂ ਹੁਣ ਉੱਥੇ ਹੀ ਆ ਗਿਆ ਹਾਂ ਜਿੱਥੇ ਸੀ, ਤੇ ਹੁਣ ਹੋਰ ਕਿਤੇ ਜਾਣ ਦਾ ਸਵਾਲ ਹੀ ਨਹੀਂ ਹੈ।'

# ਕੈਨੇਡਾ ਨੇ ਹੁਣ ਭਾਰਤ ਸਰਕਾਰ ਉਤੇ ਨਵੇਂ ਦੋਸ਼ ਮੜ੍ਹੇ

**ਨਵੀਂ ਦਿੱਲੀ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਭਾਰਤ ਦੁਆਰਾ ਦਹਿਸ਼ਤਗਰਦ ਕਰਾਰ ਦਿੱਤੇ ਗਏ ਕੈਨੇਡੀਅਨ ਨਾਗਰਿਕ ਹਰਦੀਪ ਸਿੰਘ ਨਿੱਝਰ ਦੇ ਜੂਨ 2023 ਵਿਚ ਹੋਏ ਕਤਲ ਵਿਚ ਭਾਰਤੀ ਏਜੰਟਾਂ ਦਾ ਹੱਥ ਹੋਣ ਦੀ ਉਨ੍ਹਾਂ ਕੋਲ 'ਭਰੋਸੇਯੋਗ ਸੂਚਨਾ' ਹੋਣ ਸਬੰਧੀ ਚਾਰ ਮਹੀਨੇ ਤੋਂ ਵੱਧ ਸਮਾਂ ਪਹਿਲਾਂ ਲਾਏ ਗਏ ਦੋਸ਼ਾਂ ਦਾ ਮਾਮਲਾ ਹਾਲੇ ਠੰਢਾ ਨਹੀਂ ਸੀ ਪਿਆ ਕਿ ਹੁਣ ਕੈਨੇਡਾ ਨੇ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ।



ਟਰੂਡੋ ਸਰਕਾਰ ਦੇ ਕਾਇਮ ਕੀਤੇ ਕਮਿਸ਼ਨ ਨੇ ਕਿਹਾ ਹੈ ਕਿ ਉਸ ਦਾ 2019 ਅਤੇ 2021 ਵਿਚ ਹੋਈਆਂ ਕੈਨੇਡੀਅਨ ਫੈਡਰਲ ਚੋਣਾਂ ਵਿਚ ਕਥਿਤ ਭਾਰਤੀ ਦਖ਼ਲਅੰਦਾਜ਼ੀ ਦੀ ਜਾਂਚ ਕਰਨ ਦਾ ਇਰਾਦਾ ਹੈ। ਗ਼ੌਰਤਲਬ ਹੈ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਕਮਿਸ਼ਨ ਬੀਤੇ ਸਤੰਬਰ ਵਿਚ ਕਾਇਮ ਕੀਤਾ ਗਿਆ ਸੀ। ਭਾਵ, ਉਸੇ ਮਹੀਨੇ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਜੀ-20 ਸਿਖਰ ਸੰਮੇਲਨ ਲਈ ਭਾਰਤ ਦਾ ਦੌਰਾ ਕੀਤਾ ਸੀ ਅਤੇ ਉਸ ਤੋਂ ਬਾਅਦ ਉਨ੍ਹਾਂ ਨਿੱਝਰ ਮਾਮਲੇ ਸਬੰਧੀ ਗੰਭੀਰ ਦੋਸ਼ ਲਾਏ ਸਨ। ਸ਼ੁਰੂ ਵਿਚ ਇਹ ਕਮਿਸ਼ਨ ਚੋਣਾਂ ਵਿਚ ਚੀਨ ਅਤੇ ਰੂਸ ਦੇ ਕਥਿਤ ਦਖ਼ਲ ਦੀ ਜਾਂਚ ਕਰ ਰਿਹਾ ਸੀ ਪਰ ਹੁਣ ਇਸ ਵਿਵਾਦ ਵਿਚ ਭਾਰਤ ਨੂੰ ਵੀ ਘੜੀਸ ਲਿਆ ਗਿਆ ਹੈ।

ਇਸ ਘਟਨਾ-ਚੱਕਰ ਨਾਲ ਭਾਰਤ ਅਤੇ ਕੈਨੇਡਾ ਦੇ ਰਿਸ਼ਤੇ ਹੋਰ ਖ਼ਰਾਬ ਹੋਣੇ ਤੈਅ ਹਨ ਜਿਹੜੇ ਨਿੱਝਰ ਦੇ ਕਤਲ ਵਿਚ ਨਵੀਂ ਦਿੱਲੀ ਦਾ ਕਥਿਤ ਹੱਥ ਹੋਣ ਦੇ ਦੋਸ਼ਾਂ ਕਾਰਨ ਹਾਲੀਆ ਮਹੀਨਿਆਂ ਦੌਰਾਨ ਪਹਿਲਾਂ ਹੀ ਬਹੁਤ ਮਾੜੇ ਹੋ ਗਏ ਹਨ। ਭਾਰਤ ਇਸ ਸਬੰਧੀ ਲਗਾਤਾਰ 'ਵਿਸ਼ੇਸ਼ ਅਤੇ ਸਬੰਧਤ ਜਾਣਕਾਰੀ' ਮੰਗ ਰਿਹਾ ਹੈ ਅਤੇ ਇਸ ਨੇ ਜਾਂਚ ਕਰਤਾਵਾਂ ਨੂੰ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ ਸੀ ਪਰ ਕੈਨੇਡਾ ਇਸ ਤੋਂ ਟਾਲ-ਮਟੋਲ ਕਰ ਰਿਹਾ ਹੈ। ਜਾਂਚ ਹਾਲੇ ਵੀ ਗੁਪਤ ਅਤੇ ਧੁੰਦਲੀ ਹੈ। ਬੀਤੇ ਮਹੀਨੇ ਕੈਨੇਡਾ ਦੇ ਮੋਹਰੀ ਅਖ਼ਬਾਰ 'ਦਿ ਗਲੋਬ ਐਂਡ ਮੇਲ' ਨੇ ਰਿਪੋਰਟ ਨਸ਼ਰ ਕੀਤੀ ਸੀ ਕਿ ਕਥਿਤ ਤੌਰ ਉਤੇ ਨਿੱਝਰ ਦਾ ਕਤਲ ਕਰਨ ਵਾਲੇ ਦੋ ਵਿਅਕਤੀਆਂ ਨੂੰ ਛੇਤੀ ਹੀ ਫੜ ਲਏ ਜਾਣ ਦੇ ਆਸਾਰ ਹਨ। ਰਿਪੋਰਟ ਵਿਚ ਇਹ ਦਾਅਵਾ ਵੀ ਕੀਤਾ ਗਿਆ ਸੀ ਕਿ ਸ਼ੱਕੀ ਕਾਤਲ ਕੈਨੇਡਾ ਛੱਡ ਕੇ ਨਹੀਂ ਗਏ ਅਤੇ ਮਹੀਨਿਆਂ ਤੱਕ ਉਹ ਪੁਲਿਸ ਨਿਗਰਾਨੀ ਹੇਠ ਰਹੇ। ਇਸ ਦੇ ਬਾਵਜੂਦ, ਇਸ ਮਾਮਲੇ ਵਿਚ ਜੇ ਕੋਈ ਕਾਰਵਾਈ ਹੋਈ ਵੀ ਹੈ ਤਾਂ ਉਸ ਨੂੰ ਹਾਲੇ ਤੱਕ ਜੱਗ-ਜ਼ਾਹਿਰ ਨਹੀਂ ਕੀਤਾ ਗਿਆ। ਕੈਨੇਡਾ ਦੇ ਇਮੀਗਰੇਸ਼ਨ ਮੰਤਰੀ ਮਾਰਕ ਮਿੱਲਰ ਨੇ ਹਾਲ ਹੀ ਵਿਚ ਮੰਨਿਆ ਕਿ ਸਫ਼ਾਰਤੀ ਤਣਾਅ ਕਾਰਨ ਕੈਨੇਡਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਜਾਣ ਵਾਲੇ ਵਿਦਿਆਰਥੀ ਪਰਮਿਟਾਂ ਵਿਚ ਭਾਰੀ ਕਮੀ ਆਈ ਹੈ।

### ਨਿੱਝਰ ਕੇਸ 'ਚ ਹੁਣ ਭਾਰਤ ਸਹਿਯੋਗ ਦੇ ਰਿਹਾ: ਕੈਨੇਡਾ

**ਓਟਵਾ:** ਕੈਨੇਡਾ ਦੀ ਸਾਬਕਾ ਸੁਰੱਖਿਆ ਸਲਾਹਕਾਰ ਜੋਡੀ ਥੌਮਸ ਨੇ ਇੰਟਰਵਿਊ ਵਿਚ ਖੁਲਾਸਾ ਕੀਤਾ ਹੈ ਕਿ ਬ੍ਰਿਟਿਸ਼ ਕੋਲੰਬੀਆ 'ਚ ਸਿੱਖ ਵੱਖਵਾਦੀ ਦੀ ਹੱਤਿਆ ਦੀ ਜਾਰੀ ਜਾਂਚ ਵਿਚ ਭਾਰਤ ਹੁਣ ਕੈਨੇਡਾ ਨਾਲ ਸਹਿਯੋਗ ਕਰ ਰਿਹਾ ਹੈ।' ਉਨ੍ਹਾਂ ਕਿਹਾ ਕਿ ਇਸ ਮਾਮਲੇ 'ਤੇ ਮਹੀਨਿਆਂ ਤੋਂ ਬਣੇ ਤਣਾਅ ਮਗਰੋਂ ਦੁਵੱਲੇ ਸਬੰਧਾਂ ਵਿਚ ਹੁਣ ਸੁਧਾਰ ਹੋ ਰਿਹਾ ਹੈ। ਸਾਬਕਾ ਕੌਮੀ ਸੁਰੱਖਿਆ ਸਲਾਹਕਾਰ ਨੇ ਕਿਹਾ ਕਿ ਪਿਛਲੇ ਸਾਲ ਜੂਨ ਵਿਚ ਸਰੀ 'ਚ ਹੋਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਮਾਮਲੇ ਵਿਚ ਭਾਰਤ ਹੁਣ ਜਾਂਚ 'ਚ ਕੈਨੇਡਾ ਨਾਲ ਤਾਲਮੇਲ ਕਰ ਰਿਹਾ ਹੈ।

### ਇਰਾਨ 'ਚ ਨੌਂ ਪਾਕਿਸਤਾਨੀ ਵਰਕਰਾਂ ਦੀ ਹੱਤਿਆ

**ਇਸਲਾਮਾਬਾਦ:** ਇਰਾਨ 'ਚ ਨੌਂ ਪਾਕਿਸਤਾਨੀ ਮਜ਼ਦੂਰਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਹੈ। ਪਾਕਿਸਤਾਨ ਨੇ ਇਸ ਮਾਮਲੇ ਦੀ ਵਿਆਪਕ ਜਾਂਚ ਮੰਗੀ ਹੈ। ਦੋਵਾਂ ਮੁਲਕਾਂ ਵਿਚਾਲੇ ਹਾਲ 'ਚ ਤਣਾਅ ਵਧਿਆ ਹੈ। ਪਾਕਿਸਤਾਨ ਨਾਲ ਲੱਗਦੇ ਇਰਾਨ ਦੇ ਸਿਸਤਾਨ-ਬਲੋਚਿਸਤਾਨ ਸੂਬੇ ਵਿਚ ਅਣਪਛਾਤਿਆਂ ਨੇ 9 ਪਾਕਿਸਤਾਨੀ ਵਰਕਰਾਂ ਨੂੰ ਹਲਾਕ ਕੀਤਾ ਹੈ ਤੇ ਤਿੰਨ ਹੋਰ ਫੱਟੜ ਹੋ ਗਏ ਹਨ। ਹਾਲੇ ਤੱਕ ਕਿਸੇ ਨੇ ਇਸ ਗੋਲੀਬਾਰੀ ਦੀ ਜ਼ਿੰਮੇਵਾਰੀ ਨਹੀਂ ਲਈ।

# ਇਰਾਨ ਨੇ ਪੁਲਾੜ ਵਿਚ ਤਿੰਨ ਉਪ-ਗ੍ਰਹਿ ਲਾਂਚ ਕੀਤੇ

**ਯੇਰੋਸ਼ਲਮ:** ਇਰਾਨ ਨੇ ਕਿਹਾ ਹੈ ਕਿ ਉਸ ਨੇ ਪੁਲਾੜ ਵਿਚ ਤਿੰਨ ਉਪ-ਗ੍ਰਹਿ ਸਫਲਤਾਪੂਰਵਕ ਲਾਂਚ ਕੀਤੇ ਹਨ। ਉਧਰ ਪੱਛਮੀ ਦੇਸ਼ਾਂ ਨੇ ਇਰਾਨ ਦੇ ਇਸ ਪ੍ਰੋਗਰਾਮ ਦੀ ਆਲੋਚਨਾ ਕੀਤੀ ਹੈ ਅਤੇ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਇਸ ਨਾਲ ਇਰਾਨ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮਾਂ ਵਿਚ ਹੋਰ ਵਾਧਾ ਹੋਵੇਗਾ। ਲਾਂਚ ਦੌਰਾਨ ਇਰਾਨ ਦੇ ਸਿਮੋਰਗ ਰਾਕੇਟ ਦਾ ਸਫਲ ਇਸਤੇਮਾਲ ਵੀ ਦੇਖਿਆ ਗਿਆ ਜੋ ਕਿ ਇਸ ਤੋਂ ਪਹਿਲਾਂ ਕਈ ਵਾਰ ਅਸਫਲ ਰਿਹਾ ਸੀ। ਇਰਾਨ ਦਾ ਇਹ ਲਾਂਚ ਅਜਿਹੇ ਸਮੇਂ ਵਿਚ ਹੋਇਆ ਹੈ ਜਦੋਂ ਪੱਛਮੀ ਏਸ਼ੀਆ ਵਿਚ ਗਾਜ਼ਾ ਪੱਟੀ ਵਿਚ ਹਮਾਸ ਖ਼ਿਲਾਫ਼ ਇਜ਼ਰਾਈਲ ਦੀ ਜੰਗ ਲਗਾਤਾਰ ਜਾਰੀ ਰਹਿਣ ਕਰ ਕੇ ਤਣਾਅ ਵਧ ਗਿਆ ਹੈ। ਇਰਾਨ ਨੇ ਇਸ ਜੰਗ ਵਿਚ ਫੌਜੀ ਦਖ਼ਲਅੰਦਾਜ਼ੀ ਨਹੀਂ ਕੀਤੀ ਹੈ ਪਰ ਇਸ ਮਹੀਨੇ ਦੀ ਸ਼ੁਰੂਆਤ ਵਿਚ ਇਸਲਾਮਿਕ ਸਟੇਟ ਦੇ ਫਿਦਾਇਨੀ ਬੰਬ ਧਮਾਕੇ ਅਤੇ ਯਮਨ ਦੇ ਹੂਤੀ ਵਿਦਰੋਹੀਆਂ ਵਰਗੀਆਂ ਪ੍ਰੌਕਸੀ ਜਥੇਬੰਦੀਆਂ ਵੱਲੋਂ ਜੰਗ ਨਾਲ ਜੁੜੇ ਹਮਲਿਆਂ ਤੋਂ ਬਾਅਦ ਕਾਰਵਾਈ ਨੂੰ ਲੈ ਕੇ ਉਸ ਨੂੰ ਆਪਣੇ ਧਰਮ ਗੁਰੂਆਂ ਦੇ ਦਬਾਅ ਦਾ ਮੁਕਾਬਲਾ ਕਰਨਾ ਪਿਆ। ਇਰਾਨ ਦੇ ਸਰਕਾਰੀ ਟੈਲੀਵਿਜ਼ਨ ਵੱਲੋਂ ਜਾਰੀ ਕੀਤੀ ਗਈ ਫੁਟੇਜ ਵਿਚ ਰਾਤ ਦੌਰਾਨ ਸਿਮਰੋਗ ਰਾਕੇਟ ਦਾ ਲਾਂਚ ਦਿਖ ਰਿਹਾ ਹੈ। 'ਐਸੋਸੀਏਟਿਡ ਪ੍ਰੈੱਸ' ਨੇ ਫੁਟੇਜ ਦੇ ਵੇਰਵੇ ਦਾ ਵਿਸ਼ਲੇਸ਼ਣ ਕੀਤਾ ਜਿਸ ਨਾਲ ਪਤਾ ਲੱਗਦਾ ਹੈ ਕਿ ਲਾਂਚ ਇਰਾਨ ਦੇ ਦਿਹਾਤੀ ਸੈਮਨਾਨ ਪ੍ਰਾਂਤ ਵਿਚ ਇਮਾਮ 'ਖੁਮੈਨੀ ਸਪੇਸਪੋਰਟ' ਉਤੇ ਕੀਤਾ ਗਿਆ ਸੀ।

# ਗਾਜ਼ਾ 'ਚ ਸੰਯੁਕਤ ਰਾਸ਼ਟਰ ਏਜੰਸੀ ਲਈ ਫੰਡਿੰਗ ਜਾਰੀ ਰੱਖਣ ਦਾ ਸੱਦਾ

**ਰਾਫਾਹ:** ਸੰਯੁਕਤ ਰਾਸ਼ਟਰ ਦੇ ਮੁਖੀ ਨੇ ਵੱਖ-ਵੱਖ ਦੇਸ਼ਾਂ ਨੂੰ ਸੱਦਾ ਦਿੱਤਾ ਕਿ ਉਹ ਗਾਜ਼ਾ ਵਿਚ ਮਦਦ ਮੁਹੱਈਆ ਕਰਵਾਉਣ ਲਈ ਉਨ੍ਹਾਂ ਦੀ ਮੁੱਖ ਏਜੰਸੀ ਨੂੰ ਫੰਡਿੰਗ ਜਾਰੀ ਰੱਖਣ। ਦੱਸਣਯੋਗ ਹੈ ਕਿ ਹਾਲ ਹੀ ਵਿਚ ਸੰਯੁਕਤ ਰਾਸ਼ਟਰ ਦੇ ਕੁਝ ਮੁਲਾਜ਼ਮਾਂ ਉਤੇ ਦੋਸ਼ ਲੱਗੇ ਹਨ ਕਿ ਉਹ ਇਜ਼ਰਾਈਲ ਉਤੇ ਹਮਾਸ ਦੇ ਹਮਲੇ ਵਿਚ ਸ਼ਾਮਲ ਸਨ।



ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਨੇ ਚਿਤਾਵਨੀ ਦਿੱਤੀ ਹੈ ਕਿ ਫਲਸਤੀਨੀ ਸ਼ਰਨਾਰਥੀਆਂ ਲਈ ਉਨ੍ਹਾਂ ਦੀ ਏਜੰਸੀ 'ਯੂ.ਐਨ.ਆਰ.ਡਬਲਿਊ.ਏ' ਨੂੰ ਵਿੱਤੀ ਮਦਦ ਨਾ ਮਿਲਣ ਉਤੇ ਫਰਵਰੀ ਤੋਂ ਸਹਾਇਤਾ ਘਟਾਉਣ ਲਈ ਮਜਬੂਰ ਹੋਣਾ ਪਏਗਾ। ਮੌਜੂਦਾ ਸਮੇਂ ਏਜੰਸੀ 20 ਲੱਖ ਤੋਂ ਵੱਧ ਸ਼ਰਨਾਰਥੀਆਂ ਨੂੰ ਜ਼ਰੂਰੀ ਵਸਤਾਂ ਮੁਹੱਈਆ ਕਰਵਾ ਰਹੀ ਹੈ। ਇਸੇ ਦੌਰਾਨ ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਾਰਤਾਕਾਰ ਗੋਲੀਬੰਦੀ ਸਮਝੌਤੇ ਦੇ ਕਰੀਬ ਪਹੁੰਚ ਗਏ ਹਨ। ਜੇਕਰ ਇਹ ਸਮਝੌਤਾ ਸਿਰੇ ਚੜ੍ਹਦਾ ਹੈ ਤਾਂ ਇਜ਼ਰਾਈਲ-ਫਲਸਤੀਨ ਵਿਚਾਲੇ ਦੋ ਮਹੀਨਿਆਂ ਤੋਂ ਜਾਰੀ ਜੰਗ ਰੁਕ ਸਕਦੀ ਹੈ। ਗੌਰਤਲਬ ਹੈ ਕਿ ਇਸ ਟਕਰਾਅ ਕਾਰਨ ਪੂਰੇ ਮੱਧ-ਪੂਰਬ ਵਿਚ ਅਸਥਿਰਤਾ ਫੈਲ ਗਈ ਹੈ। ਜ਼ਿਕਰਯੋਗ ਹੈ ਕਿ ਗਾਜ਼ਾ ਪੱਟੀ ਇਸ ਵੇਲੇ ਗੰਭੀਰ ਮਾਨਵੀ ਸੰਕਟ ਦਾ ਸਾਹਮਣਾ ਕਰ ਰਹੀ ਹੈ, ਵੱਡੀ ਆਬਾਦੀ ਭੁੱਖਮਰੀ ਨਾਲ ਜੂਝ ਰਹੀ ਹੈ। ਗੁਟੇਰੇਜ਼ ਨੇ ਕਿਹਾ ਕਿ ਏਜੰਸੀ ਦੇ ਸਟਾਫ਼ ਉਤੇ ਲੱਗੇ ਦੋਸ਼ਾਂ ਦੇ ਘੇਰੇ ਵਿਚ ਸ਼ਾਮਲ ਲੋਕਾਂ ਨੂੰ ਇਸ ਦੇ ਸਿੱਟੇ ਭੁਗਤਣੇ ਪੈਣਗੇ ਪਰ ਹਜ਼ਾਰਾਂ ਦੀ ਗਿਣਤੀ ਵਿਚ ਅਜਿਹਾ ਅਮਲਾ ਵੀ ਹੈ ਜੋ ਕਾਫ਼ੀ ਖ਼ਤਰਨਾਕ ਸਥਿਤੀਆਂ ਵਿਚ ਕੰਮ ਕਰ ਰਿਹਾ ਹੈ। ਉਨ੍ਹਾਂ ਨੂੰ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਸਕੱਤਰ ਜਨਰਲ ਨੇ ਕਿਹਾ ਕਿ ਲੋਕਾਂ ਦੀਆਂ ਗੰਭੀਰ ਲੋੜਾਂ ਨੂੰ ਮੁੱਖ ਰੱਖਿਆ ਜਾਣਾ ਚਾਹੀਦਾ ਹੈ। ਦੱਸਣਯੋਗ ਹੈ ਕਿ 'ਯੂ.ਐਨ.ਆਰ.ਡਬਲਿਊ.ਏ' ਦੇ ਅਮਲੇ ਦੀ ਗਿਣਤੀ 13,000 ਹੈ ਜਿਨ੍ਹਾਂ ਵਿਚੋਂ ਜ਼ਿਆਦਾਤਰ ਫਲਸਤੀਨੀ ਹਨ ਤੇ ਗਾਜ਼ਾ ਵਿਚ ਕੰਮ ਕਰ ਰਹੇ ਹਨ। ਇਹ ਸ਼ਰਨਾਰਥੀਆਂ ਨੂੰ ਮੈਡੀਕਲ, ਸਿੱਖਿਆ ਤੇ ਹੋਰ ਸੇਵਾਵਾਂ ਦੇ ਰਹੇ ਹਨ।

### ਕੌਮਾਂਤਰੀ ਅਦਾਲਤ ਵੱਲੋਂ ਗੋਲੀਬੰਦੀ ਦੇ ਹੁਕਮ ਦੇਣ ਤੋਂ ਨਾਂਹ

**ਹੇਗ:** ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਨਿਆਂ ਅਦਾਲਤ ਨੇ ਗਾਜ਼ਾ ਵਿਚ ਗੋਲੀਬੰਦੀ ਦੇ ਹੁਕਮ ਦੇਣ ਤੋਂ ਇਨਕਾਰ ਕਰ ਦਿੱਤਾ ਪਰ ਇਜ਼ਰਾਈਲ ਨੂੰ ਜਾਨ-ਮਾਲ ਦਾ ਨੁਕਸਾਨ ਰੋਕਣ ਲਈ ਯਤਨ ਕਰਨ ਲਈ ਕਿਹਾ। ਦੱਖਣੀ ਅਫਰੀਕਾ, ਜਿਸ ਨੇ ਇਹ ਕੇਸ ਦਾਇਰ ਕੀਤਾ ਸੀ, ਨੇ ਅਦਾਲਤ ਤੋਂ ਬੇਨਤੀ ਕੀਤੀ ਸੀ ਕਿ ਇਜ਼ਰਾਈਲ ਨੂੰ ਫੌਜੀ ਕਾਰਵਾਈ ਰੋਕਣ ਦਾ ਹੁਕਮ ਦਿੱਤਾ ਜਾਵੇ। ਸਿਖਰਲੀ ਅਦਾਲਤ ਨੇ ਉਸ ਮਾਮਲੇ ਨੂੰ ਖਾਰਜ ਨਹੀਂ ਕੀਤਾ ਜਿਸ ਵਿਚ ਇਜ਼ਰਾਈਲ 'ਤੇ ਗਾਜ਼ਾ ਵਿਚ ਨਸਲਕੁਸ਼ੀ ਦੇ ਇਲਜ਼ਾਮ ਲਾਏ ਗਏ ਹਨ।

# ਇੰਗਲੈਂਡ ਵਿਚ ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਪ੍ਰਦਰਸ਼ਤ ਹੋਵੇਗੀ






**ਲੰਡਨ:** ਸਿੱਖ ਸਾਮਰਾਜ ਦੇ ਆਖਰੀ ਸ਼ਾਸਕ ਮਹਾਰਾਜਾ ਦਲੀਪ ਸਿੰਘ ਦੀ ਵਿਰਾਸਤ ਬਾਰੇ ਜਾਣਕਾਰੀ ਦੇਣ ਲਈ ਯੂ.ਕੇ. ਦੇ ਇਕ ਅਜਾਇਬਘਰ ਨੂੰ 'ਨੈਸ਼ਨਲ ਲਾਟਰੀ ਹੈਰੀਟੇਜ ਫੰਡ' (ਕੌਮੀ ਵਿਰਾਸਤੀ ਫੰਡ) ਵੱਲੋਂ ਦੋ ਲੱਖ ਪਾਊਂਡ ਦੀ ਗਰਾਂਟ ਦਿੱਤੀ ਗਈ ਹੈ। ਬੀ.ਬੀ.ਸੀ. ਦੀ ਰਿਪੋਰਟ ਮੁਤਾਬਕ ਨੌਰਫੌਕ ਥੈੱਟਫੋਰਡ ਸਥਿਤ ਅਜਾਇਬਘਰ ਨੂੰ ਇਹ ਰਾਸ਼ੀ ਇਸ ਦੀ 100ਵੀਂ ਵਰ੍ਹੇਗੰਢ ਮੌਕੇ ਮਿਲੀ ਹੈ।

ਇਸ ਅਜਾਇਬਘਰ ਦੀ ਸਥਾਪਨਾ 1924 ਵਿਚ ਮਹਾਰਾਜਾ ਦਲੀਪ ਸਿੰਘ ਦੇ ਪੁੱਤਰ ਰਾਜਕੁਮਾਰ ਫਰੈੱਡਰਿਕ ਦਲੀਪ ਸਿੰਘ ਨੇ ਕੀਤੀ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 1,98,059 ਪਾਊਂਡ ਦੀ ਰਾਸ਼ੀ ਪਰਿਵਾਰ ਦੀ ਕਹਾਣੀ ਬਿਆਨਣ ਉਤੇ ਖ਼ਰਚ ਕੀਤੀ ਜਾਵੇਗੀ ਜਿਸ ਨੂੰ ਵੱਖ-ਵੱਖ ਮਾਧਿਅਮਾਂ ਰਾਹੀਂ ਪ੍ਰਦਰਸ਼ਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ, ਸਿੱਖ ਰਾਜ ਦੀ ਨੀਂਹ ਰੱਖਣ ਵਾਲੇ ਮਹਾਰਾਜਾ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਸਨ। ਪਿਤਾ ਤੇ ਭਰਾ ਦੀ ਮੌਤ ਮਗਰੋਂ ਦਲੀਪ ਸਿੰਘ ਪੰਜ ਸਾਲ ਦੀ ਉਮਰ ਵਿਚ ਹੀ ਸਿੱਖ ਰਾਜ ਦੇ ਸ਼ਾਸਕ ਬਣ ਗਏ ਸਨ ਪਰ 1849 ਵਿਚ ਬਰਤਾਨੀਆ ਨੇ ਪੰਜਾਬ ਦੇ ਰਲੇਵੇਂ ਮਗਰੋਂ ਉਨ੍ਹਾਂ ਨੂੰ ਗੱਦੀ ਤੋਂ ਲਾਹ ਦਿੱਤਾ ਸੀ।

ਪੰਦਰਾਂ ਸਾਲ ਦੀ ਉਮਰ ਵਿਚ ਦਲੀਪ ਸਿੰਘ ਬਰਤਾਨੀਆ ਪਹੁੰਚੇ ਸਨ ਤੇ ਮਗਰੋਂ ਸਫੌਕ 'ਚ ਐਲਵੀਡਨ ਹਾਲ ਵਿਚ ਆਪਣਾ ਘਰ ਬਣਾਇਆ। ਅਗਲੇ ਕਈ ਸਾਲਾਂ ਤੱਕ ਉਨ੍ਹਾਂ ਦਾ ਪਰਿਵਾਰ ਇਸੇ ਇਲਾਕੇ ਵਿਚ ਰਿਹਾ। ਦਲੀਪ ਸਿੰਘ ਦੇ ਦੂਜੇ ਪੁੱਤਰ ਰਾਜਕੁਮਾਰ ਫਰੈੱਡਰਿਕ ਨੇ ਕਸਬੇ ਦੇ ਲੋਕਾਂ ਨੂੰ 'ਥੈੱਟਫੋਰਡ ਐਂਸ਼ੀਐਂਟ ਹਾਊਸ ਮਿਊਜ਼ੀਅਮ' ਦਾਨ ਵਿਚ ਦਿੱਤਾ ਸੀ। ਲਾਟਰੀ ਹੈਰੀਟੇਜ ਫੰਡ ਦੇ ਇੰਗਲੈਂਡ ਤੇ ਮਿਡਲੈਂਡਜ਼ ਲਈ ਡਾਇਰੈਕਟਰ ਨੇ ਕਿਹਾ ਕਿ ਅਜਾਇਬਘਰ ਹੁਣ ਦਲੀਪ ਸਿੰਘ ਦੇ ਪਰਿਵਾਰ ਦੇ ਦਿਲਚਸਪ ਇਤਿਹਾਸ ਨੂੰ ਪ੍ਰਦਰਸ਼ਿਤ ਕਰਨ ਲਈ ਦੋ ਸਾਲਾਂ ਦਾ ਪ੍ਰੋਜੈਕਟ ਸ਼ੁਰੂ ਕਰ ਰਿਹਾ ਹੈ। ਨੌਰਫੌਕ ਕਾਊਂਟੀ ਕੌਂਸਲ ਨੇ ਕਿਹਾ ਕਿ ਪ੍ਰਦਰਸ਼ਨੀਆਂ ਵਿਚ ਐਂਗਲੋ-ਪੰਜਾਬ ਇਤਿਹਾਸ ਨੂੰ ਦਰਸਾਇਆ ਜਾਵੇਗਾ। ਇਸ ਤੋਂ ਇਲਾਵਾ ਪਰਿਵਾਰ ਦੇ ਯੋਗਦਾਨ ਤੇ ਹੋਰਾਂ ਉੱਦਮਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਅਜਾਇਬਘਰ ਵਿਚ ਪਰਿਵਾਰ ਦੀਆਂ ਕੁਝ ਚੀਜ਼ਾਂ ਜਿਨ੍ਹਾਂ ਵਿਚ ਦਲੀਪ ਸਿੰਘ ਦੀ 'ਵਾਕਿੰਗ ਸਟਿੱਕ' ਵੀ ਸ਼ਾਮਲ ਹੈ, ਨੂੰ ਵੀ ਪ੍ਰਦਰਸ਼ਿਤ ਕੀਤਾ ਜਾਵੇਗਾ। ਉਨ੍ਹਾਂ ਨੂੰ ਇਹ 'ਸਟਿੱਕ' ਬਰਤਾਨੀਆ ਦੇ ਮਹਾਰਾਜਾ ਐਡਵਰਡ ਸੱਤਵੇਂ ਨੇ ਉਸ ਵੇਲੇ ਦਿੱਤੀ ਸੀ ਜਦ ਉਹ ਵੇਲਜ਼ ਦੇ ਸ਼ਹਿਜ਼ਾਦੇ ਸਨ।

# ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਦੀ ਬਿਲਡਿੰਗ ਨੂੰ ਧਮਾਕੇ ਕਾਰਨ ਲੱਗੀ ਅੱਗ, ਜਾਂਚ ਸ਼ੁਰੂ

**ਸੈਕਰਾਮੈਂਟੋ:** ਸਾਊਥ ਸੈਕਰਾਮੈਂਟੋ ਦੇ ਗੁਰਦੁਆਰਾ ਸੈਕਰਾਮੈਂਟੋ ਸਿੱਖ ਸੋਸਾਇਟੀ ਜੋ ਕਿ ਬ੍ਰੈਡਸ਼ਾਅ ਰੋਡ 'ਤੇ ਸਥਿਤ ਹੈ ਵਿਖੇ ਗੈਸ ਦਾ ਸਿਲੰਡਰ ਫਟਣ ਕਾਰਨ ਹੋਏ ਧਮਾਕੇ ਨਾਲ ਪੁਰਾਣੀ ਇਮਾਰਤ ਨੂੰ ਅੱਗ ਲੱਗ ਗਈ ਤੇ ਨਾਲ ਖੜੀਆਂ ਕਾਰਾਂ ਵੀ ਅੱਗ ਨਾਲ ਸੜ ਗਈਆਂ। ਫਾਇਰ ਡਿਪਾਰਟਮੈਂਟ ਨੇ ਅੱਗ 'ਤੇ ਕਾਬੂ ਪਾਇਆ ਪਰ ਪੁਰਾਣੀ ਬਿਲਡਿੰਗ ਦਾ ਇਕ ਹਿੱਸਾ ਸੜ ਚੁੱਕਾ ਹੈ।



ਇਹ ਧਮਾਕਾ ਐਨਾ ਜ਼ਬਰਦਸਤ ਸੀ ਕਿ ਇਸ ਦੀ ਅਵਾਜ਼ ਦੂਰ ਦੂਰ ਤਕ ਸੁਣਾਈ ਦਿੱਤੀ ਤੇ ਇਸ ਨੇ ਆਪਣਾ ਆਲਾ-ਦੁਆਲਾ ਅੱਗ ਦੀ ਲਪੇਟ 'ਚ ਲੈ ਲਿਆ। ਜ਼ਬਰਦਸਤ ਧਮਾਕੇ ਨਾਲ ਲੱਗੀ ਅੱਗ ਦੀ ਸੈਕਰਾਮੈਂਟੋ ਕੈਲੀਫੋਰਨੀਆ ਦੀਆਂ ਲਾਅ ਇਨਫੋਰਸਮੈਂਟ ਏਜੰਸੀਆਂ ਵੱਖ ਵੱਖ ਪਹਿਲੂ ਤੋਂ ਜਾਂਚ ਕਰ ਰਹੀਆਂ ਹਨ ਤੇ ਆਵਾਜਾਈ ਬੰਦ ਹੈ। ਵਰਣਨਯੋਗ ਹੈ ਕਿ ਇਸ ਧਮਾਕੇ ਤੋਂ ਇਕ ਦਿਨ ਪਹਿਲਾਂ ਹੀ ਸੈਨ ਫਰਾਂਸਿਸਕੋ ਵਿਚ ਸਿੱਖ ਹੋਮਲੈਂਡ ਲਈ ਹੋਏ ਰੈਫਰੈਂਡਮ ਲਈ ਸਵਾ ਲੱਖ ਤੋਂ ਉਪਰ ਸਿੱਖਾਂ ਨੇ ਵੋਟਿੰਗ ਕੀਤੀ ਸੀ ਤੇ ਕਰੀਬ 50 ਹਜ਼ਾਰ ਲੋਕ ਵੋਟ ਹੀ ਨਹੀਂ ਪਾ ਸਕੇ ਸਨ। ਇਸ ਪਹਿਲੂ ਤੋਂ ਵੀ ਪੁਲੀਸ ਜਾਂਚ ਕਰ ਰਹੀ ਸੀ ਕਿਉਂਕਿ ਇਸ ਗੁਰੂ ਘਰ ਤੋਂ ਭਾਰੀ ਗਿਣਤੀ ਸਿੱਖ ਵੋਟਿੰਗ ਲਈ ਗਏ ਸਨ। ਦੂਸਰਾ ਇਹ ਕਿ 24 ਮਾਰਚ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਤੇ ਪਿਛਲੇ ਸਾਲ ਇਸ ਨਗਰ ਕੀਰਤਨ ਦੌਰਾਨ ਗੋਲੀ ਵੀ ਚੱਲੀ ਸੀ। ਇਸ ਧਮਾਕੇ ਦੀ ਹੈਲੀਕਾਪਟਰ ਰਾਹੀਂ ਪੁਲੀਸ ਲਗਾਤਾਰ ਨਜ਼ਰ ਰੱਖ ਰਹੀ ਸੀ।

ਇਕ ਵੀਡੀਓ ਵਿਚ, ਬ੍ਰੈਡਸ਼ਾਅ ਰੋਡ 'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਗੇਟ 'ਤੇ ਇਕ ਕਾਰ ਨੂੰ ਅੱਗ ਲੱਗਦੀ ਦਿਖਾਈ ਦਿੱਤੀ ਹੈ ਤੇ ਧਮਾਕਾ ਹੁੰਦਾ ਹੈ। ਗੁਰੂ ਘਰ ਦੇ ਪ੍ਰਬੰਧਕਾਂ ਨੇ ਸੰਗਤਾਂ ਨੂੰ ਅਫਵਾਹਾਂ ਤੋਂ ਬਚਣ ਦੀ ਅਪੀਲ ਕੀਤੀ। ਇਸ ਬਿਲਡਿੰਗ ਵਿਚ ਪੰਜਾਬੀ ਸਕੂਲ ਦੇ ਬੱਚੇ ਵੀ ਪੜ੍ਹਦੇ ਹਨ। ਵਾਹਿਗੁਰੂ ਦਾ ਸ਼ੁਕਰ ਹੈ ਕਿ ਅੱਜ ਐਤਵਾਰ ਨਹੀਂ ਸੀ ਤੇ ਗੁਰੂ ਘਰ ਸੰਗਤਾਂ ਵੀ ਨਹੀਂ ਸਨ, ਨਹੀਂ ਤਾਂ ਕਾਫੀ ਜਾਨੀ ਨੁਕਸਾਨ ਹੋਣ ਦਾ ਖਦਸ਼ਾ ਸੀ। ***-ਹੁਸਨ ਲੜੋਆ ਬੰਗਾ***


**Singh Tax & Accounting Services LLC.**

**Individual & Business Taxes, Accounting, Payroll & Financial Consulting Services.**

**Services:** Individual & Small Businesses Tax Filing, Tax Planning, Set up of new Businesses, IRS Audit representation & Amended Tax Returns

**Ph: 248-982-2036**

Office Locations
**Michigan:** 36167 Ford Rd.Westland, MI 48185
**Minnesota:** 6043 Hudson Rd, Suite#399A Woodbury, Minnesota 55125

Email : STS2021@SinghTaxServices.com; www.SinghTaxServices.com





**Mohan Singh**
Master in Taxation. IRS Enrolled agent, Notary Public









**AVEER TRAVEL SOLUTIONS LLC**

**ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:**

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services


Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

***ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।***

*For Airport Drop-Off and Pickup Indy to Chicago Please Contact AVI at:*
*847-226-2323*
*Located in INDIANAPOLIS (IN)*

# ਔਸਤਨ ਹਰ ਦੂਜਾ ਪੰਜਾਬੀ ਹੁਣ ਮੁਫ਼ਤ ਰਾਸ਼ਨ ਆਸਰੇ!

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲੋਕ ਹਿੱਤ ਵਿਚ ਕਈ ਫੈਸਲੇ ਲਏ ਗਏ ਹਨ, ਜਿਨ੍ਹਾਂ ਤੋਂ ਆਗਾਮੀ ਲੋਕ ਸਭਾ ਚੋਣਾਂ ਦੀ ਛਾਪ ਸਾਫ ਝਲਕਦੀ ਹੈ। ਮੰਤਰੀ ਮੰਡਲ ਨੇ ਸੂਬੇ ਵਿਚ 2.75 ਲੱਖ ਦੇ ਕਰੀਬ ਕੱਟੇ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਹਨ, ਜਿਸ ਦਾ 10.77 ਲੱਖ ਲਾਭਪਾਤਰੀਆਂ ਨੂੰ ਫਾਇਦਾ ਮਿਲੇਗਾ।



ਪੰਜਾਬ 'ਚ ਸਮਾਰਟ ਰਾਸ਼ਨ ਕਾਰਡਾਂ ਦੇ ਅੰਕੜੇ ਉਤੇ ਝਾਤ ਮਾਰਿਆਂ ਪਤਾ ਲੱਗਦਾ ਹੈ ਕਿ ਔਸਤਨ ਹਰ ਦੂਜਾ ਪੰਜਾਬੀ ਮੁਫ਼ਤ ਦਾ ਸਰਕਾਰੀ ਰਾਸ਼ਨ ਲੈ ਰਿਹਾ ਹੈ। 'ਆਪ' ਸਰਕਾਰ ਨੇ ਜਦ ਸਮਾਰਟ ਰਾਸ਼ਨ ਕਾਰਡਾਂ ਦੀ ਪੜਤਾਲ ਕਰਾਈ ਸੀ ਤਾਂ 2.75 ਲੱਖ ਰਾਸ਼ਨ ਕਾਰਡ ਅਯੋਗ ਪਾਏ ਗਏ ਸਨ ਜਿਨ੍ਹਾਂ ਨੂੰ ਰੱਦ ਕੀਤੇ ਜਾਣ ਨਾਲ 10.77 ਲੱਖ ਲਾਭਪਾਤਰੀ ਮੁਫਤ ਦੇ ਰਾਸ਼ਨ ਤੋਂ ਵਾਂਝੇ ਹੋ ਗਏ ਸਨ। ਹੁਣ ਪੰਜਾਬ ਕੈਬਨਿਟ ਨੇ ਸਾਰੇ ਅਯੋਗ ਰਾਸ਼ਨ ਕਾਰਡ ਬਹਾਲ ਕਰ ਦਿੱਤੇ ਹਨ।

ਬਹਾਲ ਹੋਣ ਵਾਲੇ 3.75 ਲੱਖ ਰਾਸ਼ਨ ਕਾਰਡ ਹੋਲਡਰਾਂ ਦੇ ਅਨਾਜ ਦਾ ਭਾਰ ਪੰਜਾਬ ਸਰਕਾਰ ਨੂੰ ਚੁੱਕਣਾ ਪਵੇਗਾ। ਕੇਂਦਰ ਸਰਕਾਰ ਨੇ ਤਾਂ ਪਹਿਲਾਂ ਹੀ ਅਨਾਜ ਉਤੇ 11 ਫੀਸਦੀ ਦਾ ਕੱਟ ਲਾ ਦਿੱਤਾ ਸੀ। ਪੜਤਾਲ ਦੌਰਾਨ ਰਾਸ਼ਨ ਕਾਰਡ ਕੱਟੇ ਜਾਣ ਮਗਰੋਂ ਸਾਰਾ ਅਨਾਜ ਕੇਂਦਰ ਤੋਂ ਆਉਣ ਲੱਗਾ ਸੀ। ਕੇਂਦਰ ਵੱਲੋਂ 1.41 ਕਰੋੜ ਲਾਭਪਾਤਰੀਆਂ ਨੂੰ ਮੁਫ਼ਤ ਅਨਾਜ ਦੇਣ ਦੀ ਪੰਜਾਬ ਨੂੰ ਵੰਡ ਕੀਤੀ ਹੋਈ ਹੈ। ਬਾਕੀ 16 ਲੱਖ ਲਾਭਪਾਤਰੀਆਂ ਨੂੰ ਅਨਾਜ ਮੁਫ਼ਤ 'ਚ ਪੰਜਾਬ ਸਰਕਾਰ ਨੂੰ ਦੇਣਾ ਪਵੇਗਾ।

ਵੇਰਵਿਆਂ ਅਨੁਸਾਰ ਪੰਜਾਬ ਵਿਚ ਪਹਿਲਾਂ 40.68 ਲੱਖ ਸਮਾਰਟ ਰਾਸ਼ਨ ਕਾਰਡ ਸਨ ਜਿਨ੍ਹਾਂ ਉਤੇ 1.57 ਕਰੋੜ ਲਾਭਪਾਤਰੀ ਮੁਫ਼ਤ ਦਾ ਰਾਸ਼ਨ ਲੈ ਰਹੇ ਸਨ। ਜਦੋਂ ਪੜਤਾਲ 'ਚ 2,75,374 ਰਾਸ਼ਨ ਕਾਰਡ ਰੱਦ ਕਰ ਦਿੱਤੇ ਗਏ ਤਾਂ 10,77,843 ਲਾਭਪਾਤਰੀਆਂ ਨੂੰ ਰਾਸ਼ਨ ਮਿਲਣਾ ਬੰਦ ਹੋ ਗਿਆ। ਕੈਬਨਿਟ ਫ਼ੈਸਲੇ ਮਗਰੋਂ ਮੁੜ 1.57 ਕਰੋੜ ਲਾਭਪਾਤਰੀਆਂ ਨੂੰ ਮੁਫ਼ਤ ਦਾ ਰਾਸ਼ਨ ਮਿਲੇਗਾ। ਪੰਜਾਬ ਦੀ ਮੌਜੂਦਾ ਆਬਾਦੀ ਕਰੀਬ 3.17 ਕਰੋੜ ਹੈ। ਮਤਲਬ ਕਿ ਔਸਤਨ ਹਰ ਦੂਸਰੇ ਪੰਜਾਬੀ ਨੂੰ ਮੁਫ਼ਤ ਦੇ ਰਾਸ਼ਨ ਦਾ ਲਾਭ ਮਿਲੇਗਾ।

ਜਦੋਂ ਪੜਤਾਲ ਹੋਈ ਸੀ ਤਾਂ ਉਦੋਂ ਮੰਡੀ ਬੋਰਡ ਪੰਜਾਬ ਨੇ 12.50 ਲੱਖ ਕਿਸਾਨਾਂ ਦਾ ਅੰਕੜਾ ਪੇਸ਼ ਕੀਤਾ ਸੀ ਜਿਨ੍ਹਾਂ ਨੇ 60 ਹਜ਼ਾਰ ਰੁਪਏ ਸਾਲਾਨਾ ਤੋਂ ਵੱਧ ਦੀ ਜਿਣਸ ਵੇਚੀ ਸੀ। ਸ਼ਰਤ ਅਨੁਸਾਰ ਰਾਸ਼ਨ ਕਾਰਡ ਹੋਲਡਰ ਦੀ ਸਾਲਾਨਾ ਆਮਦਨ 60 ਹਜ਼ਾਰ ਤੱਕ ਹੋਣੀ ਚਾਹੀਦੀ ਹੈ। ਇਨ੍ਹਾਂ 'ਚੋਂ ਸੱਤ ਲੱਖ ਕਿਸਾਨਾਂ ਨੇ 2 ਲੱਖ ਰੁਪਏ ਤੋਂ ਵੱਧ ਦੀ ਜਿਣਸ ਵੇਚੀ ਸੀ। ਜਦਕਿ 81,646 ਰਸੂਖਵਾਨ ਕਿਸਾਨ ਲੱਭੇ ਸਨ ਜਿਨ੍ਹਾਂ ਨੇ ਸਾਲਾਨਾ ਪੰਜ ਲੱਖ ਰੁਪਏ ਤੋਂ ਵੱਧ ਦੀ ਜਿਣਸ ਵੇਚੀ ਸੀ। ਪਾਵਰਕੌਮ ਨੇ ਤੱਥ ਪੇਸ਼ ਕੀਤੇ ਸਨ ਕਿ ਮੁਫ਼ਤ ਰਾਸ਼ਨ ਲੈਣ ਵਾਲਿਆਂ 'ਚੋਂ 22,478 ਲਾਭਪਾਤਰੀਆਂ ਦੇ ਘਰਾਂ ਵਿਚ ਤਾਂ ਕਮਰਸ਼ੀਅਲ ਕੁਨੈਕਸ਼ਨ ਲੱਗੇ ਹੋਏ ਸਨ ਜਦਕਿ 4,400 ਰਾਸ਼ਨ ਕਾਰਡ ਹੋਲਡਰਾਂ ਦਾ ਪ੍ਰਤੀ ਮਹੀਨਾ ਬਿਜਲੀ ਬਿੱਲ ਦੋ ਹਜ਼ਾਰ ਰੁਪਏ ਤੋਂ ਵੱਧ ਆ ਰਿਹਾ ਸੀ। ਪਾਵਰਕੌਮ ਨੇ ਕਰੀਬ 70 ਹਜ਼ਾਰ ਰਾਸ਼ਨ ਕਾਰਡ ਹੋਲਡਰਾਂ ਉਤੇ ਉਂਗਲ ਧਰੀ ਸੀ। ਸੂਬੇ 'ਚ 45 ਹਜ਼ਾਰ ਮ੍ਰਿਤਕਾਂ ਨੂੰ ਵੀ ਮੁਫ਼ਤ ਰਾਸ਼ਨ ਮਿਲ ਰਿਹਾ ਸੀ। ਹੁਣ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਮੌਜੂਦਾ ਸਰਕਾਰ ਨੇ ਕਾਰਡ ਬਹਾਲ ਕਰ ਦਿੱਤੇ ਹਨ। ਪਰ ਸਿਆਸੀ ਹਲਕਿਆਂ ਦਾ ਕਹਿਣਾ ਹੈ ਕਿ ਰਾਸ਼ਨ ਕਾਰਡਾਂ ਦੀ ਬਹਾਲੀ ਤਾਂ ਜਾਇਜ਼ ਹੈ ਪਰ ਰਸੂਖਵਾਨਾਂ ਨੂੰ ਮੁਫਤ ਰਾਸ਼ਨ ਦੇਣਾ ਗਲਤ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਦਿਨੀਂ ਸੂਬਾ ਸਰਕਾਰ ਨੇ ਰਾਸ਼ਨ ਕਾਰਡਾਂ ਦੀ ਤਸਦੀਕ ਦੌਰਾਨ 2.75 ਲੱਖ ਦੇ ਕਰੀਬ ਰਾਸ਼ਨ ਕਾਰਡ ਗਲਤ ਢੰਗ ਨਾਲ ਬਣਾਏ ਹੋਣ ਕਰ ਕੇ ਕੱਟ ਦਿੱਤੇ ਸਨ। ਸੂਬਾ ਸਰਕਾਰ ਨੇ ਹੁਣ ਇਨ੍ਹਾਂ ਰਾਸ਼ਨ ਕਾਰਡਾਂ ਨੂੰ ਬਹਾਲ ਕਰ ਦਿੱਤਾ ਹੈ ਜਿਸ ਦਾ ਸੂਬੇ ਦੇ 10.77 ਲੱਖ ਲਾਭਪਾਤਰੀਆਂ ਨੂੰ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਹ ਸਾਰੇ ਲਾਭਪਾਤਰੀ ਸੂਬਾ ਸਰਕਾਰ ਵੱਲੋਂ ਘਰ-ਘਰ ਰਾਸ਼ਨ ਪਹੁੰਚਾਉਣ ਦੀ ਸਕੀਮ ਦਾ ਲਾਭ ਲੈ ਸਕਣਗੇ। ਸੂਬੇ ਵਿਚ 37.92 ਲੱਖ ਰਾਸ਼ਨ ਕਾਰਡਾਂ ਉਤੇ 1.42 ਕਰੋੜ ਦੇ ਕਰੀਬ ਲਾਭ ਲੈ ਰਹੇ ਹਨ। ਇਨ੍ਹਾਂ ਰਾਸ਼ਨ ਕਾਰਡਾਂ ਨੂੰ ਬਹਾਲ ਕੀਤੇ ਜਾਣ ਨਾਲ ਸੂਬੇ ਵਿਚ ਰਾਸ਼ਨ ਕਾਰਡਾਂ ਦੀ ਗਿਣਤੀ 40 ਲੱਖ ਨੂੰ ਟੱਪ ਜਾਵੇਗੀ ਜਦੋਂ ਕਿ ਲਾਭਪਾਤਰੀਆਂ ਦੀ ਗਿਣਤੀ 1.57 ਕਰੋੜ ਦੇ ਕਰੀਬ ਪਹੁੰਚ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਮੰਤਰੀ ਮੰਡਲ ਨੇ ਅਧਿਆਪਕਾਂ ਲਈ ਨਵੀਂ ਤਬਾਦਲਾ ਨੀਤੀ ਨੂੰ ਹਰੀ ਝੰਡੀ ਦਿੱਤੀ ਹੈ। ਇਸ ਨੀਤੀ ਤਹਿਤ ਅਧਿਆਪਕ ਬਦਲੀਆਂ ਲਈ ਇਧਰ-ਉਧਰ ਭਟਕਣ ਦੀ ਥਾਂ ਬੱਚਿਆਂ ਨੂੰ ਪੜ੍ਹਾਉਣ ਵਿਚ ਹੋਰ ਵੀ ਤਨਦੇਹੀ ਨਾਲ ਯੋਗਦਾਨ ਪਾ ਸਕਣਗੇ। ਉਨ੍ਹਾਂ ਕਿਹਾ ਕਿ ਨਵੀਂ ਨੀਤੀ ਤਹਿਤ ਜਿਹੜੇ ਅਧਿਆਪਕਾਂ ਦੇ ਪਰਿਵਾਰਕ ਮੈਂਬਰ ਕਿਸੇ ਗੰਭੀਰ ਬਿਮਾਰੀ ਤੋਂ ਪੀੜਤ ਹਨ, ਉਹ ਅਧਿਆਪਕ ਆਪਣੇ ਪਰਿਵਾਰ ਦੀ ਦੇਖਭਾਲ ਲਈ ਸਾਰਾ ਸਾਲ ਹੀ ਅਪਲਾਈ ਕਰ ਸਕਦੇ ਹਨ।

ਸ੍ਰੀ ਮਾਨ ਨੇ ਕਿਹਾ ਕਿ ਮਿਊਂਸਪਲ ਹੱਦਾਂ ਅੰਦਰ 500 ਵਰਗ ਗਜ਼ ਤੱਕ ਦੀਆਂ ਰਿਹਾਇਸ਼ੀ ਇਮਾਰਤਾਂ ਦੇ ਨਕਸ਼ਿਆਂ ਨੂੰ ਸਵੈ-ਤਸਦੀਕ ਕਰਨ ਲਈ 'ਪੰਜਾਬ ਮਿਊਂਸਪਲ ਬਿਲਡਿੰਗ ਬਾਇਲਾਜ਼-2018' ਵਿਚ ਸੋਧ ਕਰਨ ਨੂੰ ਹਰੀ ਝੰਡੀ ਦਿੱਤੀ ਗਈ ਹੈ। ਹੁਣ ਨਕਸ਼ਿਆਂ ਨੂੰ ਕਿਸੇ ਵੀ ਅਧਿਕਾਰੀ ਜਾਂ ਕਰਮਚਾਰੀ ਰਾਹੀਂ ਭੇਜਣ ਦੀ ਬਜਾਏ ਸਿੱਧੇ ਤੌਰ ਉਤੇ ਆਰਕੀਟੈਕਟ ਵੱਲੋਂ ਹੀ ਪ੍ਰਵਾਨਗੀ ਦਿੱਤੀ ਜਾਵੇ। ਇਸ ਵਿਚ ਮਾਲਕ ਤੇ ਆਰਕੀਟੈਕਟ ਵੱਲੋਂ ਦਿੱਤੇ ਜਾਣ ਵਾਲੇ ਸਵੈ-ਘੋਸ਼ਣਾ ਪੱਤਰ ਵਿਚ ਕੁਝ ਸ਼ਰਤਾਂ ਦਰਜ ਕੀਤੀਆਂ ਗਈਆਂ ਹਨ।

## ਸਾਬਕਾ ਫੌਜੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ ਵਧਾਈ


**ਚੰਡੀਗੜ੍ਹ:** ਪੰਜਾਬ ਮੰਤਰੀ ਮੰਡਲ ਨੇ ਪਹਿਲੀ ਤੇ ਦੂਜੀ ਵਿਸ਼ਵ ਜੰਗ ਵਿਚ ਹਿੱਸਾ ਲੈਣ ਵਾਲੇ 65 ਸਾਲ ਤੋਂ ਵੱਧ ਉਮਰ ਵਾਲੇ ਸਾਬਕਾ ਫੌਜੀਆਂ ਦੀਆਂ ਵਿਧਵਾਵਾਂ ਦੀ ਪੈਨਸ਼ਨ ਵਿਚ ਵਾਧਾ ਕੀਤਾ ਹੈ। ਸੂਬਾ ਸਰਕਾਰ ਨੇ ਵਿਧਵਾਵਾਂ ਦੀ ਪੈਨਸ਼ਨ 6 ਹਜ਼ਾਰ ਰੁਪਏ ਤੋਂ ਵਧਾ ਕੇ 10 ਹਜ਼ਾਰ ਰੁਪਏ ਮਾਸਿਕ ਕਰ ਦਿੱਤੀ ਹੈ। ਇਸ ਵੇਲੇ ਸੂਬੇ ਵਿਚ 453 ਲਾਭਪਾਤਰੀਆਂ ਨੂੰ ਪੈਨਸ਼ਨ ਦਿੱਤੀ ਜਾ ਰਹੀ ਹੈ। ਇਹ ਵਾਧਾ ਪਿਛਲੇ ਸਾਲ 26 ਜੁਲਾਈ ਤੋਂ ਲਾਗੂ ਹੋਵੇਗਾ।

## ਬੇਰੁਜ਼ਗਾਰ ਈ.ਟੀ.ਟੀ. ਅਧਿਆਪਕਾਂ ਨੇ ਕੱਢਿਆ ਰੋਸ ਮਾਰਚ

**ਸ੍ਰੀ ਆਨੰਦਪੁਰ ਸਾਹਿਬ:** ਗਣਤੰਤਰਤਾ ਦਿਵਸ ਮੌਕੇ ਈ.ਟੀ.ਟੀ. ਟੈਟ ਪਾਸ ਬੇਰੁਜ਼ਗਾਰ 5994 ਅਧਿਆਪਕ ਯੂਨੀਅਨ ਨੇ ਸ੍ਰੀ ਆਨੰਦਪੁਰ ਸਾਹਿਬ ਦੇ ਬੱਸ ਸਟੈਂਡ ਤੋਂ ਸ਼ੁਰੂ ਹੋ ਕੇ ਵੱਖ-ਵੱਖ ਬਾਜ਼ਾਰਾਂ ਵਿਚ ਪੰਜਾਬ ਸਰਕਾਰ ਖ਼ਿਲਾਫ਼ ਰੋਸ ਮਾਰਚ ਕੱਢਿਆ ਤੇ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਸੂਬਾ ਕਮੇਟੀ ਮੈਂਬਰ ਬਲਿਹਾਰ ਬੱਲੀ, ਪਰਮਪਾਲ, ਬੱਗਾ ਖੁੜਾਲ, ਕੁਲਵਿੰਦਰ ਬਰੇਟਾ, ਪਰਗਟ ਸਿੰਘ, ਜੱਸੀ ਬਿੱਲਾ, ਹਰੀਸ਼ ਕੁਮਾਰ ਤੇ ਬੰਟੀ ਅਬੋਹਰ ਨੇ ਦੱਸਿਆ ਕਿ ਜਿੱਥੇ ਪੂਰਾ ਦੇਸ਼ ਖ਼ੁਸ਼ੀ ਨਾਲ ਗਣਤੰਤਰਤਾ ਦਿਵਸ ਮਨਾ ਰਿਹਾ ਹੈ, ਉੱਥੇ ਹੀ ਉਹ ਆਪਣੀਆਂ ਮੰਗਾਂ ਪੰਜਾਬ ਸਰਕਾਰ ਪਾਸੋਂ ਮਨਵਾਉਣ ਲਈ ਸੜਕਾਂ ਉਤੇ ਰੁਲ ਰਹੇ ਹਾਂ। ਉਨ੍ਹਾਂ ਆਖਿਆ ਕਿ ਸਮੁੱਚਾ ਈ.ਟੀ.ਟੀ. ਕਾਡਰ ਆਪਣੀ ਜੁਆਇਨਿੰਗ ਦੀ ਮੰਗ ਲੈ ਕੇ ਪਿਛਲੇ 110 ਦਿਨਾਂ ਤੋਂ ਧਰਨੇ ਉਤੇ ਬੈਠਾ ਹੈ ਪਰ ਸਰਕਾਰ ਕੋਈ ਸੁਣਵਾਈ ਨਹੀਂ ਕਰ ਰਹੀ।

## ਨਸ਼ਿਆਂ ਤੇ ਭ੍ਰਿਸ਼ਟਾਚਾਰ ਖਿਲਾਫ ਲਾਮਬੰਦ ਹੋਣ ਦਾ ਸੱਦਾ

**ਪਟਿਆਲਾ:** ਇੱਥੋਂ ਦੇ ਪੋਲੋ ਗਰਾਊਂਡ ਵਿਚ ਹੋਏ ਸੂਬਾ ਪੱਧਰੀ ਗਣਤੰਤਰ ਦਿਵਸ ਸਮਾਗਮ ਵਿਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਤਿਰੰਗਾ ਲਹਿਰਾਇਆ। ਇਸ ਦੌਰਾਨ ਉਨ੍ਹਾਂ ਪਰੇਡ ਦਾ ਜਾਇਜ਼ਾ ਅਤੇ ਮਾਰਚ ਪਾਸਟ ਤੋਂ ਸਲਾਮੀ ਲਈ। ਉਨ੍ਹਾਂ ਆਜ਼ਾਦੀ ਦੇ ਸੰਘਰਸ਼ ਵਿਚ ਯੋਗਦਾਨ ਪਾਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਪੰਜਾਬੀਆਂ ਨੂੰ ਨਸ਼ਿਆਂ ਤੇ ਭ੍ਰਿਸ਼ਟਾਚਾਰ ਖ਼ਿਲਾਫ਼ ਲਾਮਬੰਦ ਹੁੰਦਿਆਂ ਸੂਬਾ ਸਰਕਾਰ ਦਾ ਸਾਥ ਦੇਣ ਦਾ ਸੱਦਾ ਦਿੱਤਾ।



ਸ੍ਰੀ ਪੁਰੋਹਿਤ ਨੇ ਕਿਹਾ ਕਿ ਲੱਖਾਂ ਆਜ਼ਾਦੀ ਪਰਵਾਨਿਆਂ ਦੀਆਂ ਕੁਰਬਾਨੀਆਂ ਸਦਕਾ ਸਾਨੂੰ ਆਜ਼ਾਦੀ ਮਿਲੀ ਤੇ ਇਸ ਗਣਤੰਤਰ ਦਾ ਨਿਰਮਾਣ ਹੋਇਆ। ਉਨ੍ਹਾਂ ਡਾ. ਭੀਮ ਰਾਓ ਅੰਬੇਡਕਰ ਸਣੇ ਬੀ.ਐਨ. ਰਾਓ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਉਨ੍ਹਾਂ ਵੱਲੋਂ ਦਿਖਾਏ ਰਾਹ ਉਤੇ ਤੁਰਨ ਦਾ ਪ੍ਰਣ ਲੈਣ 'ਤੇ ਜ਼ੋਰ ਦਿੱਤਾ।

ਉਨ੍ਹਾਂ ਪੰਜਾਬੀਆਂ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਦਾ ਸਾਥ ਦੇਣ ਲਈ ਵੀ ਪ੍ਰੇਰਿਆ। ਉਨ੍ਹਾਂ ਨੇ ਹੜ੍ਹਾਂ ਦੌਰਾਨ ਪਟਿਆਲਾ ਪ੍ਰਸ਼ਾਸਨ ਵੱਲੋਂ ਲੋਕਾਂ ਦੀ ਜਾਨ-ਮਾਲ ਦੀ ਰਾਖੀ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਤੇ ਲੋਕਾਂ ਵੱਲੋਂ ਦਿਖਾਏ ਹੌਸਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਰਾਜਪਾਲ ਨੇ ਅਵਤਾਰ ਸਿੰਘ ਸਣੇ ਹੋਰ ਆਜ਼ਾਦੀ ਘੁਲਾਟੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਦਾ ਸਨਮਾਨ ਕੀਤਾ।

## ਅਮਰੀਕਾ 'ਚ ਸੜਕ ਹਾਦਸੇ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਮੁਕੇਰੀਆਂ:** ਨੇੜਲੇ ਕਸਬਾ ਨਵਾਂ ਭੰਗਾਲਾ ਦੇ ਨੌਜਵਾਨ ਦੀ ਅਮਰੀਕਾ ਵਿਚ ਟਰੱਕ ਹਾਦਸੇ 'ਚ ਮੌਤ ਹੋ ਗਈ। 28 ਸਾਲਾ ਸਿਮਰਨਪਾਲ ਸਿੰਘ ਸਾਧੂ ਪੁੱਤਰ ਅਵਤਾਰ ਸਿੰਘ ਰੁਜ਼ਗਾਰ ਲਈ 2018 ਵਿਚ ਅਮਰੀਕਾ ਗਿਆ ਸੀ। ਉਹ ਅਮਰੀਕਾ ਦੇ ਸ਼ਹਿਰ ਫਰਿਜ਼ਨੋ ਤੋਂ ਆਪਣਾ ਟਰੱਕ ਲੋਡ ਕਰਕੇ ਐਰੀਜ਼ੋਨਾ ਵੱਲ ਨੂੰ ਜਾ ਰਿਹਾ ਸੀ। ਇਸੇ ਦੌਰਾਨ ਬਰਫ ਜ਼ਿਆਦਾ ਹੋਣ ਕਾਰਨ ਉਸ ਦਾ ਟਰੱਕ ਤਿਲਕ ਗਿਆ। ਇਸ ਹਾਦਸੇ ਵਿਚ ਉਸ ਦੀ ਮੌਤ ਹੋ ਗਈ। ਨੌਜਵਾਨ ਦੀ ਮੌਤ ਦੀ ਖ਼ਬਰ ਨਾਲ ਪਿੰਡ ਵਿਚ ਸੋਗ ਹੈ। ਮ੍ਰਿਤਕ ਦੇ ਪਰਿਵਾਰ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੁੱਤ ਦੀ ਦੇਹ ਪੰਜਾਬ ਪਹੁੰਚਾਉਣ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇ।

## ਚੰਦ ਅਫਸਰਾਂ ਨੂੰ ਬਚਾਉਣ ਲਈ ਭਾਈ ਕਾਉਂਕੇ ਦੇ ਪਰਿਵਾਰ ਨਾਲ ਅਨਿਆਂ ਕੀਤਾ: ਖਹਿਰਾ

ਜਗਰਾਉਂ: ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਪਿੰਡ ਕਾਉਂਕੇ ਕਲਾਂ ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਘਰ ਪੁੱਜੇ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਰਹੇ ਭਾਈ ਕਾਉਂਕੇ ਨੂੰ ਕੌਮੀ ਸ਼ਹੀਦ ਦੱਸਦਿਆਂ ਇਕੱਤੀ ਸਾਲਾਂ ਦੌਰਾਨ ਸੱਤਾ ਵਿਚ ਰਹੀਆਂ ਸਿਆਸੀ ਪਾਰਟੀਆਂ ਅਤੇ ਇਨ੍ਹਾਂ ਦੀਆਂ ਸਰਕਾਰਾਂ ਨੂੰ ਇਨਸਾਫ ਨਾ ਦੇਣ ਉਤੇ ਕੋਸਿਆ।

ਸੁਖਪਾਲ ਖਹਿਰਾ ਨੇ ਭਾਈ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਅਤੇ ਪੁੱਤਰ ਹਰੀ ਸਿੰਘ ਨਾਲ ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਕਿਹਾ ਕਿ ਤਿੰਨ ਦਹਾਕੇ ਬੀਤਣ ਉਤੇ ਵੀ ਭਾਈ ਕਾਉਂਕੇ ਮਾਮਲੇ ਵਿਚ ਸੱਚਾਈ ਸਾਹਮਣੇ ਲਿਆ ਕੇ ਬਣਦੀ ਕਾਨੂੰਨੀ ਕਾਰਵਾਈ ਨਾ ਕਰ ਸਕਣਾ ਅਤੇ ਪਰਿਵਾਰ ਨੂੰ ਇਨਸਾਫ਼ ਨਾ ਦਿਵਾ ਸਕਣਾ ਸ਼ਰਮਨਾਕ ਹੈ। ਭਾਈ ਕਾਉਂਕੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਸਨ ਜਿਸ ਨੂੰ ਪੰਥਕ ਕਹਾਉਣ ਵਾਲਾ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਦੀ ਸਰਕਾਰ ਵੀ ਇਨਸਾਫ਼ ਨਹੀਂ ਦਿਵਾ ਸਕੀ। ਇਸੇ ਤਰ੍ਹਾਂ ਕਾਂਗਰਸ ਸਰਕਾਰ ਸਮੇਂ ਵੀ ਇਹ ਕੁਤਾਹੀ ਹੋਈ। ਉਨ੍ਹਾਂ ਕਿਹਾ ਕਿ ਇਸ ਉਤੇ ਕਾਰਵਾਈ ਤਾਂ ਕੀ ਕਰਨੀ ਸੀ, ਉਲਟਾ ਹੁਣ ਤੱਕ ਦੀਆਂ ਸਰਕਾਰਾਂ ਨੇ ਤਿਵਾੜੀ ਰਿਪੋਰਟ ਵੀ ਦਬਾਈ ਰੱਖੀ। ਖਹਿਰਾ ਨੇ ਕਿਹਾ ਕਿ ਚੰਦ ਅਫ਼ਸਰਾਂ ਨੂੰ ਬਚਾਉਣ ਲਈ ਪਰਿਵਾਰ ਨਾਲ ਨਾਇਨਸਾਫ਼ੀ ਕੀਤੀ ਗਈ ਅਤੇ ਕਾਨੂੰਨ ਨੂੰ ਛਿੱਕੇ ਟੰਗਿਆ ਗਿਆ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਹੁਣ ਹਰ ਹਾਲ ਇਨਸਾਫ ਮਿਲਣਾ ਚਾਹੀਦਾ ਹੈ।


**Shoping center with Bp truck stop for Sale**

**Shoping center with Bp truck stop is for Sale,**
**Address: 104 s US 51 Forsyth IL, 60010**



* 2.5 acre land * Build in 2005 * New tanks
* Maharani Kichen. Indian grocery. Restaurent bar with full liquor licence. * With store liquor licence. with walking cooler and freezer 3000 scare store.
Bank also. rent bank branch. No fuel contract.

**Call: 847-254-2715**

# ਅੰਮ੍ਰਿਤ ਕੌਰ ਆਕਰੇ ਇੰਪਲਾਇਮੈਂਟ ਕਮਿਸ਼ਨ ਦੀ ਡਾਇਰੈਕਟਰ ਨਿਯੁਕਤ


**ਵਾਸ਼ਿੰਗਟਨ:** ਸਿੱਖ ਕੁਲੀਸ਼ਨ ਨਾਲ ਲੀਗਲ ਡਾਇਰੈਕਟਰ ਵਜੋਂ ਜੁੜੀ ਅੰਮ੍ਰਿਤ ਕੌਰ ਆਕਰੇ ਨੂੰ ਸ਼ਿਕਾਗੋ ਜ਼ਿਲ੍ਹੇ ਦੇ ਯੂ.ਐੱਸ. ਈਕੁਇਲ ਇੰਪਲਾਇਮੈਂਟ ਓਪਰਚੂਨਿਟੀ ਕਮਿਸ਼ਨ ਦੀ ਡਾਇਰੈਕਟਰ ਬਣਾਇਆ ਗਿਆ ਹੈ। ਉਨ੍ਹਾਂ ਕਮਿਸ਼ਨ ਦੇ ਡਾਇਰੈਕਟਰ ਵਜੋਂ ਆਪਣੀ ਡਿਊਟੀ 29 ਜਨਵਰੀ ਤੋਂ ਸੰਭਾਲ ਲਈ ਹੈ।

ਕਮਿਸ਼ਨ ਮੁਖੀ ਸ਼ਰਲੈੱਟ ਏ. ਬੁਰੋਅ ਨੇ ਦੱਸਿਆ, "ਬੀਬਾ ਅੰਮ੍ਰਿਤ ਕੌਰ ਆਕਰੇ ਨੇ ਵੱਖ-ਵੱਖ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ, ਵਿਸ਼ਾਲ ਮੈਨੇਜਮੈਂਟ ਤਜਰਬੇ ਅਤੇ ਸਿਵਲ ਹੱਕਾਂ ਲਈ ਆਪਣੀ ਪ੍ਰਤੀਬੱਧਤਾ ਦੇ ਸਿਰ 'ਤੇ ਇਹ ਪ੍ਰਾਪਤੀ ਹਾਸਲ ਕੀਤੀ ਹੈ। ਸਾਨੂੰ ਅਤਿਅੰਤ ਖੁਸ਼ੀ ਹੈ ਕਿ ਉਨ੍ਹਾਂ ਯੂ.ਐੱਸ. ਈਕੁਇਲ ਇੰਪਲਾਇਮੈਂਟ ਓਪਰਚੂਨਿਟੀ ਕਮਿਸ਼ਨ ਦੀ ਡਾਇਰੈਕਟਰ ਦੀ ਜ਼ਿੰਮੇਵਾਰੀ ਸੰਭਾਲੀ ਹੈ।"

ਇਸ ਦੌਰਾਨ ਅੰਮ੍ਰਿਤ ਕੌਰ ਆਕਰੇ ਨੇ ਕਿਹਾ ਕਿ ਯੂ.ਐੱਸ. ਈਕੁਇਲ ਇੰਪਲਾਇਮੈਂਟ ਓਪਰਚੂਨਿਟੀ ਕਮਿਸ਼ਨ ਦੀਆਂ ਸੇਵਾਵਾਂ ਨਾਲ ਜੁੜਨਾ ਬਹੁਤ ਮਾਣ ਵਾਲੀ ਗੱਲ ਹੈ। ਇਹ ਬਰਾਬਰ ਰੁਜ਼ਗਾਰ ਮੁਹੱਈਆ ਕਰਨ ਵਾਲਾ ਅਜਿਹਾ ਮਿਸ਼ਨ ਹੈ ਜਿਸ ਨਾਲ ਹਰ ਕੋਈ ਜੁੜਨਾ ਚਾਹੁੰਦਾ ਹੈ। ਉਨ੍ਹਾਂ ਕਿਹਾ, "ਮੈਂ ਹਰ ਸੰਭਵ ਕੋਸ਼ਿਸ਼ ਕਰਾਂਗੀ ਕਿ ਕਮਿਸ਼ਨ ਦੇ ਕੰਮ ਨੂੰ ਅਗਾਂਹ ਤੱਕ ਲੈ ਕੇ ਜਾਵਾਂ ਅਤੇ ਇਸ ਜ਼ਰੀਏ ਵੱਧ ਤੋਂ ਵੱਧ ਲੋਕਾਂ ਨਾਲ ਤਾਲਮੇਲ ਸੰਭਵ ਬਣਾਵਾਂ।"

ਯਾਦ ਰਹੇ ਕਿ ਬੀਬੀ ਆਕਰੇ ਨੇ ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਤੋਂ ਅਪਲਾਈਡ ਸਾਇੰਸ ਤੇ ਟੈਕਨੋਲੌਜੀ ਇੰਜਨੀਅਰਿੰਗ ਅਤੇ ਅੰਗਰੇਜ਼ੀ ਸਾਹਿਤ ਵਿਚ ਗਰੈਜੂਏਸ਼ਨ ਕੀਤੀ ਹੋਈ ਹੈ।







## ਅਮਰੀਕਾ ਵਿਚ ਹਥੌੜੇ ਮਾਰ-ਮਾਰ ਕੇ ਵਿਦਿਆਰਥੀ ਦੀ ਹੱਤਿਆ

**ਨਿਊ ਯਾਰਕ:** ਅਮਰੀਕਾ ਵਿਚ ਐਮ.ਬੀ.ਏ. ਦੀ ਡਿਗਰੀ ਹਾਸਲ ਕਰਨ ਵਾਲੇ ਹਰਿਆਣਾ ਦੇ 25 ਸਾਲਾ ਵਿਦਿਆਰਥੀ ਨੂੰ ਜਾਰਜੀਆ ਸੂਬੇ ਦੇ ਲਿਥੋਨੀਆ ਸ਼ਹਿਰ ਵਿਚ ਉਸ ਬੇਘਰ ਨਸ਼ੇੜੀ ਨੇ ਕੁੱਟ-ਕੁੱਟ ਕੇ ਮਾਰ ਦਿੱਤਾ ਜਿਸ ਦੀ ਉਹ ਕੁਝ ਦਿਨਾਂ ਤੋਂ ਮਦਦ ਕਰ ਰਿਹਾ ਸੀ ਤੇ ਉਸ ਨੂੰ ਰਹਿਣ ਲਈ ਥਾਂ ਦਿੱਤੀ ਸੀ। ਇਹ ਭਿਆਨਕ ਘਟਨਾ ਕੈਮਰੇ 'ਚ ਕੈਦ ਹੋ ਗਈ ਜਦੋਂ ਹਮਲਾਵਰ ਜੂਲੀਅਨ ਫਾਕਨਰ ਨੇ ਵਿਵੇਕ ਸੈਣੀ ਦੇ ਸਿਰ ਉਤੇ ਹਥੌੜੇ ਨਾਲ ਕਰੀਬ 50 ਵਾਰ ਕੀਤੇ। ਸੈਣੀ ਸਟੋਰ ਵਿਚ ਪਾਰਟ-ਟਾਈਮ ਕਲਰਕ ਸੀ। ਉਹ ਆਮ ਤੌਰ ਉਤੇ ਬੇਘਰ ਨਸ਼ੇੜੀ ਦੀ ਮਦਦ ਕਰਦਾ ਸੀ। 16 ਜਨਵਰੀ ਨੂੰ ਜਦੋਂ ਫਾਕਨਰ ਨੂੰ ਥਾਂ ਖਾਲੀ ਕਰਨ ਲਈ ਕਿਹਾ ਤਾਂ ਉਹ ਗੁੱਸੇ 'ਚ ਆ ਗਿਆ ਤੇ ਉਸ ਨੇ ਵਿਵੇਕ ਉਤੇ ਹਮਲਾ ਕਰ ਦਿੱਤਾ। ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਨੌਜਵਾਨ ਆਪਣੀ ਬੀ.ਟੈੱਕ. ਪੂਰੀ ਕਰਨ ਤੋਂ ਬਾਅਦ ਦੋ ਸਾਲ ਪਹਿਲਾਂ ਅਮਰੀਕਾ ਪਰਵਾਸ ਕਰ ਗਿਆ ਸੀ। ਉਸ ਨੇ ਹਾਲ ਹੀ ਵਿਚ ਬਿਜ਼ਨਸ ਐਡਮਿਨਿਸਟ੍ਰੇਸ਼ਨ ਵਿਚ ਮਾਸਟਰ ਦੀ ਡਿਗਰੀ ਹਾਸਲ ਕੀਤੀ ਹੈ।


Dhillon Travel Plaza
Dhillon Road Service
Interstate 40, exit 356, San Jon, NM




ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
Etihad, Air India, KLM, Lufthansa, Delta, Qatar Airlines.



For Emergency Call anytime at 847-436-9010
EARLY BIRD SALE!!!!
Domestic fares available

Davenport Family Funeral Homes and Crematory



Serving the Sikh Community with Dignity and Care

Lake Zurich (847) 550-4221
Crystal Lake (815) 459-3411

SERVICES
- On Site Crematory
- viewing Room Available
- Large, Beautiful Chapels
- Competitive Prices

Davenport
Family Funeral Homes And Crematory
Serving Families As We Would Want Ours Served
Barrington/Crystal Lake/Lake Zurich

Please call or visit our website at www.davenportfamily.com

# ‘ਆਪ’ ਵੱਲੋਂ ਹੁਣ ਹਰਿਆਣੇ ਵਿਚ ‘ਬਦਲਾਅ’ ਦੀ ਤਿਆਰੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੀ ਹਰਿਆਣਾ ਵਿਚ ‘ਬਦਲਾਅ ਰੈਲੀ’ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਸ਼ੇਸ਼ ਰੂਪ ਵਿਚ ਸ਼ਿਰਕਤ ਕੀਤੀ। ਇਸ ਦੌਰਾਨ ਕੇਜਰੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਰਿਆਣਾ ਦੀਆਂ ਸਾਰੀਆਂ 90 ਵਿਧਾਨ ਸਭਾ ਸੀਟਾਂ ਉਤੇ ਆਪਣੇ ਦਮ ’ਤੇ ਚੋਣ ਲੜੇਗੀ ਪਰ ਲੋਕ ਸਭਾ ਚੋਣ ਵਿਰੋਧੀ ਧਿਰਾਂ ਦੇ ਗੱਠਜੋੜ ‘ਇੰਡੀਆ’ ਨਾਲ ਰਲ ਕੇ ਲੜੀ ਜਾਵੇਗੀ। ਉਨ੍ਹਾਂ ਕਿਹਾ ਕਿ ਅੱਜ ਲੋਕਾਂ ਨੂੰ ਸਿਰਫ ਆਮ ਆਦਮੀ ਪਾਰਟੀ ਉਤੇ ਭਰੋਸਾ ਹੈ। ਹਰਿਆਣਾ ਦੇ ਲੋਕ ਭਾਜਪਾ-ਜਜਪਾ ਸਰਕਾਰ ਤੋਂ ਬਹੁਤ ਦੁਖੀ ਹਨ। ਉਹ ਹੁਣ ਬਦਲਾਅ ਚਾਹੁੰਦੇ ਹਨ। ਦਿੱਲੀ ਅਤੇ ਪੰਜਾਬ ਦੇ ਲੋਕ ‘ਆਪ’ ਨੂੰ ਸੱਤਾ ਵਿਚ ਲਿਆ ਕੇ ਬਹੁਤ ਖ਼ੁਸ਼ ਹਨ। ‘ਆਪ’ ਦੀ ਸਰਕਾਰ ਆਉਣ ਉਤੇ ਹਰਿਆਣਾ ਵਿੱਚ ਵੀ ਇਸੇ ਤਰਜ਼ ’ਤੇ ਸਹੂਲਤਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ, ‘‘ਆਮ ਆਦਮੀ ਪਾਰਟੀ ਹਰਿਆਣਾ ਦੀਆਂ ਸਾਰੀਆਂ 90 ਸੀਟਾਂ ਉਤੇ ਚੋਣ ਲੜ ਕੇ ਸਰਕਾਰ ਬਣਾਏਗੀ। ਹਰਿਆਣਾ ਨੂੰ ਦੇਸ਼ ਦਾ ਨੰਬਰ ਇਕ ਸੂਬਾ ਬਣਾਇਆ ਜਾਵੇਗਾ।’ ਉਨ੍ਹਾਂ ਕਿਹਾ ਕਿ ਸੂਬੇ ਨੂੰ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ। ਕਿਸੇ ਵਰਗ ਨੂੰ ਪਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ, ‘‘ਮੈਂ ਅਤਿਵਾਦੀ ਨਹੀਂ, ਮਹਿੰਗਾਈ ਵਧਾਉਣ ਵਾਲੇ ਅਤਿਵਾਦੀ ਹਨ। ਅੱਜ ਮਹਿੰਗਾਈ ਹੀ ਸਭ ਤੋਂ ਵੱਡਾ ਅਤਿਵਾਦ ਹੈ।’’



ਕੇਂਦਰ ਦੀ ਮੋਦੀ ਸਰਕਾਰ ਨੂੰ ਕਰਾਰੇ ਹੱਥੀਂ ਲੈਂਦਿਆਂ ਉਨ੍ਹਾਂ ਕਿਹਾ, ‘‘ਇਹ ਲੋਕ ਸਾਡੀ ਪਾਰਟੀ ਪਿੱਛੇ ਪਏ ਹੋਏ ਹਨ। ਅੱਜ ਸਭ ਤੋਂ ਵੱਧ ਸਾਡੇ ਆਗੂ ਜੇਲ੍ਹਾਂ ਵਿਚ ਬੰਦ ਹਨ। ਅਸੀਂ ਦਿੱਲੀ ਵਿਚ ਸੜਕਾਂ, ਸਿੱਖਿਆ, ਸਿਹਤ ਅਤੇ ਸਫਾਈ ਆਦਿ ਸਹੂਲਤਾਂ ਮੁਹੱਈਆ ਕਰਵਾਈਆਂ ਅਤੇ ਮੋਦੀ ਸਰਕਾਰ ਨੇ ਸਿਸੋਦੀਆ ਵਰਗੇ ਇਮਾਨਦਾਰ ਆਗੂ ਨੂੰ ਜੇਲ੍ਹ ਭੇਜ ਦਿੱਤਾ ਹੈ। ਹੁਣ ਇਹ ਮੈਨੂੰ ਵੀ ਜੇਲ੍ਹ ਭੇਜਣਾ ਚਾਹੁੰਦੇ ਹਨ ਪਰ ਮੈਂ ਜੇਲ੍ਹ ਜਾਣ ਤੋਂ ਨਹੀਂ ਡਰਦਾ। ਮੈਂ ਹਰਿਆਣਾ ਦਾ ਵਾਸੀ ਹਾਂ।’’ ਦਿੱਲੀ ਦੇ ਮੁੱਖ ਮੰਤਰੀ ਨੇ ਦੋਸ਼ ਲਾਇਆ, ਉਨ੍ਹਾਂ (ਕੇਂਦਰ ਸਰਕਾਰ) ਨੇ ਮੈਨੂੰ ਗ੍ਰਿਫਤਾਰ ਕਰਨ ਲਈ ਆਪਣੀ ਪੂਰੀ ਤਾਕਤ ਵਰਤੀ। ਆਮਦਨ ਕਰ ਵਿਭਾਗ, ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.), ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਅਤੇ ਦਿੱਲੀ ਪੁਲਿਸ ਨੂੰ ਮੇਰੇ ਪਿੱਛੇ ਲਾਇਆ ਗਿਆ ਹੈ।’’ ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਬਰਾਬਰ ਸਿੱਖਿਆ, ਸਿਹਤ ਸਹੂਲਤਾਂ, ਰੁਜ਼ਗਾਰ ਅਤੇ 24 ਘੰਟੇ ਬਿਜਲੀ ਮਿਲਣੀ ਚਾਹੀਦੀ ਹੈ। ਕੇਜਰੀਵਾਲ ਨੇ ਕਿਹਾ ਕਿ ਜੇ ਕੇਂਦਰ ਉਨ੍ਹਾਂ ਦੀਆਂ ਇਹ ਮੰਗਾਂ ਪੂਰੀਆਂ ਕਰ ਦਿੰਦੀ ਹੈ ਤਾਂ ਉਹ ਸਿਆਸਤ ਛੱਡ ਦੇਣਗੇ। ਉਨ੍ਹਾਂ ਕਿਹਾ ਕਿ ਸਿਰਫ਼ ਆਮ ਆਦਮੀ ਪਾਰਟੀ ਹੀ ਲੋਕਾਂ ਨੂੰ 24 ਘੰਟੇ ਬਿਜਲੀ ਸਪਲਾਈ ਅਤੇ ਹੋਰ ਸਹੂਲਤਾਂ ਦੇ ਸਕਦੀ ਹੈ। ਇਸ ਨੇ ਦਿੱਲੀ ਅਤੇ ਪੰਜਾਬ ਵਿਚ ਅਜਿਹਾ ਕੀਤਾ ਵੀ ਹੈ।


## ਭਗਵੰਤ ਨੇ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਈਆਂ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਲੀ ਅਤੇ ਪੰਜਾਬ ਵਿਚ ‘ਆਪ’ ਵੱਲੋਂ ਕਰਵਾਏ ਗਏ ਕੰਮਾਂ ਉਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਸਿਹਤ ਤੇ ਸਿੱਖਿਆ ਖੇਤਰ ਵਿਚ ਵਧੇਰੇ ਕੰਮ ਕੀਤੇ ਹਨ। ਸੂਬੇ ਵਿਚ ਖੋਲ੍ਹੇ ਗਏ 700 ਆਮ ਆਦਮੀ ਕਲੀਨਿਕਾਂ ਤੋਂ 90 ਲੱਖ ਤੋਂ ਵੱਧ ਲੋਕ ਮੁਫ਼ਤ ਵਿਚ ਇਲਾਜ ਕਰਵਾ ਚੁੱਕੇ ਸਨ। ਉਨ੍ਹਾਂ ਕਿਹਾ ਕਿ ‘ਆਪ’ ਦੇ ਰਾਜ ਵਿਚ ਪਹਿਲਾਂ ਦਿੱਲੀ ਅਤੇ ਫਿਰ ਪੰਜਾਬ ਵਿਚ ਲੱਖਾਂ ਲੋਕਾਂ ਦੇ ਬਿਜਲੀ ਬਿੱਲ ਜ਼ੀਰੋ ਆ ਰਹੇ ਹਨ। ਮਾਨ ਨੇ ਕਿਹਾ ਕਿ ‘ਆਪ’ ਨੇ ਚੋਣਾਂ ਵਿਚ 300 ਯੂਨਿਟ ਮੁਫ਼ਤ ਬਿਜਲੀ ਦੀ ਗਰੰਟੀ ਦਿੱਤੀ ਸੀ ਅਤੇ ਸਰਕਾਰ ਬਣਦੇ ਹੀ ਪੰਜਾਬ ਵਿਚ ਲੋਕਾਂ ਨੂੰ 300 ਯੂਨਿਟ ਪ੍ਰਤੀ ਮਹੀਨਾ ਮੁਫ਼ਤ ਵਿਚ ਦਿੱਤੀ ਜਾ ਰਹੀ ਹੈ। ਪੰਜਾਬ ਵਿਚ 50 ਲੱਖ ਲੋਕਾਂ ਦੇ ਬਿਜਲੀ ਬਿੱਲ ਮੁਆਫ ਕੀਤੇ ਗਏ। ਇਸੇ ਤਰ੍ਹਾਂ ਪੰਜਾਬ ਸਰਕਾਰ ਨੇ 18 ਮਹੀਨਿਆਂ ਵਿਚ 40,000 ਦੇ ਕਰੀਬ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ।

# ਛੇੜਛਾੜ ਕੇਸ ਦੇ ਮੁਲਜ਼ਮ ਦੀ ਪੁਸ਼ਤਪਨਾਹੀ ਕਰ ਰਹੀ ਹੈ ‘ਆਪ’: ਗੁਨੀਵ ਮਜੀਠੀਆ

**ਅੰਮ੍ਰਿਤਸਰ:** ਸਰਕਾਰੀ ਐਲੀਮੈਂਟਰੀ ਸਕੂਲ ਰੱਖ ਭੰਗਵਾਂ ਦੇ ਇਕ ਅਧਿਆਪਕ ਵੱਲੋਂ ਵਿਦਿਆਰਥਣਾਂ ਨਾਲ ਛੇੜਛਾੜ ਕਰਨ ਦੇ ਮਾਮਲੇ ਦਾ ਨੋਟਿਸ ਲੈਂਦਿਆਂ ਵਿਧਾਇਕਾ ਗਨੀਵ ਕੌਰ ਮਜੀਠੀਆ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਮੁਲਜ਼ਮ ਅਧਿਆਪਕ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਦੱਸਣਯੋਗ ਹੈ ਕਿ ਇਸ ਸਬੰਧੀ ਅਧਿਆਪਕ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਜਿਸ ਮਗਰੋਂ ਸਿੱਖਿਆ ਵਿਭਾਗ ਨੇ ਸਬੰਧਤ ਅਧਿਆਪਕ ਨੂੰ ਮੁਅੱਤਲ ਕਰ ਦਿੱਤਾ ਸੀ।

ਮੁੱਖ ਮੰਤਰੀ ਨੂੰ ਲਿਖੇ ਪੱਤਰ ਵਿੱਚ ਮਜੀਠਾ ਦੀ ਵਿਧਾਇਕਾ ਨੇ ਐਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਹਾਲੇ ਤੱਕ ਅਧਿਆਪਕ ਨੂੰ ਗ੍ਰਿਫ਼ਤਾਰ ਨਾ ਕੀਤੇ ਜਾਣ ਉਤੇ ਸਵਾਲ ਖੜ੍ਹਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਹੈ ਕਿ ਆਮ ਆਦਮੀ ਪਾਰਟੀ ਦੇ ਆਗੂ ਮੁਲਜ਼ਮ ਦੀ ਸਿਆਸੀ ਪੁਸ਼ਤਪਨਾਹੀ ਕਰ ਰਹੇ ਹਨ। ਉਨ੍ਹਾਂ ਮੁੱਖ ਮੰਤਰੀ ਨੂੰ ਕਿਹਾ ਕਿ ਸਿੱਖਿਆ ਵਿਭਾਗ ਵੀ ਲੜਕੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਨਸਾਫ਼ ਦਿਵਾਉਣ ਵਿਚ ਨਾਕਾਮ ਰਿਹਾ ਹੈ ਕਿਉਂਕਿ ਹਾਲੇ ਤੱਕ ਕਿਸੇ ਵੀ ਅਧਿਕਾਰੀ ਵੱਲੋਂ ਮਾਮਲੇ ਦੀ ਘੋਖ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿਚ ਇਕ ਵੀ ਮਹਿਲਾ ਅਧਿਆਪਕ ਨਹੀਂ ਹੈ ਤੇ ਸਕੂਲ ਕੰਪਲੈਕਸ ‘ਚ ਲੱਗਿਆ ਸੀ.ਸੀ.ਟੀ.ਵੀ. ਕੈਮਰਾ ਵੀ ਕੰਮ ਨਹੀਂ ਕਰਦਾ। ਉਨ੍ਹਾਂ ਕਿਹਾ ਕਿ ਸਿੱਖਿਆ ਵਿਭਾਗ ਵੱਲੋਂ ਇਸ ਘਟਨਾ ਦੇ ਬਾਵਜੂਦ ਹਾਲੇ ਤੱਕ ਸੀ.ਸੀ.ਟੀ.ਵੀ. ਕੈਮਰੇ ਦੀ ਮੁਰੰਮਤ ਕਰਵਾਉਣ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ ਗਈ। ਵਿਧਾਇਕਾ ਨੇ ਕਿਹਾ ਕਿ ਇਹ ਮੁੱਖ ਮੰਤਰੀ ਤੇ ਸਿੱਖਿਆ ਮੰਤਰੀ ਤੇ ਸਿੱਖਿਆ ਵਿਭਾਗ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਬੱਚੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਇਨਸਾਫ਼ ਦਿਵਾਉਣ।



# ਭੁੱਲਰ ਮਸਲੇ ‘ਤੇ ਬੇਨਕਾਬ ਹੋਇਆ ਕੇਜਰੀਵਾਲ: ਧਾਮੀ

**ਪਟਿਆਲਾ:** ਪ੍ਰੋ. ਦਵਿੰਦਰਪਾਲ ਭੁੱਲਰ ਦੀ ਰਿਹਾਈ ਦੇ ਮਸਲੇ ਉਤੇ ਟਿੱਪਣੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਨ ਨੂੰ ਨਿਸ਼ਾਨੇ ਉਤੇ ਲਿਆ। ਉਨ੍ਹਾਂ ਕਿਹਾ ਕਿ ਰੈਗੂਲਰ ਜ਼ਮਾਨਤ ਵਾਲੀ ਫਾਈਲ ਨੂੰ ਦਰਕਿਨਾਰ ਕਰਨ ਨਾਲ ਅਰਵਿੰਦ ਕੇਜਰੀਵਾਲ ਦਾ ਚਿਹਰਾ ਬੇਨਕਾਬ ਹੋ ਗਿਆ ਹੈ। ਇਸ ਨਾਲ ਉਨ੍ਹਾਂ ਦੀ ਸਿੱਖ ਮਾਰੂ ਨੀਤੀ ਵੀ ਸਪੱਸ਼ਟ ਹੋ ਗਈ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਅਤੇ ਕੇਂਦਰ ਸਰਕਾਰ ਵੱਲੋਂ ਸਿੱਖ ਮਸਲਿਆਂ ‘ਤੇ ਲਏ ਗਏ ਯੂ-ਟਰਨ ਸਪੱਸ਼ਟ ਕਰਦੇ ਹਨ ਕਿ ਇਹ ਲੋਕ ਸੌੜੇ ਸਿਆਸੀ ਹਿੱਤਾਂ ਖਾਤਰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰਦੇ ਆ ਰਹੇ ਹਨ, ਦੋਵਾਂ ਹਕੂਮਤਾਂ ਦਾ ਏਜੰਡਾ ਇੱਕੋ ਜਿਹਾ ਹੈ।

ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੇ ਜਾਣ ਦਾ ਵੀ ਗੰਭੀਰ ਨੋਟਿਸ ਲੈਂਦਿਆਂ ਉਨ੍ਹਾਂ ਕਿਹਾ ਕਿ ਇਹ ਸਿੱਖ ਹਿਰਦਿਆਂ ਨੂੰ ਵਲੂੰਧਰਨ ਵਾਲੀ ਕਾਰਵਾਈ ਹੈ। ਬੰਦੀ ਸਿੰਘਾਂ ਦੀ ਰਿਹਾਈ ਅਤੇ ਪੈਰੋਲ ਦਿੱਤੇ ਜਾਣ ਨੂੰ ਲੈ ਕੇ ਸਰਕਾਰਾਂ ਵੱਲੋਂ ਪਾਈਆਂ ਜਾ ਰਹੀਆਂ ਅੜਚਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਿੱਖਾਂ ਪ੍ਰਤੀ ਦੋਹਰੇ ਮਾਪਦੰਡ ਅਪਣਾਏ ਜਾ ਰਹੇ ਹਨ।



# ਖਜ਼ਾਨੇ ਨੂੰ ਬਰਬਾਦ ਕਰਨ ਦੀ ਬਜਾਇ ਸਰਕਾਰ ਹੋਰ ਬੱਸਾਂ ਖਰੀਦੇ: ਬਾਜਵਾ

**ਚੰਡੀਗੜ੍ਹ:** ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਦਾ ਖ਼ਜ਼ਾਨਾ ਆਪਣੀਆਂ ਹਵਾਈ ਟਿਕਟਾਂ ਅਤੇ ਹੋਰ ਪ੍ਰਚਾਰ ਉਤੇ ਖਰਚਣ ਦੀ ਜਗ੍ਹਾ ਪੰਜਾਬ ਸਰਕਾਰ ਨੂੰ ਸਰਕਾਰੀ ਟਰਾਂਸਪੋਰਟ ਦੀ ਫਲੀਟ ‘ਚ ਹੋਰ ਬੱਸਾਂ ਸ਼ਾਮਲ ਕਰਨੀਆਂ ਚਾਹੀਦੀਆਂ ਹਨ।

ਬਾਜਵਾ ਨੇ ਕਿਹਾ ਕਿ ਪੀ.ਆਰ.ਟੀ.ਸੀ. ਅਤੇ ਪਨਬੱਸ ਦੀ ਕਰਮਚਾਰੀ ਯੂਨੀਅਨ ਕੇਂਦਰ ਸਰਕਾਰ ਦੇ ਹਿੱਟ ਐਂਡ ਰਨ ਕਾਨੂੰਨ ਖ਼ਿਲਾਫ਼ ਹੜਤਾਲ ‘ਤੇ ਹੈ। ਇਸ ਵਿਚਾਲੇ ਉਨ੍ਹਾਂ ਨੇ ਬੱਸਾਂ ਵਿਚ 52 ਤੋਂ ਵੱਧ ਯਾਤਰੀਆਂ ਨੂੰ ਲਿਜਾਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਨਾਲ ਯਾਤਰੀਆਂ ਨੂੰ ਪਰੇਸ਼ਾਨੀ ਹੋ ਰਹੀ ਹੈ।



ਉਨ੍ਹਾਂ ਕਿਹਾ ਕਿ ਅਜਿਹਾ ਜਾਪਦਾ ਹੈ ਕਿ ਸਰਕਾਰ ਨੂੰ ਲੋਕਾਂ ਨੂੰ ਰੋਜ਼ਾਨਾ ਹੋ ਰਹੀਆਂ ਪਰੇਸ਼ਾਨੀਆਂ ਦੀ ਕੋਈ ਪ੍ਰਵਾਹ ਨਹੀਂ ਹੈ। ਉਨ੍ਹਾਂ ਕਿਹਾ ਕਿ ਬੱਸ ਵਿਚ 52 ਤੋਂ ਵੱਧ ਯਾਤਰੀਆਂ ਨੂੰ ਲਿਜਾਣਾ ਗੈਰਕਾਨੂੰਨੀ ਹੈ ਅਤੇ ਸਮਰੱਥਾ ਤੋਂ ਵੱਧ ਹਰ ਯਾਤਰੀ ਲਈ 2000 ਜੁਰਮਾਨਾ ਰੁਪਏ ਹੈ ਫਿਰ ਵੀ ਸੜਕ ‘ਤੇ ਅਕਸਰ ਓਵਰਲੋਡ ਬੱਸਾਂ ਵੇਖੀਆਂ ਜਾਂਦੀਆਂ ਹਨ। ਓਵਰਲੋਡ ਬੱਸਾਂ ਜਾਨਲੇਵਾ ਸੜਕ ਹਾਦਸਿਆਂ ਦੇ ਮੁੱਖ ਕਾਰਨਾਂ ‘ਚੋਂ ਇਕ ਹਨ ਅਤੇ ਡਰਾਈਵਰ ਇਸ ਦਾ ਖਮਿਆਜ਼ਾ ਭੁਗਤਦੇ ਹਨ।

ਬਾਜਵਾ ਨੇ ਕਿਹਾ ਕਿ ‘ਆਪ’ ਸਰਕਾਰ ਐਲਾਨ ਦੇ ਬਾਵਜੂਦ 26 ਜਨਵਰੀ ਨੂੰ ਸੂਬੇ ’ਚ 112 ਆਮ ਆਦਮੀ ਕਲੀਨਿਕ ਖੋਲ੍ਹਣ ’ਚ ਅਸਫਲ ਰਹੀ ਕਿਉਂਕਿ ਸੂਬਾ ਫੰਡਾਂ ਦੀ ਕਮੀ ਦੇ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਬਾਜਵਾ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ‘ਆਪ’ ਸਰਕਾਰੀ ਖ਼ਜ਼ਾਨੇ ’ਚੋਂ ਸਮਝਦਾਰੀ ਨਾਲ ਖਰਚ ਕਰਨ ਬਾਰੇ ਸੋਚੇ।

# ਭਾਰਤ ਨੇ ਪਾਕਿਸਤਾਨ ਵੱਲੋਂ ਲਾਏ ਗਏ ਦੋਸ਼ ਨਕਾਰੇ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਵੱਲੋਂ ਲਾਏ ਗਏ ਦੋਸ਼ ਸਿਰੇ ਤੋਂ ਖਾਰਜ ਕੀਤੇ ਹਨ ਜਿਨ੍ਹਾਂ ‘ਚ ਕਿਹਾ ਗਿਆ ਸੀ ਕਿ ਭਾਰਤੀ ਏਜੰਟਾਂ ਨੇ ਉਨ੍ਹਾਂ ਦੇ ਮੁਲਕ ਵਿਚ ਦੋ ਅਤਿਵਾਦੀਆਂ ਦੀਆਂ ਹੱਤਿਆਵਾਂ ਕਰਵਾਈਆਂ ਹਨ। ਪਾਕਿਸਤਾਨ ਨੇ ਦਾਅਵਾ ਕੀਤਾ ਹੈ ਕਿ ਉਸ ਕੋਲ ਜੈਸ਼-ਏ-ਮੁਹੰਮਦ ਤੇ ਲਸ਼ਕਰ-ਏ-ਤੋਇਬਾ ਨਾਲ ਸਬੰਧਤ ਦੋ ਪਾਕਿਸਤਾਨੀ ਅਤਿਵਾਦੀਆਂ ਦੀਆਂ ਹੱਤਿਆਵਾਂ ‘ਚ ਭਾਰਤੀ ਏਜੰਟਾਂ ਦੀ ਸ਼ਮੂਲੀਅਤ ਦੇ ਪੁਖ਼ਤਾ ਸਬੂਤ ਹਨ।

ਵਿਦੇਸ਼ ਸਕੱਤਰ ਮੁਹੰਮਦ ਸਾਈਰਸ ਸੱਜਾਦ ਕਾਜ਼ੀ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੋਸ਼ ਲਾਇਆ ਸੀ ਕਿ ਭਾਰਤ ਵੱਲੋਂ ਪਾਕਿਸਤਾਨ ਅੰਦਰ ਗ਼ੈਰਕਾਨੂੰਨੀ ਢੰਗ ਨਾਲ ਹੱਤਿਆਵਾਂ ਕੀਤੀਆਂ ਜਾ ਰਹੀਆਂ ਹਨ। ਪਠਾਨਕੋਟ ‘ਚ ਭਾਰਤੀ ਹਵਾਈ ਸੈਨਾ ਦੇ ਅੱਡੇ ‘ਤੇ 2016 ਵਿਚ ਕੀਤੇ ਗਏ ਹਮਲੇ ਦੇ ਮੁੱਖ ਸਾਜ਼ਿਸ਼ਘਾੜੇ ਸ਼ਾਹਿਦ ਲਤੀਫ਼ ਨੂੰ ਪਿਛਲੇ ਸਾਲ 11 ਅਕਤੂਬਰ ਨੂੰ ਸਿਆਲਕੋਟ ਦੀ ਇਕ ਮਸਜਿਦ ‘ਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ ਜੰਮੂ ਕਸ਼ਮੀਰ ‘ਚ ਦਹਿਸ਼ਤੀ ਹਮਲੇ ਦੇ ਮੁੱਖ ਸਾਜ਼ਿਸ਼ਕਾਰ ਰਿਆਜ਼ ਅਹਿਮਦ ਉਰਫ਼ ਅਬੂ ਕਾਸਿਮ ਨੂੰ ਪਿਛਲੇ ਸਾਲ 8 ਸਤੰਬਰ ਨੂੰ ਰਾਵਲਕੋਟ ਇਲਾਕੇ ਦੀ ਮਸਜਿਦ ਅੰਦਰ ਬੰਦੂਕਧਾਰੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਕਾਜ਼ੀ ਨੇ ਕਿਹਾ ਕਿ ਭਾਰਤੀ ਏਜੰਟਾਂ ਨੇ ਪਾਕਿਸਤਾਨ ‘ਚ ਹੱਤਿਆਵਾਂ ਲਈ ਵਿਦੇਸ਼ੀ ਧਰਤੀ ਉਤੇ ਤਕਨਾਲੋਜੀ ਅਤੇ ਸੁਰੱਖਿਅਤ ਟਿਕਾਣਿਆਂ ਦੀ ਵਰਤੋਂ ਕੀਤੀ। ਉਸ ਮੁਤਾਬਕ ਭਾਰਤੀ ਏਜੰਟਾਂ ਨੇ ਕੁਝ ਵਿਅਕਤੀਆਂ ਨੂੰ ਹੱਤਿਆਵਾਂ ਲਈ ਭਰਤੀ ਕਰਕੇ ਉਨ੍ਹਾਂ ਨੂੰ ਮਾਲੀ ਸਹਾਇਤਾ ਦਿੱਤੀ।



# ਨੋਬੇਲ ਜੇਤੂ ਅਰਥ ਸ਼ਾਸਤਰੀ ਯੂਨਿਸ ਨੂੰ ਜ਼ਮਾਨਤ ਮਿਲੀ

**ਢਾਕਾ:** ਬੰਗਲਾਦੇਸ਼ ਦੀ ਇਕ ਅਦਾਲਤ ਨੇ ਨੋਬੇਲ ਪੁਰਸਕਾਰ ਜੇਤੂ ਮੁਹੰਮਦ ਯੂਨਿਸ ਨੂੰ ਜ਼ਮਾਨਤ ਦੇ ਦਿੱਤੀ ਹੈ। ਉਨ੍ਹਾਂ ਨੂੰ ਦੇਸ਼ ਦੇ ਕਿਰਤ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਹੇਠ ਛੇ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤ ਉਨ੍ਹਾਂ ਦੀ ਸਜ਼ਾ ਖ਼ਿਲਾਫ਼ ਦਾਇਰ ਅਪੀਲ ਉਤੇ ਵੀ ਸੁਣਵਾਈ ਲਈ ਸਹਿਮਤ ਹੋ ਗਈ ਹੈ।

ਯੂਨਿਸ ਨੇ ਅਦਾਲਤ ‘ਚ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਜਿਸ ਨੂੰ ਮਨਜ਼ੂਰ ਕਰ ਲਿਆ ਗਿਆ। ਯੂਨਿਸ ਨੇ ਗਰੀਬ ਲੋਕਾਂ, ਖਾਸਕਰ ਔਰਤਾਂ ਦੀ ਮਦਦ ਲਈ ਛੋਟੇ ਕਰਜ਼ਿਆਂ ਸ਼ੁਰੂਆਤ ਕੀਤੀ ਸੀ। ਯੂਨਿਸ ਨੂੰ ਉਨ੍ਹਾਂ ਦੇ ਕੰਮ ਲਈ ਸਾਲ 2006 ਵਿਚ ਨੋਬੇਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਬੰਗਲਾਦੇਸ਼ ਦੇ 83 ਸਾਲਾ ਅਰਥ ਸ਼ਾਸਤਰੀ ਅਤੇ ਦੂਰਸੰਚਾਰ ਕੰਪਨੀ ਦੇ ਤਿੰਨ ਹੋਰ ਅਧਿਕਾਰੀਆਂ ਨੂੰ ਕਿਰਤ ਕਾਨੂੰਨਾਂ ਦੀ ਉਲੰਘਣਾ ਦੇ ਦੋਸ਼ ਹੇਠ ਪਹਿਲੀ ਜਨਵਰੀ ਨੂੰ ਛੇ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ ਪਰ ਫ਼ੈਸਲੇ ਅਤੇ ਸਜ਼ਾ ਖ਼ਿਲਾਫ਼ ਅਪੀਲ ਦਾਇਰ ਕਰਨ ਲਈ ਉਨ੍ਹਾਂ ਨੂੰ ਤੁਰਤ 30 ਦਿਨਾਂ ਦੀ ਜ਼ਮਾਨਤ ਦੇ ਦਿੱਤੀ ਗਈ ਸੀ। ਬਚਾਅ ਧਿਰ ਦੇ ਵਕੀਲ ਅਬਦੁੱਲਾ ਅਲ ਮਾਮੂਨ ਨੇ ਕਿਹਾ ਕਿ ਅਪੀਲ ‘ਤੇ ਪਹਿਲੀ ਸੁਣਵਾਈ 3 ਮਾਰਚ ਨੂੰ ਹੋਵੇਗੀ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 3 ਫਰਵਰੀ, 2024*

# ਸਿਆਸਤ ਦੇ ਰੰਗ

*ਇਸ ਹਫਤੇ ਸਿਆਸੀ ਪਿੜ ਅੰਦਰ ਦੋ ਅਜਿਹੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ ਜੋ ਇਹ ਸਾਫ ਸੰਕੇਤ ਦੇ ਰਹੀਆਂ ਹਨ ਕਿ ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਊਠ ਕਿਸ ਕਰਵਟ ਬੈਠੇਗਾ। ਪਹਿਲੀ ਘਟਨਾ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਜੁੜੀ ਹੋਈ ਹੈ ਜੋ ਇਕ ਵਾਰ ਫਿਰ ਪਾਸਾ ਬਦਲ ਕੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨਾਲ ਜਾ ਰਲੇ ਹਨ। ਦੂਜੀ ਘਟਨਾ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਤੋਂ ਹੈ ਜਿੱਥੇ ਸ਼ਹਿਰ ਦੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਹੋਣੀ ਸੀ। ਅੰਕੜਿਆਂ ਮੁਤਾਬਿਕ ਜਿੱਤ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਗਠਜੋੜ ਦੇ ਉਮੀਦਵਾਰਾਂ ਦੀ ਹੋਣੀ ਚਾਹੀਦੀ ਸੀ ਪਰ ਭਾਰਤੀ ਜਨਤਾ ਪਾਰਟੀ ਦੇ ਦਬਾਅ ਹੇਠ ਅਧਿਕਾਰੀਆਂ ਨੇ ਅਜਿਹੀ ਚਾਲ ਖੇਡੀ ਕਿ ਇਨ੍ਹਾਂ ਤਿੰਨਾਂ ਅਹੁਦਿਆਂ ਲਈ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਜੇਤੂ ਰਹੇ। 'ਆਪ' ਅਤੇ ਕਾਂਗਰਸ ਨੇ ਭਾਵੇਂ ਇਕ ਵਾਰ ਫਿਰ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ ਪਰ ਇਕ ਵਾਰ ਤਾਂ ਭਾਰਤੀ ਜਨਤਾ ਪਾਰਟੀ ਨੇ ਆਪਣਾ ਸਿਆਸੀ ਜਲੌਅ ਦਿਖਾ ਹੈ ਅਤੇ ਸਪਸ਼ਟ ਕਰ ਦਿੱਤਾ ਹੈ ਕਿ ਆਉਣ ਵਾਲੇ ਦਿਨਾਂ ਦੌਰਾਨ ਚੋਣਾਂ ਦੇ ਮਾਮਲੇ ਵਿਚ ਇਸ ਦਾ ਕੀ ਰੁਖ ਹੋਵੇਗਾ। ਸਿਆਸੀ ਮਾਹਿਰ ਵੀ ਇਹੀ ਕਹਿ-ਸੁਣ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਦੀ ਇਸ ਕਾਰਵਾਈ ਨੇ ਆਪਣੀ ਸਿਆਸਤ ਸਪਸ਼ਟ ਕਰ ਦਿੱਤੀ ਹੈ ਕਿ ਇਹ ਚੋਣਾਂ ਜਿੱਤਣ ਲਈ ਹਰ ਹੀਲਾ-ਵਸੀਲਾ ਕਰੇਗੀ।*

*ਨਿਤੀਸ਼ ਕੁਮਾਰ ਮਹਾਂਗੱਠਜੋੜ ਨਾਲੋਂ ਤੋੜ-ਵਿਛੋੜਾ ਕਰ ਕੇ ਬੜੇ ਆਰਾਮ ਨਾਲ ਹੀ ਐੱਨ.ਡੀ.ਏ. 'ਚ ਪਰਤ ਗਏ ਅਤੇ ਉਨ੍ਹਾਂ ਝਟਪਟ ਆਪਣੀ ਪਾਰਟੀ ਜਨਤਾ ਦਲ (ਯੂ.) ਅਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਸਰਕਾਰ ਵੀ ਬਣਾ ਲਈ ਹੈ। ਇਹ ਉਹੀ ਪਾਰਟੀ ਹੈ ਜਿਸ ਨਾਲੋਂ ਉਨ੍ਹਾਂ ਨੇ ਡੇਢ ਸਾਲ ਪਹਿਲਾਂ ਨਾਤਾ ਤੋੜ ਲਿਆ ਸੀ। ਉਨ੍ਹਾਂ ਦੇ ਮੋੜਾ ਕੱਟਣ ਕਾਰਨ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.), ਕਾਂਗਰਸ ਅਤੇ ਖੱਬੇ ਪੱਖੀਆਂ ਦੀ ਸ਼ਮੂਲੀਅਤ ਵਾਲੇ ਮਹਾਂ ਗੱਠਜੋੜ ਨੂੰ ਹੀ ਨਹੀਂ ਸਗੋਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਟੱਕਰ ਦੇਣ ਲਈ ਪਿਛਲੇ ਸਾਲ ਬਣਾਏ ਵਿਰੋਧੀ ਪਾਰਟੀਆਂ ਦੇ ਗੱਠਜੋੜ 'ਇੰਡੀਆ' ਨੂੰ ਤਕੜਾ ਝਟਕਾ ਲੱਗਿਆ ਹੈ। ਅਸਲ ਵਿਚ ਨਿਤੀਸ਼ ਕੁਮਾਰ ਖ਼ੁਦ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਇਸ ਮਹਾਂ ਗੱਠਜੋੜ ਦੇ ਚਿਹਰੇ ਵਜੋਂ ਪੇਸ਼ ਕਰ ਰਹੇ ਸਨ। ਉਂਝ, ਦੇਖਿਆ ਜਾਵੇ ਤਾਂ ਸਾਥੀ ਪਾਰਟੀਆਂ ਬਦਲਣਾ ਨਿਤੀਸ਼ ਕੁਮਾਰ ਕੋਈ ਨਵੀਂ ਗੱਲ ਨਹੀਂ। ਉਹ ਪਿਛਲੇ ਇੱਕ ਦਹਾਕੇ ਤੋਂ ਵਾਰ-ਵਾਰ ਅਜਿਹਾ ਕਰ ਰਹੇ ਹਨ। ਕਿਸੇ ਵੇਲੇ ਉਨ੍ਹਾਂ ਕਿਹਾ ਸੀ ਕਿ ਉਹ ਮਿੱਟੀ ਵਿਚ ਤਾਂ ਭਾਵੇਂ ਮਿਲ ਜਾਣ ਪਰ ਭਾਜਪਾ ਨਾਲ ਸਾਂਝ ਨਹੀਂ ਪਾਉਣਗੇ। ਅਜਿਹਾ ਆਖਣ ਦੇ ਬਾਵਜੂਦ ਉਨ੍ਹਾਂ ਨਿਰੋਲ ਮੌਕਾਪ੍ਰਸਤੀ ਵਰਤਦਿਆਂ ਭਾਰਤੀ ਜਨਤਾ ਪਾਰਟੀ ਨਾਲ ਮੁੜ ਸੁਲ੍ਹਾ ਕਰ ਲਈ। ਹੁਣ ਬਿਹਾਰ ਦੀ ਨਵੀਂ ਸਰਕਾਰ ਵਿਚ ਭਾਜਪਾ ਦੀ ਭੂਮਿਕਾ ਵਧ ਗਈ ਹੈ ਅਤੇ ਇਹ ਸੂਬੇ ਅੰਦਰ ਆਪਣਾ ਪ੍ਰਭਾਵ ਵਧਾਉਣ ਲਈ ਹਰ ਹਰਬਾ ਵਰਤੇਗੀ। ਹੋਰ ਤਾਂ ਹੋਰ, ਇਹ ਨਿਤੀਸ਼ ਕੁਮਾਰ ਨੂੰ ਨੁਕਸਾਨ ਪਹੁੰਚਾਉਣ ਦੀ ਵੀ ਕੋਈ ਕਸਰ ਨਹੀਂ ਛੱਡੇਗੀ। ਇਸ ਬਾਰੇ ਨਿਤੀਸ਼ ਕੁਮਾਰ ਨੂੰ ਵੀ ਅਹਿਸਾਸ ਹੈ ਪਰ ਅਜਿਹੀਆਂ ਸਭ ਸਿਆਸੀ ਗਿਣਤੀਆਂ-ਮਿਣਤੀਆਂ ਤੋਂ ਬਾਅਦ ਵੀ ਜੇ ਨਿਤੀਸ਼ ਕੁਮਾਰ ਨੇ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾਉਣ ਦਾ ਫੈਸਲਾ ਕੀਤਾ ਹੈ ਤਾਂ ਉਸ ਦਾ ਕੋਈ ਲੁਕਵਾਂ ਏਜੰਡਾ ਵੀ ਸੰਭਵ ਹੋ ਸਕਦਾ ਹੈ।*

*ਉਧਰ, ਚੰਡੀਗੜ੍ਹ ਨਗਰ ਨਿਗਮ ਦੀਆਂ ਚੋਣਾਂ ਦੇ ਨਤੀਜਿਆਂ ਨੇ ਸਭ ਨੂੰ ਹੈਰਾਨ ਕਰ ਦਿੱਤਾ ਹੈ। ਚੋਣਾਂ ਦੌਰਾਨ 8 ਵੋਟਾਂ ਨੂੰ ਅਯੋਗ ਕਰਾਰ ਦੇ ਦਿੱਤਾ ਗਿਆ। ਅਯੋਗ ਕਰਾਰ ਦਿੱਤੀਆਂ ਗਈਆਂ ਵੋਟਾਂ ਦੀ ਵੱਡੀ ਗਿਣਤੀ ਹੀ ਕਈ ਤਰ੍ਹਾਂ ਦੇ ਸ਼ੱਕ ਪੈਦਾ ਕਰਦੀ ਹੈ। ਇਸ ਨੇ ਸਮੁੱਚੇ ਚੋਣ ਅਮਲ ਉਤੇ ਵੀ ਸਵਾਲੀਆ ਨਿਸ਼ਾਨ ਲਾ ਦਿੱਤਾ ਹੈ। ਚੇਤੇ ਰਹੇ ਕਿ ਇਹ ਚੋਣ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀਆਂ ਹਦਾਇਤਾਂ ਉਤੇ ਕਰਵਾਈ ਗਈ ਸੀ ਕਿਉਂਕਿ ਮੂਲ ਰੂਪ ਵਿਚ 18 ਜਨਵਰੀ ਨੂੰ ਹੋਣ ਵਾਲੀ ਨਗਰ ਨਿਗਮ ਦੀ ਚੋਣ ਨੂੰ ਵਿਵਾਦਗ੍ਰਸਤ ਹਾਲਾਤ ਦੌਰਾਨ ਮੁਲਤਵੀ ਕਰ ਦਿੱਤਾ ਗਿਆ ਸੀ। ਉਸ ਦਿਨ ਪ੍ਰੀਜ਼ਾਈਡਿੰਗ ਅਫਸਰ 'ਬਿਮਾਰ' ਹੋਣਕਾਰਜ ਹਾਜ਼ਰ ਨਹੀਂ ਸਨ ਹੋ ਸਕੇ ਅਤੇ ਚੋਣਾਂ ਮੁਲਤਵੀ ਕਰਨ ਦਾ ਐਲਾਨ ਕਰ ਦਿੱਤਾ ਗਿਆ ਸੀ। ਦਰਅਸਲ, ਚੰਡੀਗੜ੍ਹ ਮੇਅਰ ਦੀ ਚੋਣ ਨੂੰ ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਰਤੀ ਜਨਤਾ ਪਾਰਟੀ ਅਤੇ 'ਇੰਡੀਆ' ਗੱਠਜੋੜ ਦਰਮਿਆਨ ਵੱਡੇ ਮੁਕਾਬਲੇ ਵਜੋਂ ਦੇਖਿਆ ਜਾ ਰਿਹਾ ਸੀ। ਪੰਜਾਬ ਵਿਚ ਇਕ-ਦੂਜੀ ਦੇ ਖਿਲਾਫ ਡਟੀਆਂ 'ਆਪ' ਅਤੇ ਕਾਂਗਰਸ ਨੇ ਚੰਡੀਗੜ੍ਹ ਵਿਚ ਭਾਰਤੀ ਜਨਤਾ ਪਾਰਟੀ ਜੇਤੂ ਮੁਹਿੰਮ ਠੱਲ੍ਹਣ ਲਈ ਹੱਥ ਮਿਲਾਏ ਸਨ ਪਰ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਦੋਹਾਂ ਪਾਰਟੀਆਂ ਕੋਲ ਵਧੇਰੇ ਵੋਟਾਂ ਹੋਣ ਦੇ ਬਾਵਜੂਦ ਇਨ੍ਹਾਂ ਦੀ ਪੇਸ਼ ਨਹੀਂ ਜਾਣ ਦਿੱਤੀ। ਭਾਰਤੀ ਜਨਤਾ ਪਾਰਟੀ ਦਾ ਜੋ ਵਿਹਾਰ ਇਸ ਚੋਣ ਦੌਰਾਨ ਸਾਹਮਣੇ ਆਇਆ ਹੈ, ਉਸ ਨੇ ਸਾਫ ਕਰ ਦਿੱਤਾ ਹੈ ਕਿ ਇਹ ਲੋਕ ਸਭਾ ਚੋਣਾਂ ਵਿਚ ਕੀ ਕੁਝ ਕਰ ਸਕਦੀ ਹੈ। ਵੈਸੇ ਵੀ ਆਪਣੀ ਧਰੁਵੀਕਰਨ ਦੀ ਧੂੰਆਂਧਾਰ ਮੁਹਿੰਮ ਰਾਹੀਂ ਇਸ ਨੇ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਆਮ ਹਿੰਦੂ ਤਬਕਾ ਇਕ ਖਾਸ ਭਾਈਚਾਰੇ ਦਾ ਵਿਰੋਧੀ ਬਣ ਗਿਆ ਹੈ। ਇਸ ਧਰੁਵੀਕਰਨ ਖਾਤਰ ਹੀ ਭਾਰਤੀ ਜਨਤਾ ਪਾਰਟੀ ਨੇ ਅਯੁੱਧਿਆ ਵਿਚ ਅਧੂਰੇ ਰਾਮ ਮੰਦਰ ਦਾ ਉਦਘਾਟਨ ਕੀਤਾ। ਦੂਜੇ ਬੰਨੇ, ਇਸ ਸਾਰੀ ਸਰਗਰਮੀ ਦੌਰਾਨ ਵਿਰੋਧੀ ਧਿਰ, ਖਾਸ ਕਰ ਕੇ ਕਾਂਗਰਸ ਦੀ ਨਾਲਾਇਕੀ ਵੀ ਜ਼ਾਹਿਰ ਹੋ ਗਈ ਜੋ ਵਿਰੋਧੀ ਧਿਰ ਵਾਲੀਆਂ ਪਾਰਟੀਆਂ ਨੂੰ ਵੇਲੇ ਸਿਰ ਇਕ ਮੰਚ 'ਤੇ ਲਿਆਉਣ ਵਿਚ ਨਾਕਾਮ ਰਹੀ ਹੈ। ਹਾਲ ਦੀ ਘੜੀ ਲੋਕ ਸਭਾ ਚੋਣਾਂ ਦੇ ਪ੍ਰਸੰਗ ਵਿਚ ਪਲੜਾ ਭਾਰਤੀ ਜਨਤਾ ਪਾਰਟੀ ਵੱਲ ਝੁਕਿਆ ਜਾਪਦਾ ਹੈ। ਇਹ ਆਉਣ ਵਾਲਾ ਸਮਾਂ ਦੱਸੇਗਾ ਕਿੰਨੀ ਮਜ਼ਬੂਤ ਹੋਈ ਭਾਰਤੀ ਜਨਤਾ ਪਾਰਟੀ ਨੂੰ ਹਰਾਇਆ ਜਾ ਸਕਦਾ ਹੈ ਜਾਂ ਨਹੀਂ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗਿਰਗਿਟ ਦਾ ਇਤਰਾਜ਼!*

ਪਹਿਲਾਂ ਖੜ੍ਹਨ ਸਟੇਜਾਂ 'ਤੇ ਹੱਥ ਫੜ ਕੇ ਪਲਾਂ ਵਿਚ ਦਿਖਾਉਂਦੇ ਐ ਕੰਡ ਮੀਆਂ।
'ਫਸਲ' ਵੋਟਾਂ ਦੀ ਵੱਢਣ ਦੇ ਵਾਸਤੇ ਜੀ 'ਲੋਕ-ਸੇਵਾ' ਦੇ ਕਰਨ ਪਖੰਡ ਮੀਆਂ।
ਕਰੇ ਕੋਈ 'ਵਿਸ਼ਵਾਸ' ਕੀ ਇਨ੍ਹਾਂ ਉੱਤੇ ਜਿਹੜੇ ਹਨ ਹੀ 'ਝੂਠ ਦੀ ਪੰਡ' ਮੀਆਂ।
ਜਨਤਾ ਆਖਦੀ ਬਹੁਤ ਮਾਯੂਸ ਹੋ ਕੇ ਕਿੱਦਾਂ ਮਿਲੂ 'ਮੱਕਾਰਾਂ' ਨੂੰ ਦੰਡ ਮੀਆਂ।
'ਜ਼ਿੰਦਾਬਾਦ' ਕਹਾਉਣ ਦੇ ਯੋਗ ਨਾਹੀਂ ਹੋਣੀ ਚਾਹੀਦੀ ਇਨ੍ਹਾਂ ਦੀ 'ਝੰਡ' ਮੀਆਂ।
ਗਿਰਗਿਟ ਸੋਚਦੀ ਦੇਖ ਕੇ ਪਲਟੂਆਂ ਨੂੰ ਮੈਨੂੰ 'ਐਵੇਂ ਹੀ' ਦਿੱਤਾ ਐ ਭੰਡ ਮੀਆਂ!

## ਅਯੁੱਧਿਆ ਵਿਚ ਮੰਦਰ ਦੇ ਉਦਘਾਟਨ ਤੋਂ ਬਾਅਦ

# ਹੁਣ ਗਿਆਨਵਾਪੀ ਮਸਜਿਦ ਦਾ ਮਾਮਲਾ ਭਖਾਇਆ

22 ਜਨਵਰੀ ਨੂੰ ਵੱਡੇ ਸਮਾਗਮ ਦੌਰਾਨ ਅਯੁੱਧਿਆ ਵਿਚ ਉਸਾਰੀ ਅਧੀਨ ਰਾਮ ਮੰਦਰ ਦਾ ਉਦਘਾਟਨ ਕਰ ਦਿੱਤਾ ਗਿਆ। ਰਾਮ ਮੰਦਰ ਪ੍ਰਾਣ ਪ੍ਰਤਿਸ਼ਠਾ ਸਮਾਗਮ ਰਾਹੀਂ ਭਾਜਪਾ ਨੇ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਰਾਜਨੀਤਕ ਲਾਹਾ ਲੈਣ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਆਰ.ਐਸ.ਐਸ. ਅਤੇ ਭਾਜਪਾ ਕਈ ਦਹਾਕਿਆਂ ਤੋਂ ਅਯੁੱਧਿਆ ਵਿਚ ਮੰਦਰ ਬਣਾਉਣ ਦਾ ਮਾਮਲਾ ਉਭਾਰ ਕੇ ਵੱਡੀ ਪੱਧਰ 'ਤੇ ਲਾਮਬੰਦੀ ਕਰ ਰਹੀਆਂ ਸਨ। ਇਹਨਾਂ ਇਸ ਮਾਮਲੇ ਦਾ ਖ਼ੂਬ ਸਿਆਸੀ ਲਾਹਾ ਲਿਆ ਹੈ ਪਰ ਹੁਣ ਜਦ ਅਯੁੱਧਿਆ ਵਿਚ ਮੰਦਰ ਬਣ ਗਿਆ ਹੈ ਤਾਂ ਭਾਜਪਾ ਲਈ ਮੁੱਦੇ ਮੁੱਕੇ ਨਹੀਂ ਬਲਕਿ ਹੁਣ ਵਾਰਾਣਸੀ ਦੀ ਗਿਆਨਵਾਪੀ ਮਸਜਿਦ ਦੀ ਚਰਚਾ ਜ਼ੋਰ-ਸ਼ੋਰ ਨਾਲ ਛਿੜ ਚੁੱਕੀ ਹੈ। ਗਿਆਨਵਾਪੀ ਮਸਜਿਦ ਕੰਪਲੈਕਸ ਦੇ ਭਾਰਤੀ ਪੁਰਾਤੱਤਵ ਵਿਭਾਗ (ਏ.ਐਸ.ਆਈ.) ਦੇ ਸਰਵੇਖਣ ਬਾਅਦ ਦਾਅਵਾ ਕੀਤਾ ਗਿਆ ਹੈ ਕਿ ਮੌਜੂਦਾ ਢਾਂਚੇ ਦੇ ਨਿਰਮਾਣ ਤੋਂ ਪਹਿਲਾਂ ਉੱਥੇ 'ਵੱਡਾ ਹਿੰਦੂ ਮੰਦਰ' ਮੌਜੂਦ ਸੀ। ਦਰਅਸਲ, ਵਾਰਾਣਸੀ ਜ਼ਿਲ੍ਹਾ ਅਦਾਲਤ ਨੇ ਪਿਛਲੇ ਸਾਲ ਜੁਲਾਈ ਮਹੀਨੇ ਏ.ਐਸ.ਆਈ. ਨੂੰ ਮਸਜਿਦ ਕੰਪਲੈਕਸ ਦਾ ਸਰਵੇਖਣ ਕਰਨ ਦੇ ਹੁਕਮ ਦਿੱਤੇ ਸਨ; ਉਸ ਤੋਂ ਬਾਅਦ ਮਾਮਲਾ ਉੱਚ ਅਦਾਲਤਾਂ ਵਿਚ ਵੀ ਗਿਆ ਸੀ ਅਤੇ 4 ਅਗਸਤ ਨੂੰ ਏ.ਐਸ.ਆਈ. ਨੇ ਸਖ਼ਤ ਸੁਰੱਖਿਆ ਦਰਮਿਆਨ ਸਰਵੇਖਣ ਸ਼ੁਰੂ ਕੀਤਾ ਸੀ।





**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਏ.ਐਸ.ਆਈ. ਨੇ ਮਸਜਿਦ ਦਾ ਇਸ ਮੰਤਵ ਨਾਲ ਅਦਾਲਤ-ਪ੍ਰਵਾਨਤ ਵਿਗਿਆਨਕ ਸਰਵੇਖਣ ਕੀਤਾ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਇਹ ਮੰਦਰ ਦੀ ਪਹਿਲਾਂ ਤੋਂ ਮੌਜੂਦ ਬਣਤਰ ਉੱਤੇ ਬਣਾਈ ਗਈ ਸੀ ਕਿਉਂਕਿ ਹਿੰਦੂ ਪਟੀਸ਼ਨਰਾਂ ਦੁਆਰਾ ਦਾਅਵਾ ਕੀਤਾ ਗਿਆ ਸੀ। ਵਾਰਾਣਸੀ ਦੀ ਅਦਾਲਤ ਨੇ 24 ਜਨਵਰੀ ਨੂੰ ਏ.ਐਸ.ਆਈ. ਦੀ ਰਿਪੋਰਟ ਸਾਰੀਆਂ ਧਿਰਾਂ ਨੂੰ ਉਪਲੱਬਧ ਕਰਾਉਣ ਦੀ ਇਜਾਜ਼ਤ ਦਿੱਤੀ ਸੀ ਜਿਸ ਤੋਂ ਬਾਅਦ ਇਸ ਬਾਰੇ ਮੀਡੀਆ ਵਿਚ ਚਰਚਾ ਹੋ ਰਹੀ ਹੈ।

ਏ.ਐਸ.ਆਈ. ਦੀ ਲੱਗਭੱਗ 839 ਪੰਨਿਆਂ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਗਿਆਨਕ ਅਧਿਐਨ, ਸਰਵੇਖਣ, ਵਸਤੂਸ਼ਿਲਪ ਦੇ ਬਚੇ-ਖੁਚੇ ਨਮੂਨੇ, ਖਾਸੀਅਤਾਂ, ਕਲਾਕ੍ਰਿਤੀਆਂ, ਸ਼ਿਲਾ-ਲੇਖਾਂ, ਕਲਾ ਅਤੇ ਮੂਰਤੀਆਂ ਦੇ ਅਧਿਐਨ ਤੋਂ ਇਹ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਮੌਜੂਦਾ ਢਾਂਚਾ ਬਣਨ ਤੋਂ ਪਹਿਲਾਂ ਇਸ ਥਾਂ ਹਿੰਦੂ ਮੰਦਰ ਦੀ ਹੋਂਦ ਸੀ। ਏ.ਐਸ.ਆਈ. ਦੀ ਰਿਪੋਰਟ ਅਨੁਸਾਰ, "ਇੱਕ ਕਮਰੇ ਅੰਦਰੋਂ ਮਿਲੇ ਅਰਬੀ-ਫਾਰਸੀ ਵਿਚ ਲਿਖੇ ਸ਼ਿਲਾ-ਲੇਖ ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਮਸਜਿਦ ਦਾ ਨਿਰਮਾਣ ਮੁਗਲਾਂ ਦੇ ਸ਼ਾਸਨ ਕਾਲ ਦੌਰਾਨ (1676-77) ਹੋਇਆ ਸੀ। ਇਸ ਲਈ ਮਹਿਸੂਸ ਹੁੰਦਾ ਹੈ ਕਿ ਪਹਿਲਾਂ ਤੋਂ ਮੌਜੂਦ ਢਾਂਚੇ ਨੂੰ 17ਵੀਂ ਸਦੀ ਵਿਚ ਔਰੰਗਜ਼ੇਬ ਦੇ ਸ਼ਾਸਨ ਕਾਲ ਦੌਰਾਨ ਢਾਹ ਦਿੱਤਾ ਗਿਆ ਸੀ ਅਤੇ ਇਸ ਦੇ ਕੁਝ ਹਿੱਸਿਆਂ ਨੂੰ ਬਦਲ ਕੇ ਮੌਜੂਦਾ ਢਾਂਚੇ ਵਿਚ ਵਰਤਿਆ ਗਿਆ ਸੀ।"

ਹੁਣ ਅਦਾਲਤ ਇਸ ਮਾਮਲੇ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਬਾਅਦ ਮਾਹਰਾਂ ਤੋਂ ਰਾਇ ਲੈ ਸਕਦੀ ਹੈ ਹਾਲਾਂਕਿ ਮੁਸਲਿਮ ਭਾਈਚਾਰੇ ਦਾ ਕਹਿਣਾ ਹੈ ਕਿ ਗਿਆਨਵਾਪੀ ਮਸਜਿਦ ਵਿਚ ਅਕਬਰ ਤੋਂ ਲਗਭਗ 150 ਸਾਲ ਪਹਿਲਾਂ ਮੁਸਲਮਾਨ ਨਮਾਜ਼ ਪੜ੍ਹਦੇ ਆ ਰਹੇ ਹਨ। ਵੈਸੇ ਇਸ ਸਰਵੇਖਣ ਵਿਚ ਗਿਆਨਵਾਪੀ ਮਸਜਿਦ ਦੇ ਉਸ 'ਢਾਂਚੇ' ਦਾ ਜ਼ਿਕਰ ਨਹੀਂ ਜੋ ਅਦਾਲਤੀ ਹੁਕਮਾਂ ਤਹਿਤ 'ਸੀਲ' ਕੀਤਾ ਹੋਇਆ ਹੈ। ਉਸ ਵਜ਼ੂਖਾਨੇ ਵਿਚ ਹਿੰਦੂ ਪੱਖ ਦਾ ਦਾਅਵਾ ਹੈ ਕਿ ਸ਼ਿਵਲਿੰਗ ਮੌਜੂਦ ਹੈ; ਮੁਸਲਿਮ ਧਿਰ ਇਸ ਨੂੰ ਫੁਹਾਰਾ ਦੱਸਦੀ ਹੈ।

ਜਦ ਸਾਡੇ ਕੋਲ ਸਰਕਾਰ ਵੱਲੋਂ 1991 ਵਿਚ ਬਣਾਇਆ 'ਪੂਜਾ ਸਥਾਨਾਂ ਬਾਰੇ ਐਕਟ' (ਵਿਸ਼ੇਸ਼ ਪ੍ਰਬੰਧ) ਹੈ ਤਾਂ ਹੁਣ ਇਸ ਤਰ੍ਹਾਂ ਦੇ ਸਵਾਲ ਖੜ੍ਹੇ ਕਰਨੇ ਭਾਈਚਾਰਕ ਸਾਂਝ ਤੋੜਨ ਤੋਂ ਵੱਧ ਕੁਝ ਨਹੀਂ ਹੈ। ਇਹ ਐਕਟ ਸਪੱਸ਼ਟ ਕਰਦਾ ਹੈ ਕਿ ਕਿਸੇ ਵੀ ਧਾਰਮਿਕ, ਤੀਰਥ, ਪੂਜਾ ਸਥਾਨ ਦਾ ਜੋ ਸਰੂਪ 15 ਅਗਸਤ 1947 ਨੂੰ ਸੀ, ਉਹ ਉਸੇ ਤਰ੍ਹਾਂ ਰਹੇਗਾ। ਇਹ ਐਕਟ ਪੂਜਾ ਸਥਾਨਾਂ ਦੇ ਧਾਰਮਿਕ ਸਰੂਪ ਨੂੰ ਸੁਰੱਖਿਅਤ ਰੱਖਣ ਦੀ ਗਾਰੰਟੀ ਦਿੰਦਾ ਹੈ ਤਾਂ ਫਿਰ ਵਾਰ-ਵਾਰ ਸਵਾਲ ਕਿਉਂ ਖੜ੍ਹੇ ਕੀਤੇ ਜਾ ਰਹੇ ਹਨ।

ਹਕੀਕਤ ਇਹ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਅਯੁੱਧਿਆ ਦਾ ਮਾਮਲਾ ਕਦੇ ਵੀ ਸਿਰਫ਼ ਧਾਰਮਿਕ ਨਹੀਂ ਰਿਹਾ ਬਲਕਿ ਇਸ ਪਿੱਛੇ ਹਮੇਸ਼ਾ ਸਿਆਸਤ ਕੰਮ ਕਰਦੀ ਰਹੀ ਹੈ। ਇਹ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਰਾਮ ਮੰਦਰ ਅੰਦੋਲਨ ਨੇ ਨਾ ਸਿਰਫ਼ ਹਿੰਦੂਤਵ ਅਤੇ ਬਹੁਗਿਣਤੀਵਾਦ ਨੂੰ ਮੁੱਖ ਧਾਰਾ ਵਿਚ ਲਿਆਂਦਾ ਸਗੋਂ ਭਾਜਪਾ ਵਰਗੀ ਫਿਰਕੂ ਪਾਰਟੀ ਨੇ 'ਸੱਤਾ' ਹਾਸਲ ਕਰ ਕੇ ਭਾਰਤੀ ਰਾਜਨੀਤੀ ਦਾ ਮੂੰਹ-ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ। ਦੋ ਸੰਸਦ ਮੈਂਬਰਾਂ ਵਾਲੀ ਪਾਰਟੀ ਸੈਂਕੜੈ ਸੰਸਦ ਮੈਂਬਰਾਂ ਤੱਕ ਪਹੁੰਚੀ ਤਾਂ ਇਸ ਪਿੱਛੇ ਇਹੋ ਮੁੱਦਾ ਹੈ ਜਿਸ ਨੇ ਪਿਛਲੇ ਤਿੰਨ ਦਹਾਕਿਆਂ ਤੋਂ ਭਾਜਪਾ ਅਤੇ ਡੇਢ ਦਹਾਕੇ ਤੋਂ ਨਰਿੰਦਰ ਮੋਦੀ ਨੂੰ ਬਹੁ ਗਿਣਤੀ ਵਿਚ ਪ੍ਰਭਾਵਸ਼ਾਲੀ ਆਗੂ ਵਜੋਂ ਸਥਾਪਤ ਕੀਤਾ, ਉਸ ਮੁੱਦੇ ਨੂੰ ਭਾਜਪਾ ਛੱਡਣਾ ਕਿਉਂ ਚਾਹੇਗੀ। ਇਸੇ ਕਰ ਕੇ ਹੁਣ ਵਾਰਾਣਸੀ ਦੀ ਗਿਆਨਵਾਪੀ ਮਸਜਿਦ ਦਾ ਮੁੱਦਾ ਉੱਭਰ ਕੇ ਸਾਹਮਣੇ ਆ ਰਿਹਾ ਹੈ।

ਸੰਵਿਧਾਨ ਅਨੁਸਾਰ ਸਾਡਾ ਦੇਸ਼ ਧਰਮ ਨਿਰਪੱਖ ਲੋਕਤੰਤਰ ਹੈ ਤਾਂ ਪ੍ਰਧਾਨ ਮੰਤਰੀ ਵੱਲੋਂ ਸਿਰਫ ਇੱਕ ਧਰਮ ਦੇ ਧਾਰਮਿਕ ਸਮਾਗਮਾਂ ਵਿਚ ਮੋਹਰੀ ਭੂਮਿਕਾ ਅਦਾ ਕਰਨਾ ਕੀ ਸੰਕੇਤ ਦਿੰਦਾ ਹੈ? ਅਸਲ ਵਿਚ ਦੇਸ਼ ਅੰਦਰ ਬਹੁਗਿਣਤੀ ਨੂੰ ਖੁਸ਼ ਕਰਨ ਅਤੇ ਘੱਟਗਿਣਤੀਆਂ ਵਿਚ ਸਹਿਮ ਪੈਦਾ ਕਰਨ ਦੀ ਰਾਜਨੀਤੀ ਕੀਤੀ ਜਾ ਰਹੀ ਹੈ। ਇਹੋ ਕਾਰਨ ਹੈ ਕਿ ਅਯੁੱਧਿਆ ਵਿਚਲੇ ਸਮਾਗਮ ਤੋਂ ਇੱਕ ਦਿਨ ਪਹਿਲਾਂ ਮੁੰਬਈ ਦੇ ਮੀਰਾ ਰੋਡ ਦੇ ਨਯਾ ਨਗਰ ਖੇਤਰ ਵਿਚ 'ਰਾਮ ਰਾਜ ਰੱਥ ਯਾਤਰਾ' ਨਾਮ ਦੀ ਰੈਲੀ ਦੌਰਾਨ ਹੋਏ ਪਥਰਾਓ ਤੋਂ ਬਾਅਦ ਉਸ ਖੇਤਰ 'ਚ ਹਿੰਦੂ-ਮੁਸਲਿਮ ਭਾਈਚਾਰਿਆਂ ਦਰਮਿਆਨ ਤਣਾਅ ਪੈਦਾ ਹੋ ਗਿਆ। ਇਸ ਤੋਂ ਅਗਲੇ ਦਿਨ ਨਗਰ ਨਿਗਮ ਦੇ ਇਲਾਕੇ ਵਿਚ ਕੁਝ ਦੁਕਾਨਾਂ ਉੱਤੇ ਬੁਲਡੋਜ਼ਰ ਚਲਾਇਆ ਗਿਆ ਹਾਲਾਂਕਿ ਨਗਰ ਨਿਗਮ ਵੱਲੋਂ ਦਾਅਵਾ ਕੀਤਾ ਗਿਆ ਕਿ ਇਹ ਕਾਰਵਾਈ ਗੈਰ ਕਾਨੂੰਨੀ ਇਮਾਰਤਾਂ ਨੂੰ ਹਟਾਉਣ ਲਈ ਕੀਤੀ ਗਈ ਹੈ ਪਰ ਇਮਾਰਤਾਂ ਤੋਂ ਇਲਾਵਾਂ ਮੁਸਲਮਾਨ ਭਾਈਚਾਰੇ ਦੀਆਂ ਗੱਡੀਆਂ ਦੀ ਭੰਨ-ਤੋੜ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ।

ਅਯੁੱਧਿਆ ਵਿਚ ਸਮਾਗਮ ਤੋਂ ਇੱਕ ਦਿਨ ਪਹਿਲਾਂ 21 ਜਨਵਰੀ ਨੂੰ ਮੱਧ ਪ੍ਰਦੇਸ਼ ਦੇ ਝਾਂਬੂਆ ਵਿਚ ਕੁਝ ਨੌਜਵਾਨਾਂ ਨੇ ਇੱਕ 'ਚਰਚ' ਉੱਤੇ ਭਗਵਾ ਝੰਡਾ ਲਹਿਰਾ ਦਿੱਤਾ। ਇਸ ਮਾਮਲੇ ਕਾਰਨ ਇਸਾਈ ਭਾਈਚਾਰੇ ਵਿਚ ਤਣਾਅ ਪੈਦਾ ਹੋ ਗਿਆ ਹੈ। ਮੱਧ ਪ੍ਰਦੇਸ਼ ਦੇ ਇੰਦੌਰ ਨੇੜੇ ਕੁਝ ਲੋਕਾਂ ਨੇ ਮਸਜਿਸ ਦੇ ਸਾਹਮਣੇ ਸੜਕ ਉੱਤੇ ਬੈਠ ਕੇ ਹਨੂਮਾਨ ਚਾਲੀਸਾ ਪੜ੍ਹਿਆ, ਕੀ ਇਹ ਕਾਰਵਾਈ ਮੁਸਲਿਮ ਭਾਈਚਾਰੇ ਨੂੰ ਡਰਾਉਣ ਵਾਲੀਆਂ ਨਹੀਂ? ਤਿਲੰਗਾਨਾ ਦੇ ਸਾਂਗਾਰੈੱਡੀ ਵਿਚ ਇੱਕ ਨੌਜਵਾਨ ਨੂੰ ਨਿਰਵਸਤਰ ਕਰ ਕੇ ਉਸ ਦੇ ਗੁਪਤ ਅੰਗਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਉਸ ਪਿੱਛੇ ਤੁਰ ਰਹੀ ਭੀੜ ਧਾਰਮਿਕ ਨਾਅਰੇ ਲਾ ਰਹੀ ਹੈ। ਪੁਲਿਸ ਨੇ ਦੋਵੇਂ ਧਿਰਾਂ ਖਿਲਾਫ ਕੇਸ ਦਰਜ ਕੀਤੇ ਹਨ। ਹੈਰਾਨੀਜਨਕ ਹੈ ਕਿ ਜਿਸ ਨੌਜਵਾਨ ਨੂੰ ਨੰਗਾ ਕਰ ਕੇ ਘੁਮਾਇਆ ਗਿਆ, ਉਸੇ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ ਹੈ।

ਇਹ ਤੱਥ ਹਨ ਕਿ ਮੁਗਲ ਸ਼ਾਸਕ ਜ਼ਾਲਮ ਤੇ ਧਾਰਮਿਕ ਕੱਟੜ ਸਨ ਜਿਨ੍ਹਾਂ ਜਬਰੀ ਧਰਮ ਪਰਿਵਤਰਨ ਕਰਵਾਏ, ਦੂਜੇ ਧਰਮਾਂ ਦੇ ਧਾਰਮਿਕ ਸਥਾਨ ਵੀ ਢਾਹੇ ਪਰ ਜੇ ਅੱਜ ਸੈਂਕੜੇ ਸਾਲਾਂ ਬਾਅਦ ਕੋਈ ਹੁਕਮਰਾਨ ਉਸੇ ਤਰ੍ਹਾਂ ਦਾ ਵਿਹਾਰ ਕਰੇਗਾ ਤਾਂ ਮੁਗਲ ਸ਼ਾਸਕਾਂ ਅਤੇ ਉਸ ਵਿਚ ਕੀ ਫਰਕ ਰਹਿ ਜਾਵੇਗਾ? ਜੇ ਔਰੰਗਜ਼ੇਬ ਵਰਗੇ ਮੁਗਲ ਸ਼ਾਸਕਾਂ ਨੇ ਲੋਕਾਂ 'ਤੇ ਜਬਰ ਕੀਤਾ ਤਾਂ ਉਸ ਦਾ ਉਹਨਾਂ ਨੂੰ ਮੂੰਹ ਤੋੜ ਜਵਾਬ ਵੀ ਮਿਲਿਆ ਸੀ। ਉਹਨਾਂ ਦੀ ਸਲਤਨਤ ਢਹਿ-ਢੇਰੀ ਵੀ ਹੋਈ। ਜੇ ਮੁਗਲ ਸ਼ਾਸਕਾਂ ਦਾ ਇਤਿਹਾਸ ਜਬਰ ਕਰਨ ਦੇ ਕਿੱਸਿਆਂ ਨਾਲ ਭਰਿਆ ਪਿਆ ਹੈ ਤਾਂ ਜਬਰ ਦਾ ਟਾਕਰਾ ਕਰਨ ਵਾਲੇ ਯੋਧਿਆਂ ਦੀਆਂ ਬਹਾਦਰੀ ਭਰੀਆਂ ਕਹਾਣੀਆਂ ਵੀ ਘੱਟ ਨਹੀਂ।

ਇਤਿਹਾਸ ਆਪਣੇ ਆਪ ਵਿਚ ਬਹੁਤ ਕੁਝ ਸਮੋਈ ਬੈਠਾ ਹੁੰਦਾ ਹੈ, ਨਵੀਆਂ ਪੀੜ੍ਹੀਆਂ ਲਈ ਇਤਿਹਾਸ ਨੂੰ ਸੰਭਾਲ ਕੇ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ। ਭਾਜਪਾ ਵੱਲੋਂ ਸੜਕਾਂ, ਸ਼ਹਿਰਾਂ ਦੇ ਨਾਮ ਬਦਲਣ ਦੀ ਨੀਤੀ ਇਤਿਹਾਸ ਨੂੰ ਮਲੀਆਮੇਟ ਕਰਨ ਵਾਲੀ ਹੈ। ਉਸੇ ਨੀਤੀ ਨੂੰ ਅੱਗੇ ਵਧਾ ਕੇ ਭਾਜਪਾ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਵਿਚ ਸਹਿਮ ਪੈਦਾ ਕਰ ਰਹੀ ਹੈ। ਜੇ ਔਰੰਗਜ਼ੇਬ ਨੇ ਆਪਣੇ ਸ਼ਾਸਨ ਦੌਰਾਨ ਹਿੰਦੂ ਸਕੂਲ ਅਤੇ ਮੰਦਰ ਤੋੜਨ ਦਾ ਹੁਕਮ ਦਿੱਤਾ ਸੀ ਤਾਂ ਉਸ ਦਾ ਨਾਮ ਇਤਿਹਾਸ ਵਿਚ ਮਾੜੇ ਪ੍ਰਸ਼ਾਸਕ ਵਜੋਂ ਦਰਜ ਹੈ ਪਰ ਜੋ ਹੁਣ ਵਾਲੀ ਹਕੂਮਤ ਕਰ ਰਹੀ ਹੈ, ਉਹ ਕਿਹੜਾ ਕਿਸੇ ਪੱਖੋਂ ਘੱਟ ਹੈ।

ਅਸਲ ਮਾਮਲਾ ਇਹ ਹੈ ਕਿ ਸਮਾਜ ਸਾਹਮਣੇ ਮੂੰਹ ਅੱਡੀ ਖੜ੍ਹੇ ਬੇਰੁਜ਼ਗਾਰੀ, ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ ਜਿਹੇ ਮੁੱਦਿਆਂ ਨੂੰ ਹੱਲ ਕਰਨ ਵੱਲ ਸਰਕਾਰਾਂ ਨੇ ਧਿਆਨ ਨਹੀਂ ਦਿੱਤਾ। ਇਸ ਤੋਂ ਪਹਿਲਾਂ ਕਿ ਚੋਣਾਂ ਸਮੇਂ ਲੋਕ ਇਹਨਾਂ ਮੁੱਦਿਆਂ 'ਤੇ ਸਰਕਾਰ ਅੱਗੇ ਸਵਾਲ ਕਰਨ, ਸੱਤਾ ਧਿਰ ਲੋਕਾਂ ਦਾ ਧਿਆਨ ਧਾਰਮਿਕ ਮਾਮਲਿਆਂ ਵੱਲ ਲਾ ਦਿੰਦੀ ਹੈ। ਇਹ ਵਿਰੋਧੀ ਧਿਰਾਂ ਦੀ ਨਕਾਮੀ ਹੈ ਕਿ ਉਹ ਚੰਗੀਆਂ ਸਿਹਤ ਸਹੂਲਤਾਂ, ਚੰਗੀ ਵਿੱਦਿਆ ਪ੍ਰਣਾਲੀ ਵਰਗੇ ਮਾਮਲੇ ਉਭਾਰਨ ਦੀ ਥਾਂ ਖੁਦ ਨੂੰ ਭਾਜਪਾ ਤੋਂ ਵੀ ਵੱਧ ਧਾਰਮਿਕ ਸਾਬਤ ਕਰਨ ਲੱਗੀਆਂ ਹੋਈਆਂ ਹਨ। ਸੋ, ਆਮ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਸਭਾ ਚੋਣਾਂ ਦੌਰਾਨ ਸਰਕਾਰ ਅੱਗੇ ਲੋਕ ਮਸਲਿਆਂ ਨਾਲ ਜੁੜੇ ਸਵਾਲ ਖੜ੍ਹੇ ਕਰਨ।

# ਕੱਟੜਪੰਥੀਆਂ ਲਈ ਵਰਦਾਨ: 295ਏ ਵਰਗੀਆਂ ਧਾਰਾਵਾਂ

***ਸੋਸ਼ਲ ਮੀਡੀਆ ਪੋਸਟਾਂ ਨੂੰ ਆਧਾਰ ਬਣਾ ਕੇ ਕੁਝ ਹਿੰਦੂ ਜਥੇਬੰਦੀਆਂ ਵੱਲੋਂ ਪਾਏ ਦਬਾਅ ਹੇਠ ਪੁਲਿਸ ਵੱਲੋਂ 295ਏ ਤਹਿਤ ਪਰਚੇ ਦਰਜ ਕਰਨ ਅਤੇ ਤੁਰੰਤ ਗ੍ਰਿਫ਼ਤਾਰੀ ਕਰਨ ਤੋਂ ਸਪਸ਼ਟ ਹੈ ਕਿ ਪੁਲਿਸ ਅਧਿਕਾਰੀ ਮਾਮਲੇ ਦੀ ਆਜ਼ਾਦਾਨਾ ਤਫ਼ਤੀਸ਼ ਕਰਨ ਦੀ ਵੀ ਜ਼ਰੂਰਤ ਨਹੀਂ ਸਮਝਦੇ। ਉਹ ਸੱਤਾ ਦਾ ਖ਼ੌਫ਼ ਪੈਦਾ ਕਰਨ ਲਈ ਡੰਡੇ ਦਾ ਕਿੱਤੂ ਰਹਿਤ ਰਾਜ ਕਾਇਮ ਕਰਨ ਦਾ ਸਾਧਨ ਬਣੇ ਹੋਏ ਹਨ। ਇਨ੍ਹਾਂ ਸਮੁੱਚੇ ਹਾਲਾਤ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

22 ਜਨਵਰੀ ਨੂੰ ਅਯੁੱਧਿਆ ਵਿਚ ਉਸਾਰੀ ਅਧੀਨ ਰਾਮ ਮੰਦਰ ਵਿਖੇ ਰਾਮ ਲੱਲਾ ਦੀ ਮੂਰਤੀ ਦੇ 'ਪ੍ਰਾਣ ਪ੍ਰਤਿਸ਼ਠਾ' ਸਮਾਰੋਹ ਦੇ ਨਾਂ ਹੇਠ ਆਰ.ਐਸ.ਐਸ-ਭਾਜਪਾ ਵੱਲੋਂ ਖੇਡੀ ਗਈ ਰਾਜਨੀਤਕ ਖੇਡ ਭਾਰਤ ਦੀ ਭਵਿੱਖੀ ਦਿਸ਼ਾ ਦੇ ਨਜ਼ਰੀਏ ਤੋਂ ਬਹੁਤ ਖ਼ਤਰਨਾਕ ਹੈ। ਸ਼ੰਕਰਾਚਾਰੀਆ ਸਵਾਮੀ ਨਿਸ਼ਚਲਾਨੰਦ ਸਰਸਵਤੀ ਨੇ ਵੀ ਇਸ ਨੂੰ 'ਰਾਜਨੀਤਕ ਸ਼ੋਅ' ਕਰਾਰ ਦਿੱਤਾ ਹੈ। ਇਸ ਮੌਕੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਦੇ ਨਾਲ ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸ਼ਾਮਲ ਹੋਣਾ ਭਾਰਤੀ ਸਟੇਟ ਨੂੰ ਭਗਵਾ ਰੰਗ 'ਚ ਰੰਗਣ ਦਾ ਸੁਚੇਤ ਯਤਨ ਹੈ ਜੋ ਹੁਣ ਤੱਕ 'ਧਰਮ ਨਿਰਪੱਖ' ਦੇ ਤੌਰ 'ਤੇ ਜਾਣਿਆ ਜਾਂਦਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਵੱਲੋਂ ਲੌਕਡਾਊਨ ਦੌਰਾਨ ਰਾਮ ਮੰਦਰ ਦਾ 'ਭੂਮੀ ਪੂਜਨ' ਕਰਨਾ, ਸੰਸਦ ਦੀ ਨਵੀਂ ਇਮਾਰਤ ਵਿਚ 'ਸੈਂਗੋਲ' ਨੂੰ ਪ੍ਰੇਰਨਾ ਸਰੋਤ ਵਜੋਂ ਸੁਸ਼ੋਭਿਤ ਕਰਨਾ ਅਤੇ ਹੁਣ ਪ੍ਰਧਾਨ ਮੰਤਰੀ ਦਾ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਇਕ ਵਿਸ਼ੇਸ਼ ਧਰਮ ਦਾ ਨੁਮਾਇੰਦਾ ਬਣ ਕੇ 'ਮੁੱਖ ਜਜਮਾਨ' ਦੀ ਭੂਮਿਕਾ ਨਿਭਾਉਣਾ ਤੇ ਰਾਮ ਭਗਤ ਵਜੋਂ ਹਿੰਦੂ ਸਮਾਜ ਨੂੰ ਬੇਹੱਦ ਭਾਵਨਾਤਮਕ ਰੂਪ 'ਚ ਸੰਬੋਧਨ ਕਰਨਾ ਸਾਧਾਰਨ ਧਾਰਮਿਕ ਆਸਥਾ ਦਾ ਮਾਮਲਾ ਨਹੀਂ। ਇਹ ਰਾਜਨੀਤਕ ਹਿੰਦੂਵਾਦ ਹੈ ਜਿਸ ਦਾ ਹਿੰਦੂ ਧਰਮ ਨਾਲ ਕੋਈ ਸਬੰਧ ਨਹੀਂ ਹੈ ਅਤੇ ਹਿੰਦੂ ਆਸਥਾ ਨੂੰ ਆਪਣੇ ਰਾਜਨੀਤਕ ਏਜੰਡੇ ਲਈ ਵਰਤਿਆ ਜਾ ਰਿਹਾ ਹੈ। ਲੇਖਕ ਨਿਲੰਜਨ ਮੁਖੋਪਾਧਿਆਇ ਅਨੁਸਾਰ ਜੋ ਮੋਦੀ ਦੇ ਜੀਵਨੀ ਲੇਖਕ ਵੀ ਹਨ, ਉਸ ਦਾ ਬਿੰਬ 'ਹਿੰਦੂ ਧਰਮ ਦੇ ਵੱਡੇ ਪੁਜਾਰੀ' ਦਾ ਸਿਰਜਿਆ ਗਿਆ ਹੈ।

26 ਜਨਵਰੀ ਨੂੰ ਆਪਣੇ 'ਰਿਪਬਲਿਕ ਦਿਵਸ' ਸੰਬੋਧਨ ਵਿਚ ਮੌਜੂਦਾ ਰਾਸ਼ਟਰਪਤੀ ਦੇ ਕਹੇ ਇਹ ਸ਼ਬਦ ਵੀ ਇਸ ਘਟਨਾਕ੍ਰਮ ਨੂੰ ਖ਼ਾਸ ਮਹੱਤਵ ਦਿੰਦੇ ਹਨ, "ਭਵਿੱਖੀ ਇਤਿਹਾਸਕਾਰ ਇਸ ਨੂੰ ਭਾਰਤੀ ਦੀ ਆਪਣੀ ਸੱਭਿਅਤਾਗਤ ਵਿਰਾਸਤ ਦੀ ਲਗਾਤਾਰ ਮੁੜ ਖੋਜ 'ਚ ਮੀਲ ਪੱਥਰ ਮੰਨਣਗੇ।" ਇੰਝ, ਇਹ ਭਾਰਤੀ ਸਮਾਜ ਦੀ ਖ਼ਾਸ ਦਿਸ਼ਾ 'ਚ ਕੀਤੀ ਜਾ ਰਹੀ ਸੋਸ਼ਲ ਇੰਜਨੀਅਰਿੰਗ ਦਾ ਚਿੰਨ੍ਹ ਹੈ ਜਿਸ ਨੂੰ 26 ਜਨਵਰੀ ਤੋਂ ਐਨ ਪਹਿਲਾਂ ਕਰ ਕੇ, ਜਸ਼ਨੀਂ ਜਲੂਸ ਕੱਢ ਕੇ ਅਤੇ 'ਪ੍ਰਾਣ ਪ੍ਰਤਿਸ਼ਠਾ' ਨੂੰ ਪਿੰਡਾਂ, ਮੁਹੱਲਿਆਂ ਤੇ ਮੰਦਰਾਂ ਵਿਚ ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਲਾਈਵ ਦਿਖਾ ਕੇ ਆਮ ਲੋਕਾਂ ਦੇ ਜ਼ਿਹਨ 'ਚ ਬਿਠਾਇਆ ਗਿਆ ਹੈ। ਹਿੰਦੂ ਅਵਾਮ ਨੂੰ ਹਿੰਦੂ ਧਰਮ ਅਤੇ ਰਾਜਨੀਤਕ ਹਿੰਦੂ ਧਰਮ (ਹਿੰਦੂਤਵ) ਦੇ ਬੁਨਿਆਦੀ ਫ਼ਰਕ ਨੂੰ ਸਮਝਣਾ ਪਵੇਗਾ। ਨਹੀਂ ਤਾਂ ਰਾਜਨੀਤਕ ਤਾਕਤਾਂ ਉਨ੍ਹਾਂ ਦੀ ਆਸਥਾ ਨੂੰ ਰਾਜਨੀਤਕ ਸਵਾਰਥ ਲਈ ਇਸੇ ਤਰ੍ਹਾਂ ਵਰਤਦੀਆਂ ਰਹਿਣਗੀਆਂ।

ਗੌਰਤਲਬ ਹੈ ਕਿ ਹਕੂਮਤੀ ਸਰਪ੍ਰਸਤੀ ਹੇਠ ਇਹ ਸਮਾਰੋਹ ਵਿਵਾਦਾਂ ਤੋਂ ਮੁਕਤ ਨਹੀਂ ਸੀ। ਸਨਾਤਨ ਹਿੰਦੂ ਧਰਮ ਦੇ ਚਾਰ ਚੋਟੀ ਦੇ ਰੂਹਾਨੀ ਆਗੂ ਸ਼ੰਕਰਾਚਾਰੀਆ ਇਸ ਵਿਚ ਸ਼ਾਮਲ ਨਹੀਂ ਹੋਏ। ਸ਼ੰਕਰਾਚਾਰੀਆਂ ਵੱਲੋਂ ਸ਼ਾਮਲ ਨਾ ਹੋਣ ਦੇ ਆਪੋ-ਆਪਣੇ ਵੱਖਰੇ-ਵੱਖਰੇ ਕਾਰਨ ਹਨ ਪਰ ਇਹ ਸਪਸ਼ਟ ਹੈ ਕਿ ਉਨ੍ਹਾਂ ਦੇ ਵਿਰੋਧ ਪਿੱਛੇ ਰਾਜ ਅਤੇ ਧਰਮ ਨੂੰ ਅਲਹਿਦਾ ਰੱਖਣ ਦੀ ਧਰਮ ਨਿਰਪੱਖ ਸੋਚ ਨਹੀਂ ਸੀ। ਜੇ ਉਹ ਸ਼ਾਮਲ ਵੀ ਹੋ ਜਾਂਦੇ ਅਤੇ 'ਪ੍ਰਾਣ ਪ੍ਰਤਿਸ਼ਠਾ' ਦੀ ਰਸਮ ਆਪਣੇ ਹੱਥੀਂ ਕਰਦੇ, ਉਸ ਹਾਲਤ 'ਚ ਵੀ ਇਸ ਜਗ੍ਹਾ ਮੌਜੂਦ 16ਵੀਂ ਸਦੀ ਦੀ ਮਸਜਿਦ ਢਾਹੁਣ ਨਾਲ ਜੁੜਿਆ ਇਤਿਹਾਸਕ ਵਿਵਾਦ ਅਤੇ ਇਸ ਕੇਸ 'ਚ ਮੁਸਲਮਾਨ ਘੱਟਗਿਣਤੀ ਨਾਲ ਹੋਏ ਰਾਜਕੀ ਤੇ ਅਦਾਲਤੀ ਅਨਿਆਂ ਦਾ ਤੱਥ ਬਦਲ ਨਹੀਂ ਸੀ ਜਾਣਾ।

ਇਸ ਮੌਕੇ ਜੁੜੇ ਸੰਤਾਂ, ਰਿਸ਼ੀਆਂ ਤੇ ਸਰੋਤਿਆਂ ਅਤੇ ਵਿਸ਼ਵ ਦੇ ਕੋਨੇ-ਕੋਨੇ 'ਚ ਇਸ ਸਮਾਰੋਹ ਨਾਲ ਜੁੜੇ ਸਾਰੇ ਰਾਮ ਭਗਤਾਂ ਨੂੰ ਮੁਖ਼ਾਤਬ ਹੁੰਦਿਆਂ ਮੋਦੀ ਨੇ ਕਿਹਾ- 'ਰਾਮ ਆਗ ਨਹੀਂ, ਰਾਮ ਊਰਜਾ ਹੈਂ। ਰਾਮ ਵਿਵਾਦ ਨਹੀਂ, ਰਾਮ ਸਮਾਧਾਨ ਹੈਂ। ਰਾਮ ਸਿਰਫ਼ ਹਮਾਰੇ ਨਹੀਂ ਹੈ, ਰਾਮ ਸਭ ਕੇ ਹੈਂ।' ਪ੍ਰਧਾਨ ਮੰਤਰੀ ਨੇ ਇਸ ਉੱਪਰ ਉਚੇਚਾ ਜ਼ੋਰ ਦਿੱਤਾ ਕਿ ਮੰਦਰ ਬਣਾਉਣ ਨਾਲ ਕੋਈ ਅੱਗ ਨਹੀਂ ਲੱਗ ਰਹੀ ਸਗੋਂ ਇਹ ਊਰਜਾ ਨੂੰ ਜਨਮ ਦੇ ਰਿਹਾ ਹੈ। ਇਕ ਸਮੇਂ ਕੁਝ ਲੋਕ ਕਹਿੰਦੇ ਸਨ ਕਿ ਰਾਮ ਮੰਦਰ ਬਣਿਆ ਤਾਂ ਅੱਗ ਲੱਗ ਜਾਵੇਗੀ। ਐਸੇ ਲੋਕ ਭਾਰਤ ਦੇ ਸਮਾਜਿਕ ਭਾਵ ਦੀ ਪਵਿੱਤਰਤਾ ਨੂੰ ਨਹੀਂ ਸਮਝ ਸਕੇ। ਇਸ ਮੰਦਰ ਦਾ ਨਿਰਮਾਣ ਭਾਰਤੀ ਸਮਾਜ ਦੀ ਸ਼ਾਂਤੀ, ਸਬਰ, ਆਪਸੀ ਸਦਭਾਵਨਾ ਅਤੇ ਇਕਸੁਰਤਾ ਦਾ ਵੀ ਪ੍ਰਤੀਕ ਹੈ।



ਉਂਝ, ਇਸ ਸਮਾਰੋਹ ਤੋਂ ਕੁਝ ਦਿਨ ਪਹਿਲਾਂ ਤੋਂ ਲੈ ਕੇ ਹੁਣ ਤੱਕ ਮੁਲਕ ਦੇ ਅੰਦਰ ਜ਼ਮੀਨੀ ਪੱਧਰ 'ਤੇ ਫਿਰਕੂ ਸਿਆਸਤ, ਭਾਈਚਾਰਿਆਂ ਦਰਮਿਆਨ ਟਕਰਾਅ, ਦਹਿਸ਼ਤ ਅਤੇ ਹਿੰਸਾ ਦੀ ਜੋ ਤਸਵੀਰ ਉੱਭਰ ਰਹੀ ਹੈ, ਉਹ 'ਭਾਰਤੀ ਸਮਾਜ ਦੀ ਸ਼ਾਂਤੀ, ਸਬਰ, ਆਪਸੀ ਸਦਭਾਵਨਾ ਅਤੇ ਇਕਸੁਰਤਾ' ਦੇ ਦਾਅਵੇ ਨੂੰ ਰੱਦ ਕਰਦੀ ਹੈ। ਫਿਰਕੂ ਹਿੰਸਾ ਅਤੇ ਭਗਵਾ ਦਹਿਸ਼ਤ ਦਾ ਆਲਮ ਹੈ ਅਤੇ ਵੱਖਰੇ ਵਿਚਾਰਾਂ, ਵੱਖਰੇ ਧਰਮਾਂ ਵਾਲਿਆਂ ਉੱਪਰ ਬਹੁਗਿਣਤੀ ਆਸਥਾ ਜ਼ਬਰਦਸਤੀ ਥੋਪੀ ਜਾ ਰਹੀ ਹੈ। ਦਿੱਲੀ ਯੂਨੀਵਰਸਿਟੀ ਵਰਗੀਆਂ ਉੱਚ ਵਿਦਿਅਕ ਸੰਸਥਾਵਾਂ ਵਿਚ ਮਥੁਰਾ ਅਤੇ ਵਾਰਾਨਸੀ ਦੀਆਂ ਹੋਰ ਮਸਜਿਦਾਂ ਨੂੰ ਢਾਹੁਣ ਦੇ ਨਾਅਰੇ ਗੂੰਜੇ ਹਨ। ਇਸ ਮੌਕੇ ਧਾਰਮਿਕ ਜਨੂੰਨ ਦੇ ਮਾਹੌਲ 'ਚ ਭਗਵਾਨ ਰਾਮ ਦਾ ਕਥਿਤ ਅਪਮਾਨ ਕਰਨ ਵਾਲੀਆਂ ਪੋਸਟਾਂ ਨੂੰ ਲੈ ਕੇ ਹਜੂਮੀ ਧਮਕੀਆਂ ਅਤੇ ਝੂਠੇ ਕੇਸਾਂ ਦਾ ਵਰਤਾਰਾ ਖ਼ਾਸ ਤੌਰ 'ਤੇ ਉੱਭਰਿਆ ਹੈ। ਪੂਰੇ ਮੁਲਕ 'ਚ ਬਣੇ ਮਾਹੌਲ ਨੂੰ ਸਮਝਣ ਲਈ ਇੱਥੇ ਕੁਝ ਮਿਸਾਲਾਂ ਪੇਸ਼ ਹਨ।

'ਦਿ ਵਾਇਰ' ਦੀ ਰਿਪੋਰਟ ਅਨੁਸਾਰ ਮਹਾਰਾਸ਼ਟਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਦੇ ਹਿੱਸਿਆਂ 'ਚ ਹਿੰਸਾ ਭੜਕੀ। ਕਿਸੇ ਵੀ ਤਰ੍ਹਾਂ ਦੀ ਅਸਹਿਮਤੀ ਨੂੰ ਪੁਲਿਸ ਕਾਰਵਾਈ ਰਾਹੀਂ ਦਬਾਇਆ ਗਿਆ। ਹੈਦਰਾਬਾਦ ਅਤੇ ਕੇਰਲ ਵਿਚ ਜਾਗਰੂਕ ਵਿਦਿਆਰਥੀਆਂ ਵੱਲੋਂ ਆਨੰਦ ਪਟਵਰਧਨ ਦੀ ਮਸ਼ਹੂਰ ਦਸਤਾਵੇਜ਼ੀ ਫਿਲਮ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਲਈ ਰੱਖੇ ਸਮਾਗਮਾਂ 'ਚ ਖ਼ਲਲ ਪਾਇਆ ਗਿਆ। ਕੁਝ ਵਿਦਿਅਕ ਸੰਸਥਾਵਾਂ ਵਿਚ ਸਕ੍ਰੀਨਿੰਗ ਨਾ ਹੋਣ ਦੇਣ ਲਈ ਵਿਦਿਆਰਥੀਆਂ ਉੱਪਰ ਅਗਾਊਂ ਰੋਕਾਂ ਲਾ ਦਿੱਤੀਆਂ ਗਈਆਂ। ਵਿਦਿਆਰਥੀਆਂ ਦੀ ਕੁੱਟਮਾਰ ਵੀ ਕੀਤੀ ਗਈ।

ਪੂਣੇ ਦੇ ਫਿਲਮ ਐਂਡ ਟੈਲੀਵਿਜ਼ਨ ਇੰਸਟੀਚਿਊਟ ਵਿਚ 22 ਜਨਵਰੀ ਨੂੰ ਇਕ ਵਿਦਿਆਰਥੀ ਜਥੇਬੰਦੀ ਨੇ 'ਰਾਮ ਕੇ ਨਾਮ' ਫਿਲਮ ਦੀ ਸਕ੍ਰੀਨਿੰਗ ਜਨੂੰਨੀ ਅਨਸਰਾਂ ਦੇ ਵਿਰੋਧ ਦੇ ਬਾਵਜੂਦ ਸਫਲਤਾ ਨਾਲ ਕੀਤੀ। 23 ਜਨਵਰੀ ਨੂੰ ਉਨ੍ਹਾਂ ਨੇ 'ਬਾਬਰੀ ਨੂੰ ਚੇਤੇ ਕਰਦਿਆਂ' ਦੇ ਬੈਨਰ ਹੇਠ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕਰਨਾ ਚਾਹਿਆ ਤਾਂ ਭਗਵਾ ਪਹਿਨੀਆਂ ਵਾਲਿਆਂ ਇਕ ਗਰੁੱਪ ਨੇ 'ਜੈ ਸ੍ਰੀ ਰਾਮ' ਦੇ ਨਾਅਰਿਆਂ ਲਾਉਂਦਿਆਂ ਇਕੱਠ ਨੂੰ ਨਿਸ਼ਾਨਾ ਬਣਾਇਆ। ਪੁਲਿਸ ਨੇ ਉਲਟਾ ਵਿਦਿਆਰਥੀਆਂ ਨੂੰ ਹਿਰਾਸਤ 'ਚ ਲੈ ਲਿਆ। ਇਸੇ ਤਰ੍ਹਾਂ ਹੈਦਰਾਬਾਦ ਦੇ ਇਕ ਰੇਸਤਰਾਂ ਵਿਚ 21 ਜਨਵਰੀ ਨੂੰ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਹਿੰਦੂਤਵੀ ਗਰੁੱਪਾਂ ਨੇ ਧੱਕੇ ਨਾਲ ਰੋਕੀ। ਇੱਥੇ ਵੀ ਪੁਲਿਸ ਨੇ ਉਲਟਾ ਸਕ੍ਰੀਨਿੰਗ ਕਰਨ ਵਾਲੀ ਵਿਦਿਆਰਥੀ ਜਥੇਬੰਦੀ ਦੇ ਵਿਦਿਆਰਥੀਆਂ ਅਤੇ ਰੇਸਤਰਾਂ ਦੇ ਮਾਲਕ ਨੂੰ 295-ਏ ਤੇ ਹੋਰ ਧਾਰਾਵਾਂ ਤਹਿਤ ਗ੍ਰਿਫ਼ਤਾਰ ਕਰ ਲਿਆ।

ਮੁੰਬਈ ਦੇ ਟਾਟਾ ਇੰਸਟੀਚਿਊਟ (ਟਿਸ) ਦੇ ਪ੍ਰਸ਼ਾਸਨ ਵੱਲੋਂ ਲਿਖਤੀ ਨਿਰਦੇਸ਼ ਜਾਰੀ ਕਰ ਕੇ ਅਤੇ ਸੁਰੱਖਿਆ ਏਜੰਸੀਆਂ ਦੁਆਰਾ 'ਜ਼ਰੂਰੀ ਕਾਰਵਾਈ' ਕੀਤੇ ਜਾਣ ਦੀ ਚਿਤਾਵਨੀ ਦੇ ਕੇ ਵਿਦਿਆਰਥੀਆਂ ਨੂੰ ਕੈਂਪਸ ਦੇ ਅੰਦਰ 'ਪ੍ਰਾਣ ਪ੍ਰਤਿਸ਼ਠਾ' ਵਿਰੁੱਧ ਕਿਸੇ ਵੀ ਤਰ੍ਹਾਂ ਦੇ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਹੋਣ ਤੋਂ ਵਰਜਿਆ ਗਿਆ। ਪ੍ਰਸ਼ਾਸਨ ਨੇ ਇਸ ਜ਼ਰੀਏ ਕੈਂਪਸ ਵਿਚ ਇਕ ਖਾਸ ਰਾਜਨੀਤਕ ਏਜੰਡਾ ਘੁਸੇੜਿਆ। ਦੂਜੇ ਪਾਸੇ, ਆਈ.ਆਈ.ਟੀ. ਮੁੰਬਈ ਵਿਚ 'ਪ੍ਰਾਣ ਪ੍ਰਤਿਸ਼ਠਾ' ਤੋਂ ਪਹਿਲਾਂ ਜੋ 'ਸ਼ੋਭਾ ਯਾਤਰਾ' ਅਤੇ 'ਰਾਮਧੁਨ' ਵਰਗੇ ਕਈ ਸਮਾਰੋਹ ਐਲਾਨ ਕੀਤੇ ਗਏ, ਉਨ੍ਹਾਂ 'ਚ ਪ੍ਰਸ਼ਾਸਨ ਨੇ ਕੋਈ ਰੁਕਾਵਟ ਨਹੀਂ ਪਾਈ। ਕੇਰਲ ਦੇ ਕੇ.ਆਰ ਨਾਰਾਇਣਨ ਫਿਲਮ ਇੰਸਟੀਚਿਊਟ ਦੇ ਕੈਂਪਸ 'ਚ ਵਿਦਿਆਰਥੀਆਂ ਵੱਲੋਂ 'ਰਾਮ ਕੇ ਨਾਮ' ਦੀ ਸਕ੍ਰੀਨਿੰਗ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਗਈ ਜੋ ਵਿਦਿਆਰਥੀਆਂ ਦੀ ਦ੍ਰਿੜਤਾ ਕਾਰਨ ਸਫ਼ਲ ਨਾ ਹੋਈ।

ਮੁੰਬਈ ਦੇ ਬਾਹਰਵਾਰ ਮੀਰਾ ਰੋਡ ਉੱਪਰ ਹਿੰਸਾ ਦੀਆਂ ਦੋ ਘਟਨਾਵਾਂ ਅਤੇ ਪਨਵੇਲ ਵਿਚ ਇਕ ਘਟਨਾ ਦੀ ਖ਼ਬਰ ਹੈ। ਇੱਥੇ ਭਗਵਾ ਝੰਡਿਆਂ ਵਾਲੀਆਂ ਗੱਡੀਆਂ ਤੇ ਹੋਰ ਵਾਹਨਾਂ 'ਤੇ ਸਵਾਰ ਇਕ ਗਰੁੱਪ ਵੱਲੋਂ ਮੁਸਲਿਮ ਬਹੁਗਿਣਤੀ ਵਾਲੇ ਇਲਾਕੇ 'ਚ ਘੁਸਣ ਦੀ ਕੋਸ਼ਿਸ਼ ਕਰਨ 'ਤੇ ਸਥਾਨਕ ਬਾਸ਼ਿੰਦਿਆਂ ਨਾਲ ਝੜਪ ਹੋਈ (ਇਹ ਭਗਵਾ ਰੈਲੀਆਂ ਸੋਸ਼ਲ ਮੀਡੀਆ ਉੱਪਰ ਲਾਈਵ ਦਿਖਾਈਆਂ ਗਈਆਂ)। ਅਗਲੇ ਦਿਨ ਇੱਥੇ ਸੈਕਟਰ 5 ਉੱਪਰ ਹਮਲਾ ਕਰ ਕੇ 200-300 ਵਿਅਕਤੀਆਂ ਦੇ ਹਜੂਮ ਵੱਲੋਂ ਮੁਸਲਮਾਨਾਂ ਦੀਆਂ ਦੁਕਾਨਾਂ ਤੋੜੀਆਂ ਗਈਆਂ ਪਰ ਜਿਨ੍ਹਾਂ ਉੱਪਰ ਭਗਵਾ ਝੰਡੇ ਲੱਗੇ ਹੋਏ ਸਨ, ਉਹ ਛੱਡ ਦਿੱਤੀਆਂ ਗਈਆਂ। ਇਸੇ ਤਰ੍ਹਾਂ ਪਨਵੇਲ ਵਿਚ 'ਜੈ ਸ਼੍ਰੀਰਾਮ' ਦੇ ਨਾਅਰੇ ਲਾਉਂਦੇ ਹਜੂਮ ਵੱਲੋਂ ਮੁਸਲਮਾਨ ਬਹੁਗਿਣਤੀ ਮੁਹੱਲੇ 'ਚ ਘੁਸਣ ਕਾਰਨ ਸਥਾਨਕ ਮੁਸਲਮਾਨਾਂ ਨਾਲ ਟਕਰਾਅ ਖੜ੍ਹਾ ਹੋਇਆ। ਜਿਸ ਦੌਰਾਨ ਕੁਝ ਵਿਅਕਤੀ ਜ਼ਖ਼ਮੀ ਹੋ ਗਏ। ਇਸੇ ਤਰ੍ਹਾਂ ਦਾ ਇਕ ਟਕਰਾਅ ਪਨਵੇਲ ਰੇਲਵੇ ਸਟੇਸ਼ਨ 'ਤੇ ਵੀ ਹੋਣ ਦੀ ਰਿਪੋਰਟ ਹੈ। ਥਾਣੇ ਜ਼ਿਲ੍ਹੇ ਵਿਚ ਤਿੰਨ ਫਿਰਕੂ ਝੜਪਾਂ ਹੋਣ ਦੀ ਖ਼ਬਰ ਹੈ। ਮੁੱਖ ਮੰਤਰੀ ਫੜਨਵੀਸ ਦੇ ਦੰਗਈਆਂ ਵਿਰੁੱਧ ਸਖ਼ਤ ਕਾਰਵਾਈ ਦੇ ਬਿਆਨ ਤੋਂ ਅਗਲੇ ਦਿਨ ਨਯਾ ਨਗਰ ਇਲਾਕੇ 'ਚ ਸੜਕ ਕਿਨਾਰੇ 20 'ਗ਼ੈਰ-ਕਾਨੂੰਨੀ' ਦੁਕਾਨਾਂ ਬੁਲਡੋਜ਼ਰ ਚਲਾ ਕੇ ਢਾਹ ਦਿੱਤੀਆਂ ਗਈਆਂ; ਯਾਨੀ, ਸਿਰਫ਼ ਮੁਸਲਮਾਨ ਹੀ ਦੰਗਈ ਹਨ ਜਿਨ੍ਹਾਂ ਨੂੰ ਸਬਕ ਸਿਖਾਉਣ ਲਈ ਭਾਰਤੀ ਲੋਕਤੰਤਰ ਕੋਲ ਬੁਲਡੋਜ਼ਰ ਦੀ ਆਪਸ਼ਨ ਹੀ ਹੈ!

ਮੱਧ ਪ੍ਰਦੇਸ਼ ਦੇ ਝਬੂਆ ਜ਼ਿਲ੍ਹੇ ਵਿਚ 21 ਜਨਵਰੀ ਨੂੰ ਚਾਰ ਕਬਾਇਲੀ ਬਹੁਗਿਣਤੀ ਵਾਲੇ ਪਿੰਡਾਂ ਵਿਚ ਇਸਾਈ ਚਰਚਾਂ ਉੱਪਰ ਹਿੰਦੂ ਹਜੂਮ ਵੱਲੋਂ ਧੱਕੇ ਨਾਲ ਭਗਵਾ ਝੰਡੇ ਲਗਾ ਦਿੱਤੇ ਗਏ ਜਿਨ੍ਹਾਂ ਉੱਪਰ 'ਜੈ ਸ੍ਰੀ ਰਾਮ' ਦਾ ਨਾਅਰਾ ਅਤੇ ਭਗਵਾਨ ਹਨੂਮਾਨ ਦੀ ਤਸਵੀਰ ਛਪੀ ਹੋਈ ਸੀ। ਤਿਲੰਗਾਨਾ ਦੇ ਸਾਂਗਰੈਡੀ ਜ਼ਿਲ੍ਹੇ ਦੇ ਹਥਨੂਰ ਪਿੰਡ ਵਿਚ ਹਿੰਦੂਤਵੀ ਹਜੂਮ ਨੇ ਮੁਸਲਮਾਨ ਦੁਕਾਨਦਾਰਾਂ ਦੀਆਂ ਦੁਕਾਨਾਂ ਦੀ ਭੰਨਤੋੜ ਕੀਤੀ। ਅੱਗਜ਼ਨੀ ਅਤੇ ਵਾਹਨਾਂ ਦੀ ਭੰਨਤੋੜ ਵੀ ਹੋਈ।

21 ਜਨਵਰੀ ਨੂੰ ਗੁਜਰਾਤ ਦੇ ਮਹਿਸਾਨਾ ਜ਼ਿਲ੍ਹੇ ਦੇ ਮੁਸਲਮਾਨ ਬਹੁਗਿਣਤੀ ਬੇਲਿਮ ਵਾਸ ਇਲਾਕੇ 'ਚ 'ਸ਼ੋਭਾ ਯਾਤਰਾ' ਟਕਰਾਅ ਦਾ ਕਾਰਨ ਬਣੀ। ਸਥਾਨਕ ਬਾਸ਼ਿੰਦਿਆਂ ਵੱਲੋਂ ਮਸਜਿਦ ਸਾਹਮਣੇ ਕੰਨ-ਪਾੜਵੇਂ ਸੰਗੀਤ ਅਤੇ ਪਟਾਕੇ ਨਾ ਚਲਾਉਣ ਦੀ ਅਪੀਲ ਪਹਿਲਾਂ ਤਕਰਾਰ ਤੇ ਫਿਰ ਹਿੰਸਕ ਟਕਰਾਅ 'ਚ ਬਦਲ ਗਈ। 'ਦਿ ਵਾਇਰ' ਦੀ ਰਿਪੋਰਟ ਅਨੁਸਾਰ ਸਥਾਨਕ ਲੋਕਾਂ ਦਾ ਦੋਸ਼ ਹੈ ਕਿ ਪੁਲਿਸ ਨੇ ਸਿਰਫ਼ ਮੁਸਲਮਾਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਘਰ ਤੇ ਵਾਹਨ ਤੋੜ ਦਿੱਤੇ ਗਏ ਜਦਕਿ ਸ਼ੋਭਾ ਯਾਤਰਾ ਵਾਲਿਆਂ ਨੂੰ ਤਲਵਾਰਾਂ ਅਤੇ ਰਾਡਾਂ ਲੈ ਕੇ ਚੱਲਣ ਦੀ ਇਜਾਜ਼ਤ ਦਿੱਤੀ ਗਈ।

ਕਰਨਾਟਕ ਦੇ ਬਿਦਰ ਜ਼ਿਲ੍ਹੇ ਦੇ ਹੁਮਨਾਬਾਦ ਵਿਚ 12ਵੀਂ ਜਮਾਤ ਦੇ ਵਿਦਿਆਰਥੀ ਨੂੰ ਹਜੂਮ ਨੇ ਇਹ ਦੋਸ਼ ਲਾ ਕੇ ਅਤੇ ਅਗਵਾ ਕਰ ਕੇ ਹਨੂਮਾਨ ਮੰਦਰ ਵਿਚ ਲਿਜਾ ਕੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਕਿ ਉਸ ਨੇ ਵੱਟਸਐਪ ਉੱਪਰ ਭਗਵਾਨ ਰਾਮ ਅਤੇ ਭਗਵਾਨ ਹਨੂਮਾਨ ਦਾ ਅਪਮਾਨ ਕਰਨ ਵਾਲੀ ਪੋਸਟ ਪਾਈ ਸੀ। ਲੜਕੇ ਅਨੁਸਾਰ ਉਸ ਨੇ ਕੁਝ ਵੀ ਗ਼ਲਤ ਨਹੀਂ ਕੀਤਾ, ਉਸ ਦੀ ਪੋਸਟ ਵਿਚ ਡਾ. ਅੰਬੇਡਕਰ, ਭਗਵਾਨ ਰਾਮ ਅਤੇ ਹਨੂਮਾਨ ਦੀਆਂ ਤਸਵੀਰਾਂ ਸਨ।

ਉੱਤਰ ਪ੍ਰਦੇਸ਼ ਵਿਚ ਆਗਰਾ ਵਿਚ 17ਵੀਂ ਸਦੀ ਦੀ ਮਸਜਿਦ ਅਤੇ ਸੰਤ ਕਬੀਰ ਨਗਰ ਵਿਚ ਮਸਜਿਦ ਉੱਪਰ ਹਮਲਾ ਕਰ ਕੇ ਉੱਥੇ ਭਗਵਾ ਧਵੱਜ (ਝੰਡਾ) ਲਗਾ ਦਿੱਤੇ ਗਏ ਅਤੇ ਮਸਜਿਦ 'ਚ ਮੌਜੂਦ ਮੁਸਲਮਾਨਾਂ ਨੂੰ ਗਾਲ੍ਹਾਂ ਤੇ ਧਮਕੀਆਂ ਦੇ ਕੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਗਿਆ ਕਿ ਹੁਣ ਉਨ੍ਹਾਂ ਦਾ ਅਕੀਦਾ ਅਤੇ ਨਾਗਰਿਕ ਅਧਿਕਾਰ ਬਹੁਗਿਣਤੀ ਰਾਜ ਦੇ ਰਹਿਮੋ-ਕਰਮ 'ਤੇ ਹਨ।

ਤਿਲੰਗਾਨਾ-ਕਰਨਾਟਕ ਸਰਹੱਦ ਉੱਪਰਲੇ ਮੋਰਗੀ ਪਿੰਡ (ਜ਼ਿਲ੍ਹਾ ਸੰਗਰੈਡੀ) ਵਿਚ 19 ਸਾਲ ਦੇ ਲੜਕੇ ਨੂੰ ਹਿੰਦੂ ਹਜੂਮ ਨੇ ਧਾਰਮਿਕ ਝੰਡੇ ਦਾ ਅਪਮਾਨ ਕਰਨ ਦਾ ਦੋਸ਼ ਲਾ ਕੇ ਕੁਟਾਪਾ ਚਾੜ੍ਹਿਆ, ਨਿਰਵਸਤਰ ਕਰ ਕੇ ਪਿੰਡ 'ਚ ਘੁਮਾਇਆ ਅਤੇ ਉਸ ਦੇ ਗੁਪਤ ਅੰਗ ਨੂੰ ਜਲਾਉਣ ਦੀ ਕੋਸ਼ਿਸ਼ ਵੀ ਕੀਤੀ। ਹਮਲੇ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉੱਪਰ ਸ਼ੇਅਰ ਕੀਤੀ ਗਈ। ਪੁਲਿਸ ਨੇ ਪੰਜ ਦੋਸ਼ੀਆਂ ਦੀ ਪਛਾਣ ਕਰ ਲੈਣ ਦਾ ਦਾਅਵਾ ਕੀਤਾ ਹੈ ਪਰ ਗੌਰਤਲਬ ਇਹ ਹੈ ਕਿ ਪੀੜਤ ਲੜਕੇ ਦਾ ਰਿਮਾਂਡ ਲੈ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ।

ਪੰਜਾਬ ਵਿਚ ਉੱਘੇ ਤਰਕਸ਼ੀਲ ਆਗੂ ਸੁਰਜੀਤ ਦੌਧਰ (ਲੁਧਿਆਣਾ) ਸਮੇਤ ਧਨੌਲਾ (ਬਰਨਾਲਾ), ਰਾਮਾ ਮੰਡੀ (ਬਠਿੰਡਾ), ਭੀਖੀ (ਮਾਨਸਾ), ਗੜ੍ਹਸ਼ੰਕਰ (ਹੁਸ਼ਿਆਰਪੁਰ) ਵਿਚ ਪੰਜ ਵਿਅਕਤੀਆਂ ਵਿਰੁੱਧ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਕੇਸ ਦਰਜ ਕੀਤੇ ਗਏ ਹਨ। ਚਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੇਸ਼ੱਕ ਇਨ੍ਹਾਂ ਵਿਚੋਂ ਦੋ ਪੋਸਟਾਂ ਤੇ ਟਿੱਪਣੀਆਂ ਦੇ ਸ਼ਬਦ ਕਿਸੇ ਸੂਝਵਾਨ ਇਨਸਾਨ ਨੂੰ ਵੀ ਗ਼ਲਤ ਲੱਗਦੇ ਹਨ ਪਰ ਪੋਸਟਾਂ ਦਾ ਮਨੋਰਥ ਭਗਵਾਨ ਰਾਮ ਜਾਂ ਹਿੰਦੂ ਧਰਮ ਦਾ ਅਪਮਾਨ ਕਰਨਾ ਜਾਂ ਹਿੰਦੂ ਭਾਈਚਾਰੇ ਨੂੰ ਠੇਸ ਪਹੁੰਚਾਉਣਾ ਨਹੀਂ ਜਾਪਦਾ। ਜ਼ਿਆਦਾਤਰ ਟਿੱਪਣੀਆਂ ਦਾ ਸਰੋਕਾਰ ਭਗਵਾਨ ਰਾਮ ਦੇ ਨਾਮ 'ਤੇ ਖੇਡੀ ਜਾ ਰਹੀ ਫਿਰਕੂ ਸਿਆਸਤ ਨਾਲ ਹੈ।

ਦੂਜੇ ਪਾਸੇ, ਪਰਚੇ ਦਰਜ ਕਰਾਉਣ ਵਾਲਿਆਂ ਦਾ ਉਦੇਸ਼ ਕਥਿਤ ਦੋਸ਼ੀਆਂ ਨੂੰ ਸੰਵਾਦ ਰਾਹੀਂ ਗ਼ਲਤ ਸਾਬਤ ਕਰਨਾ ਨਹੀਂ ਸਗੋਂ ਦਹਿਸ਼ਤ ਦਾ ਮਾਹੌਲ ਬਣਾ ਕੇ ਆਲੋਚਕਾਂ ਦੀ ਜ਼ੁਬਾਨਬੰਦੀ ਕਰਨਾ ਅਤੇ ਫਿਰਕੂ ਪਾਲਾਬੰਦੀ ਵਧਾਉਣ ਲਈ ਰਾਹ ਪੱਧਰਾ ਕਰਨਾ ਹੈ। ਸੱਤਾਧਾਰੀ ਧਿਰ ਦਾ ਧਰਮ ਜਾਂ ਇਸ ਦੇ ਅਪਮਾਨ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਉਨ੍ਹਾਂ ਨੂੰ ਤਾਂ ਫਿਰਕੂ ਪਾਲਾਬੰਦੀ ਲਈ ਮੁੱਦਿਆਂ ਦੀ ਭਾਲ ਹੈ। ਪਰਚੇ ਦਰਜ ਕਰਾਉਣ ਵਾਲੀਆਂ ਜਥੇਬੰਦੀਆਂ ਸ਼ੰਕਰਾਚਾਰੀਆਂ ਵੱਲੋਂ ਚੁੱਕੇ ਸਵਾਲਾਂ ਬਾਰੇ ਚੁੱਪ ਹਨ ਪਰ ਹੋਰ ਆਲੋਚਕਾਂ ਬਾਰੇ ਹਿੰਦੂ ਭਾਈਚਾਰੇ ਨੂੰ ਇਹ ਕਹਿ ਕੇ ਗੁਮਰਾਹ ਕੀਤਾ ਜਾ ਰਿਹਾ ਹੈ ਕਿ ਇਹ ਵਿਅਕਤੀ ਹਿੰਦੂ ਧਰਮ ਦੇ ਵਿਰੋਧੀ ਹਨ ਜੋ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੇ ਹਨ। 2014 ਤੋਂ ਲੈ ਕੇ ਸੈਡੀਸ਼ਨ, ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ, ਸਮਾਜਿਕ ਸਦਭਾਵਨਾ ਲਈ ਖ਼ਤਰਾ ਪੈਦਾ ਕਰਨ ਵਰਗੇ ਇਕਤਰਫ਼ਾ ਕੇਸ ਰਾਸ਼ਟਰਵਾਦੀ ਜਨੂੰਨ ਭੜਕਾਉਣ ਅਤੇ ਫਿਰਕੂ ਭੀੜਾਂ ਨੂੰ ਲਾਮਬੰਦ ਕਰਨ ਦਾ ਸਾਧਨ ਚਲੇ ਆ ਰਹੇ ਹਨ।

ਅੰਧਕਾਰ ਦੇ ਬੋਲਬਾਲੇ ਲਈ ਧਾਰਮਿਕ ਅਸਹਿਣਸ਼ੀਲਤਾ ਜ਼ਰੂਰੀ ਹੈ। ਹਰ ਤਰ੍ਹਾਂ ਦੀਆਂ ਕੱਟੜ, ਪਿਛਾਂਖਿੱਚੂ ਤਾਕਤਾਂ ਮਾਮੂਲੀ ਆਲੋਚਨਾ ਨੂੰ ਸਹਿਜ ਰੂਪ ਵਿਚ ਲੈਣ ਦੀ ਬਜਾਇ ਦਲੀਲ ਨੂੰ ਧੌਂਸ ਨਾਲ ਦਬਾਉਣ ਵਿਚ ਯਕੀਨ ਰੱਖਦੀਆਂ ਹਨ। ਵੱਖ-ਵੱਖ ਧਾਰਮਿਕ ਅਕੀਦਿਆਂ ਦੇ ਧਾਰਨੀਆਂ ਦਰਮਿਆਨ ਦਲੀਲ ਆਧਾਰਿਤ ਸਾਰਥਕ ਸੰਵਾਦ ਦੀ ਸਿਹਤਮੰਦ ਪਰੰਪਰਾ ਕੱਟੜਵਾਦੀ ਤਾਕਤਾਂ ਦੇ ਸੌੜੇ ਹਿਤਾਂ ਨੂੰ ਰਾਸ ਨਹੀਂ ਆਉਂਦੀ। ਸੰਵਾਦ ਦੀ ਸਪੇਸ ਪੂਰੀ ਤਰ੍ਹਾਂ ਖ਼ਤਮ ਕੀਤੀ ਜਾ ਰਹੀ ਹੈ। ਭਗਵਾ ਹਕੂਮਤ ਹੇਠ ਪੂਰੇ ਮੁਲਕ ਵਿਚ ਜਿਸ ਤਰ੍ਹਾਂ ਦਾ ਦਮਘੋਟੂ ਮਾਹੌਲ ਬਣਾਇਆ ਗਿਆ ਹੈ, ਆਉਣ ਵਾਲੇ ਸਮੇਂ ਵਿਚ ਇਸ ਦੇ ਹੋਰ ਵੀ ਬੇਕਿਰਕ ਰੂਪ ਵਿਚ ਸਾਹਮਣੇ ਆਉਣ ਦੇ ਆਸਾਰ ਹਨ। ਅੱਜ ਭਗਵਾਨ ਰਾਮ ਵਿਰੁੱਧ ਟਿੱਪਣੀਆਂ ਦੇ ਬਹਾਨੇ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਮੁੱਦਾ ਬਣਾਇਆ ਗਿਆ ਹੈ, ਭਵਿੱਖ ਵਿਚ ਅਜਿਹੇ ਹੋਰ ਮੁੱਦੇ ਬਣਾਏ ਜਾਣਗੇ।

ਮਹਿਜ਼ ਸੋਸ਼ਲ ਮੀਡੀਆ ਪੋਸਟ ਨੂੰ ਆਧਾਰ ਬਣਾ ਕੇ ਕੁਝ ਹਿੰਦੂ ਜਥੇਬੰਦੀਆਂ ਵੱਲੋਂ ਪਾਏ ਦਬਾਅ ਹੇਠ ਪੁਲਿਸ ਵੱਲੋਂ 295ਏ ਤਹਿਤ ਪਰਚੇ ਦਰਜ ਕਰਨ ਅਤੇ ਤੁਰੰਤ ਗ੍ਰਿਫ਼ਤਾਰੀ ਕਰਨ ਤੋਂ ਸਪਸ਼ਟ ਹੈ ਕਿ ਪੁਲਿਸ ਅਧਿਕਾਰੀ ਮਾਮਲੇ ਦੀ ਆਜ਼ਾਦਾਨਾ ਤਫ਼ਤੀਸ਼ ਕਰਨ ਦੀ ਵੀ ਜ਼ਰੂਰਤ ਨਹੀਂ ਸਮਝਦੇ। ਉਹ ਸੱਤਾ ਦਾ ਖ਼ੌਫ਼ ਪੈਦਾ ਕਰਨ ਲਈ ਡੰਡੇ ਦਾ ਕਿੱਤੂ ਰਹਿਤ ਰਾਜ ਕਾਇਮ ਕਰਨ ਦਾ ਸਾਧਨ ਬਣੇ ਹੋਏ ਹਨ।

295ਏ ਲੋਕਾਂ ਦੀ ਜ਼ੁਬਾਨਬੰਦੀ ਦਾ ਹਥਿਆਰ ਹੈ ਜਿਸ ਨੂੰ ਹੋਰ ਕਾਲੇ ਕਾਨੂੰਨਾਂ ਤਹਿਤ ਭਾਰਤੀ ਹਾਕਮ ਜਮਾਤ ਨੇ ਆਲੋਚਕਾਂ ਨੂੰ ਦਬਾਉਣ ਲਈ ਜਾਣਬੁੱਝ ਕੇ ਬਰਕਰਾਰ ਰੱਖਿਆ ਹੋਇਆ ਹੈ। ਪੁਰਾਣੇ ਇੰਡੀਅਨ ਪੀਨਲ ਕੋਡ ਵਾਲੀਆਂ ਸੈਡੀਸ਼ਨ (ਰਾਜਧ੍ਰੋਹ) ਵਰਗੀਆਂ ਜਾਬਰ ਧਾਰਾਵਾਂ ਨੂੰ ਨਵੇਂ ਰੂਪ ਵਿਚ ਅਤੇ ਹੋਰ ਵੀ ਬੇਕਿਰਕ ਬਣਾ ਕੇ ਭਾਰਤੀਆ ਨਿਆਏ ਸੰਹਿਤਾ ਦਾ ਹਿੱਸਾ ਬਣਾਇਆ ਗਿਆ ਹੈ। ਯੂ.ਏ.ਪੀ.ਏ. ਵਰਗੇ ਕਾਲੇ ਕਾਨੂੰਨ ਪੂਰੇ ਮੁਲਕ ਵਿਚ ਇਨਸਾਫ਼ਪਸੰਦਾਂ ਅਤੇ ਹਕੂਮਤ ਦੇ ਆਲੋਚਕਾਂ ਵਿਰੁੱਧ ਧੜਾਧੜ ਵਰਤੇ ਜਾ ਰਹੇ ਹਨ। ਇਨ੍ਹਾਂ ਜਾਬਰ ਕਾਨੂੰਨਾਂ ਬਾਰੇ ਜਾਗਰੂਕਤਾ ਆਮ ਨਾਗਰਿਕ ਦੀ ਚੇਤਨਾ ਦਾ ਹਿੱਸਾ ਨਹੀਂ ਹੈ। ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਉਪਰੋਕਤ ਕੇਸ ਵਾਪਸ ਲੈਣ ਦੀ ਮੰਗ ਕਰਨ ਦੇ ਨਾਲ-ਨਾਲ 295ਏ ਅਤੇ ਲੋਕਾਂ ਦੀ ਸੰਘੀ ਘੁੱਟਣ ਵਾਲੇ ਸਾਰੇ ਹੀ ਜਾਬਰ ਕਾਲੇ ਕਾਨੂੰਨਾਂ ਨੂੰ ਖ਼ਤਮ ਕਰਾਉਣ ਵਿਰੁੱਧ ਲਗਾਤਾਰ ਮੁਹਿੰਮ ਹੱਥ ਲੈਣੀ ਚਾਹੀਦੀ ਹੈ ਅਤੇ ਵਿਆਪਕ ਲੋਕ ਰਾਇ ਤਿਆਰ ਕਰਨ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਉਪਰੋਕਤ ਮਾਹੌਲ ਵਿਚ ਪਿਛਾਂਹਖਿੱਚੂ ਵਿਚਾਰਾਂ, ਅੰਧਵਿਸ਼ਵਾਸਾਂ ਦਾ ਵਿਰੋਧ ਕਰਨ ਵਾਲੀਆਂ ਲੋਕ ਹਿਤੈਸ਼ੀ ਤਾਕਤਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ। ਸੰਵਾਦ ਅਤੇ ਟਿੱਪਣੀਆਂ ਆਮ ਲੋਕਾਂ ਨੂੰ ਪ੍ਰੇਰਿਤ ਕਰਨ ਵਾਲੇ ਹੋਣ ਅਤੇ ਇਹ ਸੌੜੇ ਸਵਾਰਥਾਂ ਵਾਲੀਆਂ ਕਥਿਤ ਧਾਰਮਿਕ ਤਾਕਤਾਂ ਦੇ ਹੱਥ ਵਿਚ ਹਥਿਆਰ ਨਾ ਬਣਨ। ਭਾਰਤੀ ਸਮਾਜ ਦੀ ਧਾਰਮਿਕ-ਸੱਭਿਆਚਾਰਕ ਵੰਨ-ਸਵੰਨਤਾ, ਸਮਾਜਿਕ ਸਦਭਾਵਨਾ ਅਤੇ ਆਰਥਿਕਤਾ ਖ਼ਤਰਨਾਕ ਹਮਲੇ ਦੀ ਮਾਰ ਹੇਠ ਹੈ। ਆਮ ਲੋਕਾਈ ਨੂੰ ਸਾਡੇ ਸਮਾਜ ਦੇ ਅਸਲ ਸਰੋਕਾਰਾਂ, ਮੁੱਦਿਆਂ ਅਤੇ ਮਸਲਿਆਂ ਬਾਰੇ ਬਹੁਤ ਹੀ ਤਹੱਮਲ, ਸੂਝ ਅਤੇ ਦਲੀਲ ਨਾਲ ਜਾਗਰਿਤ ਤੇ ਚੇਤਨ ਕਰਨ ਦੀ ਜ਼ਰੂਰਤ ਹੈ।

# ਸਮਾਜ ਮੁਖੀ ਸ਼ਾਇਰੀ ਹੈ-'ਕੂੰਜਾਂ ਦੇ ਰੂਬਰੂ

ਵਗਦੇ ਪਾਣੀਆਂ ਦੀ ਅਜ਼ਮਤ ਤੋਂ ਨਾਂਹ ਨਹੀਂ ਕੀਤੀ ਜਾ ਸਕਦੀ। ਦਿਓਲ ਪਰਮਜੀਤ ਦੀ ਸਮੁੱਚੀ ਸ਼ਖ਼ਸੀਅਤ ਸਦਾ-ਗਤੀਸ਼ੀਲਤਾ ਦੀ ਸਜੀਵ ਉਦਾਹਰਣ ਹੈ। ਕਲਾ ਦੇ ਵੱਖ-ਵੱਖ ਪਹਿਲੂ ਉਸਦੇ ਨਿੱਜ ਦਾ ਸਦੀਵੀ ਹਿੱਸਾ ਹਨ। ਉਸਨੇ ਥੀਏਟਰ ਕਲਾਕਾਰ ਦੀ ਹੈਸੀਅਤ ਨਾਲ ਅਣਗਿਣਤ ਨਾਟਕਾਂ 'ਚ ਵੱਖ-ਵੱਖ ਕਿਰਦਾਰ ਨਿਭਾਏ ਤੇ ਆਪਣੀ ਨਾਟ-ਕਲਾ ਦਾ ਲੋਹਾ ਮਨਵਾਇਆ। ਉਸਦੇ ਸਿੱਖਿਆ ਕਾਲ ਤੋਂ ਹੀ ਇਹ ਗਤੀਵਿਧੀਆਂ ਉਸਦੇ ਨਾਲ ਰਹੀਆਂ। ਪੰਜਾਬੀ ਫਿਲਮ ਤੇ ਵੈੱਬ-ਸੀਰੀਜ਼ 'ਚ ਅਦਾਕਾਰੀ ਕਰਨੀ ਉਸ ਅੰਦਰਲੇ ਕਲਾਕਾਰ ਦਾ ਵਿਸਥਾਰ ਸੀ। ਬਤੌਰ ਕਵੀ, ਦਿਓਲ ਪਰਮਜੀਤ ਦੀ ਵੱਖ ਪਹਿਚਾਣ ਹੈ। ਪਰ-ਧਰਤੀ 'ਤੇ ਰਿਜ਼ਕ ਲੱਭਦਿਆਂ ਉਸਨੇ ਆਪਣੇ-ਆਪ ਨੂੰ ਸ਼ਬਦ ਨਾਲ ਬਾਕਾਇਦਾ ਜੋੜੀ ਰੱਖਿਆ। ਨਿਸਦਿਨ ਦੇ ਕਰੜੇ ਜੀਵਨ ਸੰਘਰਸ਼ ਦੇ ਬਾਵਜੂਦ ਉਸਨੇ ਆਪਣੀ ਸਿਰਜਣਾਤਮਕਤਾ ਨੂੰ ਹਮੇਸ਼ਾ ਸਾਣ 'ਤੇ ਲਾਈ ਰੱਖਿਆ।

ਆਪਣੇ ਸਿਰਜਣਾਤਮਿਕ ਸਫ਼ਰ ਦੌਰਾਨ ਉਸਨੇ ਕਵਿਤਾ

ਰਾਜਿੰਦਰਜੀਤ

ਦੇ ਤਿੰਨ ਮੌਲਿਕ ਪਰਾਗੇ 'ਸਾਹਾਂ ਦੀ ਪੱਤਰੀ', 'ਮੈਂ ਇੱਕ ਰਿਸ਼ਮ', 'ਤੂੰ ਕੱਤ ਬਿਰਹਾ' ਪੰਜਾਬੀ ਸਾਹਿਤ ਦੇ ਵਿਸਥਾਰ ਦੇ ਨਾਂ ਕੀਤੇ ਅਤੇ ਭਾਰਤੀ ਕਿਸਾਨਾਂ ਦੇ ਹੱਕੀ ਸੰਘਰਸ਼ ਨੂੰ ਸਮਰਪਿਤ ਇੱਕ ਕਵਿਤਾ ਸੰਗ੍ਰਿਹ 'ਕਿਸਾਨੀ ਇਬਾਰਤ' ਵੀ ਸੰਪਾਦਿਤ ਕੀਤਾ।

ਹਥਲੇ ਗ਼ਜ਼ਲ ਪਰਾਗੇ 'ਕੂੰਜਾਂ ਦੇ ਰੂਬਰੂ' ਰਾਹੀਂ ਪਰਮਜੀਤ ਦੀ ਕਾਵਿ-ਕਲਾ ਦਾ ਇੱਕ ਹੋਰ ਉਘੜਵਾਂ ਰੰਗ ਪੇਸ਼ ਹੋਇਆ ਹੈ। ਇਨ੍ਹਾਂ ਗ਼ਜ਼ਲਾਂ ਦਾ ਪਾਠ ਕਰਦਿਆਂ ਪਾਠਕ ਅਸਾਨੀ ਨਾਲ ਓਸ ਸਹਿਜ ਵਿਚ ਦਾਖ਼ਲ ਹੋ ਜਾਂਦਾ ਹੈ ਜੋ ਇਨ੍ਹਾਂ ਨੂੰ ਰਚਦਿਆਂ ਪਰਮਜੀਤ ਦੀ ਆਪਣੀ ਰੂਹ ਦਾ ਹਿੱਸਾ ਹੁੰਦਾ ਹੈ। ਆਪਣੇ ਸ਼ਿਅਰਾਂ ਰਾਹੀਂ ਉਹ ਕੋਈ ਵਾਦ-ਵਿਵਾਦ ਪੈਦਾ ਕਰਨ ਦੀ ਹਾਮੀ ਨਹੀਂ ਸਗੋਂ ਜੀਵਨ ਦੀਆਂ ਬੇਤਰਤੀਬ ਘਟਨਾਵਾਂ 'ਚੋਂ ਲੰਘਦਿਆਂ ਇਨ੍ਹਾਂ ਤਮਾਮ ਵਿਸੰਗਤੀਆਂ 'ਚੋਂ ਸੁੱਚੇ ਪਲ ਫੜਨਾ ਚਾਹੁੰਦੀ ਹੈ। ਆਪਣੇ ਆਪ ਨੂੰ ਜਾਨਣ ਦੀ ਤੀਬਰ ਇੱਛਾ ਉਸਨੂੰ ਸ਼ਬਦ ਸਿਰਜਣਾ ਵੱਲ ਲੈ ਜਾਂਦੀ ਹੈ ਜਿੱਥੇ ਉਸਨੂੰ ਹਰ ਸੰਵੇਦਨਸ਼ੀਲ ਇਨਸਾਨ ਵਾਂਙ ਲਗਦਾ ਹੈ ਕਿ ਆਪਣੇ ਆਪ ਦੀ ਤਲਾਸ਼ ਹੋਰ ਕਿਸੇ ਵੀ ਥੁੜ੍ਹ ਜਾਂ ਹੇਰਵੇ ਨਾਲੋਂ ਵੱਧ ਤਕਲੀਫ਼ਦੇਹ ਹੈ।

ਇਹ ਹਯਾਤੀ ਭਟਕਦੀ ਹੋ ਕੇ ਸਦਾ ਹੀ ਬੇਲਗਾਮ
ਮੈਂ ਕੋਈ ਨਿਸ਼ਚਿਤ ਹੀ ਕੀਤਾ ਨਾ ਪੈਮਾਨਾ ਜੀਣ ਦਾ

ਉਸਦੇ ਸ਼ਬਦ ਧੀਰਜਵਾਨ ਹਨ। ਸਤਰਾਂ ਵਿਚ ਪੌਣਾਂ ਵਰਗੀ ਸਰਸਰਾਹਟ ਹੈ। ਕੁਦਰਤ ਨਾਲ ਉਸਦੀ ਇਕਸੁਰਤਾ ਉਸਦੀ ਸ਼ਾਇਰੀ ਨੂੰ ਵੀ ਰੰਗ-ਖੁਸ਼ਬੂ ਨਾਲ ਨੁਹਾ ਦਿੰਦੀ ਹੈ। ਉਸਦੇ ਵਿਅਕਤੀਗਤ ਉੱਚੇ ਅਚਾਰ-ਵਿਹਾਰ ਵਾਂਙ ਉਸਦੀ ਕਵਿਤਾ ਵੀ ਇਨਸਾਨੀ ਭਾਵਨਾਵਾਂ ਦੀ ਉਂਗਲ ਨਹੀਂ ਛੱਡਦੀ ਤੇ ਸਾਹਿਤ ਪ੍ਰਤੀ ਆਪਣੇ ਫਰਜ਼ ਸਦਾ ਚੇਤੇ ਰੱਖਦੀ ਹੈ।

ਜਦ-ਜਦ ਸਿਖਰ ਦੁਪਹਿਰੇ, ਕੋਇਲ ਅਲਾਪ ਲੈਂਦੀ
ਜੰਗਲ ਦੇ ਇੱਕ ਰਿਸ਼ੀ ਤੋਂ, ਮੁੜ ਮੁੜ ਸਰਾਪ ਲੈਂਦੀ
ਉਪਰੋਂ ਦੀ ਲੰਘ ਕੇ ਹੀ, ਤਪ ਜਾਂਦੀ ਹੈ ਹਮੇਸ਼ਾ
ਏਦਾਂ ਹੀ ਪੌਣ ਥਲ ਦਾ, ਸਾਰਾ ਸੰਤਾਪ ਲੈਂਦੀ।

ਇਹ ਤਾਂ ਤੈਅ ਹੈ ਕਿ ਸ਼ਾਇਰੀ ਨੂੰ ਕਿਤੋਂ ਸਿੱਖਿਆ ਨਹੀਂ ਜਾ ਸਕਦਾ। ਹੋਰ ਕਲਾਵਾਂ ਵਾਂਗ ਕਵਿਤਾ ਕਹਿਣ ਦਾ ਹੁਨਰ ਵੀ ਵਿਅਕਤੀ ਦੇ ਅੰਦਰ ਹੀ ਹੁੰਦਾ ਹੈ। ਦੇਰ-ਸਵੇਰ ਇਸਨੇ ਉਜਾਗਰ ਵੀ ਆਪਣੇ-ਆਪ ਹੀ ਹੋਣਾ ਹੁੰਦਾ ਹੈ। ਵਿਅਕਤੀ ਦੇ ਨਿੱਜੀ ਅਨੁਭਵ ਤੇ ਅਖੰਡ ਅਭਿਆਸ ਇਸਨੂੰ ਮਾਂਜਦੇ-ਸੁਆਰਦੇ ਹਨ। ਤੁਸੀਂ ਕਿਸੇ ਕਵੀ ਦੀਆਂ ਦੋ-ਚਾਰ ਸਤਰਾਂ ਪੜ੍ਹ ਕੇ ਉਸਦੀ ਕਾਵਿ-ਉਡਾਰੀ ਦੀ ਉਚਾਣ ਤੇ ਉਸ ਕੈਨਵਸ ਦਾ ਆਕਾਰ ਅਸਾਨੀ ਨਾਲ ਦੱਸ ਸਕਦੇ ਹੋ ਜਿਸ 'ਤੇ ਉਹ ਆਪਣੀ ਕਲਪਨਾ ਨਾਲ ਕਵਿਤਾ ਰੂਪੀ ਚਿੱਤਰ ਵਾਹੁੰਦਾ ਹੈ। ਨਿਮਨ ਸ਼ਿਅਰ ਸੁਘੜ-ਸਿਆਣੀ ਸੋਚ ਦਾ ਨਤੀਜਾ ਹੈ:

ਬਣਾਂਗੇ ਏਸ ਮਿੱਟੀ 'ਚੋਂ ਸੁਰਾਹੀ ਇੱਕ ਨਾ ਇੱਕ ਦਿਨ ਤਾਂ
ਤੇ ਫਿਰ ਸਮਿਆਂ ਦੇ ਆਵੇ ਵਿੱਚ
ਅਸੀਂ ਭਰਪੂਰ ਪੱਕਣਾ ਹੈ।

ਆਸ ਨਾਲ ਭਰਪੂਰ ਇਹ ਸਤਰਾਂ ਵੀ ਪਾਠਕ ਨਾਲ ਆਪਣੀ ਸਦੀਵੀ ਸਾਂਝ ਬਣਾਉਂਦੀਆਂ ਹਨ:

ਉਨ੍ਹਾਂ ਨੇ ਆ ਕੇ ਹਾਲੇ ਦੀਵਿਆਂ ਦੀ ਗੱਲ ਹੀ ਛੇੜੀ
ਕਿ ਓਸੇ ਵਕਤ ਨ੍ਹੇਰੇ ਵਿਚ ਸੀ ਚਾਨਣ ਭਰ ਗਿਆ ਆਪੇ।
ਮੁੱਦਤ ਬਾਅਦ ਸੁਨੇਹੇ ਰੁੱਖ ਨੇ ਪੌਣਾਂ ਦੇ ਹੱਥ ਘੱਲੇ ਨੇ
ਤਾਂਹੀਓਂ ਪੰਛੀ ਸ਼ਹਿਰੋਂ ਉੱਡ ਕੇ ਜੰਗਲ ਦੇ ਵੱਲ ਚੱਲੇ ਨੇ।

ਦਿਓਲ ਪਰਮਜੀਤ ਦੀ ਸੋਚ ਸਮਾਜਮੁਖੀ ਹੋਣ ਕਰਕੇ ਉਸਦੀ ਕਵਿਤਾ 'ਚੋਂ ਅਕਸਰ ਹੀ ਹੋਕਾ ਵੱਜਦਾ ਸੁਣਦਾ ਹੈ। ਉਹ ਲੋਕਾਈ ਨੂੰ ਸੁਚੇਤ ਰੂਪ 'ਚ ਇਕਜੁਟ ਹੋਇਆ ਵੇਖਣਾ ਚਾਹੁੰਦੀ ਹੈ:

ਗੂੜ੍ਹੀ ਨੀਂਦ ਤਿਆਗੋ ਲੋਕੋ, ਮੁੜ ਕੇ ਨਾ ਸੌਂ ਜਾਇਓ
ਨ੍ਹੇਰੀ ਦੇਖ ਰਹੀ ਹੈ- ਕਿਹੜੇ ਘਰ ਵਿੱਚ ਦੀਵਾ ਜਗਦਾ।
ਖੰਭ ਖ਼ਿਆਲਾਂ ਨੂੰ ਲੱਗਣਗੇ ਜਦ ਤੇਰੇ
ਆਣ ਸ਼ਿਕਾਰੀ ਤੇਰੀ ਸੰਘੀ ਘੁੱਟਣਗੇ।


ਧਨਾਤਮਕ ਸੋਚ ਜ਼ਿੰਦਗੀ ਨੂੰ ਸੁਖਾਲਾ ਬਣਾਉਂਦੀ ਹੈ, ਇਸਦੇ ਸਾਰੇ ਪਹਿਲੂਆਂ ਨੂੰ ਜਿਊਣਯੋਗ ਕਰਦੀ ਹੈ। ਦੀਵੇ ਵਾਂਙ ਲਟ-ਲਟ ਬਲ ਕੇ ਵੀ ਜ਼ਿੰਦਗੀ ਚਾਨਣ ਨਾਲ ਮੁਹੱਬਤ ਪਾਲਦੀ ਹੈ:

ਹਨੇਰਾ ਜਗਮਗਾ ਉੱਠੇਗਾ ਬਣਕੇ ਰੌਸ਼ਨੀ ਇੱਕ ਦਿਨ
ਮਿਲੇਗੀ ਜ਼ਿੰਦਗੀ ਬਣਕੇ ਅਸਾਂ ਨੂੰ ਜ਼ਿੰਦਗੀ ਇੱਕ ਦਿਨ।
ਹੈ ਦਿਲ ਵਿਚ ਤੜਫ ਮਿਲਣੇ ਦੀ,
ਨਿਰੰਤਰ ਹੈ ਸਫ਼ਰ ਇਸਦਾ
ਯਕੀਨਨ ਪਹੁੰਚ ਜਾਵੇਗੀ ਸਮੁੰਦਰ ਤੱਕ ਨਦੀ ਇੱਕ ਦਿਨ।

ਵਕਤ ਦੇ ਔਝੜ ਰਾਹਾਂ 'ਤੇ ਵੀ ਕਵਿਤਾ ਮੜ੍ਹਕ ਨਾਲ ਤੁਰਦੀ ਹੈ। ਉਚਾਣਾਂ-ਨਿਵਾਣਾਂ 'ਚ ਵੀ ਇਹ ਕਵੀ ਦੇ ਹਮਰਾਹ ਰਹਿੰਦੀ ਹੈ। ਹਮੇਸ਼ਾ ਉਹੀ ਸ਼ਾਇਰੀ ਉਮਰ-ਦਰਾਜ਼ ਹੁੰਦੀ ਹੈ ਜਿਸ 'ਚ ਆਸ ਦਾ ਝਲਕਾਰਾ ਹੋਵੇ। ਕੁਦਰਤ ਵੀ ਹਰ ਮੌਸਮ 'ਚ ਆਸ ਦੇ ਪ੍ਰਤੀਕ ਪ੍ਰਗਟਾਵੇ ਕਰਦੀ ਹੈ। ਜਦੋਂ ਪੱਤਝੜ ਨਾਲ ਰੁੰਡ-ਮਰੁੰਡ ਬਿਰਖਾਂ 'ਤੇ ਬਹਾਰ ਆਉਂਦੀ ਹੈ ਤਾਂ ਆਲਾ-ਦੁਆਲਾ ਨੱਚ ਉੱਠਦਾ ਹੈ। ਬਰਫ਼ਾਂ ਲੱਦੀਆਂ ਵੇਲਾਂ 'ਤੇ ਜਦੋਂ ਕੋਸੀ ਧੁੱਪ ਦਾ ਆਗਮਨ ਹੁੰਦਾ ਹੈ ਤਾਂ ਪੱਤੀਆਂ ਦੇ ਨਰਮ ਚਿਹਰੇ ਸਾਫ਼-ਸ਼ਫਾਫ ਮੁਸਕਰਾਹਟ ਨਾਲ ਝੂਮ ਉਠਦੇ ਹਨ:

ਫੇਰ ਅੰਗੜਾਈ ਲਈ ਹੈ ਜ਼ਿੰਦਗੀ ਨੇ
ਫੇਰ ਸੁੱਕੇ ਰੁੱਖ 'ਚੋਂ ਫੁੱਟੀ ਲਗਰ ਹੈ।

ਪਰਮਜੀਤ ਦੀ ਸ਼ਾਇਰੀ 'ਚ ਆਪਣੇ ਗੁਆਚੇ ਦਿਨਾਂ ਦਾ ਹੇਰਵਾ ਵੀ ਹੈ, ਪ੍ਰੰਤੂ ਇਹ ਕੁਰਲਾਹਟ ਦੀ ਭਾਸ਼ਾ ਵਿਚ ਪੇਸ਼ ਨਹੀਂ ਹੁੰਦਾ। ਸਗੋਂ ਇਹ ਅਗਾਂਹ ਨੂੰ ਤੁਰਦੇ ਰਹਿਣ ਦਾ ਅਹਿਦ




ਬਣਦਾ ਹੈ। ਉਸਦੀ ਕਵਿਤਾ ਵਰਤਮਾਨ ਦੇ ਸਮਾਨੰਤਰ ਤੁਰਦਿਆਂ ਭਵਿੱਖ ਦੀ ਜ਼ਾਮਨ ਬਣਦੀ ਹੈ। ਉਸ ਕੋਲ ਢੁਕਵੀਂ ਕਾਵਿ-ਭਾਸ਼ਾ ਦਾ ਸੰਸਾਰ ਵੀ ਹੈ ਜੋ ਉਸਦੇ ਖ਼ਿਆਲ ਨੂੰ ਸੁੰਦਰਤਾ ਤੇ ਸ਼ਿਅਰਾਂ ਨੂੰ ਰਵਾਨੀ ਬਖ਼ਸ਼ਦਾ ਹੈ, ਜਿਸ ਸਦਕਾ ਪਾਠਕ ਦੀ ਸਾਂਝ ਉਸਦੀ ਸ਼ਾਇਰੀ ਨਾਲ ਹੋਰ ਜ਼ਿਆਦਾ ਪੀਚੀ ਹੁੰਦੀ ਹੈ। ਉਸਦਾ ਗੱਲ ਨੂੰ ਬਿਆਨ ਕਰਨ ਦਾ ਅੰਦਾਜ਼ ਸਾਦਾ ਪਰ ਦਿਲ-ਖਿਚਵਾਂ ਹੈ। ਸ਼ਬਦ ਆਮ ਕਰਕੇ ਆਪਣੀ ਜਗ੍ਹਾ ਆਪ ਬਣਾਉਂਦੇ ਹਨ ਜਿਸ ਕਰਕੇ ਮਿਸਰਿਆਂ 'ਚ ਬੇਲੋੜੀ ਭੰਨ-ਘੜ ਦੀ ਜ਼ਰੂਰਤ ਨਹੀਂ ਪੈਂਦੀ। ਨਿਮਨ ਸ਼ਿਅਰ ਸਾਦੇ ਅੰਦਾਜ਼ 'ਚ ਵੱਡੀ ਗੱਲ ਕਹਿੰਦਾ ਹੈ:

ਸਹਾਰੇ ਤਿਣਕਿਆਂ ਦੇ ਕੋਈ ਦਰਿਆ ਪਾਰ ਕਰ ਜਾਵੇ
ਤੇ ਡੁੱਬ ਜਾਂਦਾ ਹੈ ਉਹ ਵੀ, ਜਿਸਦੀ ਸੌ ਇਮਦਾਦ ਹੁੰਦੀ ਹੈ।

ਮਨ ਦੇ ਭਾਵਾਂ ਦਾ ਸੰਚਾਰ ਕਰਨ ਦੀ ਹੁਨਰਮੰਦੀ ਕਿਸੇ ਕਵੀ ਦਾ ਇੱਕ ਹੋਰ ਧਨਾਤਮਕ ਗੁਣ ਹੁੰਦਾ ਹੈ ਜਿਸ ਦੀ ਸਹਿਹੋਂਦ ਕਵਿਤਾ ਅੰਦਰਲੇ ਭਾਵਾਂ ਦੇ ਅਸਲ ਮੁਹਾਂਦਰੇ ਨਾਲ ਪਾਠਕ ਜਾਂ ਸਰੋਤੇ ਦੇ ਮਨ ਨੂੰ ਜੋੜਦੀ ਹੈ। ਵਿਚਾਰ ਵਿਚਲੀ ਸਪਸ਼ਟਤਾ ਕਵੀ ਦੀ ਆਪਣੀ ਅਸਲ ਵਿਚਾਰਧਾਰਾ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਢਿੱਲਾ ਤੇ ਅਸਪਸ਼ਟ ਵਿਚਾਰ ਸਮੁੱਚੀ ਰਚਨਾ ਦੇ ਸੰਚਾਰ ਵਿਚ ਅੜਿੱਕਾ ਪਾਉਂਦਾ ਹੈ। ਪਰਮਜੀਤ ਦੀਆਂ ਹੇਠਲੀਆਂ ਸਤਰਾਂ ਪਾਣੀ ਵਾਂਗ ਵਗਦੇ ਰਹਿਣ ਦੀ ਤਾਕੀਦ ਕਰਦੀਆਂ ਹਨ:

ਖੜ੍ਹੇ ਪਾਣੀ ਦੇ ਵਿਚ ਤਾਂ ਕੰਵਲ ਵੀ ਮਹਿਫ਼ੂਜ਼ ਰਹਿੰਦੇ ਨੇ
ਅਗਰ ਪਾਣੀ 'ਚ ਹੋਵੇ ਵੇਗ ਤਾਂ ਪੱਥਰ ਵੀ ਖੁਰਦਾ ਹੈ।

ਔਰਤ ਬਾਰੇ ਸਮਾਜ ਦਾ ਤੰਗ-ਨਜ਼ਰੀਆ ਹਿੰਦੁਸਤਾਨੀ ਕਵਿਤਾ ਦਾ ਹਮੇਸ਼ਾ ਉਭਰਵਾਂ ਵਿਸ਼ਾ ਰਿਹਾ ਹੈ। ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ 'ਚ ਲਿਖਣ ਵਾਲੀਆਂ ਔਰਤਾਂ ਨੇ ਆਪੋ-ਆਪਣੇ ਅਨੁਭਵ ਨਾਲ ਇਸ ਵਿਸ਼ੇ ਨੂੰ ਉਭਾਰਿਆ ਤੇ ਵਿਚਾਰ ਵਾਸਤੇ ਪੇਸ਼ ਕੀਤਾ। ਮਰਦ ਸਮਾਜ ਦਾ ਇੱਕ ਹਿੱਸਾ ਹਾਲੇ ਵੀ ਉਸ ਸੱਚ ਤੋਂ ਅਣਭਿੱਜ ਲਗਦਾ ਹੈ ਜਿਸਨੂੰ ਪੰਜ ਸਦੀਆਂ ਪਹਿਲਾਂ ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਅੰਦਰ ਖ਼ਾਸ ਥਾਂ ਦਿੱਤੀ ਸੀ। ਔਰਤ ਨੂੰ ਵਸਤੂ ਸਮਝਣ ਵਾਲਾ ਸਮਾਜ ਦਾ ਇੱਕ ਵੱਡਾ ਹਿੱਸਾ ਹਾਲੇ ਵੀ ਸਦਾਚਾਰ ਦੇ ਸਭ ਅਸੂਲਾਂ ਨੂੰ ਛਿੱਕੇ ਟੰਗ ਕੇ ਮਨੁੱਖ ਜਾਤੀ ਦੇ ਉਸ ਅਰਧ-ਹਿੱਸੇ ਨੂੰ ਨੀਵਾਂ ਦਿਖਾਉਣ ਤੋਂ ਬਾਜ਼ ਨਹੀਂ ਆਉਂਦਾ ਜਿਸ ਨੇ ਉਸ ਨੂੰ ਇਸ ਧਰਤੀ 'ਤੇ ਲਿਆਂਦਾ। ਦਿਓਲ ਪਰਮਜੀਤ ਦੀ ਕਵਿਤਾ ਇਸ ਸੱਚ ਤੋਂ ਅਲਹਿਦਾ ਨਹੀਂ ਹੈ:

ਉਹ ਮੁੜ-ਮੁੜ ਕੰਡਿਆਂ ਦੀ ਚੋਭ ਹੀ ਜਰਦੀ
ਚਮਨ ਵਿੱਚੋਂ ਕੁੜੀ ਜਦ ਤਿਤਲੀਆਂ ਫੜਦੀ।
ਕੂੰਜਾਂ ਨੂੰ ਦੇਖਕੇ ਤਾਂ ਚਾਹੁੰਦੀ ਹੈ ਦੂਰ ਉਡਣਾ
ਡਰਦੀ ਹੈ ਇੱਕ ਕੁੜੀ ਜਦ ਅੰਬਰ ਦਾ ਨਾਪ ਲੈਂਦੀ
ਇਹ ਲੋਕਾਂ ਦਾ ਭੁਲੇਖਾ ਹੈ ਕਿ ਦੁਨੀਆ ਬਦਲ ਚੁੱਕੀ ਹੈ
ਅਜੇ ਤੀਕਰ ਵੀ ਬਾਬਲ ਧੀ ਨੂੰ ਸੁਰਮਾ ਪਾਉਣ ਨਹੀਂ ਦਿੰਦਾ।

ਉਪਰੋਕਤ ਸਤਰਾਂ ਬਹੁਤ ਸਾਰੇ ਸਵਾਲਾਂ ਦੇ ਜਵਾਬ ਮੰਗਦੀਆਂ ਪ੍ਰਤੀਤ ਹੁੰਦੀਆਂ ਹਨ। ਇਨ੍ਹਾਂ ਵਿਚ ਉਠਾਇਆ ਗਿਆ ਸਵਾਲ ਸੰਗੀਨ ਹੈ, ਪਰ ਬਿਆਨ ਵਿਚ ਉਹ ਉਪਭਾਵੁਕਤਾ ਨਹੀਂ ਹੈ ਜੋ ਬਹੁਗਿਣਤੀ ਕਵਿੱਤਰੀਆਂ ਦੇ ਬਿਆਨ ਵਿਚ ਦੇਖਣ ਨੂੰ ਮਿਲਦੀ ਹੈ।

ਆਪਣੀ ਮਾਨਵਤਾਵਾਦੀ ਪਹੁੰਚ ਕਰਕੇ ਦਿਓਲ ਪਰਮਜੀਤ ਦੀ ਗ਼ਜ਼ਲ ਸਹਿਵਨ ਹੀ ਯਾਦ ਰਹਿ ਸਕਣ ਵਾਲੀ ਹੈ। ਜਿਵੇਂ ਜ਼ਿੰਦਗੀ ਨੂੰ ਸੰਪੂਰਨਤਾ ਨਾਲ ਜਿਊਣ ਲਈ ਇਸਦੇ ਵੱਖ-ਵੱਖ ਜੁਜ਼ ਇੱਕ ਤਰਤੀਬ ਵਿਚ ਰੱਖਣੇ ਪੈਂਦੇ ਹਨ, ਉਸੇ ਤਰ੍ਹਾਂ ਇਨ੍ਹਾਂ ਗ਼ਜ਼ਲਾਂ ਵਿਚ ਦੀ ਲੰਘਦਿਆਂ ਸਾਰੀ ਤਰ੍ਹਾਂ ਦੇ ਮਨੋਭਾਵ ਪਾਠਕ ਦੀ ਉਂਗਲੀ ਫੜੀ ਰੱਖਦੇ ਹਨ। ਉਮੀਦ ਹੈ ਕਿ ਇਸ ਪੁਸਤਕ ਦੇ ਸ਼ਬਦਾਂ ਦੇ ਉਹਲੇ ਬੈਠੇ ਅਰਥ ਪਾਠਕ ਦੇ ਮਨ-ਮਸਤਕ ਨਾਲ ਸਿੱਧਾ ਸੰਵਾਦ ਰਚਾਉਣਗੇ। ਪੰਜਾਬੀ ਕਵਿਤਾ ਦੇ ਵਿਹੜੇ ਵਿਚ ਦਿਓਲ ਪਰਮਜੀਤ ਦੇ ਇਸ ਗ਼ਜ਼ਲ ਪਰਾਗੇ ਨੂੰ ਜੀ ਆਇਆਂ ਆਖਦਿਆਂ ਮੈਂ ਉਸੇ ਦੇ ਇੱਕ ਸ਼ਿਅਰ ਨਾਲ ਆਪਣੀ ਗੱਲ ਬੰਦ ਕਰਦਾ ਹਾਂ ਤੇ ਇਸ ਸ਼ਿਅਰ ਦੇ ਕੇਂਦਰੀ ਭਾਵ ਨੂੰ ਸਮਝਦਿਆਂ ਇਹ ਕਹਿਣ ਦੇ ਸਮਰੱਥ ਹਾਂ ਕਿ ਮੌਤ ਜੇ ਅਟੱਲ ਹੈ, ਤਾਂ ਜ਼ਿੰਦਗੀ ਵੀ ਸਸ਼ੱਕਤ ਹੈ:

ਸੂਲੀਆਂ ਨੂੰ ਇੱਕ ਤਰ੍ਹਾਂ ਹੈਰਾਨ ਹੈ ਕਰਨਾ ਅਸੀਂ
ਆਖਰੀ ਕਿੱਲ 'ਤੇ ਜਦੋਂ ਬੰਨ੍ਹਾਂਗੇ ਗਾਨਾ ਜੀਣ ਦਾ।

# ਗਾਵਣ ਕੀ ਏ (2)

ਆਪਣੇ ਇਲਮ ਤੇ ਫਲਸਫੇ ਦਾ ਜੋ ਪ੍ਰਚਾਰ ਕੀਤਾ ਜਾਂਦਾ ਹੈ ਉਹ ਸਿਰਫ ਆਪਣੀ ਵਡਿਆਈ ਹੈ। ਆਪਣਾ ਆਲਮ ਹੋਵਣ ਦਸਾਉਣ ਕੀਤੇ ਇੰਵ ਦੀ ਔਖੀ ਤਫਸੀਰ, ਤਸ਼ਰੀਹ ਪੇਸ਼ ਕੀਤੀ ਜਾਂਦੀ ਹੈ ਜਿਸਦੀ ਕਿਸੇ ਹਮਾਤੜ ਨਿਮਾਣੇ ਨੂੰ ਸਮਝ ਈ ਨਾ ਲੱਗੇ। ਸੁਣਨ ਵਾਲੇ ਨੂੰ ਆਪਣੇ ਇਲਮ ਘਾਟ ਜਾਪੇ ਤੇ ਉਹ ਗੱਲ ਸੁਣਾਵਨਹਾਰ ਦੇ



ਵਾਧੂ ਇਲਮ ਨੂੰ ਦਿਲੋਂ ਬਜਾਨੋ (ਧੁਰ ਅੰਦਰੋਂ) ਮੰਨ ਕੇ ਸਿਜਦਾ ਕਰੇ। ਗੱਲ ਜੇ ਗੁਣ ਦੀ ਹੈ ਤਾਂ ਕੀ ਜਿਨ੍ਹਾਂ ਗੁਣਾਂ ਦਾ ਪ੍ਰਚਾਰ ਬੰਦਾ ਕਰਦਾ ਹੈ ਉਹ ਉਸ ਦੇ ਆਪਣੇ ਬਣਾਏ ਹਨ ਯਾ ਕੁਦਰਤ

ਡਾ. ਆਸਮਾ ਕਾਦਰੀ

ਤੋਂ ਦਾਨ ਹੋਏ ਹਨ। ਜੋ ਇਲਮ ਤੇ ਫਲਸਫਾ ਕੁੱਲ ਕੁਦਰਤ ਦੀ ਸਿਆਣ ਨਹੀਂ ਕਰਾਉਂਦਾ ਉਹ ਅਫਲ ਹੈ।

ਘਰ ਮੰਦਰ ਖੁਸੀਆ ਤਹੀ ਜਹ ਤੂ ਆਵਹਿ ਚਿਤਿ ॥
ਦੁਨੀਆ ਕੀਆ ਵਡਿਆਈਆ ਨਾਨਕ ਸਭਿ ਕੁਮਿਤ ॥੨॥
(ਪੰਨਾ 319 ਮਃ ੫ ॥ )

ਦੁਨੀਆ ਦੀਆਂ ਵਡਿਆਈਆਂ ਖੁਸ਼ੀ ਨਹੀਂ ਦੇਂਦੀਆਂ ਸਗੋਂ ਇਕਲਾਪੇ ਤੇ ਵੱਖਰੱਪ ਦਾ ਰੋਗ ਲਾਉਂਦੀਆਂ ਨੇ। ਜਦੋਂ ਜੀਵਣ ਵਿਚ ਸਾਂਝ ਪਹਿਚਾਣ ਬਣ ਜਾਵੇ ਤਾਂ ਹਿਰਦੇ ਵਿਚ "ਹਰਿ" ਵਸਦਾ ਏ ਤੇ ਦੁਨੀਆਵੀ ਵਡਿਆਈਆਂ ਦੇ ਕੂੜ ਦਾ ਓਹਲਾ ਲਹਿ ਜਾਂਦਾ ਏ।

ਗਾਵੈ ਕੋ ਸਾਜਿ ਕਰੇ ਤਨੁ ਖੇਹ॥
ਗਾਵੈ ਕੋ ਜੀਅ ਲੈ ਫਿਰਿ ਦੇਹ॥ (ਪੰਨਾ1 ਜਪੁ, ਮ: 1)

"ਸਾਜ ਦੇ ਅਰਥ ਹਨ ਸਿਰਜਨ, ਬਣਾਉਣ, ਉਸਾਰਨ, ਤਿਆਰ ਕਰਨਾ। ਸਿਰਜਣਹਾਰ ਕੁਦਰਤ ਹੈ ਏਸ ਕੁੱਲ ਕਾਇਨਾਤ ਦੀ। ਸਿਰਜਣਾ ਵੱਡਾ ਗੁਣ ਹੈ ਜੋ ਕੁਦਰਤ ਕੰਨੋਂਦਾਨ ਹੋਇਆ ਹੈ ਕੁੱਲ ਜੀਆ-ਜੂਨ ਨੂੰ। ਸਿਰਜਣਹਾਰ ਆਪਣੀ ਸਿਰਜਣਾ ਨੂੰ ਕੁਦਰਤੀ ਸਿਰਜਣਾ ਨਾਲ ਜੋੜੇ ਤਾਂ ਈ ਉਹ ਗਾਵਣ ਬਣਦਾ ਹੈ। ਜਦੋਂ ਸਿਰਜਕ ਆਪਣੀ ਸਿਰਜਣਾ ਨੂੰ ਕੁਦਰਤੀ ਸਿਰਜਣਾ ਤੋਂ ਵੱਖ ਕਰ ਕੇ ਆਪਣੇ ਵਿਖਾਲੇ ਕਾਨ ਵਰਤੇਂਦਾ ਹੈ ਤਾਂ ਉਹ ਸਿਰਜਣਾ ਆਪਣੇ ਸਿਰਜਕ ਨੂੰ ਸੁੱਖ ਨਹੀਂ ਦਿੰਦੀ। ਸਾਰੀ ਹਯਾਤੀ ਆਪਣੀ ਸਿਰਜਣਾ ਦੇ ਗੁਣ ਗਾਉਂਦਿਆਂ ਲੰਘ ਜਾਂਦੀ ਹੈ। ਅਜਿਹੀ ਸਿਰਜਣਾ ਵੀ ਮੁੱਕ ਵਹਿੰਦੀ ਹੈ ਤੇ ਅਜਿਹੀ ਕੂੜ ਸਿਰਜਣਾ ਦਾ ਸਿਰਜਕ ਵੀ ਮੁੱਕ ਵਹਿੰਦਾ ਹੈ। ਅੰਤਰੇ ਦਾ ਅਗਲਾ ਅੱਧਾ ਹਿੱਸਾ ਜੀਅ ਤੇ ਦੇਹ ਦੀ ਦੁਈ ਵਿਖਾਲਦਾ ਹੈ। ਜੀ ਦਿਲ, ਜਾਨ ਤੇ ਰੂਹ ਨੇਂ। ਦੇਹ ਮਾਦਾ ਹੈ ਮੈਟਰ, ਮਟੀਰੀਅਲ। ਜੀਅ ਤੇ ਦੇਹ ਨੂੰ ਵੱਖ ਵੱਖ ਜਾਨਣ ਵਾਲੇ ਜੀਵਨ ਦੀ ਇਕਾਈ ਨਹੀਂ ਸਿਆਣ ਸਕਦੇ। ਦਿਲ, ਜਾਨ ਤੇ ਰੂਹ, ਦੇਹ ਦੇ ਅੰਦਰ ਈ ਵਸੇਂਦੇ ਨੇਂ। ਦੇਹ ਤੋਂ ਵੱਖ ਕੋਈ ਹੋਰ ਵੱਖਰੀ ਥਾਂ ਤੇ ਨਹੀਂ ਇਨ੍ਹਾਂ ਦੀ। ਜਿਸ ਦੇਹ ਅੰਦਰ ਇਹ ਵਸੇਂਦੇ ਹਨ ਓਸ ਦੇਹ ਦੀ ਨਿੰਦਿਆ ਕਿਵੇਂ ਹੋ ਸਕਦੀ ਹੈ। ਰੂਹ ਦਾ ਪ੍ਰਚਾਰ ਕਰਨ ਵਾਲੇ ਵੀ ਅਸਲੋਂ ਆਪਣੇ ਜ਼ਾਹਰ ਵਜੂਦ ਨੂੰ ਈ ਮੰਨਦੇ ਤੇ ਮਨਾਉਣਾ ਚਾਹੁੰਦੇ ਹਨ।

ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥ (ਪੰਨਾ 2,ਜਪੁ, ਮ: 1)

ਗਾਵਣ ਨਿਰਾ ਗਾਵਣ ਈ ਨਹੀਂ ਸਗੋਂ ਗਾਵਣ ਜੀਵਨ ਢੰਗ ਵੀ ਹੈ। ਅਜਿਹਾ ਜੀਵਨ ਜੋ ਓਪਰ ਮੁਕਾਵੇ ਤੇ ਸਭ ਨੂੰ ਅਪਣਾ ਕਰੇ। ਮੂੰਹੋਂ ਨਿਕਲਿਆ ਬੋਲ ਸੁਣਨਹਾਰ ਨੂੰ ਅਪਣਾ ਨਾ ਕਰੇ ਤਾਂ ਉਹ ਬੋਲ ਕੇਹਾ। ਗੱਲ ਵਿਚ ਦਰਦ ਨਾ ਹੋਵੇ ਤੇ ਉਹ ਗੱਲ ਇੰਵ ਹੈ ਜਿਵੇਂ ਕਮਾਦ ਤੇ ਕਾਨੇ ਦਾ ਫਰਕ ਹੈ। ਕਮਾਦ ਰਸ ਭਰਿਆ ਤੇ ਨਾੜ ਬੇਰਸਾ ਹੁੰਦਾ ਏ। ਮੀਆਂ ਮੁਹੰਮਦ ਬਖ਼ਸ਼ ਨੇ ਵੀ ਬੋਲ ਦੀ ਸਿਫਤ ਕੀਤੀ ਹੈ। ਇੱਥੇ ਬੋਲ ਲਈ ਸੁਖਨ ਵਰਤਿਆ ਹੈ ਮੀਆਂ ਸਾਹਿਬ ਨੇ:

ਸੁਖਨ ਭਲਾ ਜੋ ਦਰਦੋਂ ਭਰਿਆ ਬਿਨ ਦਰਦੋਂ ਕੁੱਝ ਨਾਹੀਂ
ਨੜਾਂ ਕਮਾਦਾਂ ਫਰਕ ਰਵੇ ਦਾ ਕੀਹ ਕਾਨੇ ਕਿਆ ਕਾਹੀਂ

ਦਰਦ ਅਹਿਸਾਸ ਪਾਰੋਂ ਜੰਮਦਾ ਹੈ। ਅਹਿਸਾਸ ਜੋੜਦਾ ਹੈ ਖਲਕਤ ਨੂੰ। ਜੋ ਗੱਲ ਅਹਿਸਾਸ ਪਾਰੋਂ ਕੀਤੀ ਜਾਵੇ ਉਹ ਆਪਣੀ ਜਾਪਦੀ ਹੈ। ਜੇ ਗੱਲ ਕਰਨਹਾਰ ਅਹਿਸਾਸੋਂ ਵਾਂਝਾ ਹੋਵੇ ਤਾਂ ਉਹ ਆਪਣੇ ਸੁਣਨਹਾਰਾਂ ਨਾਲ ਨੇੜ ਨਹੀਂ ਬਣਾ ਸਕਦਾ। ਅਜਿਹੇ "ਮੈਂ ਰੁੱਧੇ" ਦਾ ਗਾਵਣ ਕਿਸੇ ਦੇ ਮਨ ਨੂੰ ਨਹੀਂ ਪੋਹਦਾ। ਇਹ ਗਾਵਣ, ਬੋਲਣ ਯਾ ਗੱਲ ਕਰਨ ਨੇੜ ਨਹੀਂ ਬਣਾਉਂਦਾ ਸਗੋਂ ਦੂਰੀ ਪੈਦਾ ਕਰਦਾ ਹੈ। ਕਿਉਂ ਜੋ ਗਾਵਣਹਾਰ ਦਾ ਟੀਚਾ ਗਾਵਣ ਰਾਹੀਂ ਸੰਗ ਬਣਨ ਬਣਾਉਣ ਦਾ ਨਹੀਂ ਹੁੰਦਾ ਸਗੋਂ ਸੁਣਨਹਾਰਾਂ ਦੀ ਗਿਣਤ ਮੂਲ ਹੈ ਏਸ ਕੂੜ ਗਾਵਣ ਦਾ। ਗਾਉਂਦਿਆਂ ਗਾਵਣਹਾਰ ਇਹੀ ਦੇਖਦਾ ਹੈ ਕਿ ਕਿਤਨੇ ਲੋਕ ਹਾਜ਼ਰ ਨੇਂ ਜੋ ਸੁਣਦੇ ਨੇਂ ਪਏ ਮੈਨੂੰ ਗਾਉਂਦਿਆਂ। ਅਜਿਹੀ ਸੰਗਤ ਜਿਸ ਵਿਚ ਗੱਲ ਕਰਨ ਵਾਲਾ ਪਰਾਇਆ ਜਾਪੇ, ਜਿਸ ਵਿਚ ਗੱਲ ਕਰਨ ਵਾਲਾ ਆਪਣੇ ਸੁਣਨ ਵਾਲਿਆਂ ਦੀ ਗਣਿਤ ਵਧਾਉਣਾ ਚਾਹਵੇ ਉਹ ਸੰਗਤ ਵਿਰਾਨ ਹੋ ਜਾਂਦੀ ਏ। ਗੱਲ ਦਾ ਮਕਸਦ ਜਿਉਂਦਿਆਂ ਨੂੰ ਜੋੜਨਾ ਹੈ। ਜੇ ਗੱਲ ਮੈਂ ਨੇ ਵਧਾ ਲਈ ਹੈ ਤਾਂ ਉਹ ਸੁਣਨ ਤੇ ਬੋਲਣਹਾਰ ਵਿਚਕਾਰ ਦੂਰੀ ਪੈਦਾ ਕਰਦੀ ਹੈ। ਚਲਦਾ।

## ਗ਼ਜ਼ਲ



ਅਜੈ ਤਨਵੀਰ
ਫੋਨ +1 (559) 309-2031

ਸਿਆਸਤ ਨੇ ਬਦਲ ਦਿੱਤੇ ਜਦੋਂ ਦੇ ਅਰਥ ਰੰਗਾਂ ਦੇ।
ਉਕਾਬਾਂ ਦੇ ਨਗਰ ਵਿਚ ਹੋ ਰਹੇ ਚਰਚੇ ਪਤੰਗਾਂ ਦੇ।

ਜਿਨ੍ਹਾਂ ਦੇ ਪੁੱਤ ਆਏ ਜਿੱਤ ਕੇ ਪਰ ਬਕਸਿਆਂ ਅੰਦਰ
ਉਨ੍ਹਾਂ ਨੂੰ ਪੁੱਛ ਕੇ ਵੇਖੀਂ ਨਤੀਜੇ ਕੀ ਨੇ ਜੰਗਾਂ ਦੇ।

ਜਦੋਂ ਤੈਥੋਂ ਮੇਰੇ ਦਿਲ ਵਿਚ ਅਜੇ ਤਕ ਡੁੱਬ ਨਾ ਹੋਇਆ
ਮੁਹੱਬਤ ਕਿੰਝ ਨਾਪਣਗੇ ਤੇਰੇ ਟੋਟੇ ਇਹ ਵੰਗਾਂ ਦੇ।

ਰਿਸ਼ੀ ਸ਼੍ਰਿੰਗ, ਤੇ ਸਰਮਦ, ਸਰਾਭਾ, ਯਾਦ ਨੇ ਤਨਵੀਰ
ਤਦੇ ਆਏ ਨਹੀਂ ਸਾਨੂੰ ਕਦੇ ਵੀ ਖ਼ਾਬ ਝੰਗਾਂ ਦੇ।

ਚਿਰਾਗ਼ਾਂ ਨੂੰ ਬੁਝਾ ਦਿੱਤਾ ਜੇ ਨ੍ਹੇਰੀ ਨੇ ਤਾਂ ਕੀ ਹੋਇਆ
ਮੇਰੇ ਅੰਦਰ ਅਜੇ ਵੀ ਚਮਕਦੇ ਜੁਗਨੂੰ ਉਮੰਗਾਂ ਦੇ।


ਮੈਂ ਖ਼ੁਦ ਤੋਂ ਪੁੱਛਦਾ ਹਾਂ ਰੋਜ਼ ਸਾਗਰ ਸ਼ਾਂਤ ਹੈ ਜੇਕਰ
ਬੜੇ ਬੇਚੈਨ ਕਿਉਂ ਦਿਸਦੇ ਨੇ ਮੈਨੂੰ ਰੁਖ ਤਰੰਗਾਂ ਦੇ।

ਕੋਈ ਗੱਲ ਖ਼ਾਸ ਹੈ ਤਨਵੀਰ ਭਾਵੇਂ ਮੰਨ ਜਾਂ ਨਾ ਮੰਨ
ਮਹਾਜਨ ਚੱਲ ਕੇ ਆਏ ਨੇ ਜੋ ਵਿਹੜੇ ਮਲੰਗਾਂ ਦੇ।

# ਕ੍ਰਿਸ਼ਮਈ ਸ਼ਖ਼ਸੀਅਤ ਜਤਿੰਦਰ ਪਾਲ ਸਿੰਘ ਓਬਰਾਏ

**ਸੰਸਾਰ ਪੱਧਰ ਦੇ ਸਮਾਜ ਸ਼ਾਸਤਰੀ ਅਤੇ ਦਾਰਸ਼ਨਿਕ ਮਾਨਵ ਵਿਗਿਆਨੀ ਪ੍ਰੋਫੈਸਰ ਜਤਿੰਦਰ ਪਾਲ ਸਿੰਘ ਓਬਰਾਏ ਦੀ ਭਾਰਤੀ ਸਮਾਜ ਵਿਗਿਆਨ ਦੇ ਖੇਤਰ ਵਿਚ ਮੁੱਖ ਦੇਣ ਬਦਲਵਾਂ ਪੈਰਾਡਾਈਮ ਸਥਾਪਤ ਕਰਨ ਸਬੰਧੀ ਹੈ। ਇਸ ਨੇ ਪੱਛਮ ਦੇ ਗੈਰ-ਪੱਛਮੀ ਅਧਿਐਨ ਲਈ ਸਪੇਸ ਸਿਰਜੀ ਅਤੇ ਯੂਰਪੀ ਵਿਗਿਆਨ ਤੇ ਆਧੁਨਿਕਤਾ ਦੇ ਇਤਿਹਾਸ ਦੇ ਵੱਖਰੇ ਕੋਣ ਤੋਂ ਅਧਿਐਨ ਲਈ ਰਾਹ ਪੱਧਰਾ ਕੀਤਾ। ਉਹ ਪੰਜਾਬੀ, ਫ਼ਾਰਸੀ ਅਤੇ ਅੰਗਰੇਜ਼ੀ ਦੇ ਮਹਾਨ ਵਿਦਵਾਨ ਪ੍ਰੋਫੈਸਰ ਮੋਹਨ ਸਿੰਘ ਦੀਵਾਨਾ ਦਾ ਪੁੱਤਰ ਸੀ। ਪ੍ਰੋਫੈਸਰ ਸੁਭਾਸ਼ ਪਰਿਹਾਰ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੀਆਂ ਕਿਤਾਬਾਂ ਅਤੇ ਜੀਵਨ ਬਾਰੇ ਕੁਝ ਖਾਸ ਗੱਲਾਂ ਸਾਂਝੀਆਂ ਕੀਤੀਆਂ ਹਨ।**

ਡਾ. ਜਤਿੰਦਰ ਪਾਲ ਸਿੰਘ ਓਬਰਾਏ ਦੇ ਪਿਛੋਕੜ 'ਤੇ ਨਜ਼ਰ ਮਾਰਨ 'ਤੇ ਪਤਾ ਲੱਗਦਾ ਹੈ ਕਿ ਉਸ ਨੇ ਸਰਕਾਰੀ ਕਾਲਜ, ਲੁਧਿਆਣਾ ਤੋਂ ਗਣਿਤ ਏ-ਬੀ ਕੋਰਸ ਅਤੇ ਇੰਗਲਿਸ਼ ਆਨਰਜ਼ ਨਾਲ ਗ੍ਰੈਜੂਏਸ਼ਨ ਕੀਤੀ ਸੀ। ਫਿਰ 1950ਵਿਆਂ ਵਿਚ ਲੰਡਨ ਦੇ ਯੂਨੀਵਰਸਿਟੀ ਕਾਲਜ ਤੋਂ ਦੂਰਸੰਚਾਰ ਇੰਜਨੀਅਰਿੰਗ ਵਿਚ ਬੀ.ਐੱਸਸੀ. ਕਰ ਲਈ। ਇਸ ਤੋਂ ਬਾਅਦ ਉਸ ਨੇ ਵਿਗਿਆਨ ਅਤੇ ਤਕਨਾਲੋਜੀ ਦੀ ਦੁਨੀਆ ਤੋਂ ਸਮਾਜਿਕ ਵਿਗਿਆਨ ਵੱਲ ਮੋੜ ਕੱਟ ਲਿਆ। ਇੰਗਲੈਂਡ ਵਿਖੇ ਹੀ ਮੈਨਚੈਸਟਰ ਯੂਨੀਵਰਸਿਟੀ ਵਿਚ ਅਧਿਐਨ ਦੌਰਾਨ ਉਸ ਨੇ 1962 ਵਿਚ ਪਹਿਲੀ ਕਿਤਾਬ 'ਪਾਲੀਟਿਕਸ ਆਫ ਦਿ ਕੁਲਾ ਰਿੰਗ: ਐਨ ਅਨੈਲੈਸਿਸ ਆਫ ਦਿ ਫਾਈਡਿੰਗਜ਼ ਆਫ



ਬ੍ਰੋਨਿਸਲਾਅ ਮੈਲੀਨੋਵਸਕੀ' ਪ੍ਰਕਾਸ਼ਿਤ ਕਰਵਾਈ। ਦੋ ਸਾਲ ਬਾਅਦ 1964 ਵਿਚ ਆਸਟਰੇਲੀਅਨ ਨੈਸ਼ਨਲ ਯੂਨੀਵਰਸਿਟੀ ਤੋਂ ਉੱਘੇ ਮਾਨਵ-ਵਿਗਿਆਨੀ ਮੈਕਸ

**ਸੁਭਾਸ਼ ਪਰਿਹਾਰ**
ਫੋਨ: +91-98728-22417


ਗਲਕਮੈਨ ਦੀ ਨਿਗਰਾਨੀ ਅਧੀਨ 'ਆਰਗੇਨਾਈਜ਼ੇਸ਼ਨ ਆਫ ਦਿ ਤਾਜਿਕਸ ਆਫ ਅੰਦਰਾਬ ਵੈੱਲੀ, ਅਫ਼ਗਾਨਿਸਤਾਨ' ਵਿਸ਼ੇ 'ਤੇ ਪੀਐੱਚ.ਡੀ. ਕਰ ਲਈ। 1960ਵਿਆਂ ਦੇ ਅਖੀਰ ਵਿਚ ਉਹ ਭਾਰਤ ਵਾਪਸ ਆ ਗਿਆ ਅਤੇ ਦਿੱਲੀ ਸਕੂਲ ਆਫ ਇਕਨਾਮਿਕਸ ਵਿਚ ਅਧਿਆਪਨ ਅਤੇ ਖੋਜ ਕਾਰਜ ਸ਼ੁਰੂ ਕੀਤਾ ਅਤੇ ਅਖੀਰ ਇੱਥੋਂ ਹੀ ਸੇਵਾਮੁਕਤ ਹੋਇਆ।

ਦਿੱਲੀ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਨੂੰ ਮਜ਼ਬੂਤ ਨੀਹਾਂ 'ਤੇ ਸਥਾਪਤ ਕਰਨ ਲਈ ਸਮਾਜ ਸ਼ਾਸਤਰੀ ਐੱਮ.ਐੱਨ. ਸ੍ਰੀਨਿਵਾਸ (1916-99) ਤੋਂ ਬਾਅਦ ਸਭ ਤੋਂ ਵੱਡਾ ਯੋਗਦਾਨ ਡਾ. ਓਬਰਾਏ ਅਤੇ ਉਸ ਦੇ ਸਹਿਕਰਮੀ ਪ੍ਰੋਫੈਸਰ ਆਂਦਰੇ ਬੈਟੇ ਦਾ ਸੀ। ਪ੍ਰੋ. ਓਬਰਾਏ ਦੀ ਇੱਕ ਵਿਲੱਖਣਤਾ ਇਹ ਸੀ ਕਿ ਉਸ ਨੇ ਸਿੱਖ ਧਰਮ ਬਾਰੇ ਇੱਕ ਕਿਤਾਬ ਤੋਂ ਸਿਵਾਇ ਸ਼ੁਰੂ ਤੋਂ ਹੀ ਆਪਣੀ ਖੋਜ ਦਾ ਵਿਸ਼ਾ ਭਾਰਤੀ ਸਮਾਜ ਨੂੰ ਨਹੀਂ ਬਣਾਇਆ। ਦਰਅਸਲ, ਉਸ ਦੀ ਰੁਚੀ ਮਾਨਵ-ਵਿਗਿਆਨ ਵਿਚ ਕਲਾਸੀਕਲ ਸਵਾਲਾਂ ਨੂੰ ਹੱਲ ਕਰਨ ਵਿਚ ਸੀ। ਉਸ ਦਾ ਕਹਿਣਾ ਸੀ ਕਿ ਉਹ ਮੂਲ ਰੂਪ ਵਿਚ ਭਾਰਤੀ ਸੀ ਪਰ ਉਸ ਦਾ ਕੰਮ ਮਾਨਵ ਵਿਗਿਆਨ ਵਿਚ ਸਨਾਤਨੀ ਸਵਾਲਾਂ ਨੂੰ ਸੁਲਝਾਉਣਾ ਹੈ।

ਪ੍ਰੋਫੈਸਰ ਸਤੀਸ਼ ਦੇਸ਼ਪਾਂਡੇ ਨੇ ਪ੍ਰੋਫੈਸਰ ਓਬਰਾਏ ਨਾਲ ਕੰਮ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ ਉਹ ਭਾਰਤ ਤੋਂ ਬਾਹਰ ਫੀਲਡ ਵਰਕ ਕਰਨ ਵਾਲੇ ਗਿਣਤੀ ਦੇ ਮਾਨਵ ਵਿਗਿਆਨੀਆਂ ਵਿਚੋਂ ਇੱਕ ਸੀ। ਅਫ਼ਗਾਨਿਸਤਾਨ ਵਿਚ ਕੀਤਾ ਉਸ ਦਾ ਮਹੱਤਵਪੂਰਨ ਕੰਮ ਇਸ ਦੀ ਉਦਾਹਰਨ ਹੈ। ਪ੍ਰੋਫੈਸਰ ਓਬਰਾਏ ਆਪਣੇ ਵਿਦਿਆਰਥੀਆਂ ਲਈ ਬਹੁਤ ਪ੍ਰੇਰਦਾ ਸੀ ਅਤੇ ਉਨ੍ਹਾਂ ਨਾਲ ਬਹੁਤ ਸਮਾਂ ਬਿਤਾਉਂਦਾ ਸੀ। ਉਹ ਸੰਸਥਾ ਅਤੇ ਅਧਿਆਪਨ ਨੂੰ ਪੂਰੀ ਤਰ੍ਹਾਂ ਸਮਰਪਿਤ ਸੀ। ਉਸ ਵਿਚ ਆਪਣੇ ਆਪ 'ਤੇ ਹੱਸਣ ਦੀ ਯੋਗਤਾ ਵੀ ਸੀ।

ਕਿਸੇ ਵਿਦਵਾਨ ਪ੍ਰਤੀ ਸੱਚੀ ਸ਼ਰਧਾਂਜਲੀ ਉਸ ਦੀਆਂ ਲਿਖਤਾਂ ਬਾਰੇ ਜਾਣਨਾ ਹੈ। ਡਾ. ਓਬਰਾਏ ਨੇ ਇਹ ਛੇ ਕਿਤਾਬਾਂ ਲਿਖੀਆਂ ਸਨ:

ਆਪਣੀ ਕਿਤਾਬ 'Politics of the Kula Ring: An Analysis of the Findings of Bronislaw Malinowski Politics of the Kula Ring: An Analysis of the Findings of Bronislaw Malinowski (1962) ਵਿਚ ਉਸ ਨੇ ਪੋਲਿਸ਼-ਬ੍ਰਿਟਿਸ਼ ਮਾਨਵ ਵਿਗਿਆਨੀ ਬ੍ਰੋਨਿਸਲਾਅ ਮੈਲੀਨੋਵਸਕੀ ਦੁਆਰਾ 1914 ਤੋਂ 1918 ਤੱਕ ਪਾਪੂਆ ਨਿਊ ਗਿਨੀਆ ਦੇ ਟਰੋਬਰੀਐਂਡ ਟਾਪੂਆਂ ਤੋਂ ਇਕੱਤਰ ਕੀਤੇ ਅੰਕੜਿਆਂ ਪੁਨਰ-ਵਿਸ਼ਲੇਸ਼ਣ ਕੀਤਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਉਹ ਸਮਾਜਿਕ ਮਾਨਵ ਵਿਗਿਆਨ ਦੀ ਬਰਤਾਨਵੀ ਵਿਚਾਰਧਾਰਾ ਤੋਂ ਪ੍ਰਭਾਵਿਤ ਸੀ। ਇਸ ਮੋਨੋਗ੍ਰਾਫ ਦਾ ਵੱਡਾ ਹਿੱਸਾ ਪਾਪੂਆ ਨਿਊ ਗਿਨੀਆ ਦੇ ਮਿਲਨੇ ਖਾੜੀ ਪ੍ਰਾਂਤ ਵਿਚ ਆਯੋਜਿਤ ਰਸਮੀ ਵਟਾਂਦਰਾ ਪ੍ਰਣਾਲੀ 'ਕੁਲਾ ਰਿੰਗ' ਦੇ ਵੱਖ-ਵੱਖ ਪਹਿਲੂਆਂ ਨਾਲ ਸੰਬੰਧਿਤ ਹੈ ਅਤੇ ਟਰੋਬਰੀਐਂਡ ਟਾਪੂਆਂ ਦੀਆਂ ਰਾਜਨੀਤਿਕ ਵੰਡਾਂ, ਪਿੰਡਾਂ ਦੀ ਬਣਤਰ, ਰਿਸ਼ਤੇਦਾਰਾਂ ਦੇ ਜੁੱਟ, ਵਿਆਹ ਅਤੇ ਤੋਹਫ਼ਿਆਂ ਦੇ ਆਦਾਨ-ਪ੍ਰਦਾਨ ਬਾਰੇ ਜਾਣਕਾਰੀ ਹੈ। ਓਬਰਾਏ ਸਬੂਤ ਇਕੱਠੇ ਕਰ ਕੇ ਆਪਣੀ ਵਿਆਖਿਆ ਲਈ ਠੋਸ ਆਧਾਰ ਤਿਆਰ ਕਰਦਾ ਹੈ। ਉਸ ਦੇ ਵਿਸ਼ਲੇਸ਼ਣ ਲਈ ਸਿਧਾਂਤਕ ਢਾਂਚਾ ਰੈਡਕਲਿਫ-ਬ੍ਰਾਊਨ ਦੇ ਗਠਜੋੜ ਜਾਂ ਸਾਂਝ ਦੇ ਸਬੰਧਾਂ ਦੇ ਸਿਧਾਂਤ 'ਤੇ ਆਧਾਰਿਤ ਹੈ। ਉਹ ਆਪਣੇ ਗੁਰੂ ਮੈਕਸ ਗਲਕਮੈਨ ਦੇ ਸਿਧਾਂਤ 'ਤੇ ਵੀ ਪਹਿਰਾ ਦਿੰਦਾ ਰਿਹਾ ਜਿਸ ਅਨੁਸਾਰ ਸਮਾਜਿਕ ਏਕਤਾ ਇਕਮੁੱਠਤਾ ਦੀ ਸਾਧਾਰਨ ਭਾਵਨਾ ਦੀ ਬਜਾਏ ਵਿਰੋਧੀ ਵਫ਼ਾਦਾਰੀ 'ਤੇ ਨਿਰਭਰ ਕਰਦੀ ਹੈ। ਉਸ ਨੇ ਇਸਦੀ ਰਾਜਨੀਤੀ ਦਾ ਵਧੀਆ ਅਤੇ ਯੋਜਨਾਬੱਧ ਖਾਕਾ ਪੇਸ਼ ਕਰਕੇ ਸਮਾਜ ਬਾਰੇ ਸਾਡੀ ਸਮਝ ਨੂੰ ਹੋਰ ਡੂੰਘਾ ਕੀਤਾ ਹੈ। ਇਸ ਕੰਮ ਨੂੰ ਵਿਦਵਾਨਾਂ ਨੇ ਸੱਭਿਆਚਾਰਕ ਤੌਰ 'ਤੇ ਬਹੁਤ ਅਹਿਮ ਮੰਨਿਆ ਹੈ।



ਪ੍ਰੋਫੈਸਰ ਜਤਿੰਦਰ ਪਾਲ ਸਿੰਘ ਓਬਰਾਏ

ਸੰਖੇਪ ਲਿਖਤ 'Science and Culture' (1978) ਵਿਚ ਪ੍ਰੋਫੈਸਰ ਓਬਰਾਏ ਨੇ ਆਧੁਨਿਕ ਪੱਛਮੀ ਵਿਗਿਆਨ ਅਤੇ ਸੱਭਿਆਚਾਰ ਵਿਚ ਵਿਗਿਆਨ ਅਤੇ ਰਾਜਨੀਤੀ ਜਾਂ ਫਲਸਫ਼ੇ ਵਿਚਕਾਰ ਤੋੜ-ਵਿਛੋੜੇ ਵੱਲ ਧਿਆਨ ਦਿਵਾਇਆ ਹੈ। ਲੇਖਕ ਮੁਤਾਬਿਕ ਇਸ ਕਿਤਾਬ ਦਾ ਮੰਤਵ 'ਵਿਗਿਆਨ' ਤੇ 'ਆਧੁਨਿਕਤਾ' ਅਤੇ ਉਨ੍ਹਾਂ ਦੀਆਂ ਸਾਂਝੀਆਂ ਪੱਛਮੀ ਬੁਨਿਆਦਾਂ ਨਾਲ ਸਬੰਧਿਤ ਕੁਝ ਮਹੱਤਵਪੂਰਨ ਸਵਾਲਾਂ 'ਤੇ ਸੁਤੰਤਰ ਰਾਇ ਦੀ ਰੂਪਰੇਖਾ ਤਿਆਰ ਕਰਨਾ ਹੈ। ਯੂਰਪ ਦੇ ਇਸਾਈ ਜਗਤ ਵਿਚ ਸੋਲ੍ਹਵੀਂ ਸਦੀ ਦੌਰਾਨ ਵਾਪਰੇ ਸੁਧਾਰ ਅਤੇ ਵਿਰੋਧੀ-ਸੁਧਾਰ ਤੋਂ ਲੈ ਕੇ ਵੀਹਵੀਂ ਸਦੀ ਦੇ ਅੱਧ ਤੱਕ ਹੀਰੋਸ਼ੀਮਾ 'ਤੇ ਪਰਮਾਣੂ ਬੰਬ ਸੁੱਟਣ ਵਾਲੇ ਤੱਕ ਇਸ ਵਰਤਾਰੇ ਦੀ ਪੈੜ-ਚਾਲ ਨੱਪਦਿਆਂ ਲੇਖਕ ਵਿਗਿਆਨ ਅਤੇ ਭਵਿੱਖ ਦੀ ਯੂਨੀਵਰਸਿਟੀ, ਖ਼ਾਸ ਤੌਰ 'ਤੇ ਗੈਰ-ਪੱਛਮੀ ਸੰਸਾਰ ਤੋਂ ਸਬਕ ਲੈਣ ਲਈ ਪ੍ਰੇਰਦਾ ਹੈ।

ਜਰਮਨ ਭਾਸ਼ਾ ਦੇ ਕਵੀ, ਨਾਟਕਕਾਰ, ਨਾਵਲਕਾਰ, ਵਿਗਿਆਨੀ, ਰਾਜਨੇਤਾ, ਥੀਏਟਰ ਨਿਰਦੇਸ਼ਕ, ਅਤੇ ਆਲੋਚਕ ਯੂਹਾਨ ਵੁਲਫਗਾਂਗ ਗੇਟੇ (1749-1832) ਦੇ ਕੰਮ ਦਾ ਅਠਾਰ੍ਹਵੀਂ ਸਦੀ ਦੇ ਅੰਤ ਤੋਂ ਲੈ ਕੇ ਅੱਜ ਤੱਕ ਪੱਛਮੀ ਸਾਹਿਤਕ, ਰਾਜਨੀਤਿਕ ਅਤੇ ਦਾਰਸ਼ਨਿਕ ਵਿਚਾਰਾਂ ਉੱਤੇ ਡੂੰਘਾ ਅਤੇ ਵਿਆਪਕ ਪ੍ਰਭਾਵ ਰਿਹਾ ਹੈ। ਪਰ ਉਸ ਨੂੰ ਆਮ ਤੌਰ 'ਤੇ ਵਿਗਿਆਨੀ ਵਜੋਂ ਬਹੁਤਾ ਮਹੱਤਵ ਨਹੀਂ ਦਿੱਤਾ ਜਾਂਦਾ। ਡਾ. ਓਬਰਾਏ ਦੀ ਕਿਤਾਬ 'The other mind of Europe: Goethe as a Scientist' (1984) ਗੇਟੇ ਦੇ ਬੌਟਨੀ ਅਤੇ ਆਪਟੀਕਲ ਭੌਤਿਕ ਵਿਗਿਆਨ ਦੇ ਖੇਤਰ ਵਿਚ ਉਸ ਦੀ ਦੇਣ ਦਾ ਨਵੇਂ ਸਿਰਿਓਂ ਮੁਲਾਂਕਣ ਕਰਦਿਆਂ ਸਿੱਧ ਕਰਦੀ ਹੈ ਕਿ ਗੇਟੇ ਦੀ ਵਿਗਿਆਨਕ ਵਿਧੀ ਦੀ ਪੈਰਾਸੇਲੀਅਨ ਧਾਰਨਾ (ਸ਼ੁਰੂਆਤੀ ਡਾਕਟਰੀ ਲਹਿਰ) ਪਰੰਪਰਾਵਾਦੀ (ਔਰਥੋਡਾਕਸ) ਵਿਧੀ ਲਈ ਮਹੱਤਵਪੂਰਨ ਅਤੇ ਅਜੇ ਵੀ ਢੁਕਵਾਂ ਬਦਲ ਹੈ। ਸੋਲ੍ਹਵੀਂ ਸਦੀ ਦਾ ਸਵਿਸ ਵਿਗਿਆਨੀ ਡਾਕਟਰ, ਕੀਮੀਆ ਵਿਗਿਆਨੀ, ਧਰਮ ਸ਼ਾਸਤਰੀ ਅਤੇ ਜਰਮਨ ਪੁਨਰਜਾਗਰਣ ਦਾ ਦਾਰਸ਼ਨਿਕ ਪੈਰਾਸੇਲਸਸ 'ਮੈਡੀਕਲ ਕ੍ਰਾਂਤੀ' ਦੇ ਕਈ ਪਹਿਲੂਆਂ ਵਿਚ ਮੋਢੀ ਸੀ। ਉਹ ਸਮਝ ਨਾਲ ਪ੍ਰਾਪਤ ਜਾਣਕਾਰੀ ਦੇ ਨਾਲ ਨਾਲ ਨਿਰੀਖਣ ਦੇ ਮੁੱਲ 'ਤੇ ਜ਼ੋਰ ਦਿੰਦਾ ਸੀ। ਡਾ. ਓਬਰਾਏ ਆਪਣੀ ਕਿਤਾਬ ਵਿਚ ਗੇਟੇ ਦੀ ਜਾਣਕਾਰੀ ਦੇ ਸਰੋਤਾਂ ਅਤੇ ਉਸ ਦੇ ਆਲੋਚਕਾਂ, ਦੋਵਾਂ ਦੀ ਜਾਂਚ ਕਰਦਾ ਹੈ।


ਇਹ ਵਿਲੱਖਣ ਲਿਖਤ ਇਤਿਹਾਸ ਦੇ ਖੋਜਕਾਰਾਂ ਅਤੇ ਵਿਗਿਆਨ ਦੇ ਦਾਰਸ਼ਨਿਕਾਂ ਲਈ ਬਹੁਤ ਦਿਲਚਸਪੀ ਭਰੀ ਹੈ।

'Religion, civil society, and the state: a study of Sikhism' (1996) ਪ੍ਰੋ. ਓਬਰਾਏ ਦੀ ਇੱਕੋ-ਇੱਕ ਕਿਤਾਬ ਹੈ ਜਿਸ ਦਾ ਵਿਸ਼ਾ ਨਿਰੋਲ ਭਾਰਤੀ ਸਿੱਖ ਧਰਮ ਨਾਲ ਸਬੰਧਿਤ ਹੈ। ਇਹ ਪੂਰੀ ਕਿਤਾਬ 'ਆਧੁਨਿਕਤਾ' ਦੀ ਆਲੋਚਨਾ ਨਾਲ ਲਬਰੇਜ਼ ਹੈ। ਆਧੁਨਿਕਤਾ ਦੀਆਂ ਅਜਿਹੀਆਂ ਆਲੋਚਨਾਵਾਂ ਕੋਈ ਨਵੀਆਂ ਨਹੀਂ ਹਨ, ਉਦਾਹਰਣ ਲਈ, ਸਬਾਲਟਰਨ ਸਟੱਡੀਜ਼ ਗਰੁੱਪ ਦੇ ਇਤਿਹਾਸਕਾਰ ਚਾਰ ਦਹਾਕਿਆਂ ਤੋਂ ਇਹ ਕੰਮ ਕਰ ਰਹੇ ਹਨ। ਪ੍ਰੋ. ਓਬਰਾਏ ਦੀ ਪੁਸਤਕ ਵਿਚਲੇ ਨਵੇਂ ਨੁਕਤੇ ਇਹ ਦਰਸਾਉਣ ਦੀ ਕੋਸ਼ਿਸ਼ ਹਨ ਕਿ 'ਆਧੁਨਿਕਤਾ' ਦੇ ਇਸ ਵਿਗਾੜ ਨੂੰ ਦੂਰ ਕਰਨ ਦੀ ਕੁੰਜੀ ਸਿੱਖ ਧਰਮ ਵਿਚ 'ਸ਼ਹੀਦ' ਦੇ ਤਸੱਵਰ ਵਿਚ ਹੈ।

ਡਾ. ਓਬਰਾਏ ਦੀ ਕਿਤਾਬ 'The European Modernity: Science, Truth, and Method' (2002) ਵਿਗਿਆਨ ਦੇ ਇਤਿਹਾਸ ਅਤੇ ਦਰਸ਼ਨ ਵਿਚ ਮਹੱਤਵਪੂਰਨ ਯੋਗਦਾਨ ਹੈ। ਇਹ ਅਧਿਐਨ ਯੂਨਾਨੀ ਦੇਵਤਾ ਹਰਮੇਸ ਦੀਆਂ ਸਿੱਖਿਆਵਾਂ 'ਤੇ ਆਧਾਰਿਤ ਹਰਮੇਟਿਕ ਪਰੰਪਰਾ ਦੇ ਸਬੰਧ ਵਿਚ ਯੂਰਪੀ ਆਧੁਨਿਕਤਾ ਦੀਆਂ ਬੁਨਿਆਦਾਂ, ਜੀਵਨ ਅਤੇ ਗਿਆਨ ਪ੍ਰਤੀ ਇਸ ਦੀ ਬ੍ਰਹਿਮੰਡੀ ਪਹੁੰਚ ਦੀ ਜਾਂਚ ਕਰਦਾ ਹੈ। ਡਾ. ਓਬਰਾਏ ਦੀ ਇਹ ਕਿਤਾਬ ਚੰਗਿਆਈ ਅਤੇ ਬੁਰਾਈ ਨੂੰ ਵੱਖ-ਵੱਖ ਸਮਝਦੇ ਪੱਛਮੀ ਦਵੈਤਵਾਦ ਦੀ ਆਲੋਚਨਾ ਕਰਦੀ ਹੈ ਅਤੇ ਪ੍ਰਮਾਣੂ ਬੰਬ ਤੋਂ ਬ੍ਰਹਿਮੰਡ ਦੀ ਬਣਤਰ ਤੱਕ ਇਸ ਦੇ ਨਤੀਜਿਆਂ ਨੂੰ ਸਮਝਣ ਦੀ ਕੋਸ਼ਿਸ਼ ਹੈ। ਪ੍ਰਮੁੱਖ ਪਰਿਕਲਪਨਾ ਇਹ ਹੈ ਕਿ ਸਵੈ, ਸੰਸਾਰ ਅਤੇ ਹੋਰਾਂ ਦੇ ਭਵਿੱਖ ਵਿਚ ਬਿਹਤਰ ਸਬੰਧ ਹੋ ਸਕਦੇ ਹਨ ਜਿੰਨੇ ਕਿ ਉਹ ਆਧੁਨਿਕ ਅਤੀਤ ਵਿਚ ਸਨ। ਲੇਖਕ ਯੂਰਪੀਅਨ ਵਿਗਿਆਨ ਅਤੇ ਧਰਮ ਵਿਚ ਆਧੁਨਿਕਤਾ ਦੀ ਸ਼ੁਰੂਆਤ ਦੀ ਖੋਜ ਤੋਂ ਸ਼ੁਰੂ ਕਰ ਕੇ ਆਧੁਨਿਕਤਾ ਦੇ ਅੰਤ ਦੀ ਚਰਚਾ ਵੱਲ ਵਧਦਾ ਹੈ। ਕਿਤਾਬ ਦੇ ਅਖੀਰਲੇ ਹਿੱਸੇ ਵਿਚ ਉਹ ਸਮਾਜ ਅਤੇ ਸਵੈ-ਨਿਰਭਰਤਾ, ਦੂਜੀ ਆਲਮੀ ਜੰਗ ਦੌਰਾਨ ਪਹਿਲਾ ਪਰਮਾਣੂ ਬੰਬ ਬਣਾਉਣ ਦੇ ਗੁਪਤ ਪ੍ਰੋਗਰਾਮ 'ਮੈਨਹਟਨ ਪ੍ਰੋਜੈਕਟ' ਅਤੇ ਭਾਰਤ ਵਿਚ ਭਾਸ਼ਾ ਤੇ ਬਹੁਲਵਾਦ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕਰਦਾ ਹੈ।

ਪ੍ਰੋ. ਓਬਰਾਏ ਦੀ ਆਖ਼ਰੀ ਕਿਤਾਬ 'Mind and Society: From Indian Studies to General Sociology' (2019) ਉਸ ਦੇ 1968 ਤੋਂ 2013 ਦੌਰਾਨ ਲਿਖੇ 18 ਪੇਪਰਾਂ ਦਾ ਸੰਗ੍ਰਹਿ ਹੈ ਜਿਸ ਨੂੰ ਮਾਨਵ ਵਿਗਿਆਨੀ ਅਤੇ ਅਭਿਨੇਤਾ ਖਾਲਿਦ ਤਇਅਬਜੀ ਨੇ ਸੰਪਾਦਿਤ ਕੀਤਾ ਹੈ। ਪ੍ਰੋ. ਓਬਰਾਏ ਦੇ ਪ੍ਰਮੁੱਖ ਵਿਚਾਰਾਂ ਨੂੰ ਉਜਾਗਰ ਕਰਦਿਆਂ ਇਹ ਸੰਗ੍ਰਹਿ ਪੱਛਮੀ ਸੰਸਾਰ ਦੇ ਦਰਸ਼ਨਾਂ ਅਤੇ ਸਮਾਜ ਸ਼ਾਸਤਰੀ ਸਿਧਾਂਤਾਂ ਦੇ ਸਬੰਧ ਵਿਚ ਸੁਤੰਤਰ ਭਾਰਤੀ ਸਮਾਜ ਸ਼ਾਸਤਰ ਲਈ ਆਧਾਰ ਤਿਆਰ ਕਰਦਾ ਹੈ।


ਪ੍ਰੋਫੈਸਰ ਜਤਿੰਦਰ ਪਾਲ ਸਿੰਘ ਓਬਰਾਏ ਨੱਬੇ ਸਾਲ ਦੀ ਉਮਰ ਵਿਚ ਚਲਾਣਾ ਕਰ ਗਏ। ਉਨ੍ਹਾਂ ਦੇ ਅਕਾਦਮਿਕ ਯੋਗਦਾਨ ਬਾਰੇ ਵਿਦਵਾਨ ਸਿਆਸੀ ਕਾਰਕੁਨ ਯੋਗੇਂਦਰ ਯਾਦਵ ਨੇ ਕਿਹਾ ਕਿ ਉਸ ਨੂੰ 'ਪੱਛਮ ਦੀ ਗੈਰ-ਪੱਛਮੀ ਰੀਡਿੰਗ ਸ਼ੁਰੂ ਕਰਨ ਅਤੇ ਆਧੁਨਿਕ ਵਿਗਿਆਨ ਅਤੇ ਯੂਰਪੀ ਆਧੁਨਿਕਤਾ ਦੀ ਨਵੀਂ ਵਿਆਖਿਆ ਪੇਸ਼ ਕਰਨ ਲਈ ਯਾਦ ਕੀਤਾ ਜਾਵੇਗਾ।' ਸਮਾਜ ਵਿਗਿਆਨੀ ਅਮਿਤਾ ਬਾਵਿਸਕਰ 1986 ਤੋਂ 1988 ਦੇ ਵਿਚਕਾਰ ਪ੍ਰੋ. ਓਬਰਾਏ ਦੀ ਵਿਦਿਆਰਥਣ ਅਤੇ 1994 ਤੋਂ ਬਾਅਦ ਸਹਿਕਰਮੀ ਰਹੀ। ਉਸ ਦਾ ਕਹਿਣਾ ਹੈ ਕਿ 'ਪ੍ਰੋ. ਓਬਰਾਏ ਇੱਕ ਕ੍ਰਿਸ਼ਮਈ ਸ਼ਖ਼ਸੀਅਤ ਸੀ'।




ਪ੍ਰੋਫੈਸਰ ਜਤਿੰਦਰ ਪਾਲ ਸਿੰਘ ਓਬਰਾਏ ਦੀਆਂ ਕੁਝ ਕਿਤਾਬਾਂ ਦੇ ਮੁਖੜੇ।


# ਤਿੜਕੀਆਂ ਮੁੰਦਰਾਂ ਵਾਲਾ ਅਮਿਤੋਜ

***ਪੰਜਾਬੀ ਕਵਿਤਾ ਦੇ ਵਿਹੜੇ ਵਿਚ ਅਮਿਤੋਜ ਦੀ ਆਮਦ ਬੜੀ ਵਿਲੱਖਣ ਸੀ। ਉਸ ਦੀ ਪ੍ਰਤਿਭਾ ਦੀਆਂ ਚਾਰੇ ਪਾਸੇ ਗੂੰਜਾਂ ਪੈ ਗਈਆਂ। ਉਘੇ ਲਿਖਾਰੀ ਜਸਵੰਤ ਦੀਦ ਨੇ ਇਸ ਲੇਖ ਵਿਚ ਅਮਿਤੋਜ ਦੀ ਕਵਿਤਾ ਅਤੇ ਜ਼ਿੰਦਗੀ ਬਾਰੇ ਵਿਸਥਾਰ ਸਹਿਤ ਗੱਲਾਂ ਕੀਤੀਆਂ ਹਨ।***




ਅਮਿਤੋਜ

***ਅਮਿਤੋਜ ਦੀ ਕਿਤਾਬ ਉਹਦੇ ਜੀਂਦੇ ਜੀ ਨਾ ਛਪ ਸਕੀ। ਚੰਗਾ ਹੋਇਆ। ਜੇ ਛਪ ਜਾਂਦੀ ਤਾਂ ਪੰਜਾਬੀ ਦੇ ਆਲੋਚਕਾਂ-ਪ੍ਰਧਾਨਾਂ-ਸਕੱਤਰਾਂ ਨੇ ਚੱਕ ਚਕਾ ਕੇ ਉਹਨੂੰ ਰਿਲੀਜ਼ ਸਮਾਗਮ ਵਿਚ ਲਿਆ ਖੜ੍ਹਾ ਕਰਨਾ ਸੀ; ਤੇ ਫੇਰ ਤਾੜੀਆਂ ਦੀ ਗੂੰਜ 'ਚ ਅਮਿਤੋਜ ਨੇ ਕਹਿਣਾ ਸੀ- ਅਰਜ਼ ਕੀਤਾ ਹੈ, ਫਰਜ਼ ਕੀਤਾ ਹੈ।***




ਅਮਿਤੋਜ ਦੀ ਕਿਤਾਬ

ਅਮਿਤੋਜ ਬਾਰੇ ਪਤਾ ਨਹੀਂ ਕੀਹਨੇ ਕੀਹਨੇ ਕੀ ਕੀ ਲਿਖਿਆ, ਕੀ ਕੀ ਬੋਲਿਆ। ਸੱਚ ਕੀ ਝੂਠ ਕੀ? ਆਪਣੇ ਸੱਚ-ਝੂਠ ਤਾਂ ਇਹ ਬੰਦਾ 31 ਦਸੰਬਰ 2005 ਦੀ ਸ਼ਾਮ ਆਪਣੇ ਨਾਲ ਈ ਲੈ ਕੇ ਸਦਾ ਲਈ ਗ਼ਰੂਬ ਹੋ ਗਿਆ। ਅਮਿਤੋਜ ਕਹਿੰਦਾ ਸੀ- 'ਮੇਰੇ ਪਿੰਡ ਸੂਰਜ ਕਿਸੇ ਹੋਰ ਤਰ੍ਹਾਂ ਡੁੱਬਦਾ ਹੈ।' ਅਸਲ ਵਿਚ ਸੱਚ ਭਿਆਨਕ ਚੀਜ਼ ਹੈ। ਬਹੁਤ ਲਚਕੀਲਾ, ਬਰੀਕ ਤੇ ਲਗਪਗ ਨਾ ਦੱਸਿਆ ਜਾਣ ਵਾਲਾ ਮੁਜੱਸਮਾ। ਸੱਚ ਦੀਆਂ ਕਸਮਾਂ ਖਾਣ ਵਾਲੇ ਸਭ ਤੋਂ ਵੱਧ ਝੂਠ ਬੋਲਣ ਦੀ ਤੁਹਾਡੇ ਕੋਲ਼ੋਂ ਮੋਹਰ ਲਵਾ ਰਹੇ ਹੁੰਦੇ ਨੇ। ਅਦਾਲਤਾਂ ਵਿਚ ਧਾਰਮਿਕ ਗ੍ਰੰਥਾਂ 'ਤੇ ਹੱਥ ਰੱਖ ਕੇ ਖਾਧੀਆਂ ਕਸਮਾਂ ਹੇਠ ਬੋਲੇ ਝੂਠਾਂ ਨਾਲ ਕਤਲ ਮੁਆਫ ਹੋ ਜਾਂਦੇ ਨੇ। ਤਾਓ ਨੇ ਕਿਹਾ ਸੀ -ਮੈਂ ਜੋ ਦੱਸਣ ਜਾ ਰਿਹਾ ਹਾਂ, ਉਹ ਬੋਲਿਆ ਨਹੀਂ ਜਾ ਸਕਦਾ ਤੇ ਜੋ ਮੈਂ ਬੋਲਾਂਗਾ ਉਹ ਝੂਠ ਹੋਵੇਗਾ।



**ਜਸਵੰਤ ਦੀਦ**
**ਫੋਨ: +91-89680-41424**

ਇਤੀ ਕਥਾ ਅਮਿਤੋਜ

ਜਹਾਜ਼ ਬੱਦਲਾਂ ਦੀਆਂ ਹਜ਼ਾਰਾਂ ਤਹਿਆਂ ਚੀਰ ਕੇ ਖਲਾਅ ਅੰਦਰ ਪਹੁੰਚ ਗਿਆ। ਡੋਲ-ਡਾਲ ਕੇ ਆਪਣਾ ਤਵਾਜ਼ਨ ਬਣਾ ਚੁੱਕਾ ਸੀ ਦਿੱਲੀਓਂ ਲੰਡਨ ਪਹੁੰਚਣ ਵਾਲਾ ਏਅਰ ਇੰਡੀਆ ਦਾ ਇਹ ਜਹਾਜ਼। ਮੈਂ ਹੈਰਾਨ ਹੋਇਆ ਦੇਖ ਰਿਹਾ ਸਾਂ ਕਿ ਜਿੱਥੇ ਮੈਂ ਸੋਚਦਾ ਸੀ ਕਿ ਰੱਬ ਵਸਦਾ ਹੈ, ਓਥੇ ਤਾਂ ਇਹ ਜਹਾਜ਼ ਉੜਿਆ ਫਿਰਦਾ! ਬੱਦਲ ਏਨੇ ਹਲਕੇ ਹੁੰਦੇ? ਕਿਸ ਬੰਦੇ ਨੇ ਕੱਢੀ ਸੀ ਜਹਾਜ਼ ਦੀ ਕਾਢ? ਉਸ ਬੰਦੇ ਦਾ ਨਾਂ ਯਾਦ ਨਾ ਆਵੇ! ਦਫਾ ਕਰੋ!

ਉਮਰ ਮੇਰੀ 25 ਕੁ ਵਰ੍ਹੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਐੱਮ.ਏ. ਭਾਗ ਪਹਿਲਾ ਦਾ ਵਿਦਿਆਰਥੀ ਤੇ ਚੱਲਿਆ ਵਲੈਤ। ਲੇਖਕਾਂ ਦੀ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ। ਜਹਾਜ਼ ਭਰਿਆ ਪਿਆ ਪੰਜਾਬੀ ਲੇਖਕਾਂ ਨਾਲ। ਚੜ੍ਹਦੇ ਤੋਂ ਚੜ੍ਹਦਾ ਪੰਜਾਬੀ ਲੇਖਕ ਬੈਠਾ ਏਸ ਜਹਾਜ਼ ਵਿਚ! ਤੇ ਮੈਂ ਸਹਿਮਿਆ ਹੋਇਆ ਸਭ ਤੋਂ ਛੋਟੀ ਉਮਰ ਦਾ ਲੇਖਕ। ਕੋਈ ਨਾਮ ਨਾ ਜਾਣੇ ਮੇਰਾ ਜੀਓ! ਮਨ 'ਚ ਪੁੱਠੇ ਸਿੱਧੇ ਸੁਆਲ ਉੜੇ ਫਿਰਨ- ਜੇ ਏਸ ਉਚਾਈ ਤੋਂ ਇਹ ਜਹਾਜ਼ ਥੱਲੇ ਜਾ ਡਿੱਗੇ? ਪਰ ਜਹਾਜ਼ ਦੀ ਇਕ ਨੁੱਕਰੇ ਬੈਠੇ ਮੈਡਮ ਦਲੀਪ ਕੌਰ ਟਿਵਾਣਾ ਵੱਲ ਦੇਖ ਕੇ ਮੈਨੂੰ ਲੱਗਾ ਕਿ ਨਹੀਂ ਡਿੱਗੇਗਾ ਇਹ ਜਹਾਜ਼!

'ਤੁਸੀਂ ਮੈਡਮ ਟਿਵਾਣਾ ਦੇ ਸਟੂਡੈਂਟ ਓ?' ਨੀਲੇ ਬਲੇਜ਼ਰ ਵਾਲੇ, ਮੁਸਲਮਾਨੀ ਮੁੱਛਾਂ ਵਾਲੇ, ਕਾਲੇ ਸ਼ਾਹ ਵਾਲ਼ਾਂ ਵਾਲੇ ਹੀਰੋ-ਨੁਮਾ ਬੰਦੇ ਨੇ ਮੇਰੇ ਵੱਲ ਕਾਮੀ ਅੱਖਾਂ ਨਾਲ ਦੇਖਿਆ। ਜਿਵੇਂ ਕੋਈ 'ਦੁੰਮ-ਛੱਲਾ' ਹੋਵੇ।

-ਮੇਰਾ ਨਾਂ ਅਮਿਤੋਜ ਹੈ।

ਉਸ ਹੀਰੋ-ਨੁਮਾ ਬੰਦੇ ਨੇ ਚਲਦੇ ਜਹਾਜ਼ ਵਿਚ ਆਪਣਾ ਭਾਰਾ ਹੱਥ ਮੇਰੇ ਨਾਲ ਮਿਲਾਇਆ। ਮੇਰਾ ਜਹਾਜ਼ ਅੱਧਾ ਕੁ ਸੱਚੀਂ ਡੋਲ ਗਿਆ।

ਇਹ ਉਹੀ ਅਮਿਤੋਜ ਸੀ ਜਿਸ ਦੀ ਕਵਿਤਾ 'ਬੁੱਢਾ ਬੌਲ਼ਦ' ਕਾਲਜਾਂ ਦੇ ਮੁੰਡੇ-ਕੁੜੀਆਂ ਕਵਿਤਾ ਮੁਕਾਬਲਿਆਂ 'ਚ ਉਹਨੀਂ ਦਿਨੀਂ ਅਕਸਰ ਪੜ੍ਹਦੇ ਤੇ ਅਨਾਮ ਜਿੱਤ ਕੇ ਮੁੜਦੇ ਸਨ। ਇਹ ਕਵਿਤਾ ਯੂਨੀਵਰਸਟੀ ਦੇ ਹੋਸਟਲਾਂ ਵਿਚ ਵੀ ਆਮ ਗੂੰਜਦੀ ਸੀ-

ਮੇਰਾ ਕੋਈ ਨਾਮ ਨਹੀਂ ਹੈ
ਮੇਰਾ ਇਕ ਰੋਲ ਨੰਬਰ ਹੈ।

ਹੀਰੋ-ਕਵੀ ਨੇ ਮੇਰਾ ਹੱਥ ਉਹਲੇ ਨਾਲ ਨੱਪਿਆ ਤੇ ਮੈਨੂੰ ਉਠਾ ਕੇ ਜਹਾਜ਼ ਦੇ ਕੈਬਿਨ ਵੱਲ ਲੈ ਗਿਆ।

'ਦੀਦੀ ਟਿਵਾਣਾ ਤੋਂ ਡਰ ਲਗਦਾ' ਕਹਿ ਕੇ ਉਹਨੇ ਆਪਣੇ ਕੋਟ ਦੀ ਅੰਦਰਲੀ ਜੇਬ 'ਚੋਂ ਸਿਗਰਟ ਦੀ ਡੱਬੀ ਕੱਢੀ ਤੇ ਜਹਾਜ਼ ਵਿਚ ਸਿਗਰਟ ਬਾਲ਼ ਲਈ। ਧੂੰਆਂ ਮੇਰੇ ਮੂੰਹ ਤੋਂ ਦੂਜੇ ਪਾਸੇ ਨੂੰ ਮਾਰ ਕੇ ਹੱਸਣ ਲੱਗ ਪਿਆ। ਸਾਡੀ ਵਾਕਫੀ ਦੋਸਤੀ ਵਿਚ ਬਦਲ ਗਈ। ਅਮਿਤੋਜ ਨੇ ਆਪਣੇ ਨਾਲ ਬੈਠੇ ਹਰਨਾਮ ਸਿੰਘ ਸ਼ਾਨ ਨੂੰ ਮੇਰੀ ਸੀਟ 'ਚ ਬਿਠਾ ਦਿੱਤਾ ਤੇ ਮੈਨੂੰ ਆਪਣੇ ਨਾਲ ਬਿਠਾ ਲਿਆ। ਜਿੰਨਾ ਚਿਰ ਜਹਾਜ਼ ਹੀਥਰੋ ਲੰਡਨ ਨਹੀਂ ਪਹੁੰਚ ਗਿਆ, ਇਹ ਹੀਰੋ ਗੱਲ ਗੱਲ 'ਤੇ ਠਹਾਕੇ ਮਾਰ ਕੇ ਹੱਸਦਾ, ਕਦੀ ਸੀਟੋਂ ਉੱਠ ਜਾਂਦਾ ਕਦੀ ਬੈਠ ਜਾਂਦਾ। ਕਦੀ ਚਮੜੇ ਦੇ ਬੈਗ 'ਚ ਪਾਈ ਦਾਰੂ ਦੀ ਸੀਸੀ 'ਚੋਂ ਘੁੱਟ ਭਰ ਲੈਂਦਾ ਕਦੀ ਕੈਬਿਨ 'ਚ ਜਾ ਕੇ ਸਿਗਰਟ ਬਾਲ਼ ਲੈਂਦਾ। ਸ਼ਾਨ ਸਾਬ੍ਹ ਵਾਸ਼ ਰੂਮ ਗਏ ਤਾਂ ਅਮਿਤੋਜ ਨੇ ਸ਼ਾਨ ਸਾਬ੍ਹ ਦੇ ਤਾਜ਼ੇ ਲਿਖੇ ਸਫਰਨਾਮੇ ਦੀਆਂ ਦੋ ਲਾਈਨਾਂ ਪੜ੍ਹ ਕੇ ਮੈਨੂੰ ਸੁਣਾਈਆਂ- 'ਜਹਾਜ਼ ਅਕਾਸ਼ ਵਿਚ ਉੱਡ ਰਿਹਾ ਹੈ, ਜ਼ਮੀਨ ਨਜ਼ਰ ਨਹੀਂ ਆ ਰਹੀ...।' ਅਮਿਤੋਜ ਦਾ ਫੁਹਾਰਾ ਮਾਰਕਾ ਹਾਸਾ ਮੇਰੇ ਮੱਲੋਜ਼ੋਰੀ ਹਾਸੇ ਨਾਲ ਮਿਲ ਕੇ ਸਾਰੇ ਜਹਾਜ਼ 'ਚ ਫੈਲ ਗਿਆ। ਸਭ ਸਾਡੇ ਵੱਲ ਗਿੱਚੀਆਂ ਮਰੋੜ ਕੇ ਦੇਖਣ ਲੱਗ ਪਏ। ਮੈਂ ਤੇ ਅਮਿਤੋਜ ਨੇ ਆਪਣੀਆਂ ਧੌਣਾਂ ਸ਼ੁਤਰਮੁਰਗ ਵਾਂਗ ਜਹਾਜ਼ ਦੀਆਂ ਸੀਟਾਂ ਹੇਠ ਕਰ ਲਈਆਂ। ਸੀਟਾਂ ਵਿਚ ਸਿਰ ਦੇ ਕੇ ਵੀ ਸਾਡਾ ਹਾਸਾ ਨਾ ਬੰਦ ਹੋਵੇ। ਫੇਰ ਸਾਡਾ ਐਬਸਰਡ ਹਾਸਾ ਏਨੀ ਜ਼ੋਰ ਦੀ ਛੁੱਟਿਆ ਕਿ ਦਲੀਪ ਕੌਰ ਟਿਵਾਣਾ ਨੇ ਸਾਡੇ ਵੱਲ ਮੱਥੇ ਤਿਊੜੀ ਪਾ ਕੇ ਝਾਕਿਆ। ਵੱਖੀ-ਤੋੜ ਹਾਸਾ ਹੱਸਦਾ ਅਮਿਤੋਜ ਕਹਿੰਦਾ- 'ਮੈਡਮ ਤੁਸੀਂ ਆਪ ਦੱਸੋ ਇਹ ਸਫਰਨਾਮਾ...?' ਸੰਤ ਸਿੰਘ ਸੇਖੋਂ ਕਹਿੰਦਾ- 'ਓ ਬਈ ਮੁੰਡਿਆ, ਸੌਣ ਦਿਓ ਸਾਨੂੰ।' ਸ਼ਾਨ ਸਾਬ੍ਹ ਵਾਪਸ ਸੀਟ 'ਚ ਆ ਬੈਠੇ ਤੇ ਹੱਸਦੇ ਅਮਿਤੋਜ ਨੂੰ ਨੀਂਦ ਆ ਗਈ। ਮੈਂ ਵੀ ਜਾਗੋਮੀਟੀ ਹੋ ਗਿਆ।

---

ਫੇਰ ਸਾਰੀ ਕਾਨਫਰੰਸ ਵਿਚ ਮੈਂ ਤੇ ਅਮਿਤੋਜ 'ਕੱਠੇ ਰਹੇ। ਫੇਰ ਸਾਡੀ ਤਿੱਕੜੀ ਬਣ ਗਈ- ਹਰਿਨਾਮ, ਅਮਿਤੋਜ, ਮੈਂ। ਫੇਰ ਚੌਕੜੀ ਬਣ ਗਈ ਐੱਸ. ਬਲਵੰਤ ਆਣ ਮਿਲਿਆ।

ਕਾਨਫਰੰਸ ਕਮਾਲ ਸੀ। ਪੰਜਾਬ ਰੋਡਵੇਜ਼ ਦੀਆਂ ਖੜਕਦੀਆਂ ਬੱਸਾਂ ਵਿਚ ਬਹਿਣ ਵਾਲੇ ਮੇਰੇ ਵਰਗੇ ਪੰਜਾਬੀ ਲੇਖਕਾਂ ਨੂੰ ਪ੍ਰਬੰਧਕਾਂ ਨੇ ਵਲੈਤੀ ਲਗਜ਼ਰੀ ਕੋਚਾਂ ਵਿਚ ਸਾਰੀ ਇੰਗਲੈਂਡ ਘੁਮਾ ਦਿੱਤੀ। ਮੈਂ, ਅਮਿਤੋਜ ਤੇ ਹਰਨਾਮ ਕੋਚ ਵਿਚ 'ਕੱਠੇ ਬੈਠਦੇ। ਕਿਆ ਮੌਸਮ ਕਿਆ ਸਫਰ; ਤੇ ਕਾਮਰੇਡ ਸੋਹਣ ਸਿੰਘ ਜੋਸ਼ ਨੂੰ ਪਿਸ਼ਾਬ ਦੀ ਹਾਜਤ ਹੋ ਗਈ। ਵਖ਼ਤ ਪੈ ਗਿਆ। ਅਮਿਤੋਜ ਦਾ ਫੁਹਾਰਾ-ਹਾਸਾ ਫੇਰ ਫੁੱਟ ਪਿਆ। ਮੈਂ ਵੀ ਹੱਸ ਪਿਆ। ਫੁਹਾਰੇ 'ਚ ਫਹਾਰਾ ਮਿਲਾਉਂਦਾ ਹਰਿਨਾਮ ਕਹਿੰਦਾ- 'ਹਰਾਮਜ਼ਾਦੇ!' ਰੌਲ਼ਾ ਪੈ ਗਿਆ ਪਿਸ਼ਾਬ ਕਰਾਓ। ਪ੍ਰਬੰਧਕ ਕਹਿੰਦੇ- 'ਇਹ ਕੋਈ ਇੰਡੀਆ ਥੋੜ੍ਹੋ ਐ ਪਈ ਜਿੱਥੇ ਮਰਜ਼ੀ ਕਰ ਲਓ'। ਸੇਖੋਂ ਸਾਬ੍ਹ ਕਹਿੰਦੇ- 'ਬਈ ਮੈਨੂੰ ਵੀ ਆਇਆ।' ਕਾਨਫਰੰਸ ਦੇ ਕਰਤਾ-ਧਰਤਾ ਰਣਜੀਤ ਧੀਰ ਨੇ ਫੈਸਲਾ ਕੀਤਾ- 'ਰੋਕੋ'। ਫੇਰ ਕੀ ਸੀ। ਮੈਨੂੰ ਵੀ ਆਇਆ ਮੈਨੂੰ ਵੀ ਆਇਆ। ਮੈਂ ਅਮਿਤੋਜ ਤੇ ਹਰਿਨਾਮ ਇਕ ਪਾਸੇ ਲੱਗ ਗਏ। ਨਿੱਕੀ ਨਿੱਕੀ ਕਣੀ ਦਾ ਮੀਂਹ। ਪਿਸ਼ਾਬ ਕਦੀ ਤਾਂਹ ਚੜ੍ਹ ਜਾਏ ਕਦੀ ਹੇਠਾਂ ਉਤਰ ਆਵੇ। ਹਾਸੇ ਨਾਲ ਸਾਡੀਆਂ ਵੱਖੀਆਂ ਦੂਹਰੀਆਂ ਹੋ ਗਈਆਂ। ਹਰਨਾਮ ਕਹਿੰਦਾ- ਹਰਾਮਜ਼ਾਦੇ! ਕਿ ਪੁਲਸ ਆ ਗਈ। ਮੈਂ ਤੇ ਅਮਿਤੋਜ ਅੰਦਰ ਭੱਜੇ। ਹਰਿਨਾਮ ਕਹਿੰਦਾ ਇਹ ਪੁਲਿਸ ਵਾਲੇ ਹਰਾਮਜ਼ਾਦੇ ਕੀਹਨੇ ਬੁਲਾਏ? ਪੁਲਿਸ ਵਾਲਿਆਂ ਆਖਰ ਚਲਾਨ ਕੱਟਿਆ। ਜੁਰਮਾਨਾ ਕੀਤਾ। ਖਬਰ ਛਪੀ- 'ਪੰਜਾਬੀ ਲੇਖਕਾਂ ਦਾ ਮੂਤ ਮਹਿੰਗਾ ਪਿਆ।'

---

ਕਾਨਫਰੰਸ ਦੌਰਾਨ ਅਮਿਤੋਜ ਹੀਰੋ ਬਣਿਆ ਰਿਹਾ। ਆਪਣੀ ਕਵਿਤਾ ਦੀ ਪੇਸ਼ਕਾਰੀ ਕਰ ਕੇ ਅਤੇ ਆਪਣੇ ਮੁਸਲਮਾਨੀ ਪਹਿਰਾਵੇ ਕਰ ਕੇ। 'ਬੁੱਢਾ ਬੌਲ਼ਦ' ਕਾਨਫਰੰਸ ਵਿਚ ਵੀ ਜੰਮ ਗਈ। ਓਥੇ ਉਸ ਨੇ ਕਵਿਤਾ ਲਿਖੀ- 'ਦੇਸ ਬਗਾਨੇ ਰਾਤ ਪਈ ਤਾਂ ਚੇਤੇ ਆਈਆਂ ਮਾਵਾਂ '। ਕਵਿਤਾ ਹਲਕੀ ਸੀ ਪਰ ਅਮਿਤੋਜ ਦੀ ਭਾਰੀ ਆਵਾਜ਼ ਨੇ ਇਹ ਵੀ ਚਲਾ ਦਿੱਤੀ। ਕਾਨਫਰੰਸ 'ਚ ਮੀਸ਼ਾ ਤੇ ਅਮਿਤੋਜ ਛਾਉਣ ਵਾਲੇ ਸ਼ਾਇਰ ਸਨ। ਮੇਰੇ ਵਰਗੇ ਐਵੇਂ-ਘੈਵੇਂ। ਇਹਨਾਂ ਨੂੰ ਲੋਕ ਆਪਣੇ ਘਰੀਂ ਬੁਲਾਉਂਦੇ। ਇਕ ਨੇ ਸਾਨੂੰ ਵੀ ਬੁਲਾ ਲਿਆ। ਵਲੈਤੀ-ਐਸ਼ ਕਰਨ ਲਈ ਹਰਿਨਾਮ, ਅਮਿਤੋਜ, ਬਲਵੰਤ ਤੇ ਮੈਨੂੰ ਇਕ ਸਟੀਮ ਬਾਥ 'ਚ ਵਾੜ ਦਿੱਤਾ। ਇੱਥੇ ਲੋਕ ਅਲਫ ਨੰਗੇ ਨਹਾਉਂਦੇ। ਅਸੀਂ ਇਕ ਦੂਜੇ ਕੋਲ਼ੋਂ ਆਪਣਾ ਆਪ ਲੁਕੋਂਦੇ ਫਿਰੀਏ। ਹੱਸਦੇ ਹਰਨਾਮ ਨੇ ਅਮਿਤੋਜ ਦਾ ਲਪੇਟਿਆ ਤੌਲੀਆ ਖਿੱਚ ਦਿੱਤਾ। ਸਾਡਾ ਇੰਡੀਅਨ ਹਾਸਾ ਅੰਗਰੇਜ਼ੀ ਸਟੀਮ ਬਾਥ ਦੀ ਚੁੱਪ ਅੰਦਰ ਫੈਲ ਗਿਆ। ਇਕ ਅੰਗਰੇਜ਼ ਕਹਿੰਦਾ- 'ਫੱਕ'। ਹਰਨਾਮ ਕਹਿੰਦਾ- 'ਹਰਾਮਜ਼ਾਦਾ'। ਅਲਫ-ਹਾਸਾ ਹੱਸਦੇ ਅਸੀਂ ਅਲਫ ਹੋ ਕੇ ਨਾਹਤੇ। ਓਨਾ ਅਸੀਂ ਨਾਹਤੇ ਨਹੀਂ ਜਿੰਨਾ ਹੱਸੇ। ਹੱਸਦਾ ਹਰਨਾਮ ਕਹਿੰਦਾ- 'ਹਰ ਲੇਖਕ ਕਾਨਫਰੰਸ 'ਚ ਸਟੀਮ-ਬਾਥ ਜ਼ਰੂਰ ਹੋਣਾ ਚਾਹੀਦਾ।'

---

ਵਲੈਤੋਂ ਆਉਂਦਿਆਂ ਈ ਮੈਨੂੰ ਦੂਰਦਰਸ਼ਨ ਵਿਚ ਨੌਕਰੀ ਮਿਲ ਗਈ। ਯੂਨੀਵਰਸਿਟੀ ਦੇ ਖੁੱਲ੍ਹੇ ਰੁੱਖ ਸੜਕਾਂ ਹੋਸਟਲ ਕੁੜੀਆਂ ਮੁੰਡੇ ਸਭ ਛੱਡਣੇ ਪਏ। ਪਟਿਆਲਓਂ ਜਲੰਧਰ ਆ ਗਿਆ।

ਦੂਰਦਰਸ਼ਨ ਉਹਨੀਂ ਦਿਨੀਂ ਹਿੰਦੋਸਤਾਨ ਵਿਚ ਬੀ.ਬੀ.ਸੀ. ਨਾਲੋਂ ਵੀ ਵੱਧ ਮਸ਼ਹੂਰ ਸੀ। ਜਿਹੜਾ ਟੀ.ਵੀ. 'ਤੇ ਆ ਗਿਆ, ਉਹ ਰਾਤੋ-ਰਾਤ ਸਟਾਰ ਬਣ ਗਿਆ। ਅਮਿਤੋਜ ਵੀ ਆ ਗਿਆ। ਰਾਤੋ-ਰਾਤ ਸਟਾਰ ਬਣ ਗਿਆ। 'ਕੱਚ ਦੀਆਂ ਮੁੰਦਰਾਂ ਵਾਲਾ' ਅਮਿਤੋਜ। ਸਟਾਰ ਬਣਾਉਣ ਵਾਲਾ ਪ੍ਰੋਗਰਾਮ ਦਾ ਪ੍ਰੋਡਿਊਸਰ ਹਰਜੀਤ ਸਿੰਘ ਸੀ। ਟੀ.ਵੀ. ਦਾ ਹਾਲ ਵੀ ਫਿਲਮਾਂ ਵਾਲਾ। ਸਟਾਰ ਬਣਾਉਣ ਵਾਲੇ ਡਰੈਕਟਰਾਂ-ਸ਼ਰੈਕਟਰਾਂ ਨੂੰ ਕੋਈ ਕੋਈ ਜਾਣਦਾ ਪਰ ਐਕਟਰਾਂ ਨੂੰ ਬੱਚਾ ਬੱਚਾ ਜਾਣਦਾ। ਖਬਰਾਂ ਪੜ੍ਹਨ ਵਾਲੇ ਤੇ ਪ੍ਰੋਗਰਾਮ ਪੇਸ਼ ਕਰਨ ਵਾਲਿਆਂ ਨੂੰ ਦੁਨੀਆਂ ਉੱਠ ਉੱਠ ਵੇਖਦੀ। ਅਮਿਤੋਜ ਨੂੰ ਦੇਖਣ ਲਈ ਦਰਸ਼ਕ ਤੜਫਣ ਲੱਗੇ। ਅਮਿਤੋਜ ਉੱਚੀਆਂ ਹਵਾਵਾਂ 'ਚ ਉੜਨ ਲੱਗਾ। ਦੁਨੀਆ ਅੱਜ ਵੀ ਅਮਿਤੋਜ ਨੂੰ 'ਕੱਚ ਦੀਆਂ ਮੁੰਦਰਾਂ' ਵਾਲਾ ਅਮਿਤੋਜ ਕਰ ਕੇ ਜਾਣਦੀ ਹੈ। ਮੈਂ ਓਦੋਂ ਦੂਰਦਰਸ਼ਨ 'ਚ ਅਜੇ ਪੂਰੀ ਤਰ੍ਹਾਂ ਪੈਰ ਨਹੀਂ ਸੀ ਲਾਏ ਪਰ ਅਮਿਤੋਜ ਮੇਰੇ ਕਮਰੇ 'ਚ ਕਦੀ ਕਦੀ ਆ ਕੇ ਵਲੈਤ ਦੀ ਯਾਤਰਾ ਦੀਆਂ ਗੱਲਾਂ ਕਰ ਕੇ ਫੁਹਾਰੇ ਛੱਡ ਜਾਂਦਾ। ਮੇਰੀ ਨਜ਼ਮ 'ਅੱਲਾ ਸੌਂ ਰਿਹਾ' ਨੂੰ ਕੱਚ ਦੀਆਂ ਮੁੰਦਰਾਂ 'ਚ ਗਵਾ ਕੇ ਖੁਸ਼ ਹੋਇਆ। ਕਹਿੰਦਾ 'ਨਾਗਮਣੀ' ਨਾਲੋਂ ਕਿਤੇ ਵੱਧ ਲੋਕ ਤੇਰੇ ਪਾਠਕ ਬਣ ਜਾਣਗੇ। ਮੈਂ ਕਿਹਾ- 'ਅਮਿਤੋਜ ਟੀ.ਵੀ. ਕਈ ਵਾਰ ਕਲਾਕਾਰ ਲਈ ਮਗਰਮੱਛ ਹੁੰਦਾ ਹੈ। ਕਲਾ ਤੇ ਕਲਾਕਾਰ ਦੋਹਾਂ ਨੂੰ ਨਿਗਲ ਜਾਂਦਾ।' ਕਹਿੰਦਾ- 'ਦੇਖਦੇ ਹਾਂ ਕੌਣ ਕੀਹਨੂੰ ਨਿਗਲਦਾ?' ਤੇ ਹਾਸੇ ਦਾ ਗੰਭੀਰ ਫੁਹਾਰਾ ਸਾਰੇ ਦੂਰਦਰਸ਼ਨ 'ਤੇ ਫੈਲ ਗਿਆ।

---

ਮੇਰੀ ਬਦਲੀ ਦਿੱਲੀ ਰੇਡੀਓ 'ਤੇ ਹੋ ਗਈ। ਦਿੱਲੀਓਂ ਜਲੰਧਰ ਆ ਗਿਆ। ਸਮਝ ਨਾ ਆਵੇ ਕੀ ਕਰਾਂ? ਪੰਜਾਬੀ ਦੇ ਪ੍ਰੋਗਰਾਮ ਮੀਸ਼ਾ ਜੀ ਦੇਖਦੇ ਸਨ, ਮੈਂ ਕੀ ਕਰਾਂ? ਮੈਂ ਫੈਸਲਾ ਕੀਤਾ- ਮੈਂ ਕਰਾਂਗਾ ਲੇਖਕਾਂ ਬਾਰੇ ਡਾਕੂਮੈਂਟਰੀਆਂ ਰੇਡੀਓ ਫੀਚਰ। ਪਹਿਲਾ ਪ੍ਰੋਗਰਾਮ ਕੀਤਾ ਅੰਮ੍ਰਿਤਾ ਪ੍ਰੀਤਮ ਬਾਰੇ, ਨਾਂ ਰੱਖਿਆ 'ਤਾਰਿਆ ਵੇ ਤੇਰੀ ਲੋਅ'। ਸਕਰਿਪਟ ਲਿਖੀ ਸੁਰਜੀਤ ਪਾਤਰ ਨੇ, ਪ੍ਰੋਡਿਊਸ ਕੀਤਾ ਮੈਂ। ਦੂਜੇ ਪ੍ਰੋਗਰਾਮ ਲਈ ਨਾਮ ਆਇਆ ਜ਼ਿਹਨ 'ਚ ਦਲੀਪ ਕੌਰ ਟਿਵਾਣਾ। ਦਲੀਪ ਕੌਰ ਟਿਵਾਣਾ 'ਤੇ ਪ੍ਰੋਗਰਾਮ ਬਾਰੇ ਸੋਚਿਆ ਤਾਂ ਇਕ ਚੁਟਕੀ 'ਚ ਫੈਸਲਾ ਕੀਤਾ- ਪੇਸ਼ਕਾਰ ਅਮਿਤੋਜ।

---

ਅਮਿਤੋਜ ਤੇ ਮੈਂ ਰੇਡੀਓ ਸਟੇਸ਼ਨ ਦੇ ਬਾਹਰ ਕਾਨਿਆਂ-ਟੀਨਾਂ ਦੀ ਛੱਤ ਵਾਲੇ ਕੈਫੇਟੀਰਿਆ 'ਚ ਆਣ ਬੈਠੇ। ਮੈਂ ਰੇਡੀਓ ਦਾ ਅੱਧਾ ਕੰਮ ਇਸੇ ਦੇਸੀ ਸਾਊਥ ਇੰਡੀਅਨ ਕੌਫੀ ਹਾਊਸ 'ਵਰਿੰਦਾਵਨ' 'ਚ ਬੈਠ ਕੇ ਕੀਤਾ। ਇੱਥੇ ਮੈਂ ਮੀਸ਼ਾ, ਮਨਜੀਤ ਟਿਵਾਣਾ, ਪਾਤਰ, ਅਮਿਤੋਜ ਤੋਂ ਲੈ ਕੇ ਪ੍ਰੇਮ ਪ੍ਰਕਾਸ਼, ਰੌਸ਼ਨ ਲਾਲ ਆਹੂਜਾ ਤਕ ਬੈਠਕਾਂ ਕੀਤੀਆਂ। ਇਸੇ ਊਰਜਾ ਵਾਲੀ ਥਾਂ 'ਤੇ ਬੈਠ ਕੇ ਅਮਿਤੋਜ ਨਾਲ ਪ੍ਰੋਗਰਾਮ ਦਾ ਕਾਨਸੈਪਟ ਡਿਸਕਸ ਕੀਤਾ। ਅਮਿਤੋਜ ਚਾਰਜ ਹੋ ਗਿਆ। ਦਲੀਪ ਕੌਰ ਟਿਵਾਣਾ ਨੂੰ ਉਹ ਦੀਦੀ ਦੀਦੀ ਕਹਿੰਦਾ ਨਾ ਥੱਕੇ! ਮੈਨੂੰ ਦੀਦੀ ਲਫ਼ਜ਼ ਕਦੇ ਚੰਗਾ ਨਹੀਂ ਲੱਗਾ- 'ਅੰਮ੍ਰਿਤਾ ਦੀਦੀ, ਟਿਵਾਣਾ ਦੀਦੀ, ਅਜੀਤ ਦੀਦੀ- ਕਿਆ ਹੈ ਯੇ ਦੀਦੀ ਦੀਦੀ!' ਅਮਿਤੋਜ ਕਹਿੰਦਾ- 'ਤੇਰੇ ਹੋਣਗੇ ਮੈਡਮ, ਸਾਡੇ ਤਾਂ ਬਈ ਦੀਦੀ ਐ।' ਮੈਂ ਨਾ ਕਦੇ ਅੰਮ੍ਰਿਤਾ ਨੂੰ ਦੀਦੀ ਕਿਹਾ ਨਾ ਟਿਵਾਣਾ ਮੈਡਮ ਨੂੰ, ਅਜੀਤ ਕੌਰ ਨੂੰ ਤਾਂ ਦੀਦੀ ਕਹਿਣਾ ਈ ਕਿਉਂ? ਫੇਰ ਅਸੀਂ 'ਦੀਦੀ ਮੈਡਮ' ਟਿਵਾਣਾ 'ਤੇ ਪ੍ਰੋਗਰਾਮ ਕਰਨ ਤੁਰ ਪਏ। ਮੈਂ ਤੇ ਅਮਿਤੋਜ। ਨਾਲ ਸਾਡੇ ਰੇਡੀਓ ਦੀ ਰਿਕਾਰਡਿੰਗ ਟੀਮ। ਸਰਕਾਰੀ ਗੱਡੀ ਜਲੰਧਰੋਂ ਪਟਿਆਲੇ ਵੱਲ ਤੁਰ ਪਈ। ਅਮਿਤੋਜ ਦਾ ਇੰਤਜ਼ਾਮ: ਦਾਰੂ ਦੀ ਰੰਗ-ਬਰੰਗੀ ਪੇਟੀ- ਵੋਦਕਾ, ਵਾਈਨ, ਵਿਸਕੀ ਤੇ ਬੀਅਰ ਦੀਆਂ ਠੰਢੀਆਂ ਬੋਤਲਾਂ। ਇਕ ਪੇਟੀ ਦੁਸਿਹਰੀ ਅੰਬਾਂ ਦੀ ਤੇ ਨਮਕੀਨ ਦੇ ਲਿਫਾਫੇ। ਅਮਿਤੋਜ ਨੇ ਇਹ ਸਭ ਕੁਝ ਜੀਪ ਵਿਚ ਇਓਂ ਟਿਕਾ ਲਿਆ ਜਿਵੇਂ ਅਸੀਂ ਵਰਡ-ਟੂਰ 'ਤੇ ਚੱਲੇ ਹੋਈਏ। ਮੈਂ ਕਿਹਾ- 'ਅਮਿਤੋਜ ਇੰਟਰਵਿਊ ਆਪਾਂ ਕਰਨਾ ਮੈਡਮ ਟਿਵਾਣਾ ਦਾ ਤੇ ਸਮਾਨ ਤੂੰ ਸਾਰਾ ਲੈ ਲਿਆ ਸ਼ਿਵ ਕੁਮਾਰ ਬਟਾਲਵੀ ਨੂੰ ਇੰਟਰਵਿਊ ਕਰਨ ਵਾਲਾ।' ਅਮਿਤੋਜ ਖਿੜਖਿੜਾ ਕੇ ਹੱਸਿਆ ਤੇ ਨਾਲ ਈ ਸਾਰਾ ਸਮਾਨ ਗੱਡੀ ਦੀ ਸੀਟ ਥੱਲੇ ਧੱਕ ਦਿੱਤਾ- 'ਭਰਾਵਾ ਦੀਦੀ ਕੋਲ਼ੋਂ ਝਿੜਕਾਂ ਥੋੜ੍ਹੋਂ ਖਾਣੀਆਂ'। ਨਹੀਂ ਪੀਤੀ ਅਮਿਤੋਜ ਨੇ। ਘਰ ਜਾ ਪਹੁੰਚੇ ਪਟਿਆਲੇ ਯੂਟੀਵਰਸਿਟੀ ਲੱਭਦੇ ਲਭਾਉਂਦੇ। ਘੰਟੀ ਮਾਰੀ। ਅੰਦਰੋਂ ਕੋਈ ਨੌਕਰਾਣੀ ਨਿਕਲੀ। ਸਾਨੂੰ ਡਰਾਇੰਗ ਰੂਮ 'ਚ ਬਿਠਾ ਦਿੱਤਾ ਗਿਆ, ਉਡੀਕੀ ਜਾਈਏ। ਮੈਡਮ ਟਿਵਾਣਾ ਨੇ ਤਾਂ ਕਦੀ ਏਨਾ ਟਾਈਮ ਨਹੀਂ ਲਾਇਆ, ਗੱਲ ਕੀ ਐ?

ਅੰਦਰੋਂ ਨਵੇਂ ਜੰਮੇ ਬੱਚੇ ਦੇ ਰੋਣ ਦੀ ਆਵਾਜ਼ ਆਈ। ਅਮਿਤੋਜ ਦਾ ਹਾਸਾ ਨਿਕਲ ਗਿਆ। ਮੈਂ ਵੀ ਹੱਸ ਪਿਆ। ਅਮਿਤੋਜ ਕਹਿੰਦਾ- 'ਕਿਸੇ ਹੋਰ ਦੇ ਈ ਘਰ ਆ ਵੜੇ ਐਂ ਬਾਬਿਓ!' ਮੇਰਾ ਹਾਸਾ ਨਾ ਬੰਦ ਹੋਵੇ। ਅਮਿਤੋਜ ਨੇ ਪਾਣੀ ਦੇਣ ਆਈ ਕੁੜੀ ਨੂੰ ਪੁੱਛਿਆ- 'ਇਹ ਘਰ ਤਾਂ ਦੀਦੀ ਦਲੀਪ ਕੌਰ ਟਿਵਾਣਾ ਦਾ ਈ ਏ ਨਾ!' ਕੁੜੀ ਨੇ ਹਾਂ ਵਿਚ ਸਿਰ ਹਿਲਾਇਆ। ਕਹਿਣ ਲੱਗੀ, 'ਮੈਡਮ ਟਿਵਾਣਾ ਬੱਚੇ ਨੂੰ ਦੁੱਧ ਪਿਲਾ ਰਹੇ ਨੇ!' ਜਦ ਨੂੰ ਮੈਡਮ ਟਿਵਾਣਾ ਦਾਖਲ ਹੋ ਗਏ, ਆਓ ਬਈ! ਜੀ ਆਇਆ ਨੂੰ! ਅਸਲ ਵਿਚ ਖ਼ੁਸਖ਼ਬਰੀ ਐ! ਮੈਂ ਮਾਂ ਬਣ ਗਈ ਆਂ! ਸਾਡੇ ਘਰ ਬੇਟਾ ਆਇਐ! ਮੈਂ ਉਸ ਨਾਲ ਬੀਜ਼ੀ ਰਹਿਣ ਲੱਗ ਪਈ ਆਂ! ਅਜੇ ਹਫਤਾ ਵੀ ਨਹੀਂ ਹੋਇਆ। ਹੌਲ਼ੀ ਹੌਲ਼ੀ ਆਦਤ ਪੈ ਜਾਏਗੀ!'

ਅਸੀਂ ਹੈਰਾਨੀ ਵਿਚ ਈ ਇੰਟਰਵਿਊ ਸ਼ੁਰੂ ਕਰ ਦਿੱਤੀ। ਇੰਟਰਵਿਊ ਖ਼ਤਮ ਕੀਤੀ। ਬਾਅਦ 'ਚ ਪਤਾ ਲੱਗਾ- ਮੈਡਮ ਟਿਵਾਣਾ ਨੇ ਬੱਚਾ ਗੋਦ ਲਿਆ ਸੀ।

ਲੱਡੂ ਖਾਧੇ, ਚਾਹ ਪੀਤੀ। ਸਾਸਰੀ ਕਾਲ ਬੁਲਾਈ, ਵਾਪਸ ਆ ਗਏ। ਸ਼ਾਮ ਹੋ ਗਈ। ਅਮਿਤੋਜ ਨੇ ਪਟਿਆਲਿਓਂ ਜਲੰਧਰ ਆਉਂਦੀ ਗੱਡੀ ਵਿਚ ਦਾਰੂ ਦੀ ਪੇਟੀ ਖੋਲ੍ਹ ਲਈ। ਸ਼ਾਮ ਗੂੜ੍ਹੀ ਕਰ ਲਈ। ਸਰਕਾਰੀ ਜੀਪ ਜਦੋਂ ਸੜਕ 'ਚ ਪਏ ਟੋਏ ਤੋਂ ਲੰਘਦੀ ਤਾਂ ਅਮਿਤੋਜ ਦੀਆਂ ਬੋਤਲਾਂ ਦਾ ਖੜਕਾ ਲਹੌਰ ਤਕ ਜਾਂਦਾ; ਤੇ ਪੂਰੀ ਟੀਮ ਦਾ ਹਾਸਾ ਅਮਿਤੋਜ ਦੇ ਫੁਹਾਰਾ-ਹਾਸੇ ਨਾਲ ਮਿਲ ਕੇ ਕਈ ਹੱਦਾਂ-ਸਰਹੱਦਾਂ ਟੱਪ ਜਾਂਦਾ। ਖੜ-ਖੜ-ਛਣਣ-ਛਣਣ-ਛਣ। ਅਮਿਤੋਜ ਦੀ ਪਰੈਜ਼ੈਂਸ ਹੀ ਮਹਿਫਲ ਜਮਾ ਦਿੰਦੀ। ਉਹ ਚਾਹੇ ਸਟੂਡੀਓ 'ਚ ਹੋਵੇ, ਚਾਹੇ ਅਹਾਤੇ ਵਿਚ, ਚਾਹੇ ਜਹਾਜ਼ ਵਿਚ ਤੇ ਚਾਹੇ ਸਰਕਾਰੀ ਜੀਪ ਵਿਚ। ਚਾਹੇ ਚਾਹ ਦੇ ਕੱਪ ਨਾਲ, ਚਾਹੇ ਦਾਰੂ ਨਾਲ, ਚਾਹੇ ਖਾਲੀ ਹੱਥੀਂ। ਤੇ ਇਕ ਦਮ ਮੀਂਹ ਦਾ ਛਰਾਟਾ। ਅਮਿਤੋਜ ਫੇਰ ਹੱਸਿਆ, ਕਹਿੰਦਾ- 'ਲਓ ਆ ਗਈ ਜੇ ਅੰਬਾਂ ਦੀ ਵਾਰੀ।' ਤੇ ਸਭ ਨੂੰ ਅੰਬ ਵਰਤਾਉਣ ਲੱਗ ਪਿਆ। ਮੈਡਮ ਟਿਵਾਣਾ ਨਾਲ ਕੀਤੀ ਲੰਮੀ ਇੰਟਰਿਵਊ ਵਾਲੇ ਤਿੰਨ ਟੇਪ ਮੈਂ ਆਪਣੇ ਹੱਥਾਂ 'ਚ ਇਓਂ ਫੜੀ ਬੈਠਾ ਸਾਂ ਜਿਵੇਂ ਲੱਖਾਂ ਕਰੋੜਾਂ ਦਾ ਖਜ਼ਾਨਾ ਹੋਵੇ। ਅਮਿਤੋਜ ਨੇ ਦਾਰੂ ਵਾਲੇ ਹੱਦਾਂ ਬੰਨੇ ਤੋੜ ਦਿੱਤੇ। ਮੈਂ ਵੀ ਜ਼ੋਰੋ-ਜਬਰੀ ਆਪਣੇ ਆਪ ਨੂੰ ਸ਼ਰਾਬੀ ਕਰਨਾ ਚਾਹਿਆ। ਮੈਨੂੰ ਚਾਹੁਣ ਦੇ ਬਾਵਜੂਦ ਦਾਰੂ ਨਹੀਂ ਚੜ੍ਹਦੀ। ਹੋਸ਼ ਨਾਲ ਕੰਮ ਕਰਦੀ ਰਹਿੰਦੀ। ਇਹ ਚੰਗੇ ਸ਼ਾਇਰ ਦੀ ਨਿਸ਼ਾਨੀ ਨਹੀਂ ਪਰ ਮੈਂ ਕੀ ਕਰਾਂ? ਉਸ ਦਿਨ ਮੈਂ ਅਮਿਤੋਜ ਵਰਗਾ ਹੋਣਾ ਚਾਹੁੰਦਾ ਸਾਂ। ਨਹੀਂ ਹੋ ਸਕਿਆ। ਅਮਿਤੋਜ ਦਾਰੂ ਨਾਲ ਟੁੰਨ ਹੋ ਗਿਆ ਜਲੰਧਰ ਪਹੁੰਚਣ ਤਕ। ਅਸੀਂ ਸਾਰਾ ਰਾਹ ਪਤਾ ਨਹੀਂ ਕੀ ਗੱਲਾਂ ਕਰਦੇ ਆਏ।

***(ਬਾਕੀ ਅਗਲੇ ਸਫੇ 'ਤੇ)***

---

ਉਹਨੀਂ ਦਿਨੀਂ ਅਮਿਤੋਜ ਜਲੰਧਰ ਦੀ ਬਹੁਤ ਅੱਛੀ ਐਕਟਰਸ ਨਾਲ ਰਹਿ ਰਿਹਾ ਸੀ। ਮੈਂ ਉਸ ਨੂੰ ਓਥੇ ਛੱਡਣ ਲਈ ਡਰਾਈਵਰ ਨੂੰ ਕਿਹਾ। ਅਮਿਤੋਜ ਕਹਿੰਦਾ- 'ਨੋ! ਵੂਈ ਐਂਡ ਆਈ ਵਿਲ ਸਟੇ ਵਿਦ ਯੂ ਟੂਡੇ।' ਅੰਗਰੇਜ਼ੀ ਸ਼ਰਾਬੀਆਂ ਤੇ ਪੰਜਾਬੀਆਂ ਵਾਲੀ ਸੀ। ਮੈਂ ਹੱਸ ਪਿਆ। ਚੰਗੇ ਭਾਗਾਂ ਨੂੰ ਉਸ ਦਿਨ ਮੇਰੀ ਬੀਵੀ ਬੱਚਾ ਪੇਕੇ-ਨਾਨਕੇ ਗਏ ਹੋਏ ਸੀ। ਦਸਮੇਸ਼ ਨਗਰ ਵਾਲਾ ਮੇਰਾ ਘਰ ਕੱਲਾ ਸੀ। ਡਰਾਈਵਰ ਨੇ ਮੇਰੇ ਆਦੇਸ਼ ਮੁਤਾਬਕ ਸਾਨੂੰ ਦੋਹਾਂ ਨੂੰ ਓਥੇ ਲਾਹ ਦਿੱਤਾ। ਘਰ ਦੀ ਬੱਤੀ ਬਾਲ਼ੀ। ਵਿਹੜਾ, ਦੋ ਕਮਰੇ ਤੇ ਛੱਤ ਨਮੂਦਾਰ ਹੋ ਗਏ। ਚਾਨਣ ਹਨੇਰੇ ਦੇ ਭੇਤ ਕਿਵੇਂ ਖੋਲ੍ਹ ਦਿੰਦਾ ਹੈ ਇਕ ਛਿਣ ਅੰਦਰ! ਅਮਿਤੋਜ ਸਿੱਧਾ ਡਬਲ ਬੈੱਡ 'ਤੇ ਡਿਗ ਪਿਆ। ਮੈਂ ਦੂਜੇ ਕਮਰੇ 'ਚ ਜਾਣ ਲੱਗਾ ਤਾਂ ਮੇਰਾ ਗੁੱਟ ਫੜ ਲਿਆ- ਐਥੇ ਸੌਂਏਂਗਾ ਤੂੰ ਮੇਰੇ ਨਾਲ। ਅੱਜ ਦੀ ਰਾਤ। ਬਾਬਿਓ ਇਹ ਰਾਤਾਂ ਮੁੜ ਮੁੜ ਥੋੜ੍ਹੀ ਆਉਂਦੀਆਂ?' ਫੇਰ ਆਪੇ ਪੈੱਗ ਪਾ ਲਿਆ। ਮੈਨੂੰ ਵੀ ਪਾ ਦਿੱਤਾ। ਮੈਂ ਜਿੰਨਾ ਮਰਜ਼ੀ ਸ਼ਰਾਬੀ ਹੋਵਾਂ, ਕੁਝ ਨਾ ਕੁਝ ਖਾਂਦਾ ਜ਼ਰੂਰ ਹਾਂ ਸੌਣ ਤੋਂ ਪਹਿਲਾਂ। ਅਮਿਤੋਜ ਸਿਰਫ ਦਾਰੂ। ਤੇ ਫੇਰ ਉਹ ਬੁੜਬੜਾਉਣ ਲੱਗ ਪਿਆ- ਮਨਜੀਤ ਟਿਵਾਣਾ, ਕਮਲੇਸ਼, ਫਲਾਂ ਫਲਾਂ, ਤਿਵਾੜੀ, ਦੂਰਦਰਸ਼ਨ। ਨਾਨ ਸੈਂਸ। ਆਪੇ ਹੱਸੀ ਜਾਵੇ ਆਪੇ ਰੋਈ ਜਾਵੇ। ਮੈਂ ਉਹਦੇ ਹਾਸੇ 'ਚ ਹਾਸਾ ਮਿਲਾ ਦੇਵਾਂ, ਫੇਰ ਮੈਂ ਆਪਣਾ ਵੱਖਰਾ ਰੋਣ ਲੱਗ ਜਾਵਾਂ। ਜਦ ਦੋਵੇਂ ਰੋਣ ਲੱਗ ਜਾਈਏ ਤਾਂ ਫੁਹਾਰੇ ਵਾਲਾ ਸਾਡਾ ਹਾਸਾ ਕਦੀ ਵਲੈਤ ਦੇ ਸਟੀਮ ਬਾਥ ਤਕ ਪਹੁੰਚ ਜਾਵੇ, ਕਦੀ ਮੈਡਮ ਟਿਵਾਣਾ ਦੇ ਘਰ ਦੀਆਂ ਨੁੱਕਰਾਂ ਨੂੰ ਛੋਹ ਜਾਵੇ, ਕਦੀ ਦੂਰਦਰਸ਼ਨ ਦੀਆਂ ਪੌੜੀਆਂ ਤੋਂ ਤਿਲਕਦਾ ਅਕਾਸ਼ਵਾਣੀ ਦੀਆਂ ਟੇਪਾਂ ਵਿਚ ਬੰਦ ਹੋ ਜਾਵੇ। ਤੇ ਅਮਿਤੋਜ ਖਰਾਟੇ ਮਾਰਨ ਲਗ ਪਿਆ। ਮੇਰਾ ਡਬਲ ਬੈੱਡ ਘੁੰਮਣ ਲੱਗ ਪਿਆ। ਨੀਂਦ ਦਾ ਸਮੁੰਦਰ ਹੂਟੇ ਦੇਣ ਲਗ ਪਿਆ, ਘੂਕ। ਅੱਖ ਖੁੱਲ੍ਹੀ ਤਾਂ ਸੂਰਜ ਪਰਦਿਆਂ ਨੂੰ ਪਾਰ ਕਰ ਕੇ ਸਾਡੇ ਚਿਹਰਿਆਂ 'ਤੇ ਆਣ ਚਮਕਿਆ। ਮੈਂ ਤੇ ਅਮਿਤੋਜ ਨੇ ਅੱਧ ਮੀਚੀਆਂ ਲਾਲ ਡੋਰਿਆਂ ਵਾਲੀਆਂ ਅੱਖਾਂ ਨਾਲ ਇਕ ਦੂਜੇ ਵਲ ਝਾਕਿਆ ਤੇ ਝੁੰਗਲ ਮਾਟਾ ਮਾਰ ਕੇ ਫੜਾਕ ਦੇਣਾ ਫੇਰ ਸੌਂ ਗਏ। ਸੂਰਜ ਸਾਡੀ ਨੀਂਦ ਨਾਲੋਂ ਘੱਟ ਤਿੱਖਾ ਸੀ।

ਅੱਖ ਖੁੱਲ੍ਹੀ ਤਾਂ ਦੁਪਿਹਰ ਦੇ ਗਿਆਰਾਂ ਵੱਜ ਚੁੱਕੇ ਸੀ।

---

ਅਗਲੇ ਹਫਤੇ ਐਡਿਟਿੰਗ ਦਾ ਕੰਮ ਸ਼ੁਰੂ। ਅਮਿਤੋਜ ਨੇ ਆਪਣੇ ਜਾਦੂਈ ਸ਼ਬਦਾਂ ਨਾਲ ਸਕ੍ਰਿਪਟ ਗੂੰਜਣ ਲਾ ਦਿੱਤੀ। ਟੀ.ਵੀ. ਵਾਲਾ ਹਰਜੀਤ ਪ੍ਰੋਗਰਾਮ ਦਾ ਸੁਆਦ ਲੈਣ ਰੇਡੀਓ ਆ ਜਾਂਦਾ। 'ਇਹ ਹਮਾਰਾ ਜੀਵਣਾ' ਦੀ ਭਾਨੋ ਦੇ ਡਾਇਲਾਗਾਂ ਪਿੱਛੇ ਹਰਜੀਤ ਨੇ ਸਾਰੰਗੀ ਦਾ ਮਿਊਜ਼ਕ ਇਫੈਕਟ ਪਾ ਕੇ ਪ੍ਰੋਗਰਾਮ ਦੀ ਗੁੱਡੀ ਨੂੰ ਤੁਣਕਾ ਮਾਰ ਕੇ ਅਸਮਾਨੀਂ ਚਾੜ੍ਹ ਦਿੱਤਾ। ਮੈਂ ਹਰਜੀਤ ਤੇ ਅਮਿਤੋਜ ਹਫਤਾ ਭਰ ਮਿਕਸਿੰਗ ਕਰਦੇ ਰਹੇ, ਅੱਖਰ ਬੀੜਦੇ ਰਹੇ, ਪ੍ਰੋਗਰਾਮ ਤਿਆਰ ਕਰਦੇ ਰਹੇ...।

---

ਪ੍ਰੋਗਰਾਮ ਚੱਲਿਆ ਤਾਂ ਚਰਚਾ ਹੋਇਆ। ਪ੍ਰੋਗਰਾਮ ਮੀਟਿੰਗ 'ਚ ਡਾਇਰੈਕਟਰ ਲਾਸਾ ਕੌਲ ਨੇ ਕਿਹਾ- 'ਦੀਦ ਸੇ ਸੀਖੀਏ ਰੇਡੀਓ ਮੇਂ ਟੀ.ਵੀ. ਕੈਸੇ ਦਿਖਾਨਾ ਹੈ'। ਮੈਂ ਸੋਚਦਾ ਸੀ ਮੀਸ਼ਾ ਪ੍ਰੋਗਰਾਮ ਦੇ ਖਿਲਾਫ਼ ਬੋਲੇਗਾ ਪਰ ਮੀਸ਼ੇ ਦੇ ਧੀਮੇ ਬੋਲਾਂ ਨੇ ਸਭ ਨੂੰ ਹੈਰਾਨ ਕਰ ਦਿੱਤਾ- 'ਮੈਂ ਸਾਰੀ ਜ਼ਿੰਦਗੀ ਰੇਡੀਓ 'ਚ ਬਿਤਾਈ ਹੈ ਪਰ ਇਸ ਤਰ੍ਹਾਂ ਦਾ ਪ੍ਰੋਗਰਾਮ ਘੱਟੋ-ਘੱਟ ਮੈਂ ਜਲੰਧਰ ਤੋਂ ਕਦੇ ਨਹੀਂ ਸੁਣਿਆ। ਅੱਜ ਸਾਰੀ ਮੀਟਿੰਗ ਨੂੰ ਚਾਹ ਮੈਂ ਪਿਲਾਵਾਂਗਾ'। ਸਾਰੀ ਮੀਟਿੰਗ ਨੂੰ ਸਵੇਰੇ ਮੀਸ਼ਾ ਨੇ ਚਾਹ ਪਲਾਈ, ਸ਼ਾਮ ਨੂੰ ਮੈਨੂੰ ਤੇ ਅਮਿਤੋਜ ਨੂੰ ਦਾਰੂ।

ਸ਼ਾਇਦ ਇਹ ਅਮਿਤੋਜ ਦਾ ਰੇਡੀਓ ਲਈ ਕੀਤਾ ਇਕੋ-ਇਕ ਪ੍ਰੋਗਰਾਮ ਸੀ/ਹੈ।

---

ਜਲੰਧਰ ਦੂਰਦਰਸ਼ਨ/ਰੇਡੀਓ ਕੋਲ ਅਸਲ ਵਿਚ ਦੋ ਹੀ ਅਸਲੀ ਕੰਪੀਅਰ/ਪੇਸ਼ਕਾਰ ਸਨ। ਇਕ ਅਮਿਤੋਜ ਦੂਜਾ ਪਾਤਰ। ਗੰਭੀਰ ਪ੍ਰੋਗਰਾਮਾਂ ਲਈ ਪਾਤਰ ਤੇ ਦਰਸ਼ਕ ਖਿੱਚਣ ਲਈ ਅਮਿਤੋਜ।

ਮੈਂ ਆਪਣੇ ਬਹੁਤੇ ਪ੍ਰੋਗਰਾਮ ਪਾਤਰ ਕੋਲੋਂ ਕਰਵਾਉਂਦਾ ਪਰ ਅਮਿਤੋਜ ਦੇ ਪ੍ਰੋਗਰਾਮ ਮੈਨੂੰ ਚੰਗੇ ਲਗਦੇ। ਅਮਿਤੋਜ ਜੁਮਲੇਬਾਜ਼ ਸੀ। ਉਸ ਦੇ ਜੁਮਲੇ/ਫਿਕਰੇ ਵਿਕਦੇ ਸਨ। ਸ਼ਾਇਰੀ ਵਿਚ ਵੀ, ਟੀ.ਵੀ. ਵਿਚ ਵੀ ਤੇ ਜੀਵਨ ਵਿਚ ਵੀ। ਮੈਂ ਵੀ ਉਸ ਦੀ ਫਿਕਰੇਬਾਜ਼ੀ ਦਾ ਪ੍ਰਸ਼ੰਸਕ ਸਾਂ ਪਰ ਉਸ ਦੀ ਇਹ ਫਿਕਰੇਬਾਜ਼ੀ ਮੈਨੂੰ ਕਵਿਤਾ 'ਚ ਅੱਖਰਦੀ ਸੀ। ਕਾਲਜ ਦੇ ਦਿਨਾਂ ਤੋਂ ਈ। 'ਬੁੱਢਾ ਬੌਲ਼ਦ' ਵੀ ਮੈਨੂੰ ਉਸੇ ਕੈਟਾਗਰੀ ਦੀ ਨਜ਼ਮ ਲਗਦੀ ਸੀ ਪਰ ਟੀ.ਵੀ. 'ਚ ਸਾਨੂੰ ਅਜਿਹੇ ਕੰਪੀਅਰ ਦੀਵਾ ਲੈ ਕੇ ਲੱਭਿਆਂ ਵੀ ਨਹੀਂ ਲੱਭਦੇ। ਅਮਿਤੋਜ ਦੂਰਦਰਸ਼ਨ ਜਲੰਧਰ ਲਈ ਉਸੇ ਦੁਰਲੱਭ ਚਿਰਾਗ ਦਾ ਗੂੜ੍ਹਾ ਚਾਨਣ ਸੀ।

---

ਮੈਂ ਫੇਰ ਦੂਰਦਰਸ਼ਨ ਜਲੰਧਰ ਤਬਦੀਲ ਹੋ ਗਿਆ। ਹੁਣ ਤਕ ਅਮਿਤੋਜ 'ਕੱਚ ਦੀਆਂ ਮੁੰਦਰਾਂ' ਨਾਲ ਛਾ ਚੁੱਕਾ ਸੀ। ਉਸ ਦੀ ਹਵਾ ਬਦਲੀ ਹੋਈ ਸੀ। ਉਹ ਦੂਰਦਰਸ਼ਨ ਦੇ ਨਾਲ ਲਗਦੀ ਸੜਕੋਂ ਪਾਰ ਕਲੋਨੀ ਵਿਚ ਜਲੰਧਰ ਦੂਰਦਰਸ਼ਨ ਦੀ ਹੀ ਬਹੁਤ ਸੰਜੀਦਾ ਐਕਟਰਸ ਨਾਲ ਪੱਕਾ ਰਹਿਣ ਲੱਗ ਪਿਆ ਸੀ। ਉਸ ਡਾਇਵੋਰਸੀ ਐਕਟਰਸ ਦਾ ਸੱਤ ਕੁ ਸਾਲਾਂ ਦਾ ਬੇਟਾ ਅਮਿਤੋਜ ਨੂੰ 'ਪਾਪਾ' ਕਹਿਣ ਲੱਗ ਪਿਆ ਸੀ ਪਰ ਅਮਿਤੋਜ ਕਿਤੋਂ ਅੰਦਰੋਂ ਬੁਰੀ ਤਰ੍ਹਾਂ ਝੰਬਿਆ ਹੋਇਆ ਵਿਅਕਤੀ ਸੀ। ਉਸ ਦੀ ਫਿਕਰੇਬਾਜ਼ੀ ਉਸ ਦੀ ਫਰਸਟਰੇਸ਼ਨ 'ਚੋਂ ਜਨਮ ਲੈਂਦੀ ਸੀ। ਉਸ ਦਾ ਫੁਹਾਰਾ ਹਾਸਾ ਹਜ਼ਾਰਾਂ ਦੁੱਖਾਂ ਤੇ ਜ਼ਖਮਾਂ ਦਾ ਛਰਾਟਾ ਸੀ ਜੋ ਨਾ ਅਮਿਤੋਜ ਨੂੰ ਦਿਸਦਾ ਨਾ ਉਹਦੇ ਪ੍ਰਸ਼ੰਸਕਾਂ ਨੂੰ। ਉਹਦੇ ਪ੍ਰੋਗਰਾਮ ਲੋਕ ਕੰਮ ਛੱਡ ਛੱਡ ਦੇਖਦੇ। ਦੂਰਦਰਸ਼ਨ ਦੀ ਅੱਧੀ ਡਾਕ 'ਕੱਚ ਦੀਆਂ ਮੁੰਦਰਾਂ' ਨਾਲ ਭਰੀ ਹੁੰਦੀ। ਅਮਿਤੋਜ ਨੂੰ ਸਿਰਫ ਕੰਪੀਅਰ ਹੋਣ ਦੇ ਬਾਵਜੂਦ ਸਹੂਲਤਾਂ ਪ੍ਰੋਡਿਊਸਰ ਜਿੰਨੀਆਂ ਮਿਲੀਆਂ ਹੋਈਆਂ ਸਨ। ਦਰਸ਼ਕ ਪ੍ਰੋਗਰਾਮ 'ਚ ਹਿੱਸਾ ਲੈਣ ਆਉਂਦੇ ਤਾਂ ਅਮਿਤੋਜ ਦੇ ਆਟੋਗ੍ਰਾਫ ਲੈ ਕੇ ਜਾਂਦੇ। ਅਮਿਤੋਜ ਬਾਜ਼ਾਰ 'ਚੋਂ ਲੰਘਦਾ, ਲੋਕ ਹੱਥ ਮਿਲਾਉਣ ਲਈ ਖੜ੍ਹੇ ਹੋ ਜਾਂਦੇ। ਉਹਨੀਂ ਦਿਨੀਂ ਤਾਂ ਦੂਰਦਰਸ਼ਨ ਦਾ ਪੀਅਨ ਵੀ ਕਿਸੇ ਨਾਲੋਂ ਘੱਟ ਨਹੀਂ ਸੀ ਤੇ ਉਹ ਅਮਿਤੋਜ? ਆਮ ਜਨਤਾ ਵਿਚ ਅਮਿਤੋਜ ਦੀ ਝੰਡੀ ਫਹਿਰ ਗਈ। ਫਹਿਰਦੀ ਝੰਡੀ ਨੇ ਅਮਿਤੋਜ ਦਾ ਚਿਹਰਾ ਢਕ ਲਿਆ। ਝੰਡੀ ਓਹਲੇ ਉਹ ਦਾਰੂ ਵੱਧ ਪੀਣ ਲੱਗ ਪਿਆ। ਦੂਰਦਰਸ਼ਨ ਦੇ ਸਟੂਡੀਓ ਵਿਚ ਉਸ ਦੀ ਡੱਬ 'ਚ ਲੁਕੋਈ ਦਾਰੂ ਦੀ ਬੋਤਲ ਡਿੱਗ ਕੇ ਟੁੱਟ ਗਈ। ਕੰਕਰਾਂ ਦਾ ਖੜਾਕ ਅਤੇ ਦਾਰੂ ਦੀ ਹਵਾੜ ਸਾਰੇ ਦੂਰਦਰਸ਼ਨ ਵਿਚ ਫੈਲ ਗਈ। ਫਹਿਰੀ ਹੋਈ ਸ਼ੋਹਰਤ ਦੀ ਝੰਡੀ ਨੇ ਅਮਿਤੋਜ ਦੀ ਸ਼ਾਇਰੀ ਦਾ ਸੱਤਿਆਨਾਸ ਕਰ ਦਿੱਤਾ। ਨਜ਼ਮ ਲਿਖਣੀ ਬੰਦ। ਸਿਰਫ 'ਕੱਚ ਦੀਆਂ ਮੁੰਦਰਾਂ' ਵਾਲਾ ਅਮਿਤੋਜ। ਕੌਣ ਸ਼ਾਇਰੀ ਦੇ ਵੀਹ ਪੱਚੀ ਪਾਠਕਾਂ ਦਾ ਹੁੰਗਾਰਾ ਉਡੀਕੇ? ਪਹਿਲਾਂ ਕਵਿਤਾ ਲਿਖੋ, ਫਿਰ ਪਰਚੇ ਨੂੰ ਭੇਜੋ। ਕਦੋਂ ਛਪੂ ਕਦੋਂ ਵਾਹ ਵਾਹ ਹੋਊ? 'ਕੱਚ ਦੀਆਂ ਮੁੰਦਰਾਂ' ਰਾਤ ਨੂੰ ਚੱਲੀਆਂ, ਸਵੇਰੇ ਅਮਿਤੋਜ ਅਮਿਤੋਜ! ਸ਼ੋਹਰਤ ਦਾ ਸ਼ਾਰਟ-ਕੱਟ ਰਾਹ ਦੂਰਦਰਸ਼ਨ। ਸ਼ਾਰਟ-ਕੱਟ ਤੁਹਾਨੂੰ ਮੰਜ਼ਲ 'ਤੇ ਪਹੁੰਚਾ ਦਿੰਦਾ, ਪੈਂਡੇ ਦੀ ਅਸਲੀਅਤ ਤੋਂ ਦੂਰ ਕਰ ਦਿੰਦਾ। ਸ਼ੋਹਰਤ ਦੀ ਲੋਰ 'ਚ ਆਇਆ ਸਾਧ ਨਹੀਂ ਮਾਣ, ਉਹ ਤਾਂ ਫੇਰ ਸ਼ਾਇਰ ਅਮਿਤੋਜ ਸੀ।

ਰਾਤ ਦਿਨ ਸ਼ੋਹਰਤ ਦੀਆਂ ਚੋਟੀਆਂ ਚੜ੍ਹਦਾ ਅਮਿਤੋਜ ਦਾਰੂ ਤੇ ਫਰਸਟੇਸ਼ਨ ਦਾ ਗੰਭੀਰ ਸ਼ਿਕਾਰ ਹੋ ਗਿਆ। ਇਕ ਦਿਨ ਕਿਸੇ ਨੇ ਦੱਸਿਆ- ਅਮਿਤੋਜ ਦੇ ਫੇਫੜੇ ਗਏ। ਹਸਪਤਾਲ ਭਰਤੀ ਹੋ ਗਿਆ ਅਮਿਤੋਜ। 'ਕੱਚ ਦੀਆਂ ਮੁੰਦਰਾਂ' ਦੀ ਲਿਸ਼ਕ ਬਿਮਾਰ ਅਮਿਤੋਜ ਦੇ ਹੰਝੂਆਂ 'ਚੋਂ ਝਰਨ ਲੱਗੀ। ਸਾਰੇ ਡਾਕਟਰ ਨਰਸਾਂ ਵਾਕਫ਼ ਸਨ ਪਰ ਵਾਕਫੀਅਤ ਬਿਮਾਰੀ ਨਾਲੋਂ ਵੱਡੀ ਨਹੀਂ ਹੁੰਦੀ। ਅਮਿਤੋਜ ਨੂੰ ਲੋਕ ਹਸਪਤਾਲ ਵੀ ਮਿਲਣ ਜਾਂਦੇ। ਹਸਪਤਾਲ ਈ ਅਮਿਤੋਜ ਦਾ ਘਰ ਬਣ ਗਿਆ। ਅਜੀਬ ਖਬਰਾਂ ਆਉਣ ਲੱਗ ਪਈਆਂ। ਅਮਿਤੋਜ ਨੇ ਕਿਸੇ ਨਰਸ ਨੂੰ ਕੁਝ ਬੁਰਾ ਭਲਾ ਕਹਿ ਦਿੱਤਾ। ਅਮਿਤੋਜ ਹਸਪਤਾਲ 'ਚੋਂ ਦੌੜ ਗਿਆ। ਅਮਿਤੋਜ! ਅਮਿਤੋਜ!! ਤੇ ਅਮਿਤੋਜ ਦੇ ਨਿੱਤ ਨਵੇਂ ਕਿੱਸੇ ਜੁੜਨੇ ਸ਼ੁਰੂ ਹੋ ਗਏ। ਕਿੱਸੇ ਜੋੜਨ ਵਲਿਆਂ ਦੀਆਂ ਮੌਜਾਂ ਬਣ ਗਈਆਂ।

ਫੇਰ ਖਬਰ ਆਈ, ਅਮਿਤੋਜ ਨੂੰ ਹਸਪਤਾਲੋਂ ਛੁੱਟੀ ਮਿਲ ਗਈ। ਅਮਿਤੋਜ ਠੀਕ ਹੋ ਗਿਆ ਪਰ ਅਮਿਤੋਜ ਫੇਰ ਦਾਰੂ ਪੀਣ ਲੱਗ ਪਿਆ। ਪਹਿਲਾਂ ਨਾਲੋਂ ਵੀ ਵੱਧ। ਫੇਫੜੇ ਵਿਚਾਰੇ ਕੀ ਕਰਨ? ਅਮਿਤੋਜ ਦੀਆਂ ਅੰਦਰੂਨੀ ਤਹਿਆਂ ਹੋਰ ਛਾਨਣੀ ਹੋਣ ਲੱਗ ਪਈਆਂ। ਛਾਨਣੀ ਹੋ ਰਹੀਆਂ ਤਹਿਆਂ 'ਚੋਂ ਅਮਿਤੋਜ ਦਾ ਚਿਹਰਾ ਭੈਭੀਤ ਦਿਸਣ ਲੱਗ ਪਿਆ। ਖਬਰ ਆਈ, ਅਮਿਤੋਜ ਨੇ ਐਕਟਰ ਕੁੜੀ ਦਾ ਘਰ ਛੱਡ ਦਿੱਤਾ। ਖਬਰਨੀ ਐਕਟਰ ਕੁੜੀ ਨੇ ਉਹਨੂੰ ਘਰੋਂ ਕੱਢ ਦਿੱਤਾ। ਉਸ ਦੇ ਮੁੰਡੇ ਨੇ ਅਮਿਤੋਜ ਨੂੰ ਪਾਪਾ ਕਹਿਣ 'ਤੇ ਕਾਟਾ ਮਾਰ ਦਿੱਤਾ।

---



*ਇਕ ਮੁਸ਼ਾਇਰੇ ਦੌਰਾਨ (ਖੱਬਿਓ) ਬੀਬਾ ਬਲਵੰਤ, ਅਮਿਤੋਜ, ਰਵਿੰਦਰ ਬਟਾਲਾ, ਗੁਰਭਜਨ ਗਿੱਲ ਤੇ ਸੁਰਿੰਦਰ ਗਿੱਲ।*

ਅਮਿਤੋਜ ਦੀਆਂ ਦੋਸਤੀਆਂ, ਮੁਹੱਬਤਾਂ ਦੇ ਕਿੱਸੇ ਵੀ ਉਹਦੇ ਵਾਂਗ ਹੀ ਉੱਖੜੇ ਹੋਏ ਨੇ। ਮਨਜੀਤ ਟਿਵਾਣਾ 'ਤੇ ਮੈਂ ਟੀ.ਵੀ. ਫਿਲਮ ਬਣਾਈ। ਸੁਖਨਾ ਝੀਲ ਦੇ ਕਿਨਾਰੇ ਮੈਂ ਉਸ ਦੇ ਵੱਖ ਵੱਖ ਲੋਕੇਸ਼ਨਜ਼ 'ਤੇ ਸ਼ਾਟ ਲਏ। ਇਕ ਰੁੱਖ ਕੋਲ਼ ਖਲੋ ਕੇ ਕਵਿਤਾ ਪੜ੍ਹਨ ਲਈ ਕਿਹਾ। ਮਨਜੀਤ ਟਿਵਾਣਾ ਗੱਲ ਗੱਲ 'ਤੇ ਅਮਿਤੋਜ ਅਮਿਤੋਜ ਕਰੀ ਜਾਵੇ।... 'ਏਥੇ ਅਸੀਂ ਆਹ ਕੀਤਾ ਐਥੇ ਅਸੀਂ ਅਹੁ ਕੀਤਾ।' ਮੈਂ ਰਿਕਾਰਡਿੰਗ ਬੰਦ ਕਰਵਾ ਦਿੱਤੀ। ਮੈਂ ਕਿਹਾ- 'ਪਹਿਲਾਂ ਅਮਿਤੋਜ ਦਾ ਨਾਂ ਜਪ ਲਓ ਚੰਗੀ ਤਰ੍ਹਾਂ।' ਉਦਾਸ ਹੋ ਗਈ ਮਨਜੀਤ। ਮੱਥੇ ਤਿਓੜੀ ਪਾ ਲਈ। ਮੈਂ ਕਿਹਾ- 'ਜਾਂ ਤਾਂ ਬੋਲ ਆਪਣੇ ਇਸ਼ਕ ਬਾਰੇ ਖੁੱਲ੍ਹ ਕੇ।' ਮਨਜੀਤ ਕਹਿੰਦੀ, ਮੈਂ ਉਹਨੂੰ ਕਿਹਾ ਸੀ- ਅਮਿਤੋਜ, ਹੁਣ ਮੈਂ ਤੜਫਦੀ ਆਂ ਤੇਰੇ ਲਈ, ਫੇਰ ਤੂੰ ਮੈਨੂੰ ਲੱਭਦਾ ਫਿਰੇਂਗਾ। ਕਹਿੰਦਾ- 'ਮੈਂ ਆਪਣੇ ਭੈਣ ਭਰਾਵਾਂ ਨੂੰ ਅਨਾਥ ਕਰਨਾ ਤੇਰੇ ਨਾਲ ਰਹਿ ਕੇ'।

-ਮੈਂ ਆਪਣੇ ਭਰਾ ਦੇ ਪੈਸੇ ਚੋਰੀ ਕਰ ਕੇ ਉਹਦੇ ਲਈ ਸ਼ਰਾਬ ਲੈ ਕੇ ਆਉਂਦੀ ਰਹੀ। ਹੁਣ ਮੇਰਾ ਜੀਅ ਨਹੀਂ ਕਰਦਾ ਉਹਦੇ ਬਾਰੇ ਕੁਝ ਕਹਿਣ ਨੂੰ'।

---

ਤੇ ਫੇਰ ਧਮਾਕਾ। ਖਬਰ ਆਈ, ਅਮਿਤੋਜ ਦਾ ਵਿਆਹ ਹੋ ਗਿਆ। ਰਾਤੋ-ਰਾਤ। ਬੜਾ ਖੁਫੀਆ ਵਿਆਹ ਸੀ। ਕੁੜੀ ਅਮਿਤੋਜ ਦੀ ਵਾਕਫ ਸੀ। ਵਾਕਫੀ ਵਖਤ 'ਚ ਤਬਦੀਲ ਹੋ ਗਈ। ਵਿਆਹ ਦਾ ਵਖਤ ਆ ਗਿਆ। ਵਿਆਹ ਕਰਵਾਉਣਾ ਪਿਆ ਅਮਿਤੋਜ ਨੂੰ। ਸਨਸਨੀਖੇਜ਼ ਅਰਧ-ਖੁਫੀਆ ਵਿਆਹ ਹੋਇਆ। ਅਮਿਤੋਜ ਦਾ ਘਰ ਵਸ ਗਿਆ। ਇਹ ਘਰ ਜਲੰਧਰ ਦੂਰਦਰਸ਼ਨ ਦੀ ਦੂਰਦਰਸ਼ਨ ਇਨਕਲੇਵ 'ਚ ਅਮਿਤੋਜ ਨੇ ਕੁਆਰੇ ਹੁੰਦਿਆਂ ਆਪ ਬਣਵਾਇਆ। ਘਰਵਾਲੀ ਨੇ ਘਰ ਸਾਂਭ ਲਿਆ। ਮੈਨੂੰ ਇਕ ਦਿਨ ਅਮਿਤੋਜ ਦੀ ਘਰਵਾਲੀ ਬਾਜ਼ਾਰ 'ਚੋਂ ਲੰਘਦਿਆਂ ਕਿਸੇ ਨੇ ਦਿਖਾਈ।

'ਅਰੇ! ਇਹ!' ਮੇਰਾ ਮੂੰਹ ਟੱਡਿਆ ਰਹਿ ਗਿਆ।

ਇਹ ਅੰਮ੍ਰਿਤ ਮਾਨ ਸੀ। ਮਿਸਿਜ਼ ਅਮਿਤੋਜ। ਮੇਰੀਆਂ ਕਵਿਤਾਵਾਂ ਦੀ ਫੈਨ। ਪੰਜਾਬ ਯੂਨੀਵਰਸਿਟੀ ਤੋਂ ਮੈਨੂੰ ਇਕ ਵਾਰ ਟੀ.ਵੀ. 'ਤੇ ਮਿਲਣ ਵੀ ਆਈ। ਫੇਰ ਪਤਾ ਲੱਗਾ ਅੰਮ੍ਰਿਤ ਮਾਨ ਸੁਰੀਲੀ ਗਾਇਕਾ ਵੀ ਸੀ। ਫੇਰ ਖਬਰ ਆਈ ਅਮਿਤੋਜ ਦੇ ਘਰ ਧੀ ਨੇ ਜਨਮ ਲਿਆ। 'ਕੱਚ ਦੀਆਂ ਮੁੰਦਰਾਂ' 'ਚ ਧੀ ਆਣ ਮੁਸਕਾਈ। ਨਾਂ ਰੱਖਿਆ- ਲੋਰੀ। ਫੇਰ ਪਰਮਾਤਮਾ ਨੇ ਕਾਕਾ ਬਖ਼ਸ਼ ਦਿੱਤਾ। ਅਮਿਤੋਜ ਦਾ ਫੁਹਾਰਾ-ਹਾਸਾ ਪਰਿਵਾਰਕ ਜਿਹਾ ਹੋ ਗਿਆ। ਅਮਿਤੋਜ ਦੀ ਦਾਰੂ ਹੋਰ ਭਖਵੀਂ ਹੋ ਗਈ। ਫਰਸਟਰੇਸ਼ਨ ਦੀ ਤਹਿ 'ਤੇ ਤਹਿ ਚੜ੍ਹਦੀ ਗਈ। ਅਮਿਤੋਜ ਫੇਰ ਬਿਮਾਰ ਪੈ ਗਿਆ। 'ਕੱਚ ਦੀਆਂ ਮੁੰਦਰਾਂ' ਬਿਮਾਰ ਪੈ ਗਈਆਂ। ਮੀਡੀਆ ਚੌੜੇ ਮੂੰਹ ਵਾਲਾ ਸ਼ੇਰ। ਮੀਡੀਏ ਦਾ ਭੁੱਖਾ ਸ਼ੇਰ ਇਕ ਦਿਨ ਕਲਾਕਾਰ ਨੂੰ ਨਿਗਲ ਜਾਂਦਾ। ਮੀਡੀਏ ਦੇ ਸ਼ੇਰ ਨੇ ਅਮਿਤੋਜ ਨੂੰ ਨਿਗਲਣਾ ਸ਼ੁਰੂ ਕਰ ਦਿੱਤਾ। ਅਮਿਤੋਜ ਤਾਂ ਬਚਪਨ ਤੋਂ ਈ ਨਿਗਲਿਆ ਜਾ ਰਿਹਾ ਸੀ। ਜੰਮਦੇ ਸਾਰ ਨਾਲ ਭੁੱਖਾ ਸ਼ੇਰ ਬੈਠਾ ਸੀ। ਨਾਨੇ ਦੀ ਜਾਇਦਾਦ ਨੇ ਅਮਿਤੋਜ ਦੇ ਖਾਲੀ ਕਾਗ਼ਜ਼ ਭਰ ਦਿੱਤੇ। ਕਚਿਹਰੀ ਦੇ ਕਾਗ਼ਜ਼ਾਂ 'ਚ ਅਮਿਤੋਜ ਦੇ ਨਾਂ ਪੈਲ਼ੀ ਬੋਲਣ ਲੱਗੀ। ਜ਼ਰ ਜੋਰੂ ਜ਼ਮੀਨ ਨੇ ਅਮਿਤੋਜ ਨੂੰ ਕੁੰਡਲੀ ਮਾਰ ਲਈ। ਅਮਿਤੋਜ ਦੀਆਂ ਰਗਾਂ ਫੁੱਲਣ ਲੱਗ ਪਈਆਂ। ਅਮਿਤੋਜ ਡਰੇ ਹੋਏ ਅਪਰਾਧੀ ਵਾਂਗ ਦੂਰਦਰਸ਼ਨ ਦੇ ਗਲਿਆਰਿਆਂ 'ਚ ਘੁੰਮਣ ਲੱਗਾ। ਹੌਲ਼ੀ ਹੌਲ਼ੀ ਅਮਿਤੋਜ ਤੋਂ ਡਰ ਆਉਣ ਲੱਗ ਪਿਆ। ਜਿਸ ਅਮਿਤੋਜ ਨੂੰ ਦੇਖ ਕੇ ਦਿਲ ਕਹਿੰਦਾ ਸੀ- 'ਗੱਭਰੂ ਪੰਜਾਬ ਦਾ', ਉਸ ਅਮਿਤੋਜ ਨੂੰ ਦੇਖ ਕੇ ਦਿਲ ਸੋਚਣ ਲੱਗ ਪਿਆ- 'ਇਹਨੂੰ ਕੀ ਹੋ ਗਿਆ?' ਇਹ ਤਾਂ ਅਮਿਤੋਜ ਆਪ ਵੀ ਸੋਚਣ ਲੱਗ ਪਿਆ ਸੀ- 'ਮੈਨੂੰ ਕੀ ਹੋ ਗਿਆ?'

---

ਅਮਿਤੋਜ ਦੀ ਕਿਤਾਬ ਉਹਦੇ ਜੀਂਦੇ ਜੀ ਨਾ ਛਪ ਸਕੀ। ਚੰਗਾ ਹੋਇਆ। ਜੇ ਛਪ ਜਾਂਦੀ ਤਾਂ ਪੰਜਾਬੀ ਦੇ ਆਲੋਚਕਾਂ-ਪ੍ਰਧਾਨਾਂ-ਸਕੱਤਰਾਂ ਨੇ ਚੱਕ ਚਕਾ ਕੇ ਉਹਨੂੰ ਰਿਲੀਜ਼ ਸਮਾਗਮ ਵਿਚ ਲਿਆ ਖੜ੍ਹਾ ਕਰਨਾ ਸੀ; ਤੇ ਫੇਰ ਤਾੜੀਆਂ ਦੀ ਗੂੰਜ 'ਚ ਅਮਿਤੋਜ ਨੇ ਕਹਿਣਾ ਸੀ- ਅਰਜ਼ ਕੀਤਾ ਹੈ, ਫਰਜ਼ ਕੀਤਾ ਹੈ।

ਪੰਜਾਬੀ ਵਾਲਿਆਂ ਨੇ ਇਕ ਹੋਰ ਕੰਮ ਬੜਾ ਪੁਖਤਗੀ ਤੇ ਮਾਹਰਨਾ ਤਰੀਕੇ ਨਾਲ ਕਰਨਾ ਸਿਖਿਆ ਹੈ। ਕਿਤਾਬ ਰਿਲੀਜ਼ ਸਮਾਰੋਹ। ਪੰਜ-ਸੱਤ ਪਤਵੰਤੇ ਰਿਲੀਜ਼ ਹੋਣ ਜਾ ਰਹੀ ਕਿਤਾਬ ਨੂੰ ਹੱਥਾਂ 'ਚ ਇਉਂ ਫੜ ਕੇ ਖਲੋ ਜਾਂਦੇ ਨੇ ਜਿਵੇਂ ਅਨਾਥ-ਆਸ਼ਰਮ ਦਾ ਕੋਈ ਮੰਗਤਾ ਬੱਸ ਜਾਂ ਗੱਡੀ ਵਿਚ ਸਵਰੀਆਂ ਸਾਹਮਣੇ ਆਪਣੇ ਅਨਾਥ ਹੋਣ ਦਾ ਸਰਟੀਫਿਕੇਟ ਫੜ ਕੇ ਖਲੋਤਾ ਹੋਵੇ। ਕਿਸੇ ਰਿਲੀਜ਼ ਸਮਾਗਮ ਦੀ ਫੋਟੋ ਧਿਆਨ ਨਾਲ ਦੇਖੋ, ਉਹਦੇ ਵਿਚ ਤੁਹਾਨੂੰ ਅਕਸਰ ਪ੍ਰੋਫੈਸ਼ਨਲ ਰਿਲੀਜ਼ਏ ਕਿਤਾਬ ਫੜੀ ਖਲੋਤੇ ਮਿਲ ਜਾਣਗੇ। ਕਿਸੇ ਨੇ ਕਿਤਾਬ ਆਪਣੇ ਬੇਤੁਕੇ ਢਿੱਡ 'ਤੇ ਟਕਾਈ ਹੁੰਦੀ, ਕਿਸੇ ਨੇ ਆਪਣੇ ਕੰਬਦੇ ਹੱਥਾਂ 'ਚ ਫੜੀ ਹੁੰਦੀ, ਕਈ ਫੋਟੂ 'ਚ ਆਉਣ ਵਾਸਤੇ ਇਕੋ ਕਿਤਾਬ ਨੂੰ ਹੱਥ ਪਾਈ ਖੜ੍ਹੇ ਹੁੰਦੇ, ਕਈਆਂ ਨੇ ਕਿਤਾਬ ਰਿਲੀਜ਼ ਕਰਨ ਵਾਲੇ ਮੁੱਖ ਮਹਿਮਾਨ ਦੀ ਕੂਹਣੀ ਨੂੰ ਈ ਫੜਿਆ ਹੁੰਦਾ, ਕਿਸੇ ਨੇ ਸਿਰਫ ਇਕ ਉਂਗਲ ਹੀ ਕਿਤਾਬ ਦੇ ਇਕ ਕੋਨੇ ਰੱਖੀ ਹੁੰਦੀ। ਕਿਤਾਬ ਦੀ ਧੂਆ-ਘੜੀਸੀ 'ਚ ਕੈਮਰੇ ਕਲਿਕ ਹੋਈ ਜਾਂਦੇ। ਜਿੱਥੇ ਜੀਹਦਾ ਦਿਲ ਕਰਦਾ, ਕਿਤਾਬ ਰੀਲੀਜ਼ ਹੋ ਜਾਂਦੀ; ਬਾਥ ਰੂਮ ਦੇ ਸਾਹਮਣੇ, ਵਿਹੜੇ 'ਚ, ਥੜ੍ਹੇ ਉੱਤੇ, ਪਿੱਪਲ ਹੇਠ, ਵਕਤ-ਬੇਵਕਤ ਕਿਤਾਬ ਗਲੀਜ਼ ਹੋਈ ਜਾਂਦੀ। ਫੋਟੋ ਹੇਠ ਲਿਖਿਆ ਹੁੰਦਾ- ਕਿਤਾਬ ਮਾਮਾ ਜੀ ਨੂੰ ਦਿੰਦਿਆਂ, ਕਿਤਾਬ ਮੰਤਰੀ ਜੀ ਨੂੰ ਦਿੰਦਿਆਂ। ਮੁਫਤੋ-ਮੁਫਤ ਕਿਤਾਬ ਵੰਡੀ ਜਾਂਦੀ। ਰਿਸ਼ਤੇਦਾਰਾਂ, ਦੋਸਤਾਂ ਦੇ ਘਰ ਮੱਲੋਜ਼ੋਰੀ ਦੇਸਾਂ-ਬਦੇਸਾਂ ਤੋਂ ਬੰਡਲਾਂ ਦੇ ਬੰਡਲ ਠਾਹ ਠਾਹ ਡਿੱਗਦੇ। ਕੋਈ ਖੋਲ੍ਹਦਾ ਵੀ ਨਾ ਇਹਨਾਂ ਗੱਤਿਆਂ ਨੂੰ; ਤੇ ਅਗਲੇ ਮਹੀਨੇ ਕਿਤਾਬ ਦਾ ਦੂਜਾ-ਤੀਜਾ-ਚੌਥਾ ਅਡੀਸ਼ਨ ਆ ਜਾਂਦਾ; ਤੇ ਅਗਲੇਰੇ ਮਹੀਨੇ ਕਿਤਾਬ 'ਸ਼ਾਹਮੁਖੀ' ਹੋ ਜਾਂਦੀ। ਜੱਥਾ ਲਹੌਰ ਪਹੁੰਚ ਜਾਂਦਾ। ਲੇਖਕ ਸਾਹੋ-ਸਾਹੀ ਹੋ ਜਾਂਦਾ। ਸਾਹੋ-ਸਾਹੀ ਹੋਏ ਲੇਖਕ 'ਤੇ ਲੋਕਲ-ਇਨਾਮ ਦਾਗ ਦਿੱਤਾ ਜਾਂਦਾ। ਲੇਖਕ ਮੂਰਛਤ-ਲਕਸ਼ਮਣ ਵਾਂਗ ਗਿਰ ਜਾਂਦਾ। ਹਨੂਮਾਨ ਹੱਸਣ ਲੱਗ ਜਾਂਦੇ। ਅਮਿਤੋਜ ਦੀ ਇਹ ਹਾਲਤ ਉਸ ਤੋਂ ਵੇਖੀ ਨਹੀਂ ਸੀ ਜਾਣੀ। ਸੋ 'ਖਾਲੀ ਤਰਕਸ਼' ਮਰਨ-ਉਪਰਾਂਤ ਛਪੀ।

---

ਆਖਰ, ਸੱਤ ਪੱਤਣਾਂ ਦਾ ਤਾਰੂ ਅਮਿਤੋਜ ਆਖਰੀ ਕਿਨਾਰੇ ਕੋਲ਼ ਪਹੁੰਚ ਗਿਆ। ਸ਼ਾਇਦ ਉਸ ਦੀਆਂ ਉਡਾਰੂ ਤਾਰੀਆਂ ਇਸੇ ਕਿਨਾਰੇ ਨੂੰ ਫੜਨ ਲਈ ਕਾਹਲ਼ੀਆਂ ਸਨ। ਜਦੋਂ ਉਹ ਗਲ਼ ਗਲ਼ ਡੁੱਬਿਆ ਹਾਲਾਤ ਦੇ ਹੜ੍ਹ 'ਚੋਂ ਬਾਹਰ ਆਉਣ ਲਈ ਹੱਥ-ਪੈਰ ਮਾਰਦਾ ਕਿਨਾਰੇ 'ਤੇ ਸੈਰ ਕਰਦੇ ਲੋਕਾਂ ਨੂੰ ਹਾਕਾਂ ਮਾਰਨ ਲੱਗ ਪਿਆ ਤਾਂ ਇਕ ਟਿਕੀ ਰਾਤੇ ਮੈਨੂੰ ਹੱਸਦੇ ਅਮਿਤੋਜ ਦਾ ਹਉਕਾ ਆਣ ਚੰਮੜਿਆ। ਮੈਂ ਸਵੇਰੇ ਦੂਰਦਰਸ਼ਨ ਦਫਤਰ ਪੁੱਜਦੇ ਈ ਅਮਿਤੋਜ ਦੀ ਰਿਕਾਰਡਿੰਗ ਲਈ ਪ੍ਰਪੋਜ਼ਲ ਤਿਆਰ ਕੀਤਾ। ਦੋ-ਤਿੰਨ ਰਾਤਾਂ ਜਾਗ ਕੇ ਕਾਨਸੈਪਟ ਤਿਆਰ ਕੀਤਾ। ਰਿਕਾਰਡਿੰਗ ਲਈ ਡੇਟ ਨਿਸਚਿਤ ਕੀਤੀ ਤਾਂ ਪਤਾ ਲੱਗਾ ਅਮਿਤੋਜ ਕੈਦ ਵਿਚ ਹੈ। ਜੇਲ੍ਹਰ ਦੀ ਇਜਾਜ਼ਤ ਚਾਹੀਦੀ। ਅਮਿਤੋਜ ਰਿਕਾਰਡਿੰਗ ਕਰਾਉਣ ਦੀ ਹਾਲਤ ਵਿਚ ਨਹੀਂ। ਕਿਸੇ ਨੇ ਕਿਹਾ- 'ਹੁਣ ਉਹਦਾ ਕੀ ਰਿਕਾਰਡ ਕਰਨਾ?' ਕਿਸੇ ਨੇ ਕਿਹਾ- 'ਦਾਰੂ ਬਿਨਾਂ ਉਹ ਬੋਲ ਨਹੀਂ ਸਕਦਾ, ਦਾਰੂ ਉਹਦੀ ਘਰ ਵਾਲੀ ਪੀਣ ਨਹੀਂ ਦਿੰਦੀ।' ਕੋਈ ਕੁਝ ਕੋਈ ਕੁਝ।

ਇਕ ਰਾਹ ਕੱਢਿਆ- ਅੰਮ੍ਰਿਤ ਮਾਨ; ਯਾਨੀ ਅਮਿਤੋਜ ਦੀ ਘਰਵਾਲੀ; ਯਾਨੀ ਮੇਰੀਆਂ ਕਵਿਤਾਵਾਂ ਦੀ ਫੈਨ, ਮੇਰੀ ਪੁਰਾਣੀ ਵਾਕਫ਼। ਫੋਨ ਕੀਤਾ। ਅਮ੍ਰਿਤ ਮਾਨ ਕਹਿੰਦੀ- 'ਤੁਹਾਨੂੰ ਸਾਡਾ ਖਿਆਲ ਕਿਵੇਂ ਆ ਗਿਆ।' ਮੈਂ ਮਕਸਦ ਦੱਸਿਆ। ਕਹਿੰਦੀ- 'ਨਹੀਂ। ਪਾਸੀਬਲ ਨਹੀਂ।' ਫੇਰ ਉਹ ਮੇਰੇ ਕੋਲ਼ ਦੂਰਦਰਸ਼ਨ ਆਏ। ਦਰਅਸਲ ਅੰਮ੍ਰਿਤ ਮਾਨ ਆਪ ਗਾਇਕਾ ਬਣਨਾ ਚਾਹੁੰਦੀ ਸੀ। ਉਸ ਦੀ ਕੈਸਟ ਆ ਚੁੱਕੀ ਸੀ। ਉਸ ਨੇ ਸ਼ਰਤ ਰੱਖੀ- 'ਮੇਰਾ ਗਾਣਾ ਰਿਕਾਰਡ ਕਰਵਾ ਦਿਓ। ਮੈਂ ਅਮਿਤੋਜ ਨੂੰ ਮਨਾ ਲਵਾਂਗੀ।'

ਫੈਸਲੇ ਮੁਤਾਬਿਕ ਰਿਕਾਰਡਿੰਗ ਤੈਅ ਹੋਈ। ਕੈਮਰਾ ਟੀਮ ਅਮਿਤੋਜ ਦੇ ਬੂਹੇ ਜਾ ਖਲੋਤੀ।

ਘੰਟੀ ਮਾਰੀ। ਗੇਟ ਖੁੱਲ੍ਹਾ। ਅੰਮ੍ਰਿਤ ਮਾਨ। ਅਮਿਤੋਜ ਦੀ ਘਰਵਾਲੀ।

ਸਾਸਰੀ ਕਾਲ।

ਮੂੰਹ 'ਤੇ ਉਂਗਲ ਰੱਖ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

ਮੇਰੇ ਕੰਨ 'ਚ ਕਿਹਾ- 'ਰੌਲ਼ਾ ਨਾ ਪਾਇਓ ਜ਼ਿਆਦਾ। ਅਮਿਤੋਜ ਕਹਿੰਦਾ ਮੈਂ ਨਹੀਂ ਰਿਕਾਰਡਿੰਗ ਕਰਾਉਣੀ। ਤੁਸੀਂ ਬੈਠੋ ਮੈਂ ਮਨਾਉਂਦੀ ਆਂ ਕਿਸੇ ਤਰ੍ਹਾਂ।'

ਅਸੀਂ ਬਾਹਰ ਈ ਖਲੋਤੇ ਸਾਂ ਗੇਟ 'ਤੇ।

'ਨਹੀਂ ਕਰਾਉਣੀ ਮੈਂ ਰਿਕਾਰਡਿੰਗ। ਸੁਣਿਆ ਨਹੀਂ ਇਕ ਵਾਰੀ?' ਅਮਿਤੋਜ ਦੀ ਭਾਰੀ ਆਵਾਜ਼ ਸਾਡੇ ਤਕ ਪੁੱਜੀ।

ਮੈਂ ਕੈਮਰਾ ਮੈਨ ਨੂੰ ਚੁੱਪ-ਚਾਪ ਕੈਮਰਾ ਆਨ ਕਰਨ ਲਈ ਕਿਹਾ। ਬਾਕੀ ਟੀਮ ਨੂੰ ਚੁੱਪ ਰਹਿਣ ਲਈ ਕਿਹਾ।

ਮਲਕੜੇ ਜਿਹੇ ਗੇਟ ਮੈਂ ਖੋਲ੍ਹਿਆ। ਕੈਮਰਾ ਮੈਨ ਸ਼ੋਲਡਰ ਸ਼ਾਟ ਲੈ ਰਿਹਾ ਸੀ। ਅੰਦਰੋਂ ਦਰਵਾਜ਼ਾ ਖੁੱਲ੍ਹਾ। ਅਮਿਤੋਜ ਦਿਸਿਆ।

'ਕੁੱਤੇ ਸਾਲ਼ੇ। ਦਫਾ ਹੋ ਜਾਓ। ਗੈੱਟ ਆਉਟ ਫਰਾਮ ਮਾਈ ਹੋਮ।' ਅਮਿਤੋਜ ਸਾਨੂੰ ਪੈ ਨਿਕਲਿਆ।

'ਓ ਚਲ ਭਾਈ ਨਹੀਂ ਕਰਦੇ ਰਿਕਾਰਡਿੰਗ, ਮਿਲ ਤਾਂ ਲੈ ਸਾਨੂੰ'। ਮੈਂ ਗੱਲ ਟਾਲਣ ਲਈ ਕਿਹਾ। ਕੈਮਰਾ ਮੈਨ ਨੂੰ ਰਿਕਾਰਡਿੰਗ ਜਾਰੀ ਰੱਖਣ ਲਈ ਕਿਹਾ ਹੋਇਆ ਸੀ। ਅਮਿਤੋਜ ਟੀ.ਵੀ. ਦੀਆਂ ਤਕਨੀਕਾਂ ਤੋਂ ਜਾਣੂ ਸੀ। ਕੈਮਰੇ

**(ਬਾਕੀ ਸਫਾ 19 'ਤੇ)**

# ਨਾਇਪਾਲ ਦਾ ਭਾਰਤ

## ਕਲਾ ਪਰਿਕਰਮਾ

ਵੀ.ਐੱਸ. ਨਾਇਪਾਲ (ਪੂਰਾ ਨਾਮ ਵਿਦਿਆਧਰ ਸੂਰਜਪ੍ਰਸਾਦ ਨਾਇਪਾਲ) ਕੌਣ ਸੀ, ਇਸ ਬਾਰੇ ਪਹਿਲੀ ਵਾਰ ਇਲਮ 1975 ਵਿਚ ਹੋਇਆ, ਇਕ ਰਸਾਲੇ ਵਿਚ ਉਸ ਦਾ ਲੰਮਾ ਇੰਟਰਵਿਊ ਪੜ੍ਹ ਕੇ। ਉਹ ਉਸ ਸਮੇਂ ਆਪਣੇ ਪੁਰਖਿਆਂ ਦੀ ਮਾਤ-ਭੂਮੀ ਬਾਰੇ ਦੂਜੀ ਕਿਤਾਬ ਲਿਖਣ ਦੇ ਸਿਲਸਿਲੇ ਹੇਠ ਭਾਰਤ ਆਇਆ ਹੋਇਆ ਸੀ। ਉਦੋਂ ਤਕ ਪੰਜ ਨਾਵਲਾਂ ਤੇ ਦੋ ਕਹਾਣੀ ਸੰਗ੍ਰਹਿਆਂ ਸਮੇਤ ਉਸ ਦੀਆਂ 10 ਕਿਤਾਬਾਂ ਇੰਗਲੈਂਡ ਤੇ ਅਮਰੀਕਾ ਵਿਚ ਛਪ ਚੁੱਕੀਆਂ ਸਨ। ਇਨ੍ਹਾਂ ਵਿਚ ਸਾਲ 1971 ਦਾ ਬੁੱਕਰ ਪੁਰਸਕਾਰ ਜੇਤੂ ਨਾਵਲ 'ਇਨ ਏ ਫਰੀ ਸਟੇਟ' ਸ਼ਾਮਲ ਸੀ। ਹੋਰ ਵੀ ਕਈ ਇਨਾਮ ਸਨਮਾਨ ਉਸ ਦੀ ਝੋਲੀ ਵਿਚ ਪੈ ਚੁੱਕੇ ਸਨ। ਅਜਿਹੀਆਂ ਪ੍ਰਾਪਤੀਆਂ ਦੇ ਆਧਾਰ 'ਤੇ ਹੀ ਉਸ ਨੂੰ ਸਾਹਿਤ ਦੇ ਨੋਬੇਲ ਪੁਰਸਕਾਰ ਦੇ ਦਾਅਵੇਦਾਰਾਂ ਵਿਚ




**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਸ਼ੁਮਾਰ ਕੀਤਾ ਜਾਣ ਲੱਗਾ ਸੀ। ਇਹ ਵੱਖਰੀ ਗੱਲ ਹੈ ਕਿ ਇਹ ਪੁਰਸਕਾਰ ਪ੍ਰਾਪਤ ਕਰਨ ਲਈ ਉਸ ਨੂੰ 26 ਵਰ੍ਹੇ ਹੋਰ ਉਡੀਕ ਕਰਨੀ ਪਈ। ਪੁਰਸਕਾਰ ਵੀ ਉਸ ਨਾਵਲ ('ਹਾਫ ਏ ਲਾਈਫ') ਵਾਸਤੇ ਮਿਲਿਆ ਜੋ ਉਸ ਦੇ ਸਭ ਤੋਂ ਕਮਜ਼ੋਰ ਨਾਵਲਾਂ ਵਿਚੋਂ ਹੈ।

ਖ਼ੈਰ, ਉਪਰੋਕਤ ਇੰਟਰਵਿਊ, ਉਸ ਦੀ ਸ਼ਖ਼ਸੀਅਤ ਤੋਂ ਇਲਾਵਾ ਉਸ ਦੀਆਂ ਸਿਰਜਨਾਵਾਂ ਬਾਰੇ ਭਰਪੂਰ ਜਿਗਿਆਸਾ ਜਗਾਉਣ ਵਾਲੀ ਸੀ। ਇਸ ਜਿਗਿਆਸਾ ਦੀ ਕੁਝ ਕੁ ਪੂਰਤੀ ਪੀ.ਏ.ਯੂ. ਲੁਧਿਆਣਾ ਦੀ ਲਾਇਬਰੇਰੀ ਤੋਂ ਹੋਈ: ਨਾਇਪਾਲ ਦੀਆਂ ਦੋ ਕਿਤਾਬਾਂ 'ਦਿ ਲੌਸ ਆਫ ਐੱਲ ਦੋਰਾਦੋ' (ਸੋਨ ਨਗਰੀ ਦਾ ਵਿਨਾਸ਼) ਅਤੇ 'ਐਨ ਏਰੀਆ ਆਫ ਡਾਰਕਨੈੱਸ' (ਹਨੇਰਾ ਖਿੱਤਾ) ਉੱਥੋਂ ਮਿਲ ਗਈਆਂ। ਨਵੀਆਂ ਨਕੋਰ, ਕਿਸੇ ਵੀ ਪਾਠਕ ਵੱਲੋਂ ਅਣਛੋਹੀਆਂ। ਵੀਹ ਵਰ੍ਹਿਆਂ ਦੀ ਉਮਰ ਸੀ ਉਦੋਂ ਮੇਰੀ। ਬੁੱਧੀ ਤੇ ਵਿਵੇਕ ਬਹੁਤ ਵਿਕਸਿਤ ਨਹੀਂ ਸੀ ਹੋਏ ਪਰ ਪੜ੍ਹਨ ਦਾ ਸ਼ੌਕ ਪੂਰਾ ਸੀ। ਦੋਵਾਂ ਕਿਤਾਬਾਂ ਨੇ ਮੈਨੂੰ ਪ੍ਰਭਾਵਿਤ ਕੀਤਾ, ਵੱਖ-ਵੱਖ ਰੂਪਾਂ ਵਿਚ। 'ਐਲ ਦੋਰਾਦੋ' ਬੁਨਿਆਦੀ ਤੌਰ 'ਤੇ ਇਤਿਹਾਸ ਹੈ, ਗਲਪਨੁਮਾ ਇਤਿਹਾਸ। ਕੈਂਬਰਿਜ ਦੇ ਉਸ ਜ਼ਮਾਨੇ ਦੇ ਸਭ ਤੋਂ ਨਾਮਵਰ ਇਤਿਹਾਸਕਾਰ, ਜੌਹਨ ਐਚ. ਪਲੰਬ ਨੇ ਇਸ ਨੂੰ 'ਇਤਿਹਾਸ ਲੇਖਣ ਦਾ ਅਨੂਠਾ ਨਮੂਨਾ' ਕਰਾਰ ਦਿੱਤਾ ਸੀ। ਇਹ ਵੈਨੇਜ਼ੁਏਲਾ ਤੇ ਟ੍ਰਿਨੀਡਾਡ (ਨਾਇਪਾਲ ਦੀ ਜਨਮ ਭੂਮੀ) ਨੂੰ ਲੈ ਕੇ ਸਪੇਨ ਤੇ ਇੰਗਲੈਂਡ ਦਰਮਿਆਨ 16ਵੀਂ ਤੇ 17ਵੀਂ ਸਦੀ ਦੌਰਾਨ ਚੱਲੀ ਲੰਮੀ ਖਹਿਬਾਜ਼ੀ ਦੀ ਦਾਸਤਾਨ ਹੈ। ਦੋਵੇਂ ਸਾਮਰਾਜੀ ਤਾਕਤਾਂ ਓਰੀਨੋਕੋ ਦਰਿਆ ਜੋ ਦੱਖਣੀ ਅਮਰੀਕਾ ਮਹਾਂਦੀਪ ਦੇ ਉੱਤਰ ਵਿਚ ਸਥਿਤ ਸਭ ਤੋਂ ਲੰਮਾ ਦਰਿਆ ਹੈ, ਦੇ ਬੇਸਿਨ ਵਿਚ ਪੈਂਦੀ ਮਿਥਿਹਾਸਕ ਸੋਨ ਨਗਰੀ ਨੂੰ ਲੈ ਕੇ ਲਗਾਤਾਰ ਲੜਦੀਆਂ ਰਹੀਆਂ। ਦੋਵਾਂ ਨੂੰ ਇਹ ਸੋਨ ਨਗਰੀ ਤਾਂ ਨਹੀਂ ਲੱਭੀ, ਪਰ ਸਵਾ ਸੌ ਵਰ੍ਹਿਆਂ ਦੀ ਜੰਗਬਾਜ਼ੀ ਨੇ ਉਸ ਖਿੱਤੇ ਨੂੰ ਜੋ ਨੁਕਸਾਨ ਪਹੁੰਚਾਇਆ ਉਸ ਦਾ ਖਮਿਆਜ਼ਾ ਵੈਨੇਜ਼ੁਏਲਾ ਹੁਣ ਵੀ ਭੁਗਤ ਰਿਹਾ ਹੈ। ਸਾਹਿਤਕ ਹਲਕਿਆਂ ਵਿਚ ਇਹ ਕਿਤਾਬ ਖ਼ੂਬ ਸਲਾਹੀ ਗਈ। ਨਾਇਪਾਲ ਦੀ ਸਾਖ ਹੋਰ ਉੱਚੀ ਹੋਈ ਪਰ ਉਸ ਨੂੰ ਆਪ ਇਸ ਕ੍ਰਿਤ ਤੋਂ ਮੁਕੰਮਲ ਤਸੱਲੀ ਨਾ ਹੋ ਸਕੀ। ਦਸ ਵਰ੍ਹੇ ਬਾਅਦ ਇਸ ਕਿਤਾਬ ਨੂੰ ਨਵਾਂ ਰੂਪ ਦੇ ਕੇ ਉਸ ਨੇ 'ਏ ਬੈਂਡ ਇਨ ਦਿ ਰਿਵਰ' ਦੇ ਉਨਵਾਨ ਹੇਠ ਇਤਿਹਾਸਕ ਨਾਵਲ ਵਜੋਂ ਪ੍ਰਕਾਸ਼ਿਤ ਕਰਵਾਇਆ ਪਰ ਅਦਬੀ ਹਲਕਿਆਂ ਵਿਚ ਇਹ ਉਪਰਾਲਾ ਬਹੁਤੀ ਪ੍ਰਸ਼ੰਸਾ ਨਾ ਖੱਟ ਸਕਿਆ।

'ਐਨ ਏਰੀਆ ਆਫ ਡਾਰਕਨੈੱਸ' 1964 ਵਿਚ ਛਪੀ। ਇਹ 1960-62 ਦੇ ਭਾਰਤ ਦੀ ਖਾਲਸ ਨਾਂਹ-ਪੱਖੀ ਤਸਵੀਰ ਹੈ। ਇਸੇ ਕਾਰਨ ਇਸ ਉੱਤੇ ਪੰਜ ਵਰ੍ਹੇ ਪਾਬੰਦੀ ਲੱਗੀ ਰਹੀ। ਨਾਇਪਾਲ ਆਪਣੇ ਉਨ੍ਹਾਂ ਪੁਰਖਿਆਂ ਦੇ ਜੱਦੀ ਮੁਲਕ ਦੇ ਦਰਸ਼ਨ-ਦੀਦਾਰ ਕਰਨ ਪਹਿਲੀ ਵਾਰ





*ਕਿਤਾਬ ਦਾ ਮੁਖੜਾ।*



*ਵੀ.ਐੱਸ. ਨਾਇਪਾਲ*

ਆਇਆ ਸੀ ਜਿਨ੍ਹਾਂ ਨੂੰ 20ਵੀਂ ਸਦੀ ਦੇ ਪਹਿਲੇ ਦਸ਼ਕ ਦੌਰਾਨ ਗੋਰੇ ਹੁਕਮਰਾਨ, ਵਾਹੀਕਾਰਾਂ ਜਾਂ ਖੇਤ ਮਜ਼ਦੂਰਾਂ ਵਜੋਂ ਕੈਰੇਬੀਅਨ ਖਿੱਤੇ ਦੇ ਵੱਖ-ਵੱਖ ਟਾਪੂਆਂ ਵਿਚ ਲੈ ਗਏ ਸਨ, ਉਹ ਵੀ ਕਮਾਦ ਤੇ ਕੇਲਿਆਂ ਦੀ ਕਾਸ਼ਤ ਕਰਵਾਉਣ ਲਈ। ਨਾਇਪਾਲ ਦੇ ਦਾਦੇ ਨੂੰ ਗੋਰਖਪੁਰ ਤੋਂ ਟ੍ਰਿਨੀਡਾਡ-ਟੋਬੈਗੋ ਲਿਜਾਇਆ ਗਿਆ। ਭਾਰਤ ਦੀ ਜਿਹੜੀ ਸੁਪਨਮਈ ਤਸਵੀਰ ਨਾਇਪਾਲ ਨੇ ਆਪਣੇ ਦਾਦੇ ਜਾਂ ਪਿਤਾ ਜਾਂ ਹੋਰਨਾਂ ਵਡੇਰਿਆਂ ਦੀਆਂ ਅੱਖਾਂ ਵਿਚੋਂ ਦੇਖੀ ਸੀ, ਉਹ ਪਹਿਲੀ ਭਾਰਤ ਫੇਰੀ ਦੌਰਾਨ ਉਸ ਨੂੰ ਕਿਤੇ ਨਹੀਂ ਦਿਸੀ। ਜੋ ਗਲਾਜ਼ਤ, ਦੰਭ, ਭ੍ਰਿਸ਼ਟਾਚਾਰ, ਨਾਖ਼ੁਸ਼ੀ ਤੇ ਫਿਰਕੇਦਾਰਾਨਾ ਕਸ਼ੀਦਗੀ ਉਸ ਨੇ ਦੇਖੀ, ਉਸ ਤੋਂ ਸਾਡੇ ਮੁਲਕ ਦਾ 'ਹਨੇਰੇ ਖਿੱਤੇ' ਵਾਲਾ ਅਕਸ ਹੀ ਉਸਰਿਆ। ਉਂਜ ਵੀ, ਚੀਨ ਦੇ ਹੱਥੋਂ ਕਰਾਰੀ ਹਾਰ ਤੋਂ ਬਾਅਦ ਦਾ ਸਮਾਂ ਸੀ ਉਹ। ਉਹ ਸਾਰਾ ਮਾਯੂਸਕੁਨ ਮੰਜ਼ਰ ਨਾਇਪਾਲ ਨੇ ਆਪਣੀ ਕਿਤਾਬ ਵਿਚ ਚਿਤਰਿਆ, ਬਿਨਾਂ ਕਿਸੇ ਪਰਦਾਦਾਰੀ ਦੇ। ਇਸ ਤੋਂ ਭਾਰਤੀ ਹੁਕਮਰਾਨਾਂ ਨੂੰ ਤਾਂ ਗੁੱਸਾ ਆਇਆ ਹੀ, ਵਤਨਪ੍ਰਸਤ ਦਾਨਿਸ਼ਵਰ ਵੀ ਪੂਰੇ ਖ਼ਫ਼ਾ ਹੋਏ। ਪਰ ਬ੍ਰਿਟੇਨ, ਅਮਰੀਕਾ ਤੇ ਹੋਰ ਮੁਲਕਾਂ ਵਿਚ ਨਾਇਪਾਲ ਦੀ ਸਾਖ਼ ਵੱਧ ਬੁਲੰਦ ਹੋਈ। ਉਸ ਦੇ ਅਦਬੀ ਕੱਦ ਨੂੰ ਦਰਕਿਨਾਰ ਕਰਨਾ ਸਾਡੇ ਕੌਮਪ੍ਰਸਤਾਂ ਲਈ ਵੀ ਆਸਾਨ ਨਹੀਂ ਰਿਹਾ। ਉਸ ਨੂੰ ਅਹਿਮ ਸਾਹਿਤਕ ਸਮਾਗਮਾਂ ਵਿਚ ਸ਼ਾਮਲ ਹੋਣ ਦੇ ਸੱਦੇ ਭਾਰਤ ਤੋਂ ਮਿਲਣੇ ਸ਼ੁਰੂ ਹੋ ਗਏ।

ਉਦੋਂ ਤਕ ਉਸ ਦੀਆਂ ਤਿੰਨ ਹੋਰ ਕਿਤਾਬਾਂ, ਖ਼ਾਸ ਕਰਕੇ 'ਦਿ ਮਿਮਿੱਕ ਮੈੱਨ' (1967) ਤੇ 'ਇਨ ਏ ਫਰੀ ਸਟੇਟ' (1971) ਚੰਗਾ ਨਾਮ ਕਮਾ ਚੁੱਕੀਆਂ ਸਨ। ਉਹ ਬੰਗਲਾਦੇਸ਼ ਵਾਲੀ ਜੰਗ ਤੋਂ ਬਾਅਦ 1972 ਵਿਚ ਭਾਰਤ ਆਇਆ, ਸੰਖੇਪ ਜਹੀ ਫੇਰੀ 'ਤੇ। ਅਗਲੀ ਫੇਰੀ 1975-76 ਵਿਚ ਹੋਈ ਅਤੇ ਇਸ ਤੋਂ ਭਾਰਤ ਬਾਰੇ ਨਵੀਂ ਕਿਤਾਬ 'ਇੰਡੀਆ: ਏ ਵੂੰਡਿਡ ਸਿਵਿਲਾਈਜ਼ੇਸ਼ਨ' (ਭਾਰਤ: ਇਕ ਜ਼ਖ਼ਮੀ ਤਹਿਜ਼ੀਬ) ਉਗਮੀ। ਫਿਰ ਨਾਂਹ-ਪੱਖੀ ਤਸਵੀਰ ਪੇਸ਼ ਕਰਨ ਵਾਲੀ; ਤਲਖ਼ ਹਕੀਕਤਾਂ ਦਾ ਚਿਤਰਨ ਕਰਨ ਵਾਲੀ। ਖ਼ਾਸ ਤੌਰ 'ਤੇ ਇੰਦਰਾ ਗਾਂਧੀ ਵੱਲੋਂ ਲਗਾਈ ਐਮਰਜੈਂਸੀ ਤੋਂ ਉਪਜੇ ਸ਼ਰਮਨਾਕ ਹਾਲਾਤ ਪ੍ਰਤੱਖ ਰੂਪ ਵਿਚ ਬਿਆਨ ਕਰਨ ਵਾਲੀ ਪਰ ਨਾਲ ਹੀ ਪੁਰਖਿਆਂ ਦੀ ਧਰਤੀ ਪ੍ਰਤੀ ਮੋਹ ਦੀਆਂ ਝਲਕਾਂ ਪੇਸ਼ ਕਰਨ ਵਾਲੀ।

ਕਿਤਾਬ ਦਾ ਭਾਰਤ ਵਿਚ ਸਵਾਗਤ ਵੀ ਹੋਇਆ ਅਤੇ ਨੁਕਤਾਚੀਨੀ ਵੀ। ਨਾਇਪਾਲ ਨੂੰ ਭੂਰੇ ਗੋਰੇ ਜਾਂ ਕਾਲੇ ਅੰਗਰੇਜ਼ ਵਾਲਾ ਨਜ਼ਰੀਆ ਤਿਆਗਣ ਦੇ ਮਸ਼ਵਰੇ ਵੀ ਖ਼ੂਬ ਮਿਲੇ। ਇਸ ਦੇ ਬਾਵਜੂਦ ਉਸ ਦੀਆਂ ਭਾਰਤ ਫੇਰੀਆਂ ਵਧਦੀਆਂ ਗਈਆਂ। ਨਾਲ ਹੀ ਭਾਰਤ ਦੀ ਰੂਹ ਤੱਕ ਪੁੱਜਣ ਦੀਆਂ ਕੋਸ਼ਿਸ਼ਾਂ ਵੀ। 1990 ਵਿਚ ਪ੍ਰਕਾਸ਼ਿਤ 'ਇੰਡੀਆ: ਏ ਮਿਲੀਅਨ ਮਿਊਟਿਨੀਜ਼ ਨਾਊ' (ਭਾਰਤ: ਲੱਖਾਂ ਬਗਾਵਤਾਂ) ਇਸੇ ਆਤਮ ਵਿਸ਼ਲੇਸ਼ਣ ਦੀ ਪੈਦਾਇਸ਼ ਸੀ। ਕਿਤਾਬ ਉਸ ਸਮੇਂ ਲਿਖੀ ਗਈ ਜਦੋਂ ਮੰਡਲ ਲਹਿਰ ਜ਼ੋਰਾਂ 'ਤੇ ਸੀ ਅਤੇ ਕਰਮੰਡਲ (ਉਰਫ਼ ਮੰਦਿਰ) ਲਹਿਰ ਨੇ ਵੀ ਸਿਰ ਚੁੱਕਣਾ ਸ਼ੁਰੂ ਕਰ ਦਿੱਤਾ ਸੀ। ਪੰਜਾਬ ਦੇ ਸਿਆਹ ਦਿਨ ਸਿਖਰ 'ਤੇ ਪੁੱਜੇ ਹੋਏ ਸਨ ਅਤੇ ਕਸ਼ਮੀਰ ਵਿਚ ਵੀ ਜੁੱਗ-ਗਰਦੀ ਜ਼ੋਰ ਫੜ ਰਹੀ ਸੀ। ਅਸਾਮ ਤੇ ਉੱਤਰ-ਪੂਰਬ ਦੇ ਹੋਰ ਰਾਜਾਂ ਵਿਚ ਵੀ ਵੱਖਵਾਦੀ ਲਹਿਰਾਂ ਨਵੇਂ ਸਿਰਿਓਂ ਸੁਲਗਣੀਆਂ ਸ਼ੁਰੂ ਹੋ ਚੁੱਕੀਆਂ ਸਨ ਅਤੇ ਸ੍ਰੀਲੰਕਾ ਦੇ ਤਾਮਿਲ ਵੱਖਵਾਦ ਦੀਆਂ ਚਿਣਗਾਂ, ਤਾਮਿਲ ਨਾਡੂ ਤੱਕ ਪੁੱਜਣ ਲੱਗੀਆਂ ਸਨ। ਅਜਿਹੇ ਆਲਮ ਦੇ ਬਾਵਜੂਦ ਨਾਇਪਾਲ ਨੂੰ 'ਭਾਰਤ-ਇਕ ਸੰਕਲਪ' ਉਮਰਦਰਾਜ਼ ਜਾਪਿਆ। ਉਸ ਨੇ ਯਕੀਨਦਹਾਨੀ ਕੀਤੀ ਕਿ ਇਹ ਸੰਕਲਪ ਮਰਨ ਵਾਲਾ ਨਹੀਂ; ਲੱਖਾਂ ਬਗ਼ਾਵਤਾਂ ਵੀ ਇਸ ਨੂੰ ਮਿਟਾ ਨਹੀਂ ਸਕਦੀਆਂ। ਇਸੇ ਕਿਤਾਬ ਵਿਚ ਉਸ ਨੇ ਆਉਣ ਵਾਲੇ ਸਮੇਂ ਦੌਰਾਨ ਭਾਰਤ ਵਿਚ ਹਿੰਦੂਤਵੀ ਚੜ੍ਹਤ ਦੀ ਪੇਸ਼ੀਨਗੋਈ ਵੀ ਕੀਤੀ। ਉਸ ਨੇ ਇਹ ਸਿਧਾਂਤ ਪੇਸ਼ ਕੀਤਾ ਕਿ ਹਿੰਦੂਵਾਦ ਦਾ ਉਭਾਰ, ਭਾਰਤ ਦੀ ਪ੍ਰਗਤੀ ਦਾ ਵਸੀਲਾ ਬਣ ਸਕਦਾ ਹੈ; ਖ਼ਾਸ ਕਰ ਕੇ ਇਸਲਾਮੀ ਕੱਟੜਵਾਦ ਦੇ ਉਭਾਰ ਅਤੇ ਅਰਬ ਜਗਤ ਵੱਲੋਂ ਇਸ ਦੀ ਪੁਸ਼ਤਪਨਾਹੀ ਦੇ ਮੱਦੇਨਜ਼ਰ।

ਉਸ ਦੀ ਇਸ ਵਿਚਾਰਧਾਰਾ ਨੇ ਜਿੱਥੇ ਭਾਰਤੀ ਜਨਤਾ ਪਾਰਟੀ ਤੇ ਸੰਘ ਪਰਿਵਾਰ ਨੂੰ ਉਸ ਦੇ ਨੇੜੇ ਲਿਆਂਦਾ, ਉੱਥੇ ਉਸ ਦੇ ਲਿਬਰਲ ਮੁਰੀਦਾਂ ਨੂੰ ਉਸ ਤੋਂ ਸਦਾ ਲਈ ਦੂਰ ਕੀਤਾ। ਵਿਡੰਬਨਾ ਇਹ ਵੀ ਰਹੀ ਕਿ ਨਾਇਪਾਲ ਦਾ ਹਿੰਦੂਵਾਦ ਦੇ ਮੁੱਦਈ ਵਾਲਾ ਅਕਸ ਉਨ੍ਹਾਂ ਦਿਨਾਂ ਦੌਰਾਨ ਮਜ਼ਬੂਤ ਹੋਇਆ ਜਦੋਂ ਉਸ ਦੀ ਪਾਕਿਸਤਾਨੀ ਪੱਤਰਕਾਰ ਨਾਦਿਰਾ ਖ਼ਾਨੁਮ ਅਲਵੀ ਨਾਲ ਨੇੜਤਾ ਵਧ ਰਹੀ ਸੀ। 1995 ਵਿਚ ਨਾਇਪਾਲ ਦੀ ਪਹਿਲੀ ਪਤਨੀ ਪੈਟ੍ਰੀਸ਼ੀਆ ਦੇ ਚਲਾਣੇ ਮਗਰੋਂ 1996 ਵਿਚ ਨਾਦਿਰਾ ਅਧਿਕਾਰਤ ਤੌਰ 'ਤੇ ਲੇਡੀ ਨਾਦਿਰਾ ਨਾਇਪਾਲ ਬਣ ਗਈ, ਸਰ ਵਿੱਦਿਆ ਨਾਇਪਾਲ ਦੀ ਪਤਨੀ। ਨਾਇਪਾਲ ਦੇ ਖ਼ੈਰਖਾਹਾਂ ਦਾ ਕਹਿਣਾ ਹੈ ਕਿ ਉਸ ਵੱਲੋਂ 1980 ਦੌਰਾਨ ਇਰਾਨ, ਪਾਕਿਸਤਾਨ, ਮਲੇਸ਼ੀਆ ਤੇ ਇੰਡੋਨੇਸ਼ੀਆ ਦੀ ਕੀਤੀ ਗਈ ਯਾਤਰਾ ਨੇ ਇਸਲਾਮ ਪ੍ਰਤੀ ਉਸ ਨੂੰ ਪੱਖਪਾਤੀ ਬਣਾਇਆ। ਇਸ ਯਾਤਰਾ ਤੋਂ ਉਪਜੀ ਕਿਤਾਬ 'ਅਮੰਗ ਦਿ ਬਿਲੀਵਰਜ਼' (1981) ਵਿਚ ਨਾਇਪਾਲ ਨੇ ਧਰਮ ਪਰਿਵਰਤਨ ਕਰ ਕੇ ਮੁਸਲਿਮ ਬਣੇ ਮੁਲਕਾਂ ਦੀ ਸਭਿਅਤਾ ਤੇ ਇਤਿਹਾਸ ਦੇ ਇਸਲਾਮੀਕਰਨ ਨੂੰ ਖ਼ਤਰਨਾਕ ਰੁਝਾਨ ਦੱਸਿਆ ਸੀ। ਉਸ ਨੇ ਇਸ ਸੋਚ ਦੀ ਤਸਦੀਕ ਵਾਸਤੇ 1996-97 ਵਿਚ ਇਨ੍ਹਾਂ ਮੁਲਕਾਂ ਦੀ ਮੁੜ ਯਾਤਰਾ ਕੀਤੀ ਜਿਸ ਦਾ ਬਿਰਤਾਂਤ 'ਬਿਯੌਂਡ ਬਿਲੀਫ' (ਇਮਾਨ ਤੇ ਜਹਾਨ; 1998) ਦੇ ਸਿਰਲੇਖ ਹੇਠ ਛਪਿਆ।

ਹੁਣ ਭਾਰਤ ਸਬੰਧੀ ਤਿੰਨੋਂ ਕਿਤਾਬਾਂ ਪਿਕਾਡੋਰ ਇੰਡੀਆ ਵੱਲੋਂ ਇਕ ਸਾਂਝੀ ਜਿਲਦ ਹੇਠ 'ਦਿ ਇੰਡੀਅਨ ਟ੍ਰਾਇਲੌਜੀ' ਦੇ ਨਾਮ ਨਾਲ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਭੂਮਿਕਾ ਅਮਰੀਕੀ ਨਾਵਲਕਾਰ ਤੇ ਪੱਤਰਕਾਰ ਪਾਲ ਥੁਰੂ ਨੇ ਲਿਖੀ ਹੈ ਜੋ ਕਦੇ ਨਾਇਪਾਲ ਨੂੰ ਆਪਣਾ ਮੁਰਸ਼ਦ ਮੰਨਦਾ ਸੀ ਪਰ 21ਵੀਂ ਸਦੀ ਵਿਚ ਉਸ ਦਾ ਸਭ ਤੋਂ ਵੱਡਾ ਆਲੋਚਕ ਬਣ ਉੱਭਰਿਆ। ਗ਼ਨੀਮਤ ਇਹ ਹੈ ਕਿ ਭੂਮਿਕਾ ਵਿਚ ਉਸ ਨੇ ਆਪਣੇ ਵਿਚਾਰਾਂ ਨੂੰ ਨਾਇਪਾਲ ਦੀਆਂ ਸਿਰਜਨਾਵਾਂ ਤੱਕ ਹੀ ਸੀਮਿਤ ਰੱਖਿਆ ਹੈ, ਉਸ ਦੇ ਨਿੱਜੀ ਜੀਵਨ ਨੂੰ ਨਹੀਂ ਛੋਹਿਆ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਫਰਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-624



*ਨੱਚਦੇ ਕੁਦਰਤ ਵਿਹੜੇ ਦੋ ਜੀਅ, ਕਿੰਨੇ ਪਿਆਰੇ ਲੱਗਦੇ ਨੇ,
ਮਾਰਨ ਟਪੂਸੀਆਂ ਇਧਰ ਉਧਰ, ਮਨ ਨੂੰ ਬਹੁਤਾ ਠੱਗਦੇ ਨੇ।
ਕਾਦਰ ਨੇ ਕਿੰਝ ਰੰਗ ਭਰ ਭਰ ਕੇ, ਮੂਰਤ ਖੁਦ ਹੀ ਸੰਵਾਰੀ ਹੈ,
ਸਦਕੇ ਜਾਵਾਂ ਲੱਖ ਲੱਖ ਮੁਸੱਵਰਾ, ਤੇਰੀ ਗਜ਼ਬ ਕਲਾਕਾਰੀ ਹੈ!*

### ਕੈਪਸ਼ਨ ਮੁਕਾਬਲਾ-622



ਚਿਰਾਂ ਦੇ ਪਿੱਛੋਂ ਜਦ ਸਹੇਲੀਆਂ
ਸਹੁਰਿਆਂ ਤੋਂ ਚੱਲ ਪੇਕੇ ਆਵਣ।
ਦਿਲ ਦੀਆਂ ਗੱਲਾਂ ਕਰ ਸਾਂਝੀਆਂ
ਹੱਸ ਹੱਸ ਦੂਹਰੀਆਂ ਹੁੰਦੀਆਂ ਜਾਵਣ।
*-ਜਗਮੀਤ ਸਿੰਘ ਪੰਧੇਰ*
*ਕਲਾਹੜ (ਲੁਧਿਆਣਾ)*
*ਫੋਨ: 98783-37222*

---

ਫੁੱਲਾਂ ਵਰਗੀਆਂ ਦੋ ਮੁਟਿਆਰਾਂ
ਵਾਂਗ ਫੁੱਲਾਂ ਦੇ ਖਿੜੀਆਂ
ਸਬੱਬੀਂ ਮੇਲੇ ਹੋਏ ਜਾਪਣ
ਚੰਬੇ ਦੀਆਂ ਜਿਉਂ ਚਿੜੀਆਂ

ਮਾਹੀਏ ਕੋਲੋਂ ਲੈ ਕੇ ਛੁੱਟੀਆਂ
ਪੇਕੇ ਪਿੰਡ ਨੇ ਆਈਆਂ
ਟੌਹਰ ਸ਼ੌਕੀਨੀ ਲਾ ਕੇ ਘੁੰਮਣ
ਵੱਡਿਆਂ ਘਰਾਂ ਦੀਆਂ ਜਾਈਆਂ।
*-ਹਰਜੋਤ ਕੌਰ ਮਹੇਸ਼ਪੁਰਾ*

---

ਦਿਲ ਦੀਆਂ ਗੱਲਾਂ ਖੋਹਲ ਬੈਠੀਆਂ
ਖਿੜ ਖਿੜ ਹਾਸਾ ਪਾਇਆ,
ਮੂੰਹ 'ਤੇ ਰੱਖ ਕੇ ਹੱਥ ਦੋਵਾਂ
ਦੇਖੋ ਕਿਤਨਾ ਸੋਹਣਾ ਪੋਜ਼ ਬਣਾਇਆ।
ਜੱਗ ਤੋਂ ਲੁਕ ਲੁਕ ਕੇ ਹਾਣ ਦੀਆਂ ਨੇ
ਮਨ ਦਾ ਬੋਝ ਘਟਾਇਆ ,
ਸ਼ਾਲਾ! ਹੱਸਣ ਵੱਸਣ
ਸਹੁਰੇ ਘਰ ਕੁੜੀਆਂ
ਚੜ੍ਹੇ ਰੰਗ ਸਵਾਇਆ।
*-ਸੇਵਾ ਸਿੰਘ "ਨੂਰਪੁਰੀ"*

---

ਖੁਸ਼ੀ ਦੇ ਮੌਕੇ ਆਉਂਦੇ ਜਦ ਕਦੇ
ਲੈਕੇ ਆਉਂਦੇ ਦਿਲੋਂ ਹਾਸੇ
ਪੇਕੇ ਛੱਡ ਆ ਸਸੁਰਾਲ
ਨਵੀਂ ਜ਼ਿੰਦਗੀ, ਨਵੀਂ ਪਹਿਚਾਣ
ਮਿਲ ਜਾਵਣ ਜਦ
ਦੋ ਹਮਉਮਰ ਸਹੇਲੀਆਂ
ਖੋਲ ਦੁਖ ਦਰਦ
ਆਪਣਾ ਆਪਣਾ
ਮਗਜ਼ ਹੌਲਾ
ਮਾਨਸਿਕ ਸਕੂਨ ਮਹਿਸੂਸ ਕਰਦੇ
ਹੈ ਜੋ ਤੰਦਰੁਸਤੀ ਦੀ ਅਸਲ ਨਿਸ਼ਾਨੀ।
*-ਦਰਸ਼ਨ ਪਾਲ ਦੋਸਾਂਝ*

**To Advertise with Punjab Times Call:**
**847-359-0746**
**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਭਾਰਤ ਦੇ ਗ੍ਰਹਿ ਮੰਤਰੀ ਦੇ ਨਾਂ ਖੁੱਲ੍ਹੀ ਚਿੱਠੀ

## ਮਿਸਟਰ ਅਮਿਤ ਸ਼ਾਹ, ਤੁਹਾਨੂੰ ਆਪਣੇ ਪਾਪਾਂ ਦਾ ਪਛਤਾਵਾ ਕਰਨਾ ਚਾਹੀਦਾ ਹੈ

***ਭਾਰਤ ਵਿਚ ਸੱਤਾਧਾਰੀ ਧਿਰ ਭਾਰਤੀ ਜਨਤਾ ਪਾਰਟੀ ਵੱਲੋਂ ਘੱਟਗਿਣਤੀਆਂ ਨਾਲ ਕੀਤੀਆਂ ਜਾ ਰਹੀਆਂ ਵਧੀਕੀਆਂ ਹੁਣ ਜੱਗ-ਜ਼ਾਹਿਰ ਹਨ। ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਗਿਣ-ਮਿਥ ਕੇ ਇਹ ਸਾਰਾ ਕੁਝ ਕਰ ਰਹੀ ਹੈ। ਇਸੇ ਪ੍ਰਸੰਗ ਵਿਚ ਕੈਨੇਡਾ ਵੱਸਦੇ ਸੀਨੀਅਰ ਪੱਤਰਕਾਰ ਅਤੇ ਚਰਚਿਤ ਬਰਾਡਕਾਸਟਰ ਗੁਰਪ੍ਰੀਤ ਸਿੰਘ ਨੇ ਮੁਲਕ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਨਾਂ ਚਿੱਠੀ ਲਿਖੀ ਹੈ।***

ਹੈਲੋ ਮਿਸਟਰ ਸ਼ਾਹ,

ਤੁਹਾਡੀ ਵੀਡੀਓ ਦੇਖ ਕੇ ਮੈਨੂੰ ਬਹੁਤ ਹੈਰਾਨੀ ਹੋਈ ਜਿਸ ਵਿਚ ਤੁਸੀਂ ਪੰਜਾਬ ਤੋਂ ਅਕਾਲੀ ਦਲ ਦੀ ਇਕ ਸੰਸਦ ਮੈਂਬਰ ਨੂੰ ਕਹਿ ਰਹੇ ਸੀ ਕਿ ਜੇਲ੍ਹ ਵਿਚ ਬੰਦ ਸਿੱਖ ਖਾੜਕੂ ਬਲਵੰਤ ਸਿੰਘ ਰਾਜੋਆਣਾ ਮੁਆਫ਼ੀ ਦਾ ਹੱਕਦਾਰ ਨਹੀਂ ਹੈ।

ਜ਼ਾਹਰਾ ਤੌਰ 'ਤੇ ਤੁਸੀਂ ਉਸ ਸੰਸਦ ਮੈਂਬਰ ਦੇ ਬਿਆਨ 'ਤੇ ਖ਼ਫ਼ਾ ਸੀ ਜਿਸ ਵਿਚ ਰਾਜੋਆਣਾ



ਅਤੇ ਹੋਰ ਸਿੱਖ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ ਸੀ ਜੋ ਪਹਿਲਾਂ ਹੀ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ। ਤੁਹਾਡਾ ਗੁੱਸਾ ਇਸ

**ਗੁਰਪ੍ਰੀਤ ਸਿੰਘ**
**ਫੋਨ: +1-778-862-2454**


ਲਈ ਵੀ ਹੋ ਸਕਦਾ ਹੈ ਕਿਉਂਕਿ ਅਕਾਲੀ ਦਲ ਕਦੇ ਸੱਤਾ ਵਿਚ ਤੁਹਾਡੀ ਪਾਰਟੀ ਦਾ ਭਾਈਵਾਲ ਹੁੰਦਾ ਸੀ, ਤੁਹਾਡੀ ਸਰਕਾਰ ਵੱਲੋਂ ਕਿਸਾਨ ਵਿਰੋਧੀ ਬਿੱਲ ਲਿਆਂਦੇ ਜਾਣ ਤੋਂ ਬਾਅਦ ਉਨ੍ਹਾਂ ਨੇ ਤੁਹਾਡੇ ਤੋਂ ਕਿਨਾਰਾ ਕਰ ਲਿਆ। ਇਹ ਤਾਂ ਸਿਰਫ਼ ਤੁਹਾਨੂੰ ਹੀ ਪਤਾ ਹੋਵੇਗਾ ਕਿ ਤੁਹਾਡੀ ਚਿੜ੍ਹ ਦਾ ਅਸਲ ਸਰੋਤ ਕੀ ਹੈ।

ਤੁਹਾਡੀ ਇਹ ਸਲਾਹ ਸੁਣ ਕੇ ਮੈਨੂੰ ਹਾਸਾ ਆ ਗਿਆ ਕਿ ਰਾਜੋਆਣਾ ਨੂੰ ਕਿਸੇ ਤਰਸ ਜਾਂ ਨਰਮੀ ਦੀ ਉਮੀਦ ਨਹੀਂ ਰੱਖਣੀ ਚਾਹੀਦੀ ਕਿਉਂਕਿ ਉਸ ਨੂੰ ਦਹਿਸ਼ਤਵਾਦ ਵਿਚ ਸ਼ਾਮਲ ਹੋਣ ਅਤੇ ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦਾ ਕੋਈ ਪਛਤਾਵਾ ਨਹੀਂ ਹੈ।

ਪਹਿਲਾਂ ਤਾਂ ਤੁਹਾਨੂੰ ਕਿਸੇ ਵੀ ਸਿਆਸੀ ਕੱਟੜਪੰਥੀ ਨੂੰ ਇਸ ਤਰ੍ਹਾਂ ਦਾ ਸੁਝਾਅ ਦੇਣ ਦਾ ਇਖ਼ਲਾਕੀ ਹੱਕ ਹੀ ਨਹੀਂ ਹੈ, ਇਸ ਗੱਲ ਨੂੰ ਦੇਖਦਿਆਂ ਕਿ ਤੁਹਾਡੀ ਪਾਰਟੀ ਖੁਦ ਦਹਿਸ਼ਤਵਾਦ ਵਿਚ ਸ਼ਾਮਲ ਹੈ।

ਅਸੀਂ 1948 'ਚ ਮਹਾਤਮਾ ਗਾਂਧੀ ਦੇ ਕਤਲ ਤੋਂ ਗੱਲ ਸ਼ੁਰੂ ਕਰ ਸਕਦੇ ਹਾਂ। ਮਹਾਤਮਾ ਗਾਂਧੀ ਦਾ ਕਾਤਲ ਹਿੰਦੂ ਸ਼੍ਰੇਸ਼ਟਤਾ ਦੀ ਜਨਣੀ ਜਥੇਬੰਦੀ ਆਰ.ਐੱਸ.ਐੱਸ. ਦਾ ਹਿੱਸਾ ਸੀ ਜਿਸ ਨਾਲ ਤੁਸੀਂ ਅਤੇ ਤੁਹਾਡਾ ਪ੍ਰਧਾਨ ਮੰਤਰੀ ਸਬੰਧਿਤ ਹੋ। ਕਹਾਣੀ ਇੱਥੇ ਖ਼ਤਮ ਨਹੀਂ ਹੁੰਦੀ। ਤੁਹਾਡੇ ਸੰਸਦ ਮੈਂਬਰ ਗਾਂਧੀ ਦੇ ਕਾਤਲਾਂ ਦਾ ਗੁਣਗਾਣ ਕਰਦੇ ਹਨ ਜਿਨ੍ਹਾਂ ਵਿੱਚੋਂ ਇਕ, ਸਾਧਵੀ ਪ੍ਰਗਿਆ ਠਾਕੁਰ, ਇਕ ਮੁਸਲਿਮ ਇਲਾਕੇ ਵਿਚ ਬੰਬ ਧਮਾਕਿਆਂ ਵਿਚ ਸ਼ਾਮਲ ਸੀ। ਤੁਸੀਂ ਖੁਦ ਇਕ ਵਾਰੀ ਗਾਂਧੀ ਨੂੰ ਚਲਾਕ ਬਾਣੀਆ ਕਹਿ ਕੇ ਉਸ ਦਾ ਮਜ਼ਾਕ ਉਡਾਇਆ ਸੀ।

ਹੁਣ ਸਿੱਧਾ 6 ਦਸੰਬਰ 1992 'ਤੇ ਆਉਂਦੇ ਹਾਂ ਜਦੋਂ ਤੁਹਾਡੀ ਪਾਰਟੀ ਦੇ ਲੋਕਾਂ ਨੇ ਅਯੁੱਧਿਆ ਵਿਚ ਇਕ ਪ੍ਰਾਚੀਨ ਮਸਜਿਦ ਢਾਹ ਦਿੱਤੀ ਜਿਸ ਤੋਂ ਬਾਅਦ ਤੁਸੀਂ ਕਈ ਸਾਲ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੇ ਰਹੇ, ਗੁਜਰਾਤ ਵਿਚ ਸੰਨ 2002 ਦੇ ਕਤਲੇਆਮ ਸਮੇਤ। ਮੋਦੀ ਅਤੇ ਤੁਸੀਂ ਉਸ ਸਮੇਂ ਗੁਜਰਾਤ ਦੇ ਆਗੂ ਸੀ, ਅਤੇ ਅਸੀਂ ਸਾਰੇ ਕਤਲੇਆਮ ਵਿਚ ਤੁਹਾਡੀ ਮਿਲੀਭੁਗਤ ਬਾਰੇ



ਜਾਣਦੇ ਹਾਂ। ਫਿਰ ਤੁਸੀਂ ਦੋਹਾਂ ਨੇ ਦਹਿਸ਼ਤਵਾਦ ਵਿਰੁੱਧ ਜੰਗ ਦੇ ਨਾਂ 'ਤੇ ਪੁਲਿਸ ਮੁਕਾਬਲਿਆਂ ਵਿਚ ਮੁਸਲਮਾਨਾਂ ਨੂੰ ਮਾਰਨ ਦੀ ਇਜਾਜ਼ਤ ਦਿੱਤੀ।

ਜਦੋਂ ਤੋਂ ਤੁਸੀਂ ਦੋਹਾਂ ਨੇ ਨਵੀਂ ਦਿੱਲੀ ਵਿਚ ਬਹੁਮਤ ਵਾਲੀ ਸਰਕਾਰ ਬਣਾਈ ਹੈ, ਹਿੰਦੂ ਕੱਟੜਵਾਦ ਇਕ ਨਵਾਂ ਕਾਇਦਾ-ਕਾਨੂੰਨ ਬਣ ਗਿਆ ਹੈ ਅਤੇ ਧਾਰਮਿਕ ਘੱਟ ਗਿਣਤੀਆਂ ਉੱਪਰ ਹਮਲੇ ਵਧ ਗਏ ਹਨ। ਗਊ ਮਾਸ ਖਾਣ ਵਾਲੇ ਮੁਸਲਮਾਨਾਂ ਦੇ ਪਿੱਛੇ ਪਏ ਆਪੇ ਬਣੇ ਗਊ-ਰੱਖਿਅਕ ਤਾਲਿਬਾਨ ਤੋਂ ਘੱਟ ਨਹੀਂ ਹਨ।

ਇਕ ਬੱਚਾ ਵੀ ਇਹ ਦੱਸ ਸਕਦਾ ਹੈ ਕਿ ਤੁਹਾਡੀ ਸਰਕਾਰ ਅਧੀਨ ਸੁਪਰੀਮ ਕੋਰਟ ਨੇ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦੀ ਇਜਾਜ਼ਤ ਦੇ ਕੇ ਮੁਸਲਮਾਨਾਂ ਨੂੰ ਜ਼ਲੀਲ ਕੀਤਾ ਹੈ। ਹੁਣੇ-ਹੁਣੇ ਮੰਦਰ ਦਾ ਮਹੂਰਤ ਕਰਨ ਵਾਲੇ ਮੋਦੀ ਨੇ ਸਾਡੇ ਇਤਿਹਾਸ ਵਿਚ ਇਕ ਹੋਰ ਕਾਲਾ ਦਿਨ ਦਰਜ ਕਰ ਦਿੱਤਾ ਹੈ। ਹੁਣ ਤੱਕ ਤੁਸੀਂ ਇਹ ਦਾਅਵਾ ਕਰਦੇ ਆ ਰਹੇ ਹੋ ਕਿ ਮੁਸਲਮਾਨ ਹਾਕਮਾਂ ਨੇ ਅਯੁੱਧਿਆ ਵਿਚ ਮਸਜਿਦ ਬਣਾਉਣ ਲਈ ਭਗਵਾਨ ਰਾਮ ਦਾ ਜਨਮ ਸਥਾਨ ਢਾਹ ਦਿੱਤਾ ਸੀ। ਦਲੀਲ ਦੀ ਖ਼ਾਤਰ, ਜੇਕਰ ਕੋਈ ਤੁਹਾਡੀ ਗੱਲ ਮੰਨ ਵੀ ਲਵੇ, ਤਾਂ ਇਸ ਵਕਤ ਸੱਤਾਧਾਰੀ ਤੁਹਾਡੀ ਪਾਰਟੀ ਉਨ੍ਹਾਂ ਮੁਸਲਮਾਨ ਬਾਦਸ਼ਾਹਾਂ ਦਾ ਹੀ ਪ੍ਰਤੀਬਿੰਬ ਹੈ ਜੋ ਪਹਿਲਾਂ ਹੀ ਇਤਿਹਾਸ ਵਿਚ ਜ਼ਾਲਮਾਂ ਵਜੋਂ ਦਫ਼ਨ ਹਨ।

ਏਨੇ ਪਾਪਾਂ ਦੇ ਭਾਰ ਚੁੱਕੀ ਫਿਰਨ ਵਾਲਿਓ, ਤੁਸੀਂ ਰਾਜੋਆਣਾ ਤੇ ਉਸ ਵਰਗਿਆਂ ਨੂੰ ਇਕੱਲਿਆਂ ਨੂੰ ਇਸ ਤਰ੍ਹਾਂ ਕਿਵੇਂ ਭੰਡ ਸਕਦੇ ਹੋ?

ਰਾਜੋਆਣਾ ਇਕ ਵਿਵਾਦਗ੍ਰਸਤ ਸਿਆਸੀ ਹਸਤੀ ਦੀ ਮੌਤ ਲਈ ਜ਼ਿੰਮੇਵਾਰ ਸੀ ਜਿਸ ਨੇ ਖ਼ਾਲਿਸਤਾਨ ਲਈ ਬਗ਼ਾਵਤ ਨੂੰ ਕੁਚਲਣ ਲਈ ਪੰਜਾਬ ਪੁਲਿਸ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਸੀ ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਨਿਰਦੋਸ਼ ਸਿੱਖਾਂ ਨੂੰ ਵੀ ਅਗਵਾ ਕੀਤਾ ਗਿਆ ਅਤੇ ਰਾਜਕੀ ਹਿੰਸਾ ਵਿਚ ਮਾਰ ਦਿੱਤੇ ਗਏ। ਇਹ ਖ਼ਾਲਿਸਤਾਨ ਦੇ ਹਮਾਇਤੀਆਂ ਦੀਆਂ ਗ਼ਲਤੀਆਂ ਦੀ ਵਕਾਲਤ ਕਰਨ ਲਈ ਨਹੀਂ ਹੈ ਪਰ ਸਾਫ਼ ਕਹਿ ਦੇਈਏ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਗੈਰ-ਨਿਆਂਇਕ ਤਰੀਕਿਆਂ ਨਾਲ ਮਾਰਿਆ ਗਿਆ ਸੀ। ਜਦੋਂ ਕਿ ਤੁਹਾਡੀ ਪਾਰਟੀ ਦੇ ਲੋਕ ਬਿਨਾਂ ਕਿਸੇ ਡਰ ਦੇ ਦਹਿਸ਼ਤਵਾਦ ਨੂੰ ਅੰਜਾਮ ਦੇਣ ਵਿਚ ਜੁੱਟੇ ਰਹੇ। ਇਹ ਬਦਕਿਸਮਤੀ ਹੈ ਕਿ ਬਹੁਗਿਣਤੀਵਾਦੀ ਮੀਡੀਆ ਨੇ ਤੁਹਾਨੂੰ ਦਹਿਸ਼ਤਵਾਦੀ ਕਹਿਣ ਦੀ ਹਿੰਮਤ ਵੀ ਨਹੀਂ ਕੀਤੀ, ਅਤੇ ਨਾ ਹੀ ਤੁਹਾਡੇ ਬੰਦਿਆਂ 'ਤੇ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੇ ਤਹਿਤ ਮੁਕੱਦਮਾ ਚੱਲੇ ਤੇ ਨਾ ਹੀ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ।

ਤੁਸੀਂ ਸੱਤਾ ਵਿੱਚ ਹੋ, ਸਿਰਫ਼ ਇਸ ਨਾਲ ਤੁਹਾਡੀ ਬੁਰਾਈ ਘੱਟ ਨਹੀਂ ਜਾਂਦੀ। ਜੇਕਰ ਖ਼ਾਲਿਸਤਾਨ ਦੀ ਮੰਗ ਕਰਨਾ ਗੁਨਾਹ ਹੈ ਤਾਂ ਭਾਰਤ ਨੂੰ ਹਿੰਦੂ ਰਾਜ ਵਿਚ ਬਦਲਣਾ ਵੀ ਇਸੇ ਤਰ੍ਹਾਂ ਗੁਨਾਹ ਹੈ ਜੋ ਤੁਸੀਂ ਪਹਿਲਾਂ ਹੀ ਕਰ ਚੁੱਕੇ ਹੋ।

ਅਖ਼ੀਰ 'ਚ, ਅੱਜ ਆਸਟਰੇਲੀਆਈ ਇਸਾਈ ਮਿਸ਼ਨਰੀ ਗ੍ਰਾਹਮ ਸਟੈਨਜ਼ ਅਤੇ ਉਸ ਦੇ ਦੋ ਬੱਚਿਆਂ ਦੇ ਘਿਨਾਉਣੇ ਕਤਲ ਦੀ 25ਵੀਂ ਬਰਸੀ ਹੈ ਜਿਨ੍ਹਾਂ ਨੂੰ 1999 'ਚ ਉਨ੍ਹਾਂ ਸੱਜੇ ਪੱਖੀ ਹਿੰਦੂਤਵੀ ਗੁੰਡਿਆਂ ਦੁਆਰਾ ਜ਼ਿੰਦਾ ਸਾੜ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਤੁਹਾਡੇ ਵਰਗੇ ਨਫ਼ਰਤ ਫੈਲਾਉਣ ਵਾਲਿਆਂ ਤੋਂ ਆਕਸੀਜਨ ਮਿਲ ਰਹੀ ਹੈ।

ਹੁਣ ਵੇਲਾ ਹੈ ਕਿ ਤੁਸੀਂ ਦੂਜਿਆਂ ਨੂੰ ਉਪਦੇਸ਼ ਦੇਣ ਦੀ ਬਜਾਇ ਆਪਣੇ ਪਾਪਾਂ ਦਾ ਪਛਤਾਵਾ ਕਰੋ ਅਤੇ ਆਪਣੇ ਗੁਨਾਹਾਂ ਤੋਂ ਤੌਬਾ ਕਰੋ।

ਭਗਵਾਨ ਰਾਮ ਤੁਹਾਡੇ 'ਤੇ ਕਿਰਪਾ ਕਰੇ।

***-22 ਜਨਵਰੀ 2024***

# ਤਿੜਕੀਆਂ ਮੁੰਦਰਾਂ ਵਾਲਾ ਅਮਿਤੋਜ

***(ਸਫਾ 17 ਦੀ ਬਾਕੀ)***

ਦੀ ਟੈਲੀ ਲਾਈਟ ਆਨ ਦੇਖ ਕੇ ਭਬਕ ਉੱਠਿਆ।

'ਤੁਸੀਂ ਮੈਨੂੰ ਚੂਤੀਆ ਸਮਝਦੇ ਓ। ਕੁੱਤੇ ਸਾਲ਼ੇ। ਦਫਾ ਹੋ ਜਾਓ ਏਥੋਂ, ਗੈਟ ਆਓਟ।'

ਤੇ ਕਈ ਕੁਝ ਹੋਰ ਚੰਗਾ ਗਾੜ੍ਹਾ ਬੋਲਿਆ। ਏਥੇ ਲਿਖਣਾ ਔਖਾ।

ਅਮਿਤੋਜ ਨੂੰ ਸਾਹ ਚੜ੍ਹ ਗਿਆ। ਬੀਵੀ ਨੇ ਹਫੇ ਅਮਿਤੋਜ ਨੂੰ ਸੋਫੇ 'ਤੇ ਬਿਠਾਇਆ। ਸਮਝਾਇਆ। ਪਾਣੀ ਪਿਲਾਇਆ। ਪਾਗਲਪਣ ਦਾ ਦੌਰਾ ਠੰਢਾ ਹੋਇਆ।

'ਕੈਮਰਾ ਬੰਦ ਕਰੋ ਪਹਿਲਾਂ'। ਮੇਰੇ ਵੱਲ ਦੇਖ ਕੇ ਅਮਿਤੋਜ ਨੇ ਕਿਹਾ।

ਮੈਂ ਕੈਮਰਾ ਮੈਨ ਨੂੰ ਕੈਮਰਾ ਆਫ ਕਰਨ ਦਾ ਇਸ਼ਾਰਾ ਕੀਤਾ।

ਅਮਿਤੋਜ ਨੇ ਕੈਮਰੇ ਵੱਲ ਮੂੰਹ ਚੱਕ ਕੇ ਦੇਖਿਆ। ਉਸ ਦੀ ਇਕ ਅੱਖ ਕਾਣੀ ਹੋ ਚੁੱਕੀ ਸੀ।

ਮੈਂ ਅਮਿਤੋਜ ਨੂੰ ਕੋਈ ਦੋ ਸਾਲਾਂ ਬਾਅਦ ਦੇਖਿਆ ਸੀ।

'ਇਹ ਅਮਿਤੋਜ ਐ?' ਮੇਰੇ ਅੰਦਰੋਂ ਡਰਿਆ ਬੰਦਾ ਬੋਲਿਆ।

ਇਕ ਅੱਖ ਬਿਲਕੁਲ ਬੰਦ ਹੋ ਚੁੱਕੀ ਸੀ। ਮੂੰਹ ਪਿਚਕਿਆ ਪਿਆ ਸੀ। ਇਕ ਦੰਦ ਟੁੱਟਾ ਹੋਇਆ। ਵਾਲ਼ ਤੇਲ ਨਾਲ ਚੋਪੜੇ ਹੋਏ ਜਿਵੇਂ ਕਿਸੇ ਨਿਆਣੇ ਨੂੰ ਸਕੂਲ ਜਾਣ ਲਈ ਤਿਆਰ ਕੀਤਾ ਹੋਵੇ। ਕਮੀਜ਼ ਪੈਂਟ ਕੱਸੀ ਹੋਈ। ਜਾਹਲੀ ਅਮਿਤੋਜ। ਸ਼ੂਟਿੰਗ ਲਈ ਤਿਆਰ ਕੀਤਾ ਹੋਇਆ।

ਮੈਂ ਸੋਫੇ 'ਤੇ ਉਹਦੇ ਨਾਲ ਬੈਠ ਗਿਆ। ਅੰਮ੍ਰਿਤ ਮਾਨ ਮੁਸਕਰਾਈ। ਮੈਂ ਅਮਿਤੋਜ ਦਾ ਕੰਬਦਾ ਹੱਥ ਆਪਣੇ ਹੱਥਾਂ 'ਚ ਲੈ ਲਿਆ। ਉਹਦੀ ਕਾਣੀ ਅੱਖ 'ਚੋਂ ਹੰਝੂ ਵਹਿ ਤੁਰੇ। ਮੈਂ ਉਸ ਨੂੰ ਮੋਢੇ ਨਾਲ ਲਾ ਲਿਆ। ਮੇਰੇ ਮੋਢੇ ਤੋਂ ਸਿਰ ਚੁੱਕ ਕੇ ਆਪਣੀ ਕਾਣੀ ਅੱਖ ਵੱਲ ਉਂਗਲ ਕਰ ਕੇ ਕਹਿੰਦਾ- 'ਯਾਰ! ਇਹ ਚਿਹਰਾ ਹੁਣ ਦਰਸ਼ਕਾਂ ਨੂੰ ਦਿਖਾਉਣ ਵਾਲਾ?' ਮੇਰੀ ਭੁਬਕ ਨਿਕਲੀ। ਮੈਂ ਆਪਣੇ ਹੰਝੂ ਲੁਕੋਂਦਾ ਹੱਸ ਪਿਆ- 'ਤੂੰ ਅਜੇ ਵੀ ਓਨਾ ਈ ਸਮਾਰਟ ਐਂ। ਲੋਕ ਤੇਰੇ ਦੀਵਾਨੇ ਆ। ਤੈਨੂੰ ਦੇਖਣ ਲਈ ਤਰਸਦੇ ਆ।'

'ਝੂਠ, ਬਕਵਾਸ ਕਰਦਾ ਤੂੰ!'

ਮੈਂ ਫੇਰ ਹੱਸਿਆ। ਸਾਰੇ ਹੱਸ ਪਏ। ਕੈਮਰਾ ਟੀਮ ਵੀ। ਉਹਦੀ ਬੀਵੀ ਵੀ। ਉਹਦੀ ਨਿੱਕੀ ਜਿਹੀ ਧੀ ਵੀ। ਅਮਿਤੋਜ ਆਪ ਵੀ।

ਮੈਂ ਪਿਆਰ ਨਾਲ ਕਿਹਾ- 'ਯਾਰ ਇੰਟਰਵਿਊ ਕਰਦੇ ਆਂ। ਤੇਰੇ ਨਾਲ ਤੇਰੀ ਸ਼ਾਇਰੀ ਬਾਰੇ ਗੱਲਾਂ ਕਰਨੀਆਂ ਬੱਸ। ਆਪਾਂ ਲੋਕਾਂ ਬਾਰੇ ਪ੍ਰੋਗਰਾਮ ਬਣਾਉਣ ਦਾ ਠੇਕਾ ਲਿਆ ਹੋਇਆ? ਆਪਣੇ ਬਾਰੇ ਵੀ ਗੱਲਾਂ ਕਰੀਏ'। ਸੌ ਲੋਲੋ ਪੋਪੋ ਕਰ ਕੇ ਅਮਿਤੋਜ ਰਿਕਾਰਡਿੰਗ ਦੇ ਲਾਗੇ ਕੀਤਾ।

ਮੇਰੇ ਕੰਨ 'ਚ ਅਮਿਤੋਜ ਨੇ ਕਿਹਾ- 'ਦਾਰੂ ਬਿਨਾਂ ਕਾਹਦੀ ਰਿਕਾਰਡਿੰਗ ਦੀਦ?'

ਮੈਂ ਹੱਸ ਪਿਆ। ਅੰਦਰ ਜਾ ਕੇ ਅਮਿਤੋਜ ਦੀ ਘਰਵਾਲੀ ਨੂੰ ਕਿਹਾ। ਕਹਿੰਦੀ ਦੋ ਸਾਲ ਤੋਂ ਇਹਦੀ ਦਾਰੂ ਬੰਦ ਆ। ਅੱਜ ਤੁਹਾਡੇ ਕਰ ਕੇ ਮੰਗਾ ਦਿੰਦੀ ਹਾਂ। ਹੱਸ ਪਈ। ਦਾਰੂ ਆ ਗਈ। ਅਮਿਤੋਜ ਅੰਦਰ ਜਾ ਕੇ ਗਟਾਗਟ ਪਊਆ ਪੀ ਆਇਆ। ਸੋਫੇ 'ਤੇ ਆ ਕੇ ਖੰਘੂਰਾ ਮਾਰਿਆ। ਕੈਮਰਾ ਆਨ। ਰਿਕਾਰਡਿੰਗ ਸ਼ੁਰੂ।

ਮੈ ਕਈ ਸਵਾਲ ਕੀਤੇ। ਹਰ ਸਵਾਲ ਦਾ ਜਵਾਬ ਪਟਾਕ ਪਟਾਕ। ਤੰਦਰੁਸਤ ਤੇ ਹੋਸ਼ਮੰਦ ਬੰਦਿਆਂ ਵਾਲਾ। ਕੋਈ ਇਕ ਘੰਟਾ ਰਿਕਾਰਡਿੰਗ ਕੀਤੀ। ਕਵਿਤਾ ਪੜ੍ਹਨ ਲਈ ਕਿਹਾ। ਘੋਰ ਉਦਾਸ ਹੋ ਗਿਆ- 'ਪੜ੍ਹਨਾ ਲਿਖਣਾ ਖਤਮ ਮੇਰਾ। ਨਿਗ੍ਹਾ ਗਈ। ਹੁਣ ਕੀ ਬਚਿਆ। ਸਭ ਖਤਮ।'

ਖੁਸ਼ਕ ਵਿੰਨ੍ਹੀ ਅੱਖ ਦਾ ਪਾਣੀ ਧਰਲ ਧਰਲ ਵਗ ਤੁਰਿਆ।

ਬਹੁਤੀਆਂ ਗੱਲਾਂ 'ਚ ਅਮਿਤੋਜ ਗੰਭੀਰ ਰਿਹਾ।

ਏਸੇ ਪ੍ਰੋਗਰਾਮ ਲਈ ਧੀ ਲੋਰੀ ਅਤੇ ਮਾਂ ਅੰਮ੍ਰਿਤ ਦੀ ਸਾਂਝੀ ਆਵਾਜ਼ 'ਚ ਗੀਤ ਵੀ ਰਿਕਾਰਡ ਕੀਤਾ- ਮਾਵਾਂ ਤੇ ਧੀਆਂ ਰਲ਼ ਬੈਠੀਆਂ ਨੀ ਮਾਏ। ਮੈਂ ਸੋਚਦਾ ਰਿਹਾ- ਇਹ ਅਮਿਤੋਜ ਦੀਆਂ ਗੱਲੋੜੀਆਂ ਕਰਦੀਆਂ ਹੋਣਗੀਆਂ?

ਮੈਂ ਰਿਕਾਰਡਿੰਗ ਤੋਂ ਬਾਅਦ ਦੋ ਤਿੰਨ ਦਿਨ ਅਜੀਬ ਉਦਾਸੀ 'ਚ ਨੱਪਿਆ ਰਿਹਾ। ਟੇਪਾਂ ਪਰਵਿਊ ਕੀਤੀਆਂ ਤਾਂ ਲੱਗਾ ਇਸ ਤਰ੍ਹਾਂ ਵੀ ਜ਼ਿੰਦਗੀ ਜੀਵੀ ਜਾ ਸਕਦੀ? ਜਾਂ ਜੀਣੀ ਪੈ ਸਕਦੀ? ਖੌਫ਼ ਨਾਲ ਭਰੀ ਇਹ ਰਿਕਾਰਡਿੰਗ ਕਿਵੇਂ ਐਡਿਟ ਹੋਵੇਗੀ? ਆਖਰ ਮੈਂ ਇਕ ਦਿਨ ਵੱਡਾ ਸ਼ੀਸਾ ਮੰਗਵਾ ਕੇ ਉਸ ਵਿਚ ਜ਼ੋਰ ਦੀ ਪੱਥਰ ਕਿਸੇ ਐਕਟਰ ਕੋਲ਼ੋਂ ਮਰਵਾਇਆ। ਸੀਨ ਰਿਕਾਰਡ ਕੀਤਾ। ਸ਼ੀਸੇ ਦੇ ਟੁੱਟਣ ਦੀ ਆਵਾਜ਼, ਖੜਾਕ ਤੇ ਧਮਾਕਾ ਈਕੋ ਦੇ ਕੇ ਪ੍ਰੋਗਰਾਮ ਦੀ ਸ਼ੁਰੂਆਤ ਤੇ ਕੈਪਸ਼ਨਾਂ ਲਈ ਵਰਤਿਆ। ਪ੍ਰੋਗਰਾਮ ਕਈ ਦਿਨ ਲਾ ਕੇ ਇਕੱਲੇ ਐਡੀਟਰ ਨਾਲ ਰਾਤ ਰਾਤ ਬੈਠ ਕੇ ਐਡਿਟ ਕੀਤਾ। ਪ੍ਰੋਗਰਾਮ ਵਧੀਆ ਤਾਂ ਬਣਨਾ ਈ ਸੀ। ਏਨੇ ਦੁੱਖ ਤੇ ਸੱਚ ਨਾਲ ਭਰਿਆ ਪਿਆ ਸੀ।

ਮੇਰੇ ਦੂਰਦਰਸ਼ਨ ਦੇ ਕੈਰੀਅਰ ਦਾ ਸਭ ਤੋਂ ਤਕਲੀਫਦੇਹ ਪਲ, ਯਾਦ, ਸਦਮਾ ਇਹ ਹੈ ਕਿ ਅਮਿਤੋਜ ਦਾ ਇਹ ਏਨੀ ਮਿਹਨਤ ਨਾਲ ਤਿਆਰ ਕੀਤਾ ਪ੍ਰੋਗਰਾਮ ਸਰਕਾਰੀ ਮਹਿਕਮੇ ਦੀ ਹਿਮਾਕਤ ਕਾਰਨ ਹਮੇਸ਼ਾ ਲਈ ਕਿਤੇ ਗੁੰਮ ਹੋ ਗਿਆ। ਅੱਜ ਤਕ ਨਹੀਂ ਲੱਭਾ, ਜਾਂ ਕਿਸੇ ਸਾਜ਼ਿਸ਼ ਦਾ ਸ਼ਿਕਾਰ ਹੋ ਗਿਆ।

---

ਮੈਂ ਦਸ ਕੁ ਸਾਲ ਪਹਿਲਾਂ ਵਲੈਤ ਗਿਆ ਸਾਂ ਸ਼ਿਵ ਕੁਮਾਰ ਬਟਾਲਵੀ 'ਤੇ ਡਾਕੂਮੈਂਟਰੀ ਰਿਕਾਰਡ ਕਰਨ ਦੇ ਚੱਕਰ ਵਿਚ। ਸ਼ਿਵ ਬਟਾਲਵੀ ਦੀ ਇਕੋ-ਇਕ ਰਿਕਾਰਡਿੰਗ ਬੀ.ਬੀ.ਸੀ. ਵਾਲੀ ਕਰਨ ਵਾਲਾ ਕੰਪੀਅਰ ਮਹਿੰਦਰ ਕੌਲ ਮੈਂ ਲੱਭਦਾ ਫਿਰਾਂ, ਰਾਹ ਨਾ ਮਿਲੇ। ਆਖਰ ਅਮਰਜੀਤ ਚੰਦਨ ਕੰਮ ਆਇਆ। ਉਸ ਦੀ ਘਰ ਵਾਲੀ ਬੀ.ਬੀ.ਸੀ. 'ਚ ਕੰਮ ਕਰਦੀ ਸੀ। ਉਸ ਨੇ ਮਿਹਰਬਾਨੀ ਕੀਤੀ, ਕੌਲ ਦਾ ਫੋਨ ਨੰਬਰ ਲੱਭ ਦਿੱਤਾ। ਕੌਲ ਨਾਲ ਰਿਕਾਰਡਿੰਗ ਕੀਤੀ। ਮਹਿੰਦਰ ਕੌਲ ਨੇ ਆਪਣੇ ਬੀ.ਬੀ.ਸੀ. ਦੇ ਸਫਰ ਬਾਰੇ ਦੱਸਦਿਆਂ ਸਭ ਤੋਂ ਵੱਧ ਅਫਸੋਸ ਤੇ ਨਫਰਤ ਆਪਣੀ ਪ੍ਰੋਗਰਾਮ ਅਸਿਸਟੈਂਟ ਨਾਲ ਕੀਤੀ। ਉਸ ਦੇ ਮੂਹੋਂ ਭੱਦੇ ਲਫ਼ਜ਼ ਵੀ ਨਿਕਲੇ ਕਿਉਂਕਿ ਉਸ ਨੇ ਉਸ ਦੇ ਬਹੁਤ ਕਮਾਲ ਦੇ ਪ੍ਰੋਗਰਾਮ ਇਰੇਜ਼ ਕਰ ਦਿੱਤੇ ਸਨ। ਕੌਲ ਨੇ ਦੁੱਖ ਨਾਲ ਕਿਹਾ- 'ਅੱਲਾ ਉਸ ਨੂੰ ਕਦੇ ਮੁਆਫ ਨਹੀਂ ਕਰੇਗਾ'। ਮੇਰੇ ਮੂੰਹੋਂ ਵੀ ਆਪਣੇ ਨਲਾਇਕ ਸਹਾਇਕ/ਸਹਾਇਕਾ ਵਾਸਤੇ ਕਈ ਵਾਰ ਇੰਝ ਹੀ ਕੁੜੱਤਣ ਉਛਲਦੀ ਹੈ। ਜੇ ਉਹ ਪ੍ਰੋਗਰਾਮ ਹੁੰਦਾ ਤਾਂ ਸ਼ਾਇਦ ਅਸੀਂ ਅੱਜ ਵੀ ਅਮਿਤੋਜ ਨੂੰ ਗੱਲਾਂ ਕਰਦੇ, ਤੁਰਦੇ ਫਿਰਦੇ ਦੁੱਖ ਸਹਿੰਦੇ ਦੇਖ ਸਕਦੇ ਪਰ ਮੈਨੂੰ ਉਸ ਇੰਟਰਵਿਊ ਦੇ ਕੁਝ ਕੁ ਸਵਾਲ ਯਾਦ ਨੇ।

-ਤੈਨੂੰ ਸਟੇਜ 'ਤੇ ਕਵਿਤਾ ਪੜ੍ਹਨ ਦਾ ਸ਼ੌਕ ਹੈ?

-ਨਹੀਂ। ਮੈਨੂੰ ਸਟੇਜ 'ਤੇ ਕਵਿਤਾ ਪੜ੍ਹਨਾ ਚੰਗਾ ਨਹੀਂ ਲਗਦਾ। ਐਵੇਂ ਕਰੀ ਜਾਓ- ਜੀ ਅਰਜ਼ ਕੀਤਾ ਹੈ, ਜੀ ਫਰਜ਼ ਕੀਤਾ ਹੈ।' ਕਹਿ ਕੇ ਹੱਸ ਪਿਆ ਅਮਿਤੋਜ।

-ਕੋਈ ਘਟਨਾ, ਕੋਈ ਯਾਦ?

-ਮੇਰੀਆਂ ਕਵਿਤਾਵਾਂ ਇਕ ਇਕ ਕਰ ਕੇ ਮੇਰੇ ਸਾਹਮਣੇ ਬਲਦੀ ਅੱਗ 'ਤੇ ਸਾੜੀਆਂ ਏਸ ਔਰਤ ਨੇ'। ਫੇਰ ਉਹ ਚੁੱਪ ਰਿਹਾ ਕੁਝ ਦੇਰ।

ਉਸ ਨੇ ਆਪਣੇ ਅੱਖ ਦੇ ਜ਼ਖ਼ਮੀ ਹੋਣ ਬਾਰੇ ਵੀ ਦੱਸਿਆ। ਕਈ ਕੁਝ ਹੋਰ ਪਰ ਕੁਝ ਯਾਦ ਨਹੀਂ ਹੁਣ। ਰਿਕਾਰਡਿੰਗ ਦੀ ਟੇਪ ਵੀ ਮੈਨੂੰ ਲਗਦਾ ਕਿਸੇ ਨੇ ਅੱਗ ਦੇ ਹਵਾਲੇ ਕਰ ਦਿੱਤੀ ਜਿਸ ਵਿਚ ਮੈਂ ਤੇ ਅਮਿਤੋਜ ਕੱਠੇ ਗੱਲਾਂ ਕਰਦੇ ਸੀ।

ਕੁਝ ਮਹੀਨਿਆਂ ਬਾਅਦ ਅਮਿਤੋਜ ਦੀ ਮੌਤ ਦੀ ਖ਼ਬਰ ਆ ਗਈ। ਕਿਸੇ ਨੂੰ ਬਹੁਤੀ ਹੈਰਾਨੀ ਨਹੀਂ ਹੋਈ। ਅਸਲੀ ਅਮਿਤੋਜ ਤਾਂ ਪਹਿਲਾਂ ਹੀ ਖ਼ਤਮ ਹੋ ਚੁੱਕਾ ਸੀ। ਬੰਦਾ ਕੋਈ ਨਿਰੀ ਦੇਹ ਥੋੜ੍ਹੋ ਹੁੰਦਾ! ਉਸ ਅੰਦਰਲਾ ਸ਼ਾਇਰ ਤੇ ਟੀ.ਵੀ. ਐਂਕਰ ਤਾਂ ਵਰ੍ਹਿਆਂ ਪਹਿਲਾਂ ਖ਼ਤਮ ਹੋ ਚੁੱਕਾ ਸੀ। ਉਹਦੇ ਸਿਵੇ 'ਤੇ ਵੀ ਘੱਟ ਲੋਕ ਈ ਪਹੁੰਚੇ।

---

ਫੇਰ ਦੋ-ਤਿੰਨ ਸਾਲ ਬਾਅਦ ਉਹਦੀ ਵਿਧਵਾ ਪਤਨੀ ਅਮਿਤੋਜ ਦੀ ਧੀ ਨੂੰ ਨਾਲ ਲੈ ਕੇ ਦੂਰਦਰਸ਼ਨ ਮੇਰੇ ਕਮਰੇ 'ਚ ਆਈ। ਧੀ ਲੋਰੀ ਲੰਮੀ ਉੱਚੀ ਪਤਲੀ ਲਗਰ ਸ਼ਰਮਾਕਲ ਪਰ ਸਮਾਰਟ ਯੰਗ ਗਰਲ। ਉਹ ਯੂਨੀਵਰਸਿਟੀ ਪੜ੍ਹਨ ਲੱਗ ਪਈ ਸੀ।

'ਇਹਨੂੰ ਪਿਓ ਵਾਂਗ ਟੀ.ਵੀ. ਦਾ ਸ਼ੌਕ ਹੈ। ਕਹਿੰਦੀ ਮੈਂ ਟੀ.ਵੀ. 'ਤੇ ਕੰਮ ਕਰਨਾ'। ਮਾਂ ਨੇ ਕਿਹਾ।


ਲੋਰੀ ਕਹਿੰਦੀ- 'ਮੈਂ ਸਿਰਫ ਨਿਊਜ਼ ਰੀਡਰ ਬਣਨਾ ਚਾਹੁੰਦੀ ਹਾਂ।' ਉਸ ਨਾਲ ਮੈਂ ਕੁਝ ਗੱਲਾਂ ਕੀਤੀਆਂ, ਉਹ ਬੜੀ ਸੰਜੀਦਾ ਕੁੜੀ ਸੀ। ਨਿਊਜ਼ ਰੀਡਰ ਦੀ ਪਹਿਲੀ ਕੁਆਲਿਟੀ ਹੁੰਦੀ ਹੈ- ਕਾਨਫੀਡੈਂਸ ਅਤੇ ਕਨਵਿਨਸਿੰਗ ਪਰਸਨੈਲਟੀ। ਉਸ ਵਿਚ ਇਸ ਤੋਂ ਕਿਤੇ ਵੱਧ ਖਾਸੀਅਤਾਂ ਸਨ। ਮੈਂ ਨਿਊਜ਼ ਪ੍ਰੋਡਿਊਸਰ ਤੇ ਨਿਊਜ਼ ਐਡੀਟਰ ਦੋਹਾਂ ਨੂੰ ਜ਼ਾਤੀ ਤੌਰ 'ਤੇ ਉਸ ਦੇ ਔਡੀਸ਼ਨ ਲਈ ਕਿਹਾ। ਉਹ ਸਿਲੈਕਟ ਹੋਈ ਆਪਣੀ ਕਾਬਲੀਅਤ ਦੇ ਸਿਰ 'ਤੇ। ਜਿਸ ਨੂੰ ਪਤਾ ਲਗਦਾ ਉਹ ਅਮਿਤੋਜ ਦੀ ਧੀ ਹੈ, ਉਹ ਇਕ ਵਾਰੀ ਖਲੋ ਕੇ ਉਸ ਨੂੰ ਗਹੁ ਨਾਲ ਜ਼ਰੂਰ ਤੱਕਦਾ। 'ਕੱਚ ਦੀਆਂ ਮੁੰਦਰਾਂ' ਵਾਲੇ ਦੀ ਧੀ ਲੋਰੀ। ਉਸ ਨੂੰ ਕਿਤੇ ਦੂਰ ਨੌਕਰੀ ਮਿਲ ਗਈ। ਉਹ ਜਲਦੀ ਦੂਰਦਰਸ਼ਨ ਛੱਡ ਗਈ। ਚੰਗਾ ਕੀਤਾ। ਬਾਅਦ ਵਿਚ ਮੈਨੂੰ ਪਤਾ ਲੱਗਾ, ਉਹ ਆਪਣੀ ਮਾਂ ਨੂੰ ਵੀ ਛੱਡ ਗਈ। ਇੰਡੀਪੈਂਡੈਂਟ ਫੈਸਲੇ ਕੀਤੇ ਜੋ ਅਮਿਤੋਜ ਨਹੀਂ ਕਰ ਸਕਿਆ।

ਪਿੱਛੇ ਜਿਹੇ ਪਤਾ ਲੱਗਾ ਅਮਿਤੋਜ ਦੀ ਵਿਧਵਾ ਵੀ ਫੌਤ ਹੋ ਗਈ। ਕੈਂਸਰ ਨਾਲ। ਹੁਣ ਪਤਾ ਲੱਗਾ ਜਿਹੜਾ ਘਰ ਅਮਿਤੋਜ ਨੇ ਹੱਥੀਂ ਬਣਵਾਇਆ ਸੀ, ਜਿਸ ਘਰ 'ਚ ਅਮਿਤੋਜ ਕੈਦ ਰਿਹਾ, ਜਿਸ ਘਰ 'ਚੋਂ ਉਸ ਦੀ ਅਰਥੀ ਉੱਠੀ, ਉਹ ਘਰ ਵੀ ਹੁਣ ਉੱਜੜ ਚੁੱਕਾ।

ਪਿਛਲੇ ਦਿਨੀਂ ਮੈਂ ਉਸ ਦੇ ਉੱਜੜੇ ਘਰ ਦੇ ਮੋੜ ਤੋਂ ਲੰਘਿਆ ਤਾਂ ਹਨੇਰੇ 'ਚ ਆਪਣੀ ਕਾਰ ਅਚਾਨਕ ਤੇਜ਼ ਕਰ ਲਈ। ਉਸ ਉੱਜੜੇ ਘਰੋਂ ਕਾਣੀ ਅੱਖ ਵਾਲਾ ਡਰਾਉਣਾ ਬੰਦਾ ਮੈਨੂੰ ਵਾਜਾਂ ਮਾਰ ਰਿਹਾ ਸੀ- 'ਓ ਯਾਰ, ਮੈਨੂੰ ਇਸ ਕੈਦ 'ਚੋਂ ਕਿਸੇ ਤਰ੍ਹਾਂ ਬਾਹਰ ਤਾਂ ਕੱਢੋ। ਮੈਨੂੰ ਏਥੋਂ ਲੈ ਜਾਓ ਪਲੀਜ਼।' ***(ਤ੍ਰੈ-ਮਾਸਕ 'ਸਿਰਜਣਾ' ਵਿਚੋਂ ਧੰਨਵਾਦ ਸਹਿਤ)***

# ਸਰਕਾਰੀ ਸਰਪ੍ਰਸਤੀ ਬਿਨਾਂ ਵਾਤਾਵਰਨ ਸੰਤੁਲਨ ਸੰਭਵ ਨਹੀਂ

ਦੁਨੀਆ ਭਰ ਵਿਚ ਵਧ ਰਿਹਾ ਤਾਪਮਾਨ ਅਤੇ ਜਲਵਾਯੂ ਦੀ ਤਬਦੀਲੀ ਚਿੰਤਾ ਦਾ ਵਿਸ਼ਾ ਹੈ ਜਿਸ ਕਰ ਕੇ ਯੂ.ਐਨ.ਓ. ਵਰਗੀ ਸੰਸਥਾ ਨੇ ਜਲਵਾਯੂ ਦੀ ਤਬਦੀਲੀ ਸਬੰਧੀ ਸਮੇਂ ਸਮੇਂ ਵਿਚਾਰ ਅਤੇ ਯੋਗ ਉਪਾਅ ਕਰਨ ਲਈ ਸਥਾਈ ਕਮੇਟੀ ਬਣਾ ਦਿੱਤੀ ਹੈ। ਉਂਝ ਭਾਰਤ ਇਸ ਸਬੰਧੀ ਜ਼ਿਆਦਾ ਚਿੰਤਤ ਹੈ। ਇਸ ਦੀ ਖਾਸ ਵਜ੍ਹਾ ਹੈ। ਭਾਰਤ ਭਾਵੇਂ ਚੀਨ ਨੂੰ ਪਿੱਛੇ ਛੱਡ ਕੇ 2023 ਵਿਚ ਦੁਨੀਆ ਵਿਚ ਸਭ ਤੋਂ ਵੱਧ ਵਸੋਂ ਵਾਲਾ ਦੇਸ਼ ਬਣ ਗਿਆ ਹੈ ਪਰ ਭਾਰਤ ਪਹਿਲਾਂ ਹੀ ਵਸੋਂ ਦੇ ਵਾਧੂ ਭਾਰ ਥੱਲੇ ਸੀ। ਚੀਨ ਦੀ ਆਬਾਦੀ ਭਾਵੇਂ ਭਾਰਤ ਦੀ ਆਬਾਦੀ ਤੋਂ ਜ਼ਿਆਦਾ ਸੀ ਪਰ ਚੀਨ ਦਾ ਖੇਤਰ ਭਾਰਤ ਦੇ ਖੇਤਰ ਤੋਂ 4 ਗੁਣਾ ਤੋਂ ਵੀ ਜ਼ਿਆਦਾ ਸੀ। ਹੁਣ ਭਾਰਤ ਦਾ ਖੇਤਰ ਦੁਨੀਆ



ਦੇ ਖੇਤਰ ਦਾ ਸਿਰਫ਼ 2 ਫੀਸਦੀ ਹੈ ਅਤੇ ਵਸੋਂ ਦੁਨੀਆ ਦੀ ਕੁੱਲ ਵਸੋਂ ਦਾ 17.6 ਫੀਸਦੀ ਹੈ। ਵਸੋਂ ਦੇਸ਼ ਦੇ ਸਾਧਨਾਂ 'ਤੇ ਵੱਡਾ ਭਾਰ ਹੈ ਅਤੇ ਭਾਰਤ ਦੇ ਵਾਤਾਵਰਨ ਵਿਚ

**ਡਾ. ਸ ਸ ਛੀਨਾ**

ਆਈ ਖਰਾਬੀ ਦਾ ਮੁੱਖ ਕਾਰਨ ਭਾਰਤ ਦੀ ਵਸੋਂ ਦਾ ਭਾਰ ਹੈ। 1967 ਤੋਂ ਪਹਿਲਾਂ ਭਾਰਤ ਦੁਨੀਆ ਦਾ ਸਭ ਤੋਂ ਵੱਡਾ ਖੇਤੀ ਪ੍ਰਧਾਨ ਦੇਸ਼ ਹੋਣ ਦੇ ਬਾਵਜੂਦ ਖੁਰਾਕ ਲੋੜਾਂ ਵਿਚ ਆਤਮ-ਨਿਰਭਰ ਨਹੀਂ ਸੀ। ਫਿਰ ਇਸ ਨੇ ਰਸਾਇਣਾਂ ਦੀ ਮਦਦ ਨਾਲ ਅਨਾਜ ਪੂਰਤੀ ਕੀਤੀ ਸੀ।

1960 ਤੋਂ ਪਹਿਲਾਂ ਭਾਰਤ ਦੀ ਜ਼ਿਆਦਾਤਰ ਖੇਤੀ ਕੁਦਰਤੀ ਸੀ ਜਾਂ ਜੈਵਿਕ। ਉਨ੍ਹੀਂ ਦਿਨੀਂ ਖੇਤੀਬਾੜੀ ਵਿਭਾਗ ਦੇ ਕਰਮਚਾਰੀਆਂ ਨੂੰ ਉਪਜ ਵਧਾਉਣ ਲਈ ਰਸਾਇਣਕ ਖਾਦਾਂ ਬਾਰੇ ਪ੍ਰਚਾਰ ਕਰਨਾ ਪੈਂਦਾ ਸੀ ਕਿਉਂ ਜੋ ਲੋਕ ਇਨ੍ਹਾਂ ਦੀ ਵਰਤੋਂ ਨਹੀਂ ਸਨ ਕਰਦੇ ਪਰ 1967 ਤੋਂ ਬਾਅਦ ਲਗਾਤਾਰ ਰਸਾਇਣਕ ਖਾਦਾਂ, ਕੀੜੇਮਾਰ ਅਤੇ ਨਦੀਨ-ਨਾਸ਼ਕਾਂ ਦੀ ਵਰਤੋਂ ਸ਼ੁਰੂ ਹੋਈ ਤੇ ਫਿਰ ਦਿਨ-ਬ-ਦਿਨ ਵਧਦੀ ਗਈ। ਇਨ੍ਹਾਂ ਰਸਾਇਣਾਂ ਦੇ ਠੀਕ ਸਿੱਟੇ ਉਨ੍ਹਾਂ ਜਗ੍ਹਾ 'ਤੇ ਹੀ ਮਿਲ ਸਕਦੇ ਹਨ ਜਿੱਥੇ ਪਾਣੀ ਜਾਂ ਸਿੰਜਾਈ ਦੀ ਬਹੁਤਾਤ ਹੋਵੇ; ਪਾਣੀ ਤੋਂ ਬਗੈਰ ਇਹ ਰਸਾਇਣ ਪਾਏ ਨਹੀਂ ਜਾ ਸਕਦੇ। ਪੰਜਾਬ ਵਿਚ ਪਾਣੀ ਦੇ ਵੱਡੇ ਭੰਡਾਰ ਸਨ। ਇਕ ਤਾਂ ਨਦੀਆਂ ਤੇ ਦਰਿਆ ਸਨ; ਦੂਜੇ, ਕਈ ਥਾਈਂ ਜ਼ਮੀਨ ਹੇਠਾਂ ਪਾਣੀ ਸਿਰਫ਼ 8/10 ਫੁੱਟ ਦੀ ਡੂੰਘਾਈ 'ਤੇ ਮਿਲ ਜਾਂਦਾ ਸੀ। ਟਿਊਬਵੈੱਲ ਲਾਉਣ ਅਤੇ ਚਲਾਉਣ ਦੀ ਲਾਗਤ ਘੱਟ ਸੀ। ਜਿਵੇਂ ਜਿਵੇਂ ਪੰਜਾਬ ਵਿਚ ਬਿਜਲੀਕਰਨ ਹੁੰਦਾ ਗਿਆ, ਟਿਊਬਵੈੱਲਾਂ ਦੀ ਗਿਣਤੀ ਵਧਦੀ ਗਈ। 1960 ਵਿਚ ਜਿੱਥੇ ਸਾਰੇ ਪੰਜਾਬ ਵਿਚ ਸਿਰਫ਼ 5000 ਟਿਊਬਵੈੱਲ ਸਨ, ਇਸ ਵਕਤ 14 ਲੱਖ ਤੋਂ ਉਪਰ ਹੋ ਗਏ ਹਨ।

ਪਾਣੀ ਬਾਰੇ ਮਾਹਿਰਾਂ ਦੇ ਅੰਦਾਜ਼ੇ ਅਨੁਸਾਰ ਪੰਜਾਬ ਵਿਚ ਸਾਲਾਨਾ ਖੇਤੀ, ਉਦਯੋਗਾਂ ਅਤੇ ਘਰਾਂ ਲਈ 66 ਬੀ.ਸੀ.ਐੱਮ. (ਅਰਬ ਕਿਊਬਿਕ ਮੀਟਰ) ਪਾਣੀ ਦੀ ਲੋੜ ਹੈ। ਦਰਿਆਵਾਂ, ਮੀਂਹ ਅਤੇ ਹੋਰ ਸਾਧਨਾਂ ਤੋਂ ਧਰਤੀ ਉਪਰ ਮਿਲਣ ਵਾਲਾ ਪਾਣੀ 56 ਬੀ.ਸੀ.ਐੱਮ. ਹੈ; 10 ਬੀ.ਸੀ.ਐੱਮ. ਪਾਣੀ ਧਰਤੀ ਹੇਠੋਂ ਕੱਢਣਾ ਪੈਂਦਾ ਹੈ। ਖੇਤੀ ਦੇ ਪ੍ਰਚਲਿਤ ਮਾਡਲ ਅਨੁਸਾਰ, ਹਰ ਸਾਲ ਰਸਾਇਣਾਂ ਦੀ ਵਰਤੋਂ ਵਧਾਉਣੀ ਜ਼ਰੂਰੀ ਹੈ ਕਿਉਂ ਜੋ ਖੇਤੀ 'ਤੇ ਘਟਦੀਆਂ ਪ੍ਰਾਪਤੀਆਂ ਦਾ ਨਿਯਮ ਲਾਗੂ ਹੁੰਦਾ ਹੈ। ਇਸ ਦਾ ਅਰਥ ਹੈ- ਜੇ ਖਾਦ ਦੀ ਪਹਿਲੀ ਬੋਰੀ ਨਾਲ 10 ਕੁਇੰਟਲ ਉਪਜ ਵਧੀ ਹੈ ਤਾਂ ਦੂਸਰੀ ਨਾਲ 9 ਵਧੇਗੀ; ਇਸ ਤੋਂ ਬਾਅਦ ਹਰ ਬੋਰੀ ਨਾਲ ਉਪਜ ਲਗਾਤਾਰ ਘਟਦੀ ਜਾਵੇਗੀ। ਇਕ ਪਾਸੇ ਰਸਾਇਣਕ ਪਦਾਰਥਾਂ ਦੀ ਵਧਦੀ ਮਾਤਰਾ ਅਤੇ ਦੂਜੇ ਪਾਸੇ ਉਨ੍ਹਾਂ ਪਦਾਰਥਾਂ ਨੂੰ ਘੋਲਣ ਲਈ ਵਧਦੀ ਹੋਈ ਪਾਣੀ ਦੀ ਮਾਤਰਾ ਨੇ ਵਾਤਾਵਰਨ ਵਿਚ ਵੱਡੇ ਵਿਗਾੜ ਪੈਦਾ ਕਰ ਦਿੱਤੇ। ਇਉਂ ਇਕ-ਦੋ ਅਤੇ ਅੱਠ, ਨੌਂ ਬੋਰੀਆਂ ਤੇ ਵਧਦੀ ਮਾਤਰਾ ਦਾ ਅੰਤ ਕਿੱਥੇ ਹੋਵੇਗਾ? ਇਹ ਜ਼ਹਿਰੀਲੇ ਰਸਾਇਣ ਪਾਣੀ, ਧਰਤੀ ਅਤੇ ਹਵਾ ਵਿਚ ਘੁਲਣ ਤੋਂ ਬਾਅਦ ਖੁਰਾਕ ਵਿਚ ਆ ਜਾਂਦੇ ਹਨ ਤੇ ਬਿਮਾਰੀਆਂ ਦਾ ਕਾਰਨ ਬਣਦੇ ਹਨ। ਪੰਜਾਬ 'ਚ ਜਿਹੜੇ ਪੰਛੀ, ਦਰੱਖਤ, ਪੌਦੇ, ਸੂਖਮ ਜੀਵ ਜਿਵੇਂ ਗੰਡੋਏ ਆਦਿ ਪਹਿਲਾਂ ਨਜ਼ਰ ਆਉਂਦੇ ਸਨ, ਹੁਣ ਖ਼ਤਮ ਹੋ ਰਹੇ ਹਨ। ਇਹ ਧਰਤੀ ਦੀ ਉਪਜਾਊ ਸ਼ਕਤੀ ਅਤੇ ਸੰਤੁਲਤ ਵਾਤਾਵਰਨ ਲਈ ਜ਼ਰੂਰੀ ਸਨ।



ਪੰਜਾਬ ਵਿਚ ਰਸਾਇਣਾਂ ਦੀ ਸਭ ਤੋਂ ਜ਼ਿਆਦਾ ਵਰਤੋਂ ਇਸ ਕਰ ਕੇ ਹੋ ਰਹੀ ਹੈ ਕਿਉਂਕਿ ਇੱਥੇ ਪਾਣੀ ਅਸਾਨੀ ਨਾਲ ਮਿਲ ਜਾਂਦਾ ਸੀ ਪਰ ਹੁਣ ਇਨ੍ਹਾਂ ਦੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। 1970 ਤੋਂ ਪਹਿਲਾਂ ਧਰਤੀ 'ਤੇ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਸੀ, ਪਾਣੀ ਡੂੰਘਾ ਹੋਣ ਨਾਲ 1980 ਤੋਂ ਖੂਹੀ ਵਿਚ ਮੋਟਰ ਲਾ ਕੇ ਪਾਣੀ ਕੱਢਿਆ ਜਾਂਦਾ ਰਿਹਾ। ਪਾਣੀ ਦੇ ਮਾਹਿਰਾਂ ਅਨੁਸਾਰ ਇਹ ਪਾਣੀ ਦੀ ਦੂਜੀ ਪੱਧਰ ਸੀ। ਫਿਰ ਸਾਲ 2000 ਤੋਂ ਬਾਅਦ ਪਾਣੀ ਕੱਢਣ ਲਈ ਸਬਮਰਸੀਬਲ ਪੰਪ ਲਾਏ ਗਏ ਜੋ ਪਾਣੀ ਦੀ ਤੀਜੀ ਪੱਧਰ ਤੋਂ ਪਾਣੀ ਕੱਢ ਰਹੇ ਹਨ। ਇਹ ਕਲਪਨਾ ਬੜੀ ਡਰਾਉਣੀ ਲੱਗਦੀ ਹੈ ਕਿ ਜੇ ਤੀਜੀ ਪੱਧਰ ਤੋਂ ਵੀ ਪਾਣੀ ਖ਼ਤਮ ਹੋ ਗਿਆ ਤਾਂ ਫਿਰ ਕੀ ਕੀਤਾ ਜਾਵੇਗਾ? ਪਾਣੀ ਜ਼ਿੰਦਗੀ ਦਾ ਆਧਾਰ ਹੈ ਜਿਸ ਤੋਂ ਜੀਵ ਪੈਦਾ ਹੁੰਦਾ ਹੈ; ਜੇ ਉਹੀ ਖ਼ਤਮ ਹੋ ਗਿਆ ਤਾਂ ਫਿਰ ਕੀ ਹੋਵੇਗਾ?

ਦਰਅਸਲ, ਵਸੋਂ ਦਾ ਸਾਧਨਾਂ ਅਨੁਸਾਰ ਆਦਰਸ਼ਕ ਸੰਤੁਲਨ ਹੋਣਾ ਚਾਹੀਦਾ ਸੀ। ਰਸਾਇਣਾਂ ਦੀ ਵਰਤੋਂ ਦਾ ਮੁੱਖ ਕਾਰਨ ਵਸੋਂ ਦੀਆਂ ਲੋੜਾਂ ਹਨ। ਰਸਾਇਣਾਂ ਦੀ ਜਗ੍ਹਾ ਜੈਵਿਕ ਖੇਤੀ ਅਪਣਾਉਣ ਦੀ ਖੋਜ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ। ਕੁਝ ਸਵੈ-ਸੇਵੀ ਸੰਸਥਾਵਾਂ ਨੇ ਜੈਵਿਕ ਖੇਤੀ ਕਰ ਕੇ ਰਸਾਇਣਾਂ ਵਾਲੀ ਖੇਤੀ ਤੋਂ ਵੱਧ ਉਪਜ ਲੈ ਕੇ ਦਿਖਾਈ ਹੈ। ਅੰਮ੍ਰਿਤਸਰ ਸਥਿਤ ਪਿੰਗਲਵਾੜਾ ਦੇ ਫਾਰਮ 'ਤੇ ਕੁਦਰਤੀ ਖੇਤੀ ਨਾਲ ਰਸਾਇਣਾਂ ਆਧਾਰਿਤ ਖੇਤੀ ਨਾਲੋਂ ਵੱਧ ਉਪਜ ਲਈ ਗਈ ਹੈ। ਇਸੇ ਕਰ ਕੇ ਹੀ ਜਦੋਂ ਅਮਰੀਕਾ ਦਾ ਰਾਸ਼ਟਰਪਤੀ ਬਰਾਕ ਓਬਾਮਾ ਭਾਰਤ ਆਇਆ ਸੀ ਤਾਂ ਉਸ ਨੇ ਉਹ ਫਾਰਮ ਦੇਖਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ। ਪਿੱਛੇ ਜਿਹੇ ਮੈਨੂੰ ਇੰਡੀਅਨ ਕੌਂਸਲ ਆਫ ਸੋਸ਼ਲ ਸਾਇੰਸ ਰਿਸਰਚ ਨਵੀਂ ਦਿੱਲੀ ਦਾ ਪ੍ਰੋਜੈਕਟ ਮਿਲਿਆ ਸੀ ਜਿਸ ਵਿਚ ਮੇਰੇ ਜ਼ਿੰਮੇ ਜੈਵਿਕ ਅਤੇ ਰਸਾਇਣਕ ਖੇਤੀ ਦੀ ਆਰਥਿਕਤਾ ਦਾ ਅਧਿਐਨ ਕਰਨਾ ਸੀ। ਮੈਂ ਭੋਗਪੁਰ ਨੇੜੇ ਇਕ ਫਾਰਮ 'ਤੇ ਇਕ ਏਕੜ ਵਿਚੋਂ 150 ਕੁਇੰਟਲ ਆਲੂ ਅਤੇ 400 ਕੁਇੰਟਲ ਗੰਨਾ ਉਪਜ ਦੇਖੀ ਸੀ। ਉਹ ਮੁਰਗੀਆਂ ਦੀਆਂ ਵਿੱਠਾਂ ਖਾਦ ਵਜੋਂ ਵਰਤ ਰਹੇ ਸਨ। ਅਜੇ ਵੀ ਜੈਵਿਕ ਖੇਤੀ ਵਿਚ ਵਰਤੀਆਂ ਜਾਣ ਵਾਲੀਆਂ ਆਗਤਾਂ (ਇਨਪੁੱਟਸ) ਜਿਵੇਂ ਖਾਦਾਂ ਬਾਰੇ ਕਈ ਭੁਲੇਖੇ ਹਨ ਜਿਨ੍ਹਾਂ ਨੂੰ ਦੂਰ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਦੇ ਇਕ ਮਾਹਿਰ ਨਾਲ ਜਦੋਂ ਮੈਂ ਉਸ ਫਾਰਮ ਦੀ ਉੱਚੀ ਉਪਜ ਲੈਣ ਦੀ ਗੱਲ ਕੀਤੀ ਤਾਂ ਉਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮੁਰਗੀਆਂ ਦੀਆਂ ਵਿੱਠਾਂ ਦੀ ਵਰਤੋਂ ਕਰਨ ਨਾਲ ਉਹ ਫਾਰਮ ਜੈਵਿਕ ਹੀ ਨਹੀਂ ਰਹਿੰਦਾ। ਮੈਂ ਮਹਿਸੂਸ ਕਰਦਾ ਹਾਂ ਕਿ ਇਹ ਭੁਲੇਖਾ ਹੈ ਅਤੇ ਬਗੈਰ ਕਿਸੇ ਟੈਸਟ ਜਾਂ ਤਜਰਬੇ 'ਤੇ ਕਹੀ ਗਈ ਗੱਲ ਹੈ। ਇਸ ਤਰ੍ਹਾਂ ਦੇ ਆਗਤਾਂ ਬਾਰੇ ਪਏ ਭੁਲੇਖੇ ਖੋਜ ਅਨੁਸਾਰ ਦੂਰ ਕਰਨੇ ਚਾਹੀਦੇ ਹਨ ਅਤੇ ਉਪਯੋਗੀ ਆਗਤਾਂ ਦੀ ਖੋਜ ਕਰ ਕੇ ਮੰਡੀ ਵਿਚ ਸਸਤੀਆਂ ਕੀਮਤਾਂ 'ਤੇ ਵੇਚਣ ਦੇ ਯਤਨ ਕਰਨੇ ਚਾਹੀਦੇ ਹਨ।

ਵਾਤਾਵਰਨ ਦੇ ਸੰਤੁਲਨ ਲਈ ਸਰਕਾਰ ਦੀ ਸਰਪ੍ਰਸਤੀ ਦੀ ਅੱਜ ਕੱਲ੍ਹ ਵੱਡੀ ਲੋੜ ਹੈ ਅਤੇ ਇਸ ਨੂੰ ਸਮਾਜ ਸੇਵੀ ਸੰਸਥਾਵਾਂ 'ਤੇ ਨਹੀਂ ਛੱਡਿਆ ਜਾ ਸਕਦਾ; ਨਹੀਂ ਤਾਂ ਇਸ ਦੇ ਸਿੱਟੇ ਬਹੁਤ ਗੰਭੀਰ ਨਿਕਲਣਗੇ। ਪੰਜਾਬ ਵਿਚ ਪਾਣੀ ਦੀ ਪੱਧਰ ਇਸ ਹੱਦ ਤੱਕ ਥੱਲੇ ਚਲੀ ਗਈ ਹੈ ਕਿ ਬਹੁਤ ਸਾਰੇ ਬਲਾਕਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ। ਵਾਤਾਵਰਨ ਵਿਚ ਇਸ ਹੱਦ ਤੱਕ ਵਿਗਾੜ ਆ ਗਿਆ ਹੈ ਕਿ ਪੰਜਾਬ ਵਿਚ ਹਫਤਾ ਹਫਤਾ ਜਿਹੜੇ ਮੀਂਹ ਪੈਂਦੇ ਹੁੰਦੇ ਸਨ, ਅਜਿਹਾ ਹਫਤਾ ਹੁਣ ਕਦੀ ਨਹੀਂ ਆਇਆ। ਮੀਂਹ ਜਿਹੜਾ ਸਾਲ ਵਿਚ 500 ਮਿਲੀਮੀਟਰ ਤੋਂ ਉਪਰ ਹੁੰਦਾ ਸੀ, ਹੁਣ 450 ਮਿਲੀਮੀਟਰ ਤਕ ਹੀ ਹੁੰਦਾ ਹੈ। ਅੱਜ ਕੱਲ੍ਹ 32 ਲੱਖ ਹੈਕਟੇਅਰ ਖੇਤਰ 'ਤੇ ਝੋਨੇ ਦੀ ਖੇਤੀ ਕੀਤੀ ਜਾਂਦੀ ਹੈ; ਜੇ ਇਸ ਨੂੰ ਅੱਧਾ ਵੀ ਕਰ ਦਿੱਤਾ ਜਾਵੇ ਤਾਂ ਇਸ ਨਾਲ ਖੁਰਾਕ ਦੇ ਭੰਡਾਰਾਂ ਨੂੰ ਕੋਈ ਫ਼ਰਕ ਨਹੀਂ ਪੈਂਦਾ ਪਰ ਇਸ ਲਈ ਕਿਨ੍ਹਾਂ ਖੇਤਰਾਂ ਵਿਚ ਕਿੰਨਾ ਝੋਨਾ ਬੀਜਣਾ ਹੈ, ਉਸ ਦੀ ਅਗਵਾਈ ਸਰਕਾਰ ਦੀ ਸਰਪ੍ਰਸਤੀ ਅਧੀਨ ਹੀ ਹੋ ਸਕਦੀ ਹੈ। ਜਿਸ ਤਰ੍ਹਾਂ ਕੇਰਲ ਵਿਚ ਸਬਜ਼ੀਆਂ ਖਰੀਦਣ ਦਾ ਮਾਡਲ ਹੈ। ਇਸ ਅਧੀਨ ਕੋਈ ਵੀ ਕਿਸਾਨ ਦੋ ਏਕੜ ਤੋਂ ਵੱਧ ਸਬਜ਼ੀਆਂ ਨਹੀਂ ਬੀਜ ਸਕਦਾ ਅਤੇ ਉਤਪਾਦਕ ਨੂੰ ਪਹਿਲਾਂ ਮੰਡੀਕਰਨ ਵਿਭਾਗ ਕੋਲ ਇਹ ਦਰਜ ਕਰਾਉਣਾ ਪੈਂਦਾ ਹੈ। ਇਸ ਤਰ੍ਹਾਂ ਦੇ ਮਾਡਲ ਅਪਣਾਉਣ ਦੀ ਲੋੜ ਹੈ। ਬਠਿੰਡਾ, ਫਰੀਦਕੋਟ, ਮਾਨਸਾ ਆਦਿ ਦੇ ਟਿੱਬਿਆਂ 'ਤੇ ਝੋਨਾ ਬੀਜਣ ਦਾ ਕਾਰਨ ਉਨ੍ਹਾਂ ਦੀ ਸਰਕਾਰੀ ਖਰੀਦ ਹੈ ਅਤੇ ਉਹੋ ਜਿਹੀ ਸਰਕਾਰੀ ਖਰੀਦ ਹੋਰ ਫਸਲਾਂ ਲਈ ਯਕੀਨੀ ਬਣਾਉਣੀ ਚਾਹੀਦੀ ਹੈ ਤਾਂ ਕਿ ਪੰਜਾਬ ਦੇ ਵਾਤਾਵਰਨ ਵਿਚ ਸਰੋਂ, ਤਾਰਾਮੀਰਾ, ਤਿਲ, ਜੌਂ, ਬਾਜਰਾ, ਮਾਂਹ, ਮੱਕੀ ਆਦਿ ਫਸਲਾਂ ਦਾ ਚੱਕਰ ਹਾੜੀ ਅਤੇ ਸਾਉਣੀ ਦੀਆਂ ਰੁੱਤਾਂ ਵਿਚ ਅਪਣਾਇਆ ਜਾਵੇ ਜਿਹੜਾ ਪਹਿਲਾਂ ਵਾਲੇ ਪੰਛੀਆਂ, ਜੀਵਾਂ ਅਤੇ ਸੂਖਮ ਜੀਵਾਂ ਨੂੰ ਫਿਰ ਸੱਦਾ ਦੇਵੇ।

ਪੰਜਾਬ ਦੀ ਜੈਵਿਕ ਖੇਤੀ ਬਰਾਮਦਾਂ ਦੀ ਵੱਡੀ ਸਮਰੱਥਾ ਹੈ। ਯੂਰਪੀ ਦੇਸ਼ ਅਤੇ ਅਮਰੀਕਾ, ਭਾਰਤ ਤੋਂ ਮਿਲਣ ਵਾਲੀਆਂ ਜੈਵਿਕ ਫਸਲਾਂ ਦੀ ਮੰਗ ਕਰਦੇ ਹਨ ਅਤੇ ਰਸਾਇਣਾਂ 'ਤੇ ਆਧਾਰਿਤ ਫਸਲਾਂ ਨਕਾਰਦੇ ਹਨ। ਭਾਰਤ ਸਰਕਾਰ ਨੇ ਰਾਸ਼ਟਰੀ ਜੈਵਿਕ ਪ੍ਰੋਗਰਾਮ ਉਲੀਕਿਆ ਹੈ ਜਿਸ ਨੇ ਜੈਵਿਕ ਪ੍ਰਮਾਣੀਕਰਨ (ਸਰਟੀਫਿਕੇਸ਼ਨ) ਲਈ 25 ਵਿਸ਼ੇਸ਼ ਲੈਬਾਰਟਰੀਆਂ ਖੋਲ੍ਹੀਆਂ ਹਨ। ਪਿੱਛੇ ਜਿਹੇ ਭਾਰਤ ਦੀਆਂ ਵੱਖ ਵੱਖ ਫਰਮਾਂ ਨੇ 19 ਲੱਖ ਟਨ ਜੈਵਿਕ ਫਸਲਾਂ ਦੀ ਬਰਾਮਦ ਕੀਤੀ ਸੀ ਜਿਸ ਤੋਂ 40 ਕਰੋੜ ਡਾਲਰ ਕਮਾਏ ਗਏ ਸਨ ਪਰ ਜੈਵਿਕ ਮੰਗ ਦੇ ਬਰਾਬਰ ਜੈਵਿਕ ਪੂਰਤੀ ਇਸ ਕਰ ਕੇ ਨਹੀਂ ਕਿਉਂਕਿ ਇਨ੍ਹਾਂ ਨੂੰ ਵਧਾਉਣ ਲਈ ਜੈਵਿਕ ਆਗਤਾਂ (ਇਨਪੁੱਟਸ) ਅਤੇ ਜੈਵਿਕ ਉਪਜਾਂ ਦੀ ਖੋਜ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ ਜੋ ਵਾਤਾਵਰਨ ਲਈ ਲੋੜੀਂਦਾ ਹੈ।

# ਗੁਆਚੇ ਹੋਏ ਪਲਾਂ ਦੀ ਦਾਸਤਾਂ

ਗੱਲ ਬਹੁਤ ਪੁਰਾਣੀ ਹੈ। ਉਦੋਂ ਚੌਥੀ ਜਮਾਤ ਦੀ ਵਿਦਿਆਰਥਣ ਸਾਂ। ਪੰਜਾਬੀ ਔਖੀ ਤਰ੍ਹਾਂ ਲਿਖ ਪੜ੍ਹ ਲੈਂਦੀ ਸਾਂ। ਘਰੇ ਸਾਹਿਤਕ ਮਾਹੌਲ ਸੀ। ਕਿਤਾਬਾਂ ਰਸਾਲੇ ਆਮ ਹੀ ਘਰ ਵਿਚ ਆਉਂਦੇ ਸਨ। ਤਸਵੀਰਾਂ ਦੇਖਣ ਦੇ ਲਾਲਚ ਵਿਚ ਮੈਂ ਵੀ ਵਰਕੇ ਫਰੋਲਣ ਲੱਗ ਪੈਂਦੀ। ਫਿਰ ਹੌਲੀ ਹੌਲੀ ਪੜ੍ਹਨ ਦੀ ਚੇਟਕ ਲੱਗ ਗਈ। ਵੱਡੇ ਲੇਖਕਾਂ ਦੀਆਂ ਰਚਨਾਵਾਂ ਸਮਝਣ ਜੋਗੀ ਉਮਰ ਤਾਂ ਉਦੋਂ ਨਹੀਂ ਸੀ, ਫਿਰ ਵੀ ਸ਼ੌਕ ਵਜੋਂ ਪੜ੍ਹਦੀ ਰਹਿੰਦੀ। ਸੁਫ਼ਨੇ 'ਚ ਵੀ ਨਹੀਂ ਸੀ ਸੋਚਿਆ ਕਿ ਖ਼ੁਦ ਵੀ ਮਾੜਾ ਮੋਟਾ ਲਿਖਣ ਲੱਗ ਜਾਵਾਂਗੀ।

ਪਹਿਲੀ ਵਾਰ ਕੁਝ ਲਿਖਿਆ ਤਾਂ ਆਮ

**ਜਗਦੀਸ਼ ਕੌਰ ਮਾਨ**
**ਫੋਨ: +91-78146-98117**

ਬੱਚਿਆਂ ਵਾਂਗ ਡਰ ਗਈ ਸਾਂ ਜਿਵੇਂ ਕੋਈ ਵੱਡਾ ਗੁਨਾਹ ਕਰ ਦਿੱਤਾ ਹੋਵੇ। ਉਹ ਵੇਲੇ ਹੀ ਅਜਿਹੇ ਸਨ; ਬੱਚਿਆਂ ਵਾਸਤੇ ਸਿਲੇਬਸ ਤੋਂ ਬਾਹਰਲੀ ਰਚਨਾ ਪੜ੍ਹਨੀ ਵਰਜਿਤ ਸੀ, ਲਿਖਣ ਦਾ ਤਾਂ ਸਵਾਲ ਹੀ ਨਹੀਂ ਸੀ। ਸੋ, ਆਪਣਾ ਲਿਖਿਆ ਵਰਕਾ ਕਾਪੀ ਵਿਚ ਲੁਕੋ ਕੇ ਬਸਤਾ ਪੂਰੀ ਚੌਕਸੀ ਨਾਲ ਸਾਂਭ-ਸਾਂਭ ਕੇ ਰੱਖਾਂ, ਮਤੇ ਮੇਰਾ ਲਿਖਿਆ ਕਿਸੇ ਦੇ ਨਜ਼ਰੀਂ ਨਾ ਪੈ ਜਾਵੇ। ਉਂਝ, ਬਹੁਤੀ ਹੁਸ਼ਿਆਰੀ ਨਾਲ ਬਸਤਾ ਸੰਭਾਲ ਕੇ ਰੱਖਣ ਦਾ ਸਿੱਟਾ ਇਹ ਨਿਕਲਿਆ ਕਿ ਭਰਾਵਾਂ ਨੂੰ ਸ਼ੱਕ ਹੋ ਗਿਆ ਕਿ ਜ਼ਰੂਰ ਮੈਂ ਸਕੂਲੋਂ ਕਿਸੇ ਦੀ ਕੋਈ ਚੀਜ਼ ਚੋਰੀ ਕਰ ਕੇ ਲਿਆਈ ਹਾਂ। ਵੱਡੇ ਭਰਾ ਨੇ ਝਪੱਟਾ ਮਾਰ ਕੇ ਬਸਤਾ ਮੈਥੋਂ ਖੋਹ ਲਿਆ ਤੇ ਕਿਤਾਬਾਂ ਕਾਪੀਆਂ ਫਰੋਲ ਸੁੱਟੀਆਂ, ਤੇ ਫਰੋਲਾ ਫਰਾਲੀ ਦੌਰਾਨ ਬਸਤੇ ਵਿਚੋਂ ਤਹਿ ਕੀਤਾ ਕਾਗਜ਼ ਨਿਕਲ ਆਇਆ। ਉਸ ਕਾਗਜ਼ 'ਤੇ ਮੈਂ ਉਨ੍ਹੀਂ ਦਿਨੀਂ ਵਾਪਰੀ ਇਕ ਘਟਨਾ ਨਾਟਕੀ ਢੰਗ ਨਾਲ ਲਿਖੀ ਹੋਈ ਸੀ। ਨਾਟਕ ਕੀ ਹੁੰਦਾ ਹੈ? ਕਿਵੇਂ ਲਿਖਿਆ ਜਾਂਦਾ ਹੈ? ਇਸ ਵਿਧਾ ਦਾ ਵਿਧੀ ਵਿਧਾਨ ਕੀ ਹੈ? ਪਾਤਰ ਚਿਤਰਨ ਕੀ ਹੁੰਦਾ ਹੈ? ਪਲਾਟ ਕਿਵੇਂ ਤਿਆਰ ਕੀਤਾ ਜਾਂਦਾ ਹੈ?... ਮੈਨੂੰ ਅਬੋਧ ਬਾਲੜੀ ਨੂੰ ਕੁਝ ਵੀ ਨਹੀਂ ਸੀ ਪਤਾ। ਮੈਂ ਤਾਂ ਬੱਸ ਆਪਣੇ ਮਨ ਵਿਚ ਉਠੇ ਵਲਵਲੇ ਕਾਗਜ਼ 'ਤੇ ਉਤਾਰ ਦਿੱਤੇ ਸਨ।

ਕਾਗਜ਼ ਖੋਹੇ ਜਾਣ 'ਤੇ ਮੈਂ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਹੁਣ ਅਗਿਓਂ ਇਹ ਮੁੰਡੇ ਪਿਤਾ ਜੀ ਨੂੰ ਸ਼ਿਕਾਇਤ ਲਾ ਕੇ ਕੀ ਕੁਝ ਕਰਵਾਉਣਗੇ?... ਭਲੀ-ਭਾਂਤ ਜਾਣਦੀ ਸਾਂ, ਇਸੇ ਕਰ ਕੇ ਡਰ ਨਾਲ ਕੰਬ ਰਹੀ ਸਾਂ।

ਬਾਜ਼ਾਰੋਂ ਸੌਦਾ ਪੱਤਾ ਲੈ ਕੇ ਮਾਂ ਘਰ ਆ ਗਈ ਸੀ। ਪਿਤਾ ਜੀ ਨੇ ਅਜੇ ਸ਼ਾਮ ਨੂੰ ਡਿਊਟੀ ਤੋਂ ਵਾਪਸ ਆਉਣਾ ਸੀ। ਭਰਾ ਕੱਛਾਂ ਵਜਾਉਂਦੇ ਫਿਰ ਰਹੇ ਸਨ ਕਿ ਅੱਜ ਇਹਦੇ ਕੁੱਟ ਪੈਂਦੀ ਦੇਖਾਂਗੇ ਤੇ ਮਜ਼ੇ ਲਵਾਂਗੇ। ਉਹ ਪਿਤਾ ਜੀ ਦੀ ਉਡੀਕ ਵਿਚ ਕਾਹਲੇ ਪੈ ਰਹੇ ਸਨ ਕਿ ਕਦੋਂ ਉਹ ਘਰ ਆਉਣ, ਕਦੋਂ ਕਾਗਜ਼ ਉਨ੍ਹਾਂ ਨੂੰ ਪੜ੍ਹਾਉਣ ਤੇ ਮੇਰੇ ਧੈਂਅ ਧੈਂਅ ਪੈਂਦੀਆਂ ਦੇਖਣ।

ਪਿਤਾ ਜੀ ਨੇ ਘਰ ਆ ਕੇ ਅਜੇ ਸਾਈਕਲ ਕੰਧ ਨਾਲ ਲਾਇਆ ਹੀ ਸੀ ਕਿ ਉਹ ਕਾਗਜ਼ ਫੜਾਉਣ ਲਈ ਭੱਜ ਪਏ। ਬਿਨਾਂ ਕੁਝ ਬੋਲੇ ਉਨ੍ਹਾਂ ਕਾਗਜ਼ ਪਿਤਾ ਜੀ ਦੇ ਹੱਥ ਵਿਚ ਫੜਾ ਦਿੱਤਾ। ਪਿਤਾ ਜੀ ਨੂੰ ਪਾਣੀ ਦਾ ਗਿਲਾਸ ਫੜਾਉਣ ਦਾ ਵੀ ਕਿਸੇ ਨੂੰ ਚੇਤਾ ਨਾ ਰਿਹਾ, ਮੇਰੇ ਤਾਂ ਭਲਾ ਕੀ ਚੇਤੇ ਰਹਿਣਾ ਸੀ! ਮੇਰੀ ਤਾਂ ਜਾਨ 'ਤੇ ਬਣੀ ਹੋਈ ਸੀ।

ਹੁਣ ਦੱਸਦੀ ਹਾਂ ਉਸ ਕਾਗਜ਼ 'ਤੇ ਮੈਂ ਕੀ ਲਿਖਿਆ ਸੀ:

ਅਸੀਂ ਲਾਗਲੇ ਪਿੰਡ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਜਾਂਦੇ ਸਾਂ। ਮੈਂ ਚੌਥੀ ਜਮਾਤ ਵਿਚ ਸੀ। ਮੈਥੋਂ ਵੱਡਾ ਭਰਾ ਪੰਜਵੀਂ ਜਮਾਤ ਦਾ ਵਿਦਿਆਰਥੀ ਸੀ। ਸਾਡੇ ਕੋਲ ਰਹਿੰਦਾ ਭੂਆ ਦਾ ਪੁੱਤ ਜਗਸੀਰ ਵੀ ਪੰਜਵੀਂ ਜਮਾਤ ਵਿਚ ਸੀ। ਸਾਰਿਆਂ ਤੋਂ ਛੋਟਾ ਭਰਾ ਦੂਜੀ ਜਮਾਤ ਵਿਚ ਪੜ੍ਹਦਾ ਸੀ। ਅਸੀਂ ਚਾਰੇ ਭੈਣ ਭਰਾ ਇਕੱਠੇ ਸਕੂਲ ਜਾਇਆ ਕਰਦੇ ਸਾਂ। ਕਈ ਦਿਨਾਂ ਤੋਂ ਹਰ ਰੋਜ਼ ਸਾਡੇ ਰਾਹ ਵਿਚ ਖੜ੍ਹਦੀ ਪੰਦਰਾਂ ਸੋਲਾਂ ਸਾਲਾਂ ਦੀ ਕੁੜੀ ਸਾਨੂੰ ਸਕੂਲ ਜਾਂਦਿਆਂ ਨੂੰ ਇਹ ਕਹਿ ਕੇ ਰਾਹ 'ਚੋਂ ਹੀ ਮੋੜ ਦਿੰਦੀ, "ਨਿਆਣਿਓ! ਮੁੜ ਜੋ ਘਰ ਨੂੰ, ਮੈਂ ਸਕੂਲ ਮੂਹਰਦੀ ਲੰਘ ਕੇ ਆਈ ਹਾਂ, ਸਕੂਲ ਤਾਂ ਅੱਜ ਛੁੱਟੀ ਐ।" ਅਸੀਂ ਜਵਾਕ ਕੁਝ ਤਾਂ ਉਸ ਤੋਂ ਡਰਦੇ ਮਾਰੇ ਤੇ ਕੁਝ ਛੁੱਟੀ ਦੇ ਚਾਅ ਨਾਲ ਘਰ ਨੂੰ ਮੁੜ ਆਉਂਦੇ, ਬਸਤੇ ਸੁੱਟਦੇ ਤੇ ਖੇਡਣ ਲੱਗ ਪੈਂਦੇ। ਉਦੋਂ ਤੱਕ ਪਿਤਾ ਜੀ ਤਾਂ ਡਿਊਟੀ 'ਤੇ ਜਾ ਚੁੱਕੇ ਹੁੰਦੇ। ਮਾਂ ਨੇ ਪੁੱਛਣਾ ਤਾਂ ਅਸੀਂ ਕਹਿ ਦੇਣਾ ਕਿ ਸਕੂਲੇ ਛੁੱਟੀ ਹੋ ਗਈ ਹੈ। ਕਈ ਦਿਨ ਇਉਂ ਹੀ ਉਹ ਸਾਨੂੰ ਰਾਹ ਵਿਚੋਂ ਮੋੜਦੀ ਰਹੀ ਤੇ ਅਸੀਂ ਮੌਜ ਮਸਤੀ ਵਿਚ ਖੇਡ ਕੁੱਦ ਕੇ ਸਮਾਂ ਲੰਘਾ ਲੈਂਦੇ। ਹੁਣ ਸੋਚਦੀ ਹਾਂ, ਉਹ ਇਉਂ ਕਿਉਂ ਕਰਦੀ ਸੀ? ਸ਼ਾਇਦ ਅਚੇਤ ਮਨ ਵਿਚ ਕਿਤੇ ਈਰਖਾ ਦੀ ਚੰਗਿਆੜੀ ਮਘ ਰਹੀ ਹੋਵੇ ਕਿ ਇਹ ਨਿੱਕੇ ਨਿੱਕੇ ਜਵਾਕ ਪੜ੍ਹ ਲਿਖ ਕੇ ਕੁਝ ਬਣ ਜਾਣਗੇ ਤੇ ਮੈਂ ਅਨਪੜ੍ਹ ਰਹਿ ਕੇ ਸਾਰੀ ਉਮਰ ਘਰ ਦੇ ਕੰਮਾਂ ਧੰਦਿਆਂ 'ਚ ਹੀ ਲੰਘਾ ਦੇਵਾਂਗੀ?

> **ਬਾਜ਼ਾਰੋਂ ਸੌਦਾ ਪੱਤਾ ਲੈ ਕੇ ਮਾਂ ਘਰ ਆ ਗਈ ਸੀ। ਪਿਤਾ ਜੀ ਨੇ ਅਜੇ ਸ਼ਾਮ ਨੂੰ ਡਿਊਟੀ ਤੋਂ ਵਾਪਸ ਆਉਣਾ ਸੀ। ਭਰਾ ਕੱਛਾਂ ਵਜਾਉਂਦੇ ਫਿਰ ਰਹੇ ਸਨ ਕਿ ਅੱਜ ਇਹਦੇ ਕੁੱਟ ਪੈਂਦੀ ਦੇਖਾਂਗੇ ਤੇ ਮਜ਼ੇ ਲਵਾਂਗੇ। ਉਹ ਪਿਤਾ ਜੀ ਦੀ ਉਡੀਕ ਵਿਚ ਕਾਹਲੇ ਪੈ ਰਹੇ ਸਨ ਕਿ ਕਦੋਂ ਉਹ ਘਰ ਆਉਣ, ਕਦੋਂ ਕਾਗਜ਼ ਉਨ੍ਹਾਂ ਨੂੰ ਪੜ੍ਹਾਉਣ ਤੇ ਮੇਰੇ ਧੈਂਅ ਧੈਂਅ ਪੈਂਦੀਆਂ ਦੇਖਣ।**

ਇਕ ਦਿਨ ਪਿਤਾ ਜੀ ਕੋਈ ਜ਼ਰੂਰੀ ਕਾਗਜ਼ ਘਰ ਭੁੱਲ ਗਏ। ਜਦੋਂ ਉਹ ਦਫਤਰੋਂ ਕਾਗਜ਼ ਲੈਣ ਆਏ ਤਾਂ ਅਸੀਂ ਸਾਰੇ ਖੇਡ ਰਹੇ ਸਾਂ। ਪਿਤਾ ਜੀ ਨੇ ਸਾਡੇ ਸਕੂਲ ਨਾ ਜਾਣ ਦਾ ਕਾਰਨ ਪੁੱਛਿਆ ਤਾਂ ਮਾਤਾ ਜੀ ਨੇ ਦੱਸਿਆ ਕਿ ਇਨ੍ਹਾਂ ਨੂੰ ਤਾਂ ਅੱਜ ਛੁੱਟੀ ਏ। ਪਿਤਾ ਜੀ ਨੂੰ ਪਤਾ ਸੀ ਕਿ ਅੱਜ ਕੋਈ ਛੁੱਟੀ ਨਹੀਂ, ਸ਼ਹਿਰ ਦੇ ਸਾਰੇ ਸਕੂਲ ਲੱਗੇ ਹੋਏ ਹਨ। ਜਦੋਂ ਸਾਡੀ ਖੜਕੈਤੀ ਹੋਈ ਤਾਂ ਸਾਨੂੰ ਸੱਚ ਦੱਸਣਾ ਪਿਆ, "ਨਾਮੋ ਕੀ ਬੰਸੋ ਸਾਨੂੰ ਕਈ ਦਿਨਾਂ ਤੋਂ ਰਾਹ 'ਚੋਂ ਈ ਮੋੜ ਦਿੰਦੀ ਆ ਕਿ ਸਕੂਲੇ ਤਾਂ ਅੱਜ ਛੁੱਟੀ ਐ।" ਗੱਲ ਸੁਣਦਿਆਂ ਹੀ ਪਿਤਾ ਜੀ ਦਾ ਪਾਰਾ ਚੜ੍ਹ ਗਿਆ। ਪਹਿਲਾਂ ਤਾਂ ਮਾਤਾ ਜੀ ਦੀ ਸ਼ਾਮਤ ਆਈ ਕਿ ਏਨੇ ਦਿਨਾਂ ਦਾ ਦੱਸਿਆ ਕਾਹਤੋਂ ਨਾ? ਫਿਰ ਉਹ ਸਾਨੂੰ ਅੱਧੀ ਦੁਪਹਿਰ ਬਸਤੇ ਚੁਕਵਾ ਕੇ ਸਕੂਲ ਛੱਡ ਕੇ ਆਏ। ਬੰਸੋ ਨੂੰ ਵੀ ਸਖ਼ਤੀ ਨਾਲ ਅਜਿਹਾ ਝਿੜਕਿਆ ਕਿ ਉਸ ਦਿਨ ਤੋਂ ਬਾਅਦ ਉਸ ਦੀ ਇਹੋ ਜਿਹੀ ਹਰਕਤ ਕਰਨ ਦੀ ਹਿੰਮਤ ਨਹੀਂ ਪਈ। ਮੇਰੇ ਬਾਲ ਮਨ 'ਤੇ ਇਸ ਘਟਨਾ ਦਾ ਬਹੁਤ ਬੁਰਾ ਅਸਰ ਪਿਆ ਤੇ ਮੈਂ ਸਾਰੀ ਘਟਨਾ ਨੂੰ ਨਾਟਕੀ ਰੂਪ ਦੇ ਦਿੱਤਾ ਸੀ।

ਪਿਤਾ ਜੀ ਜਿਵੇਂ-ਜਿਵੇਂ ਪੜ੍ਹਦੇ ਗਏ, ਉਨ੍ਹਾਂ ਦਾ ਚਿਹਰਾ ਗੰਭੀਰ ਹੁੰਦਾ ਗਿਆ। ਫਿਰ ਉਨ੍ਹਾਂ ਉਸ ਕਾਗਜ਼ ਦੇ ਟੁਕੜੇ-ਟੁਕੜੇ ਕਰ ਕੇ ਕੂੜਾਦਾਨ ਵਿਚ ਸੁੱਟ ਦਿੱਤੇ।

ਹੁਣ ਸੋਚਦੀ ਹਾਂ, ਕਾਸ਼! ਪਿਤਾ ਜੀ ਮੇਰੀ ਪਹਿਲੀ ਲਿਖਤ ਬਾਬਤ ਚੁੱਪ ਨਾ ਵੱਟਦੇ!! ਚੰਗਾ ਜਾਂ ਮੰਦਾ ਕੁਝ ਤਾਂ ਬੋਲਦੇ!!! ਉਨ੍ਹਾਂ ਦੀ ਜ਼ਰਾ ਜਿੰਨੀ ਹੱਲਾਸ਼ੇਰੀ ਨਾਲ ਮੈਂ ਵਧੀਆ ਲਿਖਾਰੀ ਬਣ ਸਕਦੀ ਸੀ ਪਰ ਖੁੰਝ ਗਏ ਵੇਲੇ ਦਾ ਕੋਈ ਕੀ ਕਰੇ!

# ਪਿੰਡ ਚਕਰ ਦੀ ਖੇਡ ਗਾਥਾ ਪੜ੍ਹਦਿਆਂ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661
principalsarwansingh@gmail.com

'ਇੱਕ ਪਿੰਡ ਦੀ ਖੇਡ ਗਾਥਾ' ਪੁਸਤਕ ਮਾਡਲ ਪਿੰਡ ਚਕਰ ਦਾ ਖੇਡ ਇਤਿਹਾਸ ਹੈ ਜੋ ਚਕਰ ਦੇ ਜੰਮਪਲ ਪ੍ਰਿੰਸੀਪਲ ਡਾ. ਬਲਵੰਤ ਸਿੰਘ ਸੰਧੂ ਨੇ ਲਿਖਿਆ ਹੈ। ਉਹ ਖੋਜੀ ਲੇਖਕ ਹੈ ਜਿਸ ਨੇ ਪੰਜਾਬੀ ਖੇਡ ਸਾਹਿਤ ਦਾ ਪਹਿਲਾ ਨਾਵਲ 'ਗੁੰਮਨਾਮ ਚੈਂਪੀਅਨ' ਅਤੇ ਦੂਜਾ ਨਾਵਲ 'ਗੋਲਡਨ ਪੰਚ' ਲਿਖੇ ਹਨ। 'ਗੁੰਮਨਾਮ ਚੈਂਪੀਅਨ' ਰੁਸਤਮ ਪਹਿਲਵਾਨ ਦਾਰਾ ਸਿੰਘ ਦੁਲਚੀਪੁਰੀਏ ਬਾਰੇ ਤੇ 'ਗੋਲਡਨ ਪੰਚ' ਮੁੱਕੇਬਾਜ਼ੀ ਦੇ ਸ਼ਹਿਨਸ਼ਾਹ ਮੁਹੰਮਦ ਅਲੀ ਨਾਲ ਭਿੜੇ ਏਸ਼ੀਆ ਦੇ ਚੈਂਪੀਅਨ ਮੁੱਕੇਬਾਜ਼ ਪਦਮ ਸ੍ਰੀ ਕੌਰ ਸਿੰਘ ਬਾਰੇ ਹਨ। ਬਲਵੰਤ ਸਿੰਘ ਨੇ ਪੰਜਾਬੀ ਦੀਆਂ 'ਚੋਣਵੀਆਂ ਖੇਡ ਕਹਾਣੀਆਂ' ਦੀ ਸੰਪਾਦਨਾ ਵੀ ਕੀਤੀ ਹੈ ਤੇ ਕੁਝ ਹੋਰ ਕਿਤਾਬਾਂ ਲਿਖਣ ਦੇ ਨਾਲ 'ਚਾਨਣ ਮੁਨਾਰਾ ਚਕਰ' ਪੁਸਤਕ ਵੀ ਲਿਖੀ ਹੈ। 'ਚਾਨਣ ਮੁਨਾਰਾ ਚਕਰ' ਹੋਰਨਾਂ ਪਿੰਡਾਂ ਲਈ ਪ੍ਰੇਰਣਾਮਈ ਪੁਸਤਕ ਸਾਬਤ ਹੋਈ ਹੈ। ਉਸ ਨੂੰ ਪੜ੍ਹ ਕੇ ਕਈ ਪਿੰਡ ਚਕਰ ਦੀ ਰੀਸੇ ਵਿਕਾਸ ਦੇ ਰਾਹ ਪਏ ਹਨ। ਚਕਰ ਦੀ ਖੇਡ ਗਾਥਾ ਪੜ੍ਹ ਕੇ ਹੋਰਨਾਂ ਪਿੰਡਾਂ ਦੇ ਵਿਦਿਆਰਥੀ ਤੇ ਨੌਜੁਆਨ ਵੀ ਮਾੜੀਆਂ ਆਦਤਾਂ ਛੱਡ ਕੇ ਸਿਹਤਮੰਦ ਖੇਡ ਸਭਿਆਚਾਰ ਦੇ ਰਾਹ ਪੈ ਸਕਦੇ ਹਨ।

ਇਥੇ 'ਚਾਨਣ ਮੁਨਾਰਾ ਚਕਰ' ਪੁਸਤਕ ਦੀਆਂ ਕੁਝ ਸਤਰਾਂ ਅੰਕਿਤ ਕਰਨੀਆਂ ਵਾਜਬ ਹੋਣਗੀਆਂ: ਸਾਥੋਂ ਅਕਸਰ ਪੁੱਛਿਆ ਜਾਂਦੈ ਕਿ ਸਾਡੇ ਪਿੰਡ ਦੀ ਕਾਇਆ ਕਲਪ ਕਿਵੇਂ ਹੋਈ? ਕਿਵੇਂ ਸਪੋਰਟਸ ਅਕੈਡਮੀ ਸ਼ੁਰੂ ਹੋਈ, ਕਿਵੇਂ ਸਰਕਾਰੀ ਮਦਦ ਤੋਂ ਬਿਨਾਂ ਹੀ ਹਜ਼ਾਰ ਤੋਂ ਵੱਧ ਘਰਾਂ ਦਾ ਸੀਵਰੇਜ ਪਾਇਆ ਗਿਆ, ਕਿਵੇਂ ਪਿੰਡ ਦੀਆਂ ਸੱਥਾਂ ਅਤੇ ਭਾਈਚਾਰਕ ਸਾਂਝ ਕੇਂਦਰਾਂ ਨੂੰ ਬਣਾਇਆ ਤੇ ਨਵਿਆਇਆ ਗਿਆ? ਕਿਵੇਂ ਗਲ਼ੀਆਂ ਨਵੇਂ ਸਿਰਿਓਂ ਪੱਕੀਆਂ ਤੇ ਖੁੱਲ੍ਹੀਆਂ ਕੀਤੀਆਂ ਗਈਆਂ ਤੇ ਕਿਵੇਂ ਹਜ਼ਾਰਾਂ ਰੁੱਖ ਬੂਟੇ ਲਾ ਕੇ ਪਿੰਡ ਨੂੰ ਹਰਿਆਵਲਾ ਬਣਾਇਆ ਗਿਆ? ਕਿਵੇਂ ਛੱਪੜਾਂ ਨੂੰ ਨਿਰਮਲ ਝੀਲਾਂ ਬਣਾ ਕੇ ਜਜ਼ੀਰੇ ਸਿਰਜੇ ਗਏ ਅਤੇ ਜੀਵ ਜੰਤੂਆਂ ਤੇ ਪੰਖੇਰੂਆਂ ਨੂੰ ਟਿਕਾਣੇ ਦਿੱਤੇ, ਕਿਵੇਂ ਜੀਵਾਂ ਜੰਤੂਆਂ ਦੀ ਸਹਿਹੋਂਦ ਨੂੰ ਅਮਲੀ ਜਾਮਾ ਪੁਆਇਆ ਤੇ ਕਿਵੇਂ ਦੂਸ਼ਿਤ ਵਾਤਾਵਰਣ ਨੂੰ ਸ਼ੁੱਧ ਕੀਤਾ? ਕਿਵੇਂ ਪਿੰਡ ਵਾਸੀਆਂ ਨੂੰ ਏਕਤਾ ਦੇ ਸੂਤਰ ਵਿਚ ਪ੍ਰੋਇਆ ਤੇ ਉਨ੍ਹਾਂ ਰਾਹੀਂ ਅਸੰਭਵ ਜਾਪਦੇ ਕਾਰਜ ਸੰਭਵ ਬਣਾਏ ਗਏ ਅਤੇ ਕਿਵੇਂ ਨਵੀਂ ਪੀੜ੍ਹੀ ਨੂੰ ਨਸ਼ਿਆਂ ਵੱਲੋਂ ਹੋੜਿਆ ਤੇ ਉਸਾਰੂ ਖੇਡ ਸਭਿਆਚਾਰ ਦੇ ਰਾਹ ਪਾਇਆ ਗਿਆ? ਇਨ੍ਹਾਂ ਸਭਨਾਂ ਸੁਆਲਾਂ ਦਾ ਜਵਾਬ ਹੈ, ਪਿੰਡ ਦਾ ਇਤਫਾਕ। ਪਿੰਡ ਦੇ ਸਭਨਾਂ ਨੌਜੁਆਨਾਂ ਤੇ ਮਾਈਆਂ ਭਾਈਆਂ ਦੀ ਵਧ ਚੜ੍ਹ ਕੇ ਕੀਤੀ ਨਿਸ਼ਕਾਮ ਸੇਵਾ। ਮੋਟੇ ਅੰਦਾਜ਼ੇ ਮੁਤਾਬਕ ਦਸ ਕਰੋੜ ਦੀ ਕਾਰ ਸੇਵਾ ਹੋਈ ਤੇ ਦਸ ਕਰੋੜ ਦੀ ਪੂੰਜੀ ਲੱਗੀ। ਪਰ ਕਿਸੇ ਦੇ ਵੀ ਨਾਂ ਦੀ ਕੋਈ ਦਾਨ ਸ਼ਿਲਾ ਨਹੀਂ ਲਾਈ ਗਈ ਤਾਂ ਕਿ ਸਭ ਬਰਾਬਰ ਸਮਝੇ ਜਾਣ।

ਡਾ. ਬਲਵੰਤ ਸਿੰਘ ਨੇ ਪੀਐੱਚਡੀ ਬੇਸ਼ਕ 'ਪੰਜਾਬੀ ਕਹਾਣੀ: ਨਵੇਂ ਪ੍ਰਤੀਮਾਨ' ਦੇ ਵਿਸ਼ੇ 'ਤੇ ਕੀਤੀ ਹੈ ਪਰ ਨਾਮਣਾ ਖੱਟ ਰਿਹੈ ਚਕਰ ਵਿਚ ਸਪੋਰਟਸ ਅਕੈਡਮੀ ਸ਼ੁਰੂ ਕਰ ਕੇ ਤੇ ਖੇਡ ਸਾਹਿਤ ਰਚ ਕੇ। ਆਪਣੇ ਭਤੀਜੇ ਦੀ ਪੁਸਤਕ ਬਾਰੇ ਲਿਖਣਾ ਲੱਗਦਾ ਤਾਂ ਅਜੀਬ ਹੈ ਪਰ ਖ਼ੁਦ ਖੇਡ ਲੇਖਕ ਹੋਣ ਦੇ ਨਾਤੇ ਮੈਥੋਂ ਚੰਗੀ ਖੇਡ ਪੁਸਤਕ ਦੀ ਪ੍ਰਸ਼ੰਸਾ ਕਰੇ ਬਿਨਾਂ ਨਹੀਂ ਰਿਹਾ ਜਾ ਸਕਦਾ। ਇਹ ਪੁਸਤਕ ਪੜ੍ਹ ਕੇ ਹੋਕਾ ਦਿੰਦਾ ਹਾਂ ਕਿ ਹੋਰਨਾਂ ਪਿੰਡਾਂ ਦੇ ਖੇਡ ਇਤਿਹਾਸ ਤੇ ਖੇਡ ਸਭਿਆਚਾਰ ਬਾਰੇ ਵੀ ਪੁਸਤਕਾਂ ਲਿਖੀਆਂ ਜਾਣ। ਡਾ. ਪੋਥਿੰਦਰ ਸਿੰਘ ਕੁਲਾਰ ਨੇ ਆਪਣੇ ਪਿੰਡ ਬਾਰੇ ਬੜੀ ਖੋਜ ਕਰ ਕੇ 'ਸੰਸਾਰਪੁਰ ਹਾਕੀ ਦਾ ਘਰ' ਨਾਂ ਦੀ ਪੁਸਤਕ ਲਿਖੀ ਹੈ। ਮੈਂ ਚਾਹੁੰਦਾ ਹਾਂ ਕਿ ਜਿਨ੍ਹਾਂ ਪਿੰਡਾਂ ਬਾਰੇ ਪੁਸਤਕਾਂ ਲਿਖੀਆਂ ਜਾਣ ਉਥੋਂ ਦੇ ਹਰੇਕ ਘਰ, ਰਿਸ਼ਤੇਦਾਰੀਆਂ ਤੇ ਪਾਠਕਾਂ ਦੇ ਘਰਾਂ ਦਾ ਸ਼ਿੰਗਾਰ ਵੀ ਬਣਨ।

ਇਸ ਪੁਸਤਕ ਦਾ ਤਤਕਰਾ ਹੈ: ਚਕਰ ਦੇ ਖੇਡ ਝਰੋਖੇ 'ਚੋਂ, ਚਕਰ ਦਾ ਖੇਡ ਸਭਿਆਚਾਰ, ਖੇਡਾਂ ਵਾਲਾ ਪਿੰਡ, ਖੇਡਾਂ 'ਚੋਂ ਝਲਕਦੀ ਜ਼ਿੰਦਗੀ, ਸਿਮਰਨਜੀਤ-ਸੰਘਰਸ਼ ਤੋਂ ਸਨਮਾਨ ਤੱਕ, ਚਕਰ ਬਾਕਸਿੰਗ ਦਾ ਪਹੁਫੁਟਾਲਾ, ਮੇਰੇ ਵਿਦਿਆਰਥੀ ਜੀਵਨ ਦੇ ਖੇਡ ਤਜਰਬੇ, ਚਕਰ ਬਾਕਸਿੰਗ-ਪਹੁਫੁਟਾਲੇ ਤੋਂ ਸਿਖਰ ਦੁਪਹਿਰ ਵੱਲ, ਵਿਰਾਸਤੀ ਖੇਡਾਂ ਤੇ ਬੋਰੀ ਚੁੱਕਣਾ, ਅਥਲੀਟਾਂ ਦੀਆਂ ਅੜੀਆਂ, ਚਕਰ ਦੀ ਹਾਕੀ ਤੇ ਕਪਤਾਨਾਂ ਦਾ ਕਪਤਾਨ ਜਸਵੰਤ ਸਿੰਘ ਸੰਧੂ, ਵਾਲੀਬਾਲ ਦੀਆਂ ਵੌਲੀਆਂ, ਫੁੱਟਬਾਲ-ਤਾਕਤ ਤੋਂ ਤਕਨੀਕ ਵੱਲ, ਪਾਣੀਆਂ ਦੀ ਹਿੱਕ 'ਤੇ ਤੈਰਦਾ ਚਕਰੀਆ: ਅਮਰਜੀਤ ਸਿੰਘ ਸੰਧੂ, ਬਾਸਕਟਬਾਲ ਦੇ ਟੱਪੇ, ਕਬੱਡੀ ਦੀ ਮਾਣਮੱਤੀ ਵਿਰਾਸਤ, ਕਬੱਡੀ ਦਾ ਸੁਨਹਿਰਾ ਦੌਰ, ਚਕਰ ਦੇ ਖੇਡ ਸਭਿਆਚਾਰ ਦਾ ਧਰੂ ਤਾਰਾ-ਅਜਮੇਰ ਸਿੰਘ ਸਿੱਧੂ ਅਤੇ ਚਕਰ ਦੀ ਪੰਜਾਬੀ ਖੇਡ ਸਾਹਿਤ ਨੂੰ ਦੇਣ।

ਕਦੇ ਲੜਾਈਆਂ ਭਿੜਾਈਆਂ ਵਾਲਾ ਸਮਝਿਆ ਜਾਂਦਾ ਪਿੰਡ ਚਕਰ ਖੇਡਾਂ ਵਿਚ, ਖ਼ਾਸ ਕਰਕੇ ਬਾਕਸਿੰਗ ਵਿਚ ਹੁਣ ਵਿਸ਼ੇਸ਼ ਸਥਾਨ ਹਾਸਲ ਕਰ ਚੁੱਕਾ ਹੈ। ਇਸ ਪਿੰਡ ਨੇ ਬਾਕਸਿੰਗ ਵਿਚ ਪੰਜਾਬ ਦੀ ਪਹਿਲੀ ਓਲੰਪੀਅਨ ਅਤੇ ਅਰਜੁਨਾ ਐਵਾਰਡੀ ਸਿਮਰਨਜੀਤ ਕੌਰ ਬਾਠ ਉਰਫ਼ 'ਸਿਮਰ ਚਕਰ', ਜੂਨੀਅਰ ਵਿਸ਼ਵ ਚੈਂਪੀਅਨ ਮਨਦੀਪ ਕੌਰ ਸੰਧੂ, ਅੰਤਰਰਾਸ਼ਟਰੀ ਖਿਡਾਰਨਾਂ ਸ਼ਵਿੰਦਰ ਕੌਰ ਸਿੱਧੂ ਤੇ ਹਰਪ੍ਰੀਤ ਕੌਰ ਸਿੱਧੂ ਦੇ ਰੂਪ ਵਿਚ ਅਜਿਹੀਆਂ ਸ਼ੇਰ ਦਿਲ ਲੜਕੀਆਂ ਪੈਦਾ ਕੀਤੀਆਂ ਹਨ ਜਿਨ੍ਹਾਂ ਨੇ ਚਕਰ ਦੇ ਖੇਡ ਇਤਿਹਾਸ ਵਿਚ ਨਵਾਂ ਮੀਲ ਪੱਥਰ ਗੱਡ




ਦਿੱਤਾ ਹੈ। ਪ੍ਰੋਫੈਸ਼ਨਲ ਬਾਕਸਿੰਗ ਵਿਚ ਵੀ ਸੁਖਦੀਪ ਚਕਰੀਏ ਨੇ ਕੌਮਾਂਤਰੀ ਰਿੰਗਾਂ 'ਚ ਚੰਗਾ ਨਾਂ ਕਮਾਇਆ ਹੈ। ਫੁੱਟਬਾਲ ਵਿਚ ਕਈ ਖਿਡਾਰੀ ਕੌਮੀ ਪੱਧਰ 'ਤੇ ਚਮਕੇ ਹਨ। ਚਕਰ ਦੇ ਕਈ ਫੁੱਟਬਾਲਰਾਂ ਨੇ ਭਾਰਤ ਦੀਆਂ ਕਈ ਨਾਮੀ ਕਲੱਬਾਂ ਵਿਚ ਆਪਣੀ ਖੇਡ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ ਹੈ। ਜਗਵਿੰਦਰ ਸਿੰਘ ਸੰਧੂ ਡਿਕੈਥਲੋਨ ਦਾ ਦੋ ਵਾਰ ਜੂਨੀਅਰ ਨੈਸ਼ਨਲ ਚੈਂਪੀਅਨ ਬਣਿਆ ਤੇ ਹਾਕੀ ਦੀ ਖੇਡ ਵਿਚ ਗੁਰਵਿੰਦਰ ਸਿੰਘ ਸੰਧੂ ਨੇ ਭਾਰਤ ਦੀ ਜੂਨੀਅਰ ਹਾਕੀ ਟੀਮ ਵਿਚ ਸ਼ਮੂਲੀਅਤ ਕੀਤੀ। ਕਬੱਡੀ ਵਿਚ ਵੀ ਕਰਮੇ ਤੇ ਕਾਕੇ ਵਾਂਗ ਕਈ ਚੋਬਰਾਂ ਨੇ ਚੋਖਾ ਨਾਮਣਾ ਖੱਟਿਆ ਹੈ। ਵਿਰਾਸਤੀ ਖੇਡਾਂ ਵਿਚ ਵੀ ਚਕਰੀਆਂ ਦੀ ਝੰਡੀ ਰਹੀ ਹੈ ਅਤੇ ਖੇਡ ਸਾਹਿਤ ਸਿਰਜਣ ਵਿਚ ਵੀ ਭਰਵਾਂ ਯੋਗਦਾਨ ਪਾਇਆ ਹੈ। 216 ਪੰਨਿਆਂ ਦੀ ਇਸ ਪੁਸਤਕ ਵਿਚੋਂ ਬੜਾ ਰੌਚਕ ਬਿਰਤਾਂਤ ਪੜ੍ਹਿਆ ਜਾ ਸਕਦਾ ਹੈ।

ਲੇਖਕ ਦੇ ਸ਼ਬਦ ਹਨ: 2005 ਤੋਂ ਚਕਰ ਵਿਚ ਬਾਕਸਿੰਗ ਦੀ ਸ਼ੁਰੂਆਤ ਕਰਵਾਉਣ ਤੋਂ ਲੈ ਕੇ ਅਠਾਰਾਂ-ਉੱਨੀ ਸਾਲਾਂ ਤੋਂ ਚਕਰ ਦੇ ਖੇਡ ਪ੍ਰਬੰਧਾਂ ਨਾਲ਼ ਜੁੜਿਆ ਹੋਣ ਕਰਕੇ ਖੇਡ ਪ੍ਰੇਮੀਆਂ ਵੱਲੋਂ ਮੈਨੂੰ ਕਈ ਵਾਰ ਪੁੱਛ ਲਿਆ ਜਾਂਦਾ ਹੈ ਕਿ ਪਿੰਡ ਚਕਰ ਨੇ ਓਲੰਪੀਅਨ, ਵਿਸ਼ਵ ਚੈਂਪੀਅਨ ਅਤੇ ਅੰਤਰਰਾਸ਼ਟਰੀ ਖਿਡਾਰੀ ਕਿਵੇਂ ਤਿਆਰ ਕੀਤੇ? ਇਹ ਕਾਰਜ ਕਿਵੇਂ ਕੀਤਾ ਜਾ ਸਕਦਾ ਹੈ? ਅਸਲ ਵਿਚ ਜਿਸ ਬਾਕਸਿੰਗ ਕਰਕੇ ਚਕਰ ਨੂੰ ਹੁਣ 'ਮਿੰਨੀ ਕਿਊਬਾ' ਕਿਹਾ ਜਾਂਦਾ ਹੈ, ਉਸ ਦੇ ਬੀਜ 1986-87 ਵਿਚ ਅਚਨਚੇਤ ਹੀ ਬੀਜੇ ਗਏ ਸਨ। ਉਨ੍ਹਾਂ ਨੂੰ ਮੌਲਣ ਦਾ ਮੌਕਾ 2005 ਤੋਂ ਮਿਲਣ ਲੱਗਾ। ਫਿਰ ਚਕਰ ਦੀਆਂ ਖੇਡਾਂ ਦੀ ਪੈੜ ਨੱਪਦਿਆਂ ਗੱਲ ਪਿਛਲੇ ਕਈ ਦਹਾਕਿਆਂ ਦੇ ਫਲ-ਫੁੱਲ ਰਹੇ ਖੇਡ ਸਭਿਆਚਾਰ ਤੱਕ ਚਲੀ ਗਈ। ਪਤਾ ਲੱਗਿਆ ਕਿ ਚਕਰੀਏ ਬੋਰੀਆਂ ਵੀ ਚੁੱਕਦੇ ਰਹੇ ਹਨ ਤੇ ਹਾਕੀ ਵੀ ਖੇਡਦੇ ਰਹੇ ਹਨ। ਹਾਕੀ ਵਿਚ ਅੰਤਰਰਾਸ਼ਟਰੀ ਕਪਤਾਨ ਪੈਦਾ ਕਰਨ, ਅਥਲੈਟਿਕਸ ਵਿਚ ਰਾਸ਼ਟਰੀ ਪੱਧਰ 'ਤੇ ਰਿਕਾਰਡ ਕਾਇਮ ਕਰਨ, ਕਬੱਡੀ ਦੇ ਕੌਮਾਂਤਰੀ ਖਿਡਾਰੀ ਪੈਦਾ ਕਰਨ, ਬਾਕਸਿੰਗ ਵਿਚ ਇੱਕ ਓਲੰਪੀਅਨ ਤੇ ਇੱਕ ਵਿਸ਼ਵ ਚੈਂਪੀਅਨ ਸਮੇਤ ਸੱਤ ਅੰਤਰਰਾਸ਼ਟਰੀ, ਦੋ ਦਰਜਨ ਦੇ ਕਰੀਬ ਰਾਸ਼ਟਰੀ ਅਤੇ ਸੌ ਦੇ ਕਰੀਬ ਸੂਬਾ ਪੱਧਰ ਦੇ ਖਿਡਾਰੀ ਤਿਆਰ ਕਰਨ, ਫੁੱਟਬਾਲ ਤੇ ਤੈਰਾਕੀ ਵਿਚ ਨੈਸ਼ਨਲ ਪੱਧਰ 'ਤੇ ਖਿਡਾਰੀ ਪੈਦਾ ਕਰਨ ਦਾ ਮਾਣ ਪਿੰਡ ਚਕਰ ਨੂੰ ਪ੍ਰਾਪਤ ਹੈ। ਖੇਡ ਖੇਤਰ ਵਿਚ ਚਕਰ ਦੀਆਂ ਲੜਕੀਆਂ ਨੇ ਲੜਕਿਆਂ ਨਾਲ਼ੋਂ ਵੀ ਵੱਧ ਨਾਂ ਕਮਾਇਆ ਹੈ। ਚਕਰ 'ਚੋਂ ਖਿਡਾਰੀ ਹੀ ਨਹੀਂ ਚੋਟੀ ਦੇ ਖੇਡ ਲੇਖਕ ਵੀ ਪੈਦਾ ਹੋਏ ਹਨ।


ਇਸ ਪੁਸਤਕ ਵਿਚ ਚਕਰ ਬਾਰੇ ਸੰਖੇਪ ਜਾਣਕਾਰੀ, ਓਲੰਪੀਅਨ ਅਤੇ ਅਰਜੁਨਾ ਐਵਾਰਡੀ ਸਿਮਰਨਜੀਤ ਕੌਰ ਦੇ ਸੰਘਰਸ਼ ਬਾਰੇ, ਚਕਰ 'ਚ ਬਾਕਸਿੰਗ ਅਕੈਡਮੀ ਦੀ ਸ਼ੁਰੂਆਤ, ਮੇਰੇ ਖ਼ੁਦ ਦੇ ਖੇਡ ਤਜਰਬਿਆਂ, ਚਕਰ ਦੇ ਖੇਡ ਸੰਸਾਰ ਤੇ ਵਿਰਾਸਤੀ ਖੇਡਾਂ ਬਾਰੇ ਦੱਸਿਆ ਗਿਆ ਹੈ। ਚਕਰ ਦੇ ਇਹ ਖੇਡ ਰੰਗ ਹਰ ਪਿੰਡ ਦੇ ਰੰਗ ਹੋ ਸਕਦੇ ਹਨ। ਚਕਰ ਦੇ ਖਿਡਾਰੀ ਰਹੇ ਤੇ ਮਸੀਹੇ ਬਣੇ ਅਜਮੇਰ ਸਿੰਘ ਸਿੱਧੂ ਅਤੇ ਪੰਜਾਬੀ ਖੇਡ ਸਾਹਿਤ ਦੇ ਬਾਬਾ ਬੋਹੜ ਪ੍ਰਿੰਸੀਪਲ ਸਰਵਣ ਸਿੰਘ ਦੀਆਂ ਖੇਡ ਲਿਖਤਾਂ ਵਿਚੋਂ ਚਕਰ ਦੇ ਖੇਡ ਸਭਿਆਚਾਰ ਦੀ ਰੂਹ ਪਛਾਣੀ ਜਾ ਸਕਦੀ ਹੈ। ਚਕਰ ਦੇ ਖੇਡ ਝਰੋਖੇ 'ਚੋਂ ਉੱਨੀ ਇੱਕੀ ਦੇ ਫ਼ਰਕ ਨਾਲ਼ ਪੰਜਾਬ ਦੇ ਸਮੂਹ ਪਿੰਡਾਂ ਦੇ ਖੇਡ ਸਭਿਆਚਾਰ ਦੇ ਦੀਦਾਰ ਕੀਤੇ ਜਾ ਸਕਦੇ ਹਨ।

ਇਸ ਪੁਸਤਕ ਨੂੰ ਵਾਚਦਿਆਂ ਸਰਕਾਰੀ ਸੰਸਥਾਵਾਂ ਵਿਚ ਬੈਠੇ ਖੇਡ ਪ੍ਰਬੰਧਕ ਅਤੇ ਖੇਡ ਚਿੰਤਕ ਪਿੰਡਾਂ ਬਾਰੇ ਨਵੀਆਂ ਖੇਡ ਨੀਤੀਆਂ ਬਣਾ ਸਕਦੇ ਹਨ। ਅਧਿਆਪਕ ਆਪਣੀਆਂ ਜਮਾਤਾਂ ਵਿਚ ਜਨੂੰਨੀ ਵਿਦਿਆਰਥੀਆਂ ਤੇ ਖਿਡਾਰੀਆਂ ਨੂੰ ਪਛਾਣ ਕੇ ਉਨ੍ਹਾਂ ਨੂੰ ਸਹੀ ਰਾਹ ਦਿਖਾ ਸਕਦੇ ਹਨ। ਪਿੰਡਾਂ ਦੀ ਪ੍ਰਤਿਭਾ ਨੂੰ ਅਜਾਈਂ ਜਾਣ ਤੋਂ ਰੋਕਣ ਲਈ ਸਮੇਂ ਸਿਰ ਢੁੱਕਵੇਂ ਕਦਮ ਚੁੱਕੇ ਜਾ ਸਕਦੇ ਹਨ। ਆਪਣੇ ਵਤਨ ਲਈ ਕੁਝ ਕਰਨ ਦੀ ਚਾਹਤ ਰੱਖਣ ਵਾਲੇ ਪਰਵਾਸੀ ਵੀਰ ਆਪਣੇ ਪਿੰਡਾਂ ਵਿਚ ਖੇਡ ਅਕੈਡਮੀਆਂ ਚਲਾਉਣ 'ਚ ਯੋਗਦਾਨ ਪਾ ਸਕਦੇ ਹਨ ਅਤੇ ਪੰਜਾਬ ਦੀ ਜਵਾਨੀ ਨੂੰ ਸੰਭਾਲਣ ਲਈ ਚੰਗਾ ਉਪਰਾਲਾ ਕਰ ਸਕਦੇ ਹਨ। ਪੰਜਾਬ ਦੀ ਤਾਸੀਰ ਹੀ ਅਜਿਹੀ ਹੈ ਕਿ ਪਿੰਡ-ਪਿੰਡ, ਸ਼ਹਿਰ-ਸ਼ਹਿਰ ਅੰਤਰਰਾਸ਼ਟਰੀ ਅਤੇ ਓਲੰਪੀਅਨ ਖਿਡਾਰੀ ਬਣਨ ਦੀ ਸੰਭਾਵਨਾ ਹੈ। ਪੰਜਾਬ ਵਿਚ ਸਭ ਕੁਝ ਹੈ ਪਰ ਠੋਸ ਪ੍ਰਬੰਧਾਂ ਤੇ ਯੋਗ ਖੇਡ ਨੀਤੀਆਂ ਦੀ ਕਮੀ ਕਾਰਨ ਚੰਗੇ ਨਤੀਜੇ ਨਹੀਂ ਮਿਲ ਰਹੇ। ਪੰਜਾਬ ਨੂੰ ਵਸੀਲਿਆਂ ਤੇ ਸੁਹਿਰਦ ਹੀਲਿਆਂ ਦੀ ਲੋੜ ਹੈ।

**ਜਿੱਥੇ-ਜਿੱਥੇ ਵੀ ਜਜ਼ਬਾ ਤੇ ਜਨੂੰਨ ਹੈ, ਲਗਨ ਹੈ, ਟੀਮ ਵਰਕ ਹੈ, ਇੱਕ ਦੂਜੇ ਨੂੰ ਉਭਾਰਨ ਦੀ ਸੁਹਿਰਦ ਭਾਵਨਾ ਹੈ, ਚੰਗੇ ਨਤੀਜੇ ਆਉਣ ਦੀ ਸੰਭਾਵਨਾ ਆਪੇ ਬਣ ਜਾਂਦੀ ਹੈ। ਜਦੋਂ ਤੱਕ ਖੇਡ ਪ੍ਰਬੰਧਾਂ ਤੇ ਉਨ੍ਹਾਂ ਦੀਆਂ ਤੰਦਾਂ ਨਾਲ਼ ਜੁੜੇ ਅਧਿਕਾਰੀ ਤੇ ਕੋਚ ਆਦਿ ਖਿਡਾਰੀਆਂ ਜਿੰਨੇ ਜਨੂੰਨੀ ਨਹੀਂ ਹੋਣਗੇ, ਉਦੋਂ ਤੱਕ ਖੇਡ ਮੈਦਾਨਾਂ ਅਤੇ ਖੇਡ ਮੰਚਾਂ 'ਤੇ ਰੌਣਕਾਂ ਨਹੀਂ ਲਾਈਆਂ ਜਾ ਸਕਣਗੀਆਂ। ਜੇ ਕੋਈ ਸੱਜਣ ਆਪਣੇ ਪਿੰਡ, ਸ਼ਹਿਰ ਜਾਂ ਸੂਬੇ ਦੀ ਸ਼ਾਨ ਬੁਲੰਦ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਇਸ ਮਕਸਦ ਲਈ ਸਬਰ, ਸਿਰੜ ਤੇ ਜਨੂੰਨ ਨਾਲ਼ ਲੱਗੇ ਰਹਿਣਾ ਪਵੇਗਾ। ਇਹ ਪੁਸਤਕ ਜੇਕਰ ਕਿਸੇ ਦੇ ਮਨ ਵਿਚ ਪੰਜਾਬ ਜਾਂ ਆਪਣੀ ਮਾਤ ਭੂਮੀ ਲਈ ਕੁਝ ਚੰਗਾ ਕਰਨ ਦਾ ਦ੍ਰਿੜ ਇਰਾਦਾ ਪੈਦਾ ਕਰ ਸਕੇ ਤਾਂ ਮੈਂ ਸਮਝਾਂਗਾ ਕਿ ਮੇਰੀ ਘਾਲਣਾ ਰਾਸ ਆਈ-ਬਲਵੰਤ ਸਿੰਘ। ਪੁਸਤਕ ਲਈ ਫੋਨ 98886-58185 ਹੈ।**

# ਤੰਦਰੁਸਤੀ ਲਈ ਖਾਓ-ਚੈਸਟਨਟਸ

ਅਨਿਲ ਧੀਰ



***"ਰਿਸਰਚ ਮੁਤਾਬਿਕ ਚੈਸਟਨਟ ਸ਼ੂਗਰ ਨੂੰ ਕੰਟਰੋਲ ਕਰਨ, ਪੂਰੀ ਤਰ੍ਹਾਂ ਇਮਿਊਨ ਸਿਸਟਮ ਨੂੰ ਵਧਾਉਣ, ਹੱਡੀਆਂ ਦੇ ਖਣਿਜ ਘਣਤਾ ਨੂੰ ਵਧਾਉਣ, ਪਾਚਨ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ, ਬੋਧਾਤਮਕ ਫੰਕਸ਼ਨ 'ਚ ਸੁਧਾਰ, ਪੁਰਾਣੀਆਂ ਬਿਮਾਰੀਆਂ ਨੂੰ ਰੋਕਣ, ਬਲੱਡ-ਪ੍ਰੈਸ਼ਰ ਨੂੰ ਕੰਟਰੋਲ ਕਰਨ, ਕਾਰਡੀਓਵੈਸਕੁਲਰ ਹੈਲਥ 'ਚ ਸੁਧਾਰ ਕਰਨ ਅਤੇ ਲਾਲ ਬਲੱਡ ਸੈੱਲਾਂ ਦੀ ਗਿਣਤੀ ਵਧਾਉਣ 'ਚ ਹੈਲਪ ਕਰਦਾ ਹੈ।"-ਅਨਿਲ ਧੀਰ।***

ਠੰਢ ਦੇ ਮੌਸਮ 'ਚ ਸਰੀਰ ਨੂੰ ਗਰਮੀ ਦੇਣ ਵਾਲਾ ਮਸ਼ਹੂਰ ਨੱਟ ਚੈਸਟਨੱਟਸ ਨੂੰ ਖ਼ੁਰਾਕ 'ਚ ਸ਼ਾਮਿਲ ਕਰਨ ਦਾ ਸਮਾਂ ਆ ਗਿਆ ਹੈ। ਜਾਣਕਾਰੀ ਮੁਤਾਬਿਕ ਸ਼ੂਗਰ ਨੂੰ ਕੰਟਰੋਲ ਕਰਨ, ਪੂਰੀ ਤਰ੍ਹਾਂ ਇਮਿਊਨ ਸਿਸਟਮ ਨੂੰ ਵਧਾਉਣ, ਹੱਡੀਆਂ ਦੇ ਖਣਿਜ ਘਣਤਾ ਨੂੰ ਵਧਾਉਣ, ਪਾਚਨ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ, ਬੋਧਾਤਮਕ ਫੰਕਸ਼ਨ 'ਚ ਸੁਧਾਰ, ਪੁਰਾਣੀਆਂ ਬਿਮਾਰੀਆਂ ਨੂੰ ਰੋਕਣ, ਬਲੱਡ-ਪ੍ਰੈਸ਼ਰ ਨੂੰ ਕੰਟਰੋਲ ਕਰਨ, ਕਾਰਡੀਓਵੈਸਕੁਲਰ ਹੈਲਥ 'ਚ ਸੁਧਾਰ ਕਰਨ ਅਤੇ ਲਾਲ ਬਲੱਡ ਸੈੱਲਾਂ ਦੀ ਗਿਣਤੀ ਵਧਾਉਣ 'ਚ ਹੈਲਪ ਕਰਦਾ ਹੈ। ਖ਼ੂਨ ਦੇ ਪ੍ਰਵਾਹ ਨੂੰ ਠੀਕ ਕਰਦਾ ਹੈ।

ਚੈਸਟਨਟ ਕਾਸਟੋਨੀਆ ਜੀਨਸ ਦੁਆਰਾ ਪੈਦਾ ਕੀਤਾ ਜਾਂਦਾ ਹੈ। ਇਹ ਭੂਰੇ ਰੰਗ ਦਾ ਮੋਟਾ ਤੇ ਬਾਹਰੀ ਸ਼ੈੱਲ ਸਖਤ ਅਤੇ ਅੰਦਰੋਂ ਚਿੱਟੇ ਰੰਗ ਦਾ ਕਰਨਲ ਮਿਲਦਾ ਹੈ। ਇਸ ਦਾਨੇ ਨੂੰ ਕੱਚਾ ਜਾਂ ਭੁੰਨ ਕੇ ਖਾਦਾ ਜਾਂਦਾ ਹੈ। ਆਮ ਤੌਰ 'ਤੇ ਅੱਜ-ਕਲ ਅਮਰੀਕਨ ਚੈਸਟਨਟ, ਜਾਪਾਨੀ, ਚੀਨੀ, ਅਤੇ ਯੂਰੋਪੀਅਨ ਮਿਲ ਜਾਂਦਾ ਹੈ। ਚੈਸਟਨਟ 'ਚ ਉੱਚ ਮਾਤਰਾ 'ਚ ਖ਼ੁਰਾਕੀ ਫਾਈਬਰ, ਵਿਟਾਮਿਨ, ਖਣਿਜ, ਚੰਗੀ ਚਰਬੀ ਅਤੇ ਐਂਟੀਆਕਸੀਡੈਂਟ ਤੱਤ ਮਿਲਦੇ ਹਨ, ਜੋ ਸਰੀਰਕ ਮਾਨਸਿਕ ਸਿਹਤ ਨੂੰ ਬਰਕਰਾਰ ਰੱਖਦੇ ਹਨ।

ਸੌ ਗ੍ਰਾਮ ਚੈਸਟਨਟਸ ਦੇ ਪੌਸ਼ਟਿਕ ਤੱਤਾਂ 'ਚ ਕੈਲੋਰੀ 131, ਚਰਬੀ-1.4 ਗ੍ਰਾਮ, ਜਿਸ ਵਿਚੋਂ 0.3 ਗ੍ਰਾਮ ਸੰਤ੍ਰਿਪਤ ਚਰਬੀ, 0.5 ਗ੍ਰਾਮ ਪੋਲੀਅਨਸੈਚੂਰੇਟਿਡ ਫੈਟ 0.5 ਗ੍ਰਾਮ, ਮੋਨੋਸੈਚੂਰੇਟਿਡ ਫੈਟ ਜਿਸ ਵਿਚ 0 ਮਿਲੀਗ੍ਰਾਮ ਕੋਲੈਸਟ੍ਰੋਲ ਹੁੰਦਾ ਹੈ। ਸੋਡੀਅਮ 27 ਮਿਲੀਗ੍ਰਾਮ, ਪੋਟਾਸ਼ੀਅਮ 715 ਮਿਲੀਗ੍ਰਾਮ, ਕੁੱਲ ਕਾਰਬੋਹਾਈਡ੍ਰੇਟ 28 ਗ੍ਰਾਮ, ਪ੍ਰੋਟੀਨ 2 ਗ੍ਰਾਮ, ਕੈਲਸ਼ੀਅਮ 4%, ਵਿਟਾਮਿਨ 44%, ਆਇਰਨ 9%, ਵਿਟਾਮਿਨ ਬੀ-6 (10%), ਮੈਗਨੀਸ਼ੀਅਮ 13%, ਵਿਟਾਮਿਨ ਬੀ, ਏ 12 ਅਤੇ ਡੀ 0% ਦੱਸਿਆ ਗਿਆ ਹੈ।



**ਤੰਦਰੁਸਤੀ ਲਈ ਖਾਓ ਚੈਸਟਨਟ:** ਠੰਢੇ ਮੌਸਮ ਦੌਰਾਨ ਦਿਨ ਭਰ ਦੀ ਐਨਰਜੀ ਲਈ 6-8 ਭੁੱਜੇ ਹੋਏ ਦਾਣੇ ਛਿੱਲ ਕੇ ਯਾਨਿ ਗਿਰੀ ਚੰਗੀ ਤਰ੍ਹਾਂ ਚਬਾ ਕੇ ਖਾਓ ਅਤੇ ਨਾਲ ਹੀ ਘੱਟ ਗਰਮ ਬਿਨਾ ਚੀਨੀ ਵਾਲਾ ਦੁੱਧ ਪੀਣਾ ਚਾਹੀਦਾ ਹੈ।

ਪੁਰਾਣੀਆਂ ਬਿਮਾਰੀਆਂ ਲਈ ਐਂਟੀਆਕਸੀਡੈਂਟ ਸਰੀਰ ਲਈ ਜ਼ਰੂਰੀ ਹਨ। ਇਸ ਨੱਟ ਅੰਦਰ ਮੌਜੂਦ ਐਂਟੀਆਕਸੀਡੈਂਟ-ਵਿਟਾਮਿਨ ਸੀ, ਗੈਲਿਕ ਏਸਿਡ, ਇਲੈਜਿਕ ਏਸਿਡ, ਅਤੇ ਟੇਨਿਨ ਵਗੈਰਾ, ਸਰੀਰ ਦੇ ਸੈੱਲਾਂ ਨੂੰ ਮੁਫਤ ਰੈਡੀਕਲ ਨੁਕਸਾਨ ਹੋਣ ਤੋਂ ਬਚਾਉਂਦੇ ਹਨ।

ਚੈਸਟਨਟਸ ਅੰਦਰ ਮੌਜੂਦ ਗੈਲਿਕ ਏਸਿਡ ਅਤੇ ਇਲੈਜਿਕ ਏਸਿਡ ਦਿਲ ਦੇ ਸੈੱਲਾਂ ਨੂੰ ਆਕਸੀਡੇਟਿਵ ਤਣਾਅ ਤੋਂ ਬਚਾਉਣ 'ਚ ਹੈਲਪ ਕਰਦਾ ਹੈ। ਇਸ ਅੰਦਰ ਪੋਟਾਸ਼ੀਅਮ ਤੱਤ ਦਿਲ ਦੀ ਕਿਰਿਆ ਨੂੰ ਪ੍ਰਾਪਰ ਕਰਦਾ ਹੈ।

ਚੈਸਟਨਟਸ ਵਿਚ ਫਾਈਬਰ ਪਾਚਨ ਕਿਰਿਆ ਬਿਹਤਰ ਕਰਦਾ ਹੈ। ਲਾਭਕਾਰੀ ਅੰਤੜੀਆਂ ਦੇ ਬੈਕਟੀਰੀਆ ਨੂੰ ਪੋਸ਼ਣ ਮਿਲਦਾ ਹੈ। ਸ਼ਾਰਟ-ਚੇਨ ਫੈਟੀ ਐਸਿਡ ਦੇ ਉਤਪਾਦਨ ਅਤੇ ਭਾਰ ਪ੍ਰਬੰਧਨ 'ਚ ਹੈਲਪ ਕਰਦਾ ਹੈ।

ਚੈਸਟਨਟ ਦਾ ਇਸਤੇਮਾਲ ਫਾਈਬਰ ਦਾ ਚੰਗਾ ਸਾਧਨ ਹੋਣ ਕਰਕੇ ਬਲੱਡ-ਸ਼ੂਗਰ ਦਾ ਲੈਵਲ ਸੰਤੁਲਿਤ ਕਰ ਕੇ ਸਪਾਈਕਸ ਨੂੰ ਰੋਕਣ 'ਚ ਮਦਦ ਕਰ ਸਕਦਾ ਹੈ। ਇਸ ਅੰਦਰ ਮੌਜੂਦ ਐਂਟੀਆਕਸੀਡੈਂਟ ਇਨਸੂਲਿਨ ਸੰਵੇਦਨਸ਼ੀਲਤਾ ਨੂੰ ਵਧਾਉਣ 'ਚ ਹੈਲਪ ਕਰਦਾ ਹੈ।

ਇਸਦਾ ਸੇਵਨ ਭੋਜਨ ਦੇ ਪਾਚਨ ਨੂੰ ਹੌਲੀ ਕਰ ਕੇ ਤੁਹਾਡੀ ਭੁੱਖ ਨੂੰ ਘੱਟ ਕਰਨ ਵਿਚ ਮਦਦ ਕਰ ਸਕਦੀ ਹੈ। ਉਨ੍ਹਾਂ 'ਚ ਘੱਟ ਚਰਬੀ ਦੇ ਕਾਰਨ ਗਿਰੀਦਾਰ ਦੀਆਂ ਹੋਰ ਕਿਸਮਾਂ ਨਾਲੋਂ ਘੱਟ ਕੈਲੋਰੀ ਵੀ ਹੁੰਦੀ ਹੈ।

ਚੈਸਟਨਟਸ 'ਚ ਵੱਖ-ਵੱਖ ਐਂਟੀਆਕਸੀਡੈਂਟ ਹੋਣ ਕਰਕੇ ਸਰੀਰ ਅੰਦਰ ਪੈਦਾ ਹੋਈ ਸੋਜ਼ਿਸ਼ ਨੂੰ ਵੀ ਘੱਟ ਕਰਦੀ ਹੈ ਜੋ ਫਰੀ ਰੈਡੀਕਲ ਨੁਕਸਾਨ ਕਾਰਨ ਹੁੰਦੀ ਹੈ।

ਚੈਸਟਨਟ ਐਂਟੀਆਕਸੀਡੈਂਟਾਂ 'ਤੇ ਟੈਸਟ-ਟਿਊਬ ਅਤੇ ਜਾਨਵਰਾਂ 'ਤੇ ਰਿਸਰਚ ਸਟੱਡੀ ਮੁਤਾਬਿਕ ਇਲੈਜਿਕ ਐਸਿਡ ਉਹ ਟਿਊਮਰ ਸੈੱਲਾਂ ਦੇ ਵਿਕਾਸ ਅਤੇ ਫੈਲਣ ਨੂੰ ਦਬਾ ਸਕਦੇ ਹਨ। ਹਾਲਾਂਕਿ, ਇਸ ਸੰਭਾਵੀ ਅਸਰ ਦੀ ਜਾਂਚ ਕਰਨ ਲਈ ਮਨੁੱਖੀ ਰਿਸਰਚ ਸਟੱਡੀ ਦੀ ਲੋੜ ਹੈ।

**ਨੋਟ :** ਪੁਰਾਣੀਆਂ ਬਿਮਾਰੀਆਂ ਦੀ ਹਾਲਤ 'ਚ ਚੈਸਟਨਟਸ ਦਾ ਇਸਤੇਮਾਲ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਨਾਲ ਕਰਨਾ ਚਾਹੀਦਾ ਹੈ।

# ਸੰਪਾਦਕ ਦੀ ਡਾਕ

ਸੰਪਾਦਕ ਜੀ,

ਹਰ ਵਾਰ ਦੀ ਤਰ੍ਹਾਂ 'ਪੰਜਾਬ ਟਾਈਮਜ਼' ਦਾ ਪਿਛਲਾ ਅੰਕ ਵੀ ਬਹੁਤ ਜਾਣਕਾਰੀ ਭਰਪੂਰ ਲੇਖ ਲੈ ਕੇ ਆਪਣੇ ਪਾਠਕਾਂ ਦੇ ਸਨਮੁਖ ਹੋਇਆ ਹੈ। ਇਸ ਵਿਚ ਇਸ ਵਾਰ ਵੀ ਭਾਰਤ, ਪੰਜਾਬ ਅਤੇ ਵਿਸ਼ਵ ਭਰ ਦੇ ਸੰਵੇਦਨਸ਼ੀਲ ਮੁੱਦਿਆਂ 'ਤੇ ਗੰਭੀਰ ਚਰਚਾ ਕੀਤੀ ਗਈ ਹੈ; ਭਾਵੇਂ ਉਹ ਕਿਸਾਨ ਜਥੇਬੰਦੀਆਂ ਦੀ ਏਕਤਾ ਦੀ ਗੱਲ ਹੋਵੇ, ਅਕਾਦਮਿਕ ਆਜ਼ਾਦੀ ਦਾ ਸੰਕਟ, ਭਾਰਤ ਵਿਚ ਲੋਕਤੰਤਰ ਅਤੇ ਸਿਆਸਤ ਜਾਂ ਡਾਕਟਰ ਸ਼ਾਮ ਸੁੰਦਰ ਦੀਪਤੀ ਦਾ ਪੰਜਾਬ ਦੀ ਜੁਆਨੀ ਦਾ ਫਿਕਰ ਕਰਦਾ ਲੇਖ ਪੰਜਾਬ ਵਿਚ ਨਸ਼ਿਆਂ ਦੀ ਸਮੱਸਿਆ, ਔਰਤਾਂ 'ਤੇ ਹੁੰਦੇ ਅਤਿਆਚਾਰ, ਫਲਸਤੀਨ 'ਤੇ ਹਮਲੇ ਬੰਦ ਕਰਨ ਆਦਿ ਸਾਰੇ ਲੇਖ ਸਾਡੀਆਂ ਸਮਾਜਿਕ ਅਤੇ ਕਾਨੂੰਨੀ ਸਮੱਸਿਆਵਾਂ ਦੇ ਨਾਲ ਨਾਲ ਅੰਤਰਰਾਸ਼ਟਰੀ ਸਮੱਸਿਆਵਾਂ ਦੀ ਗੱਲ ਕਰਦੇ ਹਨ। ਸੁਰਿੰਦਰ ਸੋਹਲ ਨੇ ਡਾਕਟਰ ਗੁਰਬਖਸ਼ ਸਿੰਘ ਭੰਡਾਲ ਦੀ ਪੁਸਤਕ ਦੇ ਰਿਵਿਊ ਰਾਹੀਂ ਉਨ੍ਹਾਂ ਦੀ ਕਵਿਤਾ ਵਰਗੀ ਵਾਰਤਕ ਦੀ ਗੱਲ ਕੀਤੀ ਹੈ; ਉਥੇ ਹੀ ਪਿਆਰਾ ਸਿੰਘ ਕੁੱਦੋਵਾਲ ਨੇ ਬੀਬੀ ਸੁਰਜੀਤ ਕੌਰ ਦੀ ਕਵਿਤਾ ਦੀ ਬਾਤ ਪਾਈ ਹੈ ਅਤੇ ਸਾਡੇ ਸਮਾਜ ਦੇ ਰਹੱਸਵਾਦੀ ਕਵਿਤਾ ਪ੍ਰਤੀ ਅਵੇਸਲੇਪਣ ਦੀ ਵੀ ਗੱਲ ਕੀਤੀ ਹੈ। ਪ੍ਰਿੰਸੀਪਲ ਸਰਵਣ ਸਿੰਘ ਹਮੇਸ਼ਾ ਹੀ ਵਿਸ਼ਵ ਪੱਧਰ ਦੇ ਕਿਸੇ ਨਾਮੀ ਖਿਡਾਰੀ ਨਾਲ ਪਾਠਕਾਂ ਦੀ ਜਾਣ-ਪਛਾਣ ਕਰਾਉਂਦੇ ਰਹਿੰਦੇ ਹਨ ਜੋ ਬਹੁਤ ਹੀ ਵਧੀਆ ਉਪਰਾਲਾ ਹੈ। ਪੱਤਰਕਾਰ ਗੁਰਪ੍ਰੀਤ ਸਿੰਘ ਦਾ 1984 ਦੇ ਸਿੱਖਾਂ ਦੇ ਹੋਏ ਭਿਆਨਕ ਕਤਲੇਆਮ ਦਾ ਖੁਲਾਸਾ, ਇਸ ਬਾਰੇ ਬਿਆਨ ਕਰਨਾ ਵੀ ਮੁਸ਼ਕਿਲ ਲਗਦਾ ਹੈ। ਡਾਕਟਰ ਅਸਮਾ ਕਾਦਰੀ ਦਾ ਇੱਕ ਆਪਣਾ ਨਜ਼ਰੀਆ ਹੈ ਗੁਰਬਾਣੀ ਨੂੰ ਸਮਝਣ ਦਾ; ਇਹ ਉਧਰ ਬੈਠੇ ਪੰਜਾਬੀਆਂ ਵੱਲੋਂ ਸਾਂਝੇ ਵਿਰਸੇ ਨੂੰ ਸਮਝਣ ਦੀ ਇੱਕ ਨਿਵੇਕਲੀ ਕੋਸ਼ਿਸ਼ ਹੈ। ਗੱਲ ਕੀ ਭਾਵੇਂ ਬਦਲਦੀਆਂ ਸਮਾਜਿਕ ਕਦਰਾਂ-ਕੀਮਤਾਂ ਹੋਣ ਜਾਂ ਸੁਰਿੰਦਰ ਸਿੰਘ ਤੇਜ ਦੀ ਕਲਾ ਪਰਿਕਰਮਾ ਹੋਵੇ ਜੋ ਹਰ ਵਾਰ ਕੋਈ ਨਵੀਂ ਜਾਣਕਾਰੀ ਦਿੰਦੀ ਹੈ, ਨੀਲਮ ਸੈਣੀ ਦੀ ਕਹਾਣੀ ਦੱਸਦੀ ਹੈ ਕਿ ਸਰਕਾਰਾਂ ਬੇਰੁਜ਼ਗਾਰੀ ਦੂਰ ਕਰਨ ਦੀ ਥਾਂ ਕਿਵੇਂ ਸਮਾਜ ਲਈ ਜੂਝਣ ਵਾਲਿਆਂ ਨੂੰ ਦੇਸ਼ ਧਰੋਹੀ ਬਣਾ ਕੇ ਕਟਿਹਰਿਆਂ ਵਿਚ ਖੜ੍ਹਾ ਕਰ ਦਿੰਦੀਆਂ ਹਨ। ਸਰਦਾਰ ਤਰਲੋਚਨ ਸਿੰਘ 'ਦੁਪਾਲ ਪੁਰ' ਹਮੇਸ਼ਾ ਦੀ ਤਰ੍ਹਾਂ ਥੋੜੇ ਸ਼ਬਦਾਂ ਵਿਚ 'ਮਿਸਾਲਾਂ ਚਾਰ ਸੁਣਿਉਂ ਬਰਖੁਰਦਾਰ' ਰਾਹੀਂ ਬਹੁਤ ਕੁੱਝ ਕਹਿ ਗਏ ਹਨ।

ਤੁਸੀਂ ਬਹੁਤ ਚੰਗਾ ਕੀਤਾ ਹੈ ਸਵਰਾਜਬੀਰ ਦੇ ਦੋ ਲੇਖਾਂ "ਲੋਕ ਸਮੂਹ, ਲੋਕ-ਇਕੱਠ ਤੇ ਸਾਂਝੇ ਦਿਸਹੱਦੇ" ਅਤੇ "ਵਰਕੇ ਖਿਲਰੇ ਤੇਰੀ ਕਿਤਾਬ ਦੇ : ਬਾਬਾ ਭਕਨਾ ਦੀ ਕਮਾਈ" ਪੰਜਾਬ ਟਾਈਮਜ਼ ਵਿਚ ਲਾ ਕੇ ਜਿਸ ਨਾਲ ਸਵਰਾਜਬੀਰ ਦੇ ਪੰਜਾਬ ਦੇ ਲੋਕਾਂ ਅਤੇ ਪੰਜਾਬੀਅਤ ਨਾਲ ਜੁੜੇ ਹੋਣ ਦਾ ਪਤਾ ਲੱਗ ਜਾਂਦਾ ਹੈ, ਕਿਸੇ ਦੀ ਗਵਾਹੀ ਜਾਂ ਸਬੂਤ ਦੀ ਜ਼ਰੂਰਤ ਹੀ ਨਹੀਂ ਰਹਿੰਦੀ। ਮੈਂ ਜ਼ਾਤੀ ਤੌਰ 'ਤੇ ਸਾਹਿਤਕਾਰ ਅਤੇ ਪੰਜਾਬੀ ਟ੍ਰਿਬਿਊਨ ਦੇ ਰਹਿ ਚੁੱਕੇ ਸੰਪਾਦਕ ਹੋਣ ਸਦਕਾ ਵੀ ਮਾਣਯੋਗ ਸਰਦਾਰ ਗੁਰਬਚਨ ਸਿੰਘ ਭੁੱਲਰ ਅਤੇ ਸਰਦਾਰ ਗੁਲਜ਼ਾਰ ਸਿੰਘ ਸੰਧੂ ਦਾ ਬਹੁਤ ਸਤਿਕਾਰ ਕਰਦੀ ਹਾਂ ਅਤੇ ਸੁਰਿੰਦਰ ਸਿੰਘ ਤੇਜ ਨੂੰ ਵੀ ਵਧੀਆ ਪੱਤਰਕਾਰ ਅਤੇ ਸੰਪਾਦਕ ਮੰਨਦੀ ਹਾਂ; ਮੈਂ ਤਿੰਨਾਂ ਨੂੰ ਹੀ ਜਾਣਦੀ ਵੀ ਹਾਂ ਅਤੇ ਮਿਲੀ ਵੀ ਹਾਂ। ਗੁਰਬਚਨ ਸਿੰਘ ਭੁੱਲਰ ਅਤੇ ਗੁਲਜ਼ਾਰ ਸਿੰਘ ਸੰਧੂ ਦੀ ਲਿਖਤ ਜੇ ਪੰਜਾਬ ਟਾਈਮਜ਼ ਵਿਚ ਛਪੀ ਹੋਵੇ ਤਾਂ ਮੈਂ ਸਭ ਤੋਂ ਪਹਿਲਾਂ ਪੜ੍ਹਦੀ ਹਾਂ। ਪ੍ਰੰਤੂ ਸਵਰਾਜਬੀਰ, ਜੋ ਹੁਣ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਦਾਕ ਹੋ ਗਏ ਹਨ, ਨੂੰ ਨਾ ਕਦੀ ਮਿਲੀ ਹਾਂ ਅਤੇ ਨਾ ਹੀ ਮੈਂ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਜਾਣਦੀ ਹਾਂ। ਮੈਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਲਿਖਤਾਂ, ਖਾਸ ਕਰਕੇ ਪੰਜਾਬੀ ਟ੍ਰਿਬਿਊਨ ਵਿਚ ਉਨ੍ਹਾਂ ਦੀਆਂ ਸੰਪਾਦਕੀਆਂ ਅਤੇ ਲੇਖਾਂ ਰਾਹੀਂ ਜਾਣਿਆ ਹੈ ਅਤੇ ਮੇਰਾ ਮੰਨਣਾ ਹੈ ਕਿ ਪੰਜਾਬੀ ਟ੍ਰਿਬਿਊਨ ਨੂੰ ਉਨ੍ਹਾਂ ਤੋਂ ਬਾਅਦ ਸ਼ਾਇਦ ਹੀ ਕੋਈ ਏਨਾ ਵਧੀਆ ਸੰਪਾਦਕ ਮਿਲੇ। ਇਹ ਸਵਰਾਜਬੀਰ ਦੇ ਲੇਖਾਂ ਕਰਕੇ ਹੀ ਹੈ ਕਿ ਮੇਰੇ ਵਰਗੇ ਬਾਹਰ ਬੈਠੇ ਪੰਜਾਬੀ, ਜਿਨ੍ਹਾਂ ਨੂੰ ਪੰਜਾਬ ਨਾਲ ਮੋਹ ਦੇ ਨਾਲ ਨਾਲ ਪੰਜਾਬ ਦੀ ਕਿਸਾਨੀ, ਬੇਰੁਜ਼ਗਾਰੀ, ਪੰਜਾਬ ਵਿਚ ਨਸ਼ਿਆਂ ਦੀ ਮਾਰ, ਪਨਪ ਰਹੇ ਗੈਂਗ ਸਭਿਆਚਾਰ, ਆਮ ਲੋਕਾਂ ਲਈ ਉੱਚੀ ਵਿੱਦਿਆ ਅਤੇ ਸਿਹਤ ਸੇਵਾਵਾਂ ਦਾ ਪਹੁੰਚ ਤੋਂ ਬਾਹਰ ਹੋ ਜਾਣਾ, ਆਪਸੀ ਭਾਈਚਾਰਕ ਸਾਂਝ ਦਾ ਟੁੱਟਣਾ ਆਦਿ ਦਾ ਫਿਕਰ ਰਹਿੰਦਾ ਹੈ, ਉਹ ਇੰਟਰਨੈਟ 'ਤੇ ਪੰਜਾਬੀ ਟ੍ਰਿਬਿਊਨ ਸਭ ਤੋਂ ਪਹਿਲਾਂ ਕੱਢ ਕੇ ਪੜ੍ਹਦੇ ਰਹੇ ਹਨ; ਸਿਰਫ਼ ਇਹ ਜਾਣਨ ਲਈ ਕਿ ਅੱਜ ਸਵਰਾਜਬੀਰ ਨੇ ਆਪਣੀ ਸੰਪਾਦਕੀ ਜਾਂ ਲੇਖ ਵਿਚ ਕੀ ਲਿਖਿਆ ਹੈ। ਸਵਰਾਜਬੀਰ ਨੂੰ ਜਿੰਨੀ ਭਾਰਤੀ ਅਤੇ ਵਿਸ਼ਵ ਸਾਹਿਤ ਦੀ ਜਾਣਕਾਰੀ ਹੈ ਓਨੀ ਹੀ ਗੁਰਬਾਣੀ ਦੀ ਵੀ ਸਮਝ ਹੈ ਜੋ ਮੈਂ ਗੁਰਬਾਣੀ ਦੀ ਵਿਦਿਆਰਥਣ ਹੋਣ ਦੇ ਨਾਤੇ ਭਰੋਸੇ ਨਾਲ ਕਹਿ ਸਕਦੀ ਹਾਂ।

ਜੋ ਬੰਦਾ ਇਸ ਦੁਨੀਆਂ ਤੋਂ ਚਲਾ ਗਿਆ ਹੋਵੇ ਉਸ ਬਾਰੇ ਗੱਲ ਨਹੀਂ ਕਰੀਦੀ ਪਰ ਗੁਰਬਚਨ ਸਿੰਘ ਦਾ ਗਿਆਨ ਦਾ ਭੰਡਾਰ ਏਨਾ ਵਿਸ਼ਾਲ ਸੀ ਕਿ ਉਹ ਗੁਰਮਤਿ ਨੂੰ ਕਦੀ ਵੇਦਾਂਤ ਵਿਚ ਲੈ ਵੜਦਾ ਸੀ ਅਤੇ ਕਦੀ ਮਾਰਕਸਵਾਦ ਨਾਲ ਰਲਗੱਡ ਕਰ ਦਿੰਦਾ ਸੀ। ਆਪਣੇ ਭਰਾ ਕਰਮਜੀਤ ਸਿੰਘ ਨੂੰ ਮੈਂ ਕੀ ਕਹਾਂ? ਉਸ ਦਾ ਹਾਲ ਅੰਨ੍ਹੇ ਨਿਸ਼ਾਨਚੀ ਵਾਲਾ ਹੈ। ਉਸ ਨੂੰ ਕਿਉਂ ਭੁੱਲ ਜਾਂਦਾ ਹੈ ਕਿ ਉਹ ਉਸ ਗੁਰੂ ਦਾ ਸਿੱਖ ਹੈ ਜਿਸ ਨੇ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕ ਤਿਨ ਕੈ ਸੰਗਿ ਸਾਥ ਵਡਿਆ ਸਿਉ ਕਿਆ ਰੀਸ॥" ਅਤੇ "ਤੂੰ ਸਾਝਾ ਸਾਹਿਬ ਬਾਪੁ ਹਮਾਰਾ॥" ਹੋਣ ਅਤੇ "ਸਭੈ ਸਾਝੀਵਾਲ ਸਦਾਇਨ ਤੂ ਕਿਸੈ ਨ ਦਿਸਹਿ ਬਾਹਰਾ ਜੀਉ॥" ਦੀ ਗੱਲ ਕੀਤੀ ਹੈ। ਗੁਰੂ ਨੇ ਤਾਂ ਜਿਸ ਨਾਲ ਵੀ ਧੱਕਾ ਹੋ ਰਿਹਾ ਹੋਵੇ ਉਸ ਨਾਲ ਖੜ੍ਹੇ ਹੋਣ ਲਈ ਕਿਹਾ ਹੈ ਭਾਵੇਂ ਉਹ ਕਿਸੇ ਵੀ ਧਰਮ ਜਾਂ ਸਮੁਦਾਇ ਦਾ ਹੋਵੇ। ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਗੁਰੂ ਤੇਗ ਬਹਾਦਰ ਦਿੱਲੀ ਸ਼ਹਾਦਤ ਦੇਣ ਕਿਉਂ ਜਾਂਦੇ? ਉਨ੍ਹਾਂ ਨੂੰ ਤਾਂ 'ਤਿਲਕ, ਜੰਞੂ' ਵਿਚ ਕੋਈ ਵਿਸ਼ਵਾਸ ਨਹੀਂ ਸੀ। ਸਵਰਾਜਬੀਰ ਦੇ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਦੀ ਅਹੁਦੇਦਾਰੀ ਤੋਂ ਹਟਣ ਦੀ ਖ਼ਬਰ ਮੈਨੂੰ ਸੋਸ਼ਲ ਮੀਡੀਆ ਤੋਂ ਮਿਲੀ ਸੀ ਜਿੱਥੇ ਪੰਜਾਬ ਦਾ ਫ਼ਿਕਰ ਕਰਨ ਵਾਲਿਆਂ ਨੇ ਸਵਰਾਜਬੀਰ ਲਈ "ਪੰਜਾਬੀ ਪੱਤਰਕਾਰੀ ਦਾ ਰਵੀਸ਼ ਕੁਮਾਰ" ਕਹਿ ਕੇ ਗੱਲ ਕੀਤੀ ਹੋਈ ਸੀ। ਮੈਂ ਆਪਣੇ ਪਤੀ ਗੁਰਦਿਆਲ ਸਿੰਘ ਬੱਲ ਨੂੰ ਪੁੱਛਿਆ ਕਿ ਕੀ ਸਵਰਾਜਬੀਰ ਨੇ ਅਸਤੀਫ਼ਾ ਦੇ ਦਿੱਤਾ ਤਾਂ ਉਨ੍ਹਾਂ ਉਦਾਸੀ ਵਿਚ 'ਹਾਂ' ਕਿਹਾ ਕਿਉਂਕਿ ਉਹ ਵੀ ਸਵਰਾਜਬੀਰ ਨੂੰ ਉਤਾਵਲ ਨਾਲ ਪੜ੍ਹਦੇ ਰਹੇ ਹਨ। ਵਾਕਿਆ ਹੀ ਸਵਰਾਜਬੀਰ ਪੰਜਾਬੀ ਪੱਤਰਕਾਰੀ ਦਾ ਰਵੀਸ਼ ਕੁਮਾਰ ਹੋ ਕੇ ਵਿਚਰਿਆ ਹੈ। ਜਿਵੇਂ ਰਵੀਸ਼ ਕੁਮਾਰ ਤੋਂ ਬਿਨਾਂ ਐਨ ਡੀ ਟੀਵੀ ਦੀ ਕੋਈ ਹੋਂਦ ਮਹਿਸੂਸ ਨਹੀਂ ਹੋ ਰਹੀ ਉਵੇਂ ਹੀ ਹੋ ਸਕਦਾ ਹੈ ਸਵਰਾਜਬੀਰ ਤੋਂ ਬਿਨਾਂ ਪੰਜਾਬੀ ਟ੍ਰਿਬਿਊਨ ਦੀ ਵੀ ਉਹ ਹੈਸੀਅਤ ਬਹਾਲ ਨਾ ਰਹਿ ਸਕੇ। ਜਿਸ ਤਰ੍ਹਾਂ ਦੀ ਜਾਣਕਾਰੀ ਪਰਹਾਰ ਦੇ ਲੇਖ ਤੋਂ ਮਿਲੀ ਹੈ ਉਸ ਤੋਂ ਤਾਂ ਜਾਪਦਾ ਹੈ ਕਿ ਨੀਤੀ ਅਨੁਸਾਰ ਸੰਪਾਦਕ ਤਾਂ ਹੁਣ ਉਹ ਲੱਗੇਗਾ ਜਿਹੜਾ ਜਾਂ ਤੇ ਪੰਜਾਬੀਆਂ ਦੀਆਂ ਸਮੱਸਿਆਵਾਂ ਪ੍ਰਤੀ ਚੁੱਪ ਰਹੇ ਤੇ ਜਾਂ ਫਿਰ 'ਗੋਦੀ ਮੀਡੀਆ' ਵਾਂਗ ਪੰਜਾਬੀਆਂ ਵਿਚ ਵੰਡੀਆਂ ਪਾਉਣ ਅਤੇ ਫਿਰਕੂ ਝਗੜੇ ਕਰਾਉਣ ਨੂੰ ਹੱਲਾਸ਼ੇਰੀ ਦੇਵੇ ਜੋ ਬੀਜੇਪੀ ਦੀ ਆਮ ਨੀਤੀ ਹੈ।

ਹਰਚਰਨ ਸਿੰਘ ਪਰਹਾਰ ਵਧਾਈ ਅਤੇ ਸ਼ੁਕਰੀਆ ਦੋਵਾਂ ਦਾ ਪਾਤਰ ਹੈ ਕਿ ਉਸ ਨੇ ਸਵਰਾਜਬੀਰ ਦੀ ਸੁਲਝੀ ਹੋਈ ਲੋਕਪੱਖੀ/ਪੰਜਾਬ ਪੱਖੀ ਪੱਤਰਕਾਰੀ 'ਤੇ ਨਿਠ ਕੇ ਲਿਖਿਆ ਹੈ। ਜੋ ਹਰਚਰਨ ਸਿੰਘ ਪਰਹਾਰ ਨੇ ਲਿਖਿਆ ਹੈ ਉਹ ਸਭ ਨੇ ਪੜ੍ਹਿਆ ਹੈ ਉਸ ਨੂੰ ਇੱਥੇ ਦੁਹਰਾਉਣ ਦੀ ਜ਼ਰੂਰਤ ਨਹੀਂ ਹੈ। ਮੈਂ ਇੱਥੇ ਸਿਰਫ਼ ਇਹ ਕਹਿਣਾ ਚਾਹੁੰਦੀ ਹਾਂ ਕਿ ਪੰਜਾਬ ਅਤੇ ਪੰਜਾਬੀਅਤ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਇਹ ਅਹਿਸਾਸ ਹੈ ਕਿ ਪੰਜਾਬ ਦੀ ਇੱਕ ਪੂਰੀ ਪੀੜ੍ਹੀ ਪੰਜਾਬ ਦੇ ਕਾਲੇ ਦਿਨਾਂ ਨੇ ਖਾ ਲਈ, ਦੂਸਰੀ ਨਸ਼ਿਆਂ ਨੇ ਖਾ ਲਈ, ਬੇਰੁਜ਼ਗਾਰੀ ਅਤੇ ਬੇਵਸਾਹੀ ਨੇ ਤੀਸਰੀ ਪੀੜ੍ਹੀ ਦਾ ਰੁੱਖ ਬਦੇਸ਼ਾਂ ਵੱਲ ਕਰ ਦਿੱਤਾ। ਪੰਜਾਬ ਦੀ ਖੇਤੀ ਸੁੰਗੜ ਗਈ ਹੈ, ਡਿਗਰੀਆਂ ਲੈ ਕੇ ਵੀ ਰੋਜ਼ਗਾਰ ਮਿਲ ਨਹੀਂ ਰਿਹਾ, ਵਿੱਦਿਆ ਅਤੇ ਸਿਹਤ-ਸਹੂਲਤਾਂ ਏਨੀਆਂ ਮਹਿੰਗੀਆਂ ਹੋ ਗਈਆਂ ਹਨ ਕਿ ਦਿਨੋਂ ਦਿਨ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਜਦੋਂ ਕੇਂਦਰ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਲਿਆਂਦੇ ਸੀ ਤਾਂ ਕਿਸਾਨਾਂ ਨੂੰ ਲੰਮਾ ਸਮਾਂ ਜੱਦੋ-ਜਹਿਦ ਕਰਨੀ ਪਈ ਕਿਉਂਕਿ ਉਹ ਕਿਸਾਨਾਂ ਲਈ ਜ਼ਿੰਦਗੀ ਅਤੇ ਮੌਤ ਦਾ ਸਵਾਲ ਸੀ, 700 ਦੇ ਲਗਪਗ ਕਿਸਾਨਾਂ ਦੀਆਂ ਜਾਨਾਂ ਚਲੀਆਂ ਗਈਆਂ। ਸਾਰੇ ਪੰਜਾਬੀਆਂ ਨੇ ਭਾਵੇਂ ਉਹ ਕਿਸੇ ਵੀ ਕਿੱਤੇ ਜਾਂ ਖੇਤਰ ਨਾਲ ਜੁੜੇ ਹੋਏ ਸੀ ਕਿਸਾਨਾਂ ਦਾ ਸਾਥ ਦਿੱਤਾ। ਸਾਰੇ ਸੰਸਾਰ ਨੂੰ ਇਸ ਅੰਦੋਲਨ ਨਾਲ ਹਮਦਰਦੀ ਸੀ ਜਿਸ ਤੋਂ ਸਾਰੇ ਵਾਕਫ ਹਨ, ਵਿਸਥਾਰ ਵਿਚ ਜਾਣ ਦੀ ਜ਼ਰੂਰਤ ਨਹੀਂ। ਕਿਸਾਨਾਂ ਨੂੰ ਬਹੁਤ ਸਾਰੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਸਰਕਾਰ ਅਤੇ ਗੋਦੀ ਮੀਡੀਆ ਦਾ ਸਾਰਾ ਜ਼ੋਰ ਲੱਗਿਆ ਹੋਇਆ ਸੀ ਕਿ ਵੱਖਵਾਦੀ, ਖਾਲਿਸਤਾਨੀ, ਅੰਦੋਲਨਜੀਵੀ ਵਰਗੇ ਲੇਬਲ ਲਾ ਕੇ ਮੋਰਚਾ ਪੱਟ ਦਿੱਤਾ ਜਾਵੇ। ਸਵਰਾਜਬੀਰ ਵਿਚ ਕੀੜੇ ਕੱਢਣ ਵਾਲੀ ਧਿਰ ਦਾ ਉਦੋਂ ਸਾਰਾ ਜ਼ੋਰ ਕਿਸਾਨ ਲੀਡਰਾਂ ਨੂੰ ਨਿੰਦਣ 'ਤੇ ਲੱਗਿਆ ਹੋਇਆ ਸੀ; ਕਿਉਂ? ਕਿਉਂਕਿ ਉਨ੍ਹਾਂ ਦਾ ਇਰਾਦਾ ਸੀ ਕਿ ਇਸ ਅੰਦੋਲਨ ਨੂੰ ਵੀ ਖਾਲਿਸਤਾਨ ਦਾ ਮੋਰਚਾ ਬਣਾ ਕੇ ਕੁੱਟ ਪੁਆ ਦਿੱਤੀ ਜਾਵੇ ਅਤੇ ਇਹੀ ਕੁੱਝ ਕਰਨ ਦਾ ਉਪਰਾਲਾ 26 ਜਨਵਰੀ ਨੂੰ ਲਾਲ ਕਿਲੇ ਵਾਲੀ ਘਟਨਾ ਰਚ ਕੇ ਕੀਤਾ ਵੀ ਗਿਆ। ਕਿਸਾਨ ਨੇਤਾ ਰਾਕੇਸ਼ ਟਿਕੈਤ ਦੀ ਹਿਮਾਇਤ ਖਾਤਰ ਲੰਗਰ ਵਾਲੇ ਬਾਬੇ ਦੇ ਹੱਲਾ-ਸ਼ੇਰੀ ਦੇਣ 'ਤੇ ਉਥੇ ਲੰਗਰ ਵਿਚ ਸੇਵਾ ਕਰ ਰਹੇ ਮੁੰਡਿਆਂ ਅਤੇ ਕਿਸਾਨਾਂ ਵੱਲੋਂ ਘੇਰਾ ਘੱਤ ਲੈਣ ਅਤੇ ਖਾਪ ਪੰਚਾਇਤ ਕਰਕੇ ਰਾਤੋ-ਰਾਤ ਹਰਿਆਣੇ ਦੇ ਕਿਸਾਨਾਂ ਵੱਲੋਂ ਟਰੈਕਟਰ ਲੈ ਕੇ ਗਾਜ਼ੀਪੁਰ ਬਾਡਰ 'ਤੇ ਪਹੁੰਚਣ ਨਾਲ ਅੰਦੋਲਨ ਉਖੜਨੋਂ ਬਚ ਗਿਆ ਅਤੇ ਰਾਕੇਸ਼ ਟਿਕੈਤ ਦੀ ਅਗਵਾਈ ਵਿਚ ਦੁਸ਼ਵਾਰੀਆਂ/ਰੋਕਾਂ ਝੱਲਦਾ ਮੁੜ ਪੈਰਾਂ ਸਿਰ ਹੋ ਗਿਆ। ਉਦੋਂ ਪੰਜਾਬੀ ਟ੍ਰਿਬਿਊਨ ਨੇ ਕਿਸਾਨਾਂ ਦੇ ਹੱਕ ਵਿਚ ਜਿਵੇਂ ਲਿਖਿਆ ਉਹ ਸਭ ਨੂੰ ਚੇਤੇ ਹੈ। ਲਖੀਮਪੁਰ ਖੀਰੀ ਦੀ ਘਟਨਾ 'ਤੇ ਚਰਨਜੀਤ ਭੁੱਲਰ ਦੇ ਲਿਖੇ ਲੇਖ ਅੱਜ ਵੀ ਅੱਖਾਂ ਵਿਚ ਹੰਝੂ ਲਿਆ ਦਿੰਦੇ ਹਨ।

ਸਵਰਾਜਬੀਰ ਪੰਜਾਬ ਅਤੇ ਪੰਜਾਬੀਅਤ ਨੂੰ ਪਰਨਾਇਆ, ਪੰਜਾਬ ਦਾ ਹਮਦਰਦ, ਪੰਜਾਬੀ ਮਾਂ-ਬੋਲੀ ਦਾ ਸਾਹਿਤਕਾਰ ਅਤੇ ਪੰਜਾਬ ਦੀ ਧਰਤੀ ਦਾ ਸੁਹਿਰਦ ਅਤੇ ਬੀਬਾ ਪੁੱਤਰ ਹੈ ਅਤੇ ਉਮੀਦ ਕਰਦੇ ਹਾਂ ਕਿ ਆਪਣੀ ਕਲਮ ਨਾਲ ਆਪਣੇ ਲੋਕਾਂ ਬਾਰੇ ਲਿਖਦਾ ਰਹੇਗਾ; ਉਸ ਦੀ ਕਲਮ ਚਲਦੀ ਰਹੇਗੀ। ਆਮੀਨ!

**-ਡਾ. ਗੁਰਨਾਮ ਕੌਰ, ਕੈਨੇਡਾ**

# ਰੰਗ ਬਦਲੇ ਨਿਤੀਸ਼ ਨੇ ਐਨੇ ਕਿ ਗਿਰਗਿਟ ਦੇ ਗਲੇਡੂ ਨਿਕਲੇ

ਬਿਹਾਰ ਦੇ 9ਵੀਂ ਵਾਰ ਮੁੱਖ ਮੰਤਰੀ ਬਣ ਕੇ ਨਿਤੀਸ਼ ਕੁਮਾਰ ਨੇ ਰਿਕਾਰਡ ਤੋੜ ਦਿੱਤਾ ਹੈ। ਕੋਈ ਪਤਾ ਨਹੀਂ ਆਉਣ ਵਾਲੇ ਦਿਨਾਂ ਵਿਚ ਇੱਕ-ਅੱਧ ਵਾਰ ਹੋਰ ਬਣ ਕੇ ਗਿੰਨੀਜ਼ ਬੁੱਕ ਆਫ ਰਿਕਾਰਡਜ਼ ਵਿਚ ਆਪਣਾ ਨਾਮ ਦਰਜ ਕਰਵਾ ਲਵੇ (ਸੁਣਿਐਂ ਜਦ 28 ਜਨਵਰੀ ਨੂੰ ਸਹੁੰ ਚੁੱਕਣ ਉਪਰੰਤ ਆਪਣਾ ਮਫਲਰ ਭੁੱਲਣ ਕਾਰਨ ਦੁਬਾਰਾ 15 ਮਿੰਟਾਂ ਬਾਅਦ ਆਪਣਾ ਗੁਲੂਬੰਦ ਚੁੱਕਣ ਆਇਆ ਤਾਂ ਰਾਜਪਾਲ ਹੈਰਾਨ ਜਿਹਾ ਹੋ ਗਿਆ, ਸ਼ਾਇਦ ਇਹ ਸੋਚ ਕੇ ਕਿ ਨਿਤੀਸ਼ ਕੁਮਾਰ ਕਿਧਰੇ ਅਗਲੀ ਕਲਾਬਾਜ਼ੀ ਨਾ ਮਾਰਨ ਆਇਆ ਹੋਵੇ!)



**ਪ੍ਰੋ. ਜਸਵੰਤ ਸਿੰਘ ਗੰਡਮ**
**ਫੋਨ: 98766-55055**

ਨਿਤੀਸ਼ ਕੁਮਾਰ ਦੀਆਂ ਕਲਾਬਾਜ਼ੀਆਂ ਨੇ ਸਾਨੂੰ ਸ਼ਾਇਰ ਬਣਾ ਦਿੱਤੈ। ਅਸੀਂ 28 ਜਨਵਰੀ ਨੂੰ ਹੀ ਸ਼ੇਅਰ ਛੱਡਤਾ:

"ਰੰਗ ਬਦਲੇ ਨਿਤੀਸ਼ ਨੇ ਐਨੇ
ਕਿ ਗਿਰਗਿਟ ਦੇ ਗਲੇਡੂ ਨਿਕਲੇ"!

ਵਿਰੋਧੀਆਂ ਨੇ ਵੀ ਤਨਜ਼ਾਂ ਕੱਸਦਿਆਂ ਕਿਹੈ ਕਿ ਐਨੇਂ ਤਾਂ ਗਿਰਗਿਟ ਵੀ ਰੰਗ ਨਹੀਂ ਬਦਲਦਾ ਜਿੰਨਾ ਨਿਤੀਸ਼ ਕੁਮਾਰ। ਇਕ ਜਣੇ ਨੇ ਤਾਂ ਉਸ ਨੂੰ ਗਿਰਗਿਟ ਰਤਨ ਦੇਣ ਦੀ ਸਲਾਹ ਵੀ ਦਿੱਤੀ ਹੈ।

ਖੈਰ, ਪਿੰਡ ਵਿਚ ਜੰਮੇ-ਪਲੇ ਹੋਣ ਕਾਰਨ ਅਸੀਂ ਗਿਰਗਿਟ ਨੂੰ ਰੰਗ ਬਦਲਦਿਆਂ ਦੇਖਿਆ ਹੈ। ਵਾਕਿਆ ਹੀ ਗਿਰਗਿਟ ਐਨੇ ਰੰਗ ਨਹੀਂ ਬਦਲਦਾ!

ਨਿਤੀਸ਼ ਕੁਮਾਰ ਦਾ ਕਿਸੇ ਵੇਲੇ ਸਾਡੇ ਉਪਰ ਬੜਾ ਪ੍ਰਭਾਵ ਸੀ। ਉਹ ਰਾਮ ਮਨੋਹਰ ਲੋਹੀਆ ਅਤੇ ਜੈ ਪ੍ਰਕਾਸ਼ ਨਰਾਇਣ ਦੀ ਸਿਆਸੀ ਉਪਜ ਸੀ। ਉਸ ਦੀ ਇਕ ਅਗਾਂਹਵਧੂ, ਸਮਾਜਵਾਦੀ ਅਤੇ ਸੰਜੀਦਾ ਨੇਤਾ ਦੀ ਛਵੀ ਸੀ। ਪਰ ਉਸ ਦੀਆਂ 'ਆਇਆ ਕੁਮਾਰ ਤੇ ਗਿਆ ਕੁਮਾਰ' ਦੀਆਂ ਸਿਆਸੀ ਘੁਲਾਟੀਆਂ ਨੇ ਉਸ ਦਾ ਅਕਸ ਮਿੱਟੀ ਵਿਚ ਮਿਲਾ ਦਿੱਤੈ। ਉਹ ਤਾਂ ਧੜੇ ਇਸ ਕਦਰ ਬਦਲਦੈ ਜਿਵੇਂ ਕੋਈ ਆਪਣੇ 'ਅੰਡਰਵਿਅਰ' ਬਦਲਦਾ ਹੋਵੇ!

ਅੱਜ ਭਾਜਪਾ ਨਾਲ, ਕੱਲ੍ਹ ਲਾਲੂ ਪ੍ਰਸਾਦ ਵਾਲੇ ਧੜੇ ਨਾਲ, ਪਰਸੋਂ ਕਾਂਗਰਸ-ਕਾਮਰੇਡਾਂ ਸਮੇਤ ਹੋਰ ਵਿਰੋਧੀ ਪਾਰਟੀਆਂ ਦੇ ਮਹਾਂਗੱਠਜੋੜ ਦਾ ਸਰਗਰਮ ਨੇਤਾ ਅਤੇ ਚੌਥੇ ਫਿਰ ਭਾਜਪਾ ਵਾਲੇ ਕੌਮੀ ਜਮਹੂਰੀ ਮੁਹਾਜ਼ ਵਾਲੇ ਗਠਬੰਧਨ ਨਾਲ! ਨਿਤੀਸ਼ ਦਾ ਨਾਸ਼ਤਾ ਭਾਜਪਾ ਨਾਲ, ਦੁਪਹਿਰਾ ਕਾਂਗਰਸ ਨਾਲ, ਰਾਤ ਦਾ ਖਾਣਾ ਲਾਲੂ ਨਾਲ ਹੁੰਦੈ। ਜੋ ਵੀ ਉਸ ਨੂੰ ਮੁੱਖ ਮੰਤਰੀ ਬਣਾ ਦੇਵੇ, ਉਹ ਉਸ ਨਾਲ ਹੁੰਦੈ, ਜਾਣੀ ਜਿੱਥੇ ਦੇਖਾਂ ਤਵਾ ਪਰਾਤ ਓਥੇ ਗਾਂਵਾਂ ਸਾਰੀ ਰਾਤ!

ਉਹ ਭਲਾ ਇਹ ਕਲਾਬਾਜ਼ੀਆਂ ਕਿਉਂ ਲਗਾਉਂਦੈ। ਉਹ ਆਪਣੀ ਸਿਆਸੀ ਭੋਇੰ ਨੂੰ ਖੋਰਾ ਲਗਦਾ ਦੇਖ ਵਿਚਲਿਤ ਹੋ ਜਾਂਦੈ। ਰਾਜ ਵਿਚ ਤਾਂ ਉਹ ਆਪਣੀ ਕੁਰਸੀ ਬਚਾਉਂਦਾ ਹੀ ਰਹਿੰਦੈ, ਪਰ ਰਾਸ਼ਟਰੀ ਸਿਆਸਤ ਵਿਚ ਵੀ ਹੱਥ ਅਜ਼ਮਾਉਣਾ ਚਾਹੁੰਦੈ। ਇਸ ਮਕਸਦ ਨਾਲ ਹੀ ਉਹ ਵਿਰੋਧੀ ਪਾਰਟੀਆਂ ਦੇ 'ਇੰਡੀਆ' ਬਲਾਕ ਵਿਚ ਸਰਗਰਮ ਹੋਇਆ ਸੀ। ਉਸ ਨੂੰ ਉਮੀਦ ਸੀ ਕਿ ਉਹ ਜਾਂ ਤਾਂ ਇਸ ਬਲਾਕ ਦਾ ਮੁਖੀ ਬਣਾਇਆ ਜਾਵੇਗਾ ਜਾਂ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾਵੇਗਾ। ਅਜਿਹਾ ਕੁਝ ਵੀ ਨਹੀਂ ਹੋਇਆ। ਬਲਦੀ 'ਤੇ ਤੇਲ ਉਦੋਂ ਪੈ ਗਿਆ ਜਦ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਕਾਂਗਰਸ ਦੇ ਪ੍ਰਧਾਨ ਅਤੇ ਦਲਿਤ ਨੇਤਾ ਮਲਿਕ ਅਰਜਨ ਖੜਗੇ ਨੂੰ ਵਿਰੋਧੀ ਬਲਾਕ ਦਾ ਪ੍ਰਧਾਨ ਮੰਤਰੀ ਦਾ ਚਿਹਰਾ ਪੇਸ਼ ਕੀਤੇ ਜਾਣ ਦਾ ਸੁਝਾਅ ਦੇ ਦਿੱਤਾ ਅਤੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਇਸ ਦੀ ਹਮਾਇਤ ਕਰ ਦਿੱਤੀ। ਪੰਛੀ ਉਡਣ ਉਡਣ ਤਾਂ ਪਹਿਲਾਂ ਹੀ ਕਰਦਾ ਸੀ ਪਰ ਮਮਤਾ ਨੇ ਜ਼ੋਰ ਦੀ ਤਾੜੀ ਮਾਰ ਉਸ ਦੇ ਉਡਣ ਵਿਚ ਫੁਰਤੀ ਲਿਆ ਦਿੱਤੀ-"ਤਾੜੀ ਮਾਰ ਉਡਾ ਨਾ ਬਾਹੂ/ਅਸੀਂ ਖੁਦ ਹੀ ਉਡਣ ਹਾਰੇ ਹੂ"!

ਲਓ ਜੀ ਅਸੀਂ ਉਡਾਰੀ ਮਾਰ ਭਾਜਪਾ ਦੇ ਆਲ੍ਹਣੇ ਵਿਚ ਜਾ ਬੈਠੇ। ਪਹਿਲਾਂ ਉਡੇ ਵੀ ਇਸ ਆਲ੍ਹਣੇ ਵਿਚੋਂ ਹੀ ਸਾਂ। ਨਿਤੀਸ਼ ਦੀ ਆਪਣੀ ਪਾਰਟੀ ਦੇ ਵਿਧਾਇਕਾਂ ਦੀ ਗਿਣਤੀ ਭਾਜਪਾ ਨਾਲੋਂ ਘੱਟ ਹੋਣ ਦੇ ਬਾਵਜੂਦ ਨਿਤੀਸ਼ ਮੁੱਖ ਮੰਤਰੀ ਬਣੇ। ਨਿਤੀਸ਼ ਲਈ ਜਾਂਦੇ ਚੋਰ ਦੀ ਲੰਗੋਟੀ ਵਾਲੀ ਗੱਲ ਸੀ ਅਤੇ ਭਾਜਪਾ ਲਈ ਸਿਰ 'ਤੇ ਖੜੀਆਂ ਲੋਕ ਸਭਾ ਚੋਣਾਂ ਵਿਚ ਆਪਣੀ ਤਾਕਤ ਵਧਾਉਣ ਦਾ ਮਸਲਾ ਸੀ। ਜੇ ਨਿਤੀਸ਼ ਕੁਮਾਰ ਵਿਚ ਅਸੁਰੱਖਿਆ ਦੀ ਭਾਵਨਾ ਪ੍ਰਬਲ ਸੀ ਤਾਂ ਭਾਜਪਾ ਵੀ ਬਿਹਾਰ ਵਿਚ ਆਪਣੇ ਬਲਬੂਤੇ ਕੋਈ ਬਹੁਤੀ ਮਜ਼ਬੂਤ ਸਥਿਤੀ ਵਿਚ ਨਹੀਂ ਸੀ। ਹੁਣ ਨਿਤੀਸ਼ ਦੀ ਪਾਰਟੀ ਦੇ ਐਨ.ਡੀ.ਏ. ਦਾ ਹਿੱਸਾ ਬਣਨ ਨਾਲ ਇਸ ਗੱਠਜੋੜ ਨੂੰ ਲੋਕ ਸਭਾ ਵਿਚ ਬਿਹਾਰ 'ਚੋਂ ਵਧੇਰੇ ਸੀਟਾਂ ਮਿਲ ਸਕਣ ਦੀ ਉਮੀਦ ਕੀਤੀ ਜਾ ਸਕਦੀ ਹੈ। 2019 ਦੀਆਂ ਲੋਕ ਸਭਾ ਚੋਣਾਂ ਵਿਚ ਜਨਤਾ ਦਲ ਯੂਨਾਈਟਿਡ ਅਤੇ ਭਾਜਪਾ ਨੇ ਰਲ ਕੇ ਬਿਹਾਰ ਦੀਆਂ 40 ਸੀਟਾਂ ਵਿਚੋਂ ਕੁਲ 33 ਸੀਟਾਂ ਜਿੱਤੀਆਂ ਸਨ। ਭਾਜਪਾ ਇਸ ਵਿਚ ਵਾਧਾ ਲੋਚੇਗੀ ਪਰ ਜੇ ਵੱਧ ਨਹੀਂ ਤਾਂ ਪਿਛਲੀ ਪਰਫਾਰਮੈਂਸ ਤਾਂ ਬਰਕਰਾਰ ਰੱਖਣਾ ਚਾਹੇਗੀ। ਪਰ ਲਾਲੂ ਯਾਦਵ ਦੀ ਪਾਰਟੀ ਰਾਸ਼ਟਰੀ ਜਨਤਾ ਦਲ ਵੀ ਆਪਣਾ ਆਧਾਰ ਮਜ਼ਬੂਤ ਕਰ ਰਹੀ ਹੈ। 2020 ਦੀਆਂ ਵਿਧਾਨ ਸਭਾ ਚੋਣਾਂ ਵਿਚ ਇਸ ਨੇ 75 ਸੀਟਾਂ ਜਿੱਤੀਆਂ ਸਨ, ਭਾਜਪਾ ਨੇ 74 ਅਤੇ ਨਿਤੀਸ਼ ਦਾ ਜਨਤਾ ਦਲ (ਯੂ) ਸਿਰਫ 43 ਸੀਟਾਂ ਉਪਰ ਸਿਮਟ ਕੇ ਰਹਿ ਗਿਆ ਸੀ।

ਭਾਜਪਾ ਦੀ ਸਿਆਸੀ ਖੇਡ ਇਹ ਹੈ ਕਿ ਨਿਤੀਸ਼ ਦੇ ਮੋਢਿਆਂ ਰਾਹੀਂ ਆਪਣਾ ਆਧਾਰ ਦਿਨ-ਬ-ਦਿਨ ਮਜ਼ਬੂਤ ਕੀਤਾ ਜਾਵੇ ਅਤੇ ਸਹੀ ਸਮਾਂ ਆਉਣ 'ਤੇ ਆਪਣੇ ਬਲਬੂਤੇ ਬਿਹਾਰ ਵਿਚ ਸਰਕਾਰ ਬਣਾਈ ਜਾਵੇ (ਸੁਭਾਵਕ ਤੌਰ 'ਤੇ ਨਿਤੀਸ਼ ਨੂੰ ਡੰਪ ਕਰ ਕੇ)।

ਨਿਤੀਸ਼ ਨੇ ਭਾਜਪਾ ਨਾਲ ਤੋੜ-ਵਿਛੋੜੇ ਉਪਰੰਤ ਫਿਰ ਗੰਢ-ਚਿਤਰਾਵਾ ਇਸ ਲਈ ਕੀਤਾ ਹੈ ਕਿ ਉਸ ਦੀ ਮੁੱਖ ਮੰਤਰੀ ਦੀ ਕੁਰਸੀ ਬਚੀ ਰਹੇ ਅਤੇ ਇਹ ਬਚ ਵੀ ਗਈ ਹੈ। ਪਰ ਕਿਧਰੇ ਨਾ ਕਿਧਰੇ ਨਿਤੀਸ਼ ਦੇ ਅੰਦਰ ਇਹ ਭਾਵਨਾ ਵੀ ਪ੍ਰਬਲ ਰੂਪ ਵਿਚ ਕੰਮ ਕਰ ਰਹੀ ਹੋਵੇਗੀ ਕਿ ਭਾਜਪਾ ਦੇ ਲੜ ਲੱਗਿਆਂ ਕੀ ਪਤਾ ਆਉਣ ਵਾਲੇ ਸਮੇਂ ਵਿਚ ਰਾਸ਼ਟਰਪਤੀ ਜਾਂ ਉਪ ਰਾਸ਼ਟਰਪਤੀ ਬਣਾਏ ਜਾਣ ਦਾ ਦਾਅ ਲਗ ਜਾਵੇ। ਜੇ ਇਹ ਉੱਚ-ਅਹੁਦੇ ਨਹੀਂ ਤਾਂ ਬੁੱਢੇ ਵਾਰੇ ਕਿਸੇ ਰਾਜ ਦਾ ਗਵਰਨਰ ਲਗਾਏ ਜਾਣਾ ਤਾਂ ਭਾਜਪਾ ਦੇ ਖੱਬੇ ਹੱਥ ਦਾ ਕੰਮ ਹੈ!

ਭਾਜਪਾ ਨੂੰ ਛੱਡਣ ਵੇਲੇ ਨਿਤੀਸ਼ ਕੁਮਾਰ ਨੇ

(ਬਾਕੀ ਅਗਲੇ ਸਫੇ 'ਤੇ)

## ਸੰਪਾਦਕ ਦੀ ਡਾਕ

'ਪੰਜਾਬ ਟਾਈਮਜ਼' ਵਿਚ ਛਪੇ ਲੇਖ ਵਿਚ ਸ. ਹਰਚਰਨ ਸਿੰਘ ਪਰਹਾਰ ਨੇ ਬਾਦਲੀਲ ਅਤੇ ਜਾਣਕਾਰੀ ਭਰਪੂਰ ਵਿਧੀ ਨਾਲ ਡਾ. ਸਵਰਾਜਬੀਰ ਦੀ ਰੁਖ਼ਸਤਗੀ ਦਾ ਮਾਮਲਾ ਪਾਠਕਾਂ ਸਾਹਵੇਂ ਕੀਤਾ ਹੈ। ਜਿਹੜੇ ਇਸ ਘਟਨਾ/ ਵਰਤਾਰੇ ਤੋਂ ਪ੍ਰਸੰਨ ਹਨ (ਕੇਂਦਰ ਸਰਕਾਰ ਅਤੇ ਖਾੜਕੂ ਧਿਰਾਂ) ਉਨ੍ਹਾਂ ਦੀ ਆਪੋ-ਵਿਚਲੀ ਸਹਿਮਤੀ ਨੂੰ ਵੀ ਸਮੇਂ ਸਿਰ ਨੰਗਾ ਕੀਤਾ ਹੈ। ਖਾੜਕੂ ਧਿਰਾਂ (ਹਿੰਦੂ) ਕੇਂਦਰੀ ਸਰਕਾਰ ਦੀ ਕੱਟੜ ਨੀਤੀ ਦੀ ਵਿਰੋਧਤਾ ਨੂੰ ਆਪਣੀ ਹੋਂਦ ਦਾ ਪੈਂਤੜਾ ਬਣਾਉਂਦਿਆਂ ਵੀ ਆਖ਼ਰ ਉਨ੍ਹਾਂ ਦੇ ਹੱਕ ਵਿਚ ਹੀ ਭੁਗਤ ਜਾਂਦੀਆਂ ਹਨ। ਏਹਦੀ ਤਾਜ਼ਾ ਮਿਸਾਲ ਕਿਸਾਨ ਮੋਰਚਾ ਹੈ ਜਿਸ ਵਿਚ ਉਨ੍ਹਾਂ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਝੰਡਾ ਝੁਲਾ ਕੇ ਮੋਰਚੇ ਦੇ ਬਾਦਬਾਨਾਂ ਵਿਚੋਂ ਹਵਾ ਕੱਢ ਦਿੱਤੀ। ਇਵੇਂ ਹੀ ਉਨ੍ਹਾਂ ਨੇ ਸੰਨ 1978 ਦਾ ਪਾਣੀਆਂ ਦਾ ਮੋਰਚਾ ਲੋਕਾਂ ਹੱਥੋਂ ਖੋਹ ਕੇ ਅਕਾਲੀਆਂ ਅਤੇ ਭਿੰਡਰਾਂਵਾਲਿਆਂ ਹੱਥ ਫੜਾ ਕੇ ਅੰਤ ਨੂੰ ਦਰਬਾਰ ਸਾਹਿਬ ਦੀ ਬਰਬਾਦੀ ਹਾਸਲ ਕੀਤੀ, ਸਰਕਾਰ ਨੂੰ ਅਜਾਂ ਵੀ ਨਹੀਂ ਆਈ, ਅਗਲੇ 40 ਸਾਲ ਪੰਜਾਬ ਕੋਈ ਸ਼ਾਂਤਮਈ ਵਿਰੋਧ ਕਰਨ ਜੋਗਾ ਨਾ ਰਿਹਾ (ਕਿਸਾਨ ਮੋਰਚੇ ਦੀ ਆਮਦ ਤਕ) ਅਤੇ ਜਿਹੜੀ ਪਾਰਟੀ ਦਰਬਾਰ ਸਾਹਿਬ 'ਤੇ ਫੌਜ ਚੜ੍ਹਾ ਕੇ ਲਿਆਈ ਸੀ, ਓਸੇ ਨੇ ਮੁੜ ਪੰਜਾਬ 'ਤੇ ਰਾਜ ਕੀਤਾ।

ਸ. ਪਰਹਾਰ ਸਹੀ ਅਰਥਾਂ ਵਿਚ ਪੱਤਰਕਾਰ ਹੈ। ਜਿਸ ਤਰੀਕੇ ਨਾਲ਼ ਉਨ੍ਹਾਂ ਨੇ ਡਾ. ਸਵਰਾਜਬੀਰ ਦੇ ਪੁਰਾਣੇ ਲੇਖ ਪੜ੍ਹੇ, ਸਾਂਭੇ, ਅਤੇ ਸਹੀ ਥਾਈਂ 'ਕੋਟ' ਕੀਤੇ - ਉਸ ਤਰ੍ਹਾਂ ਦੀ ਪੱਤਰਕਾਰੀ ਪੰਜਾਬੀ ਵਿਚ ਵਿਰਲੀ ਹੈ। ਉਨ੍ਹਾਂ ਦੇ ਓਪੀਨੀਅਨ ਹੇਠਾਂ ਸਦਾ ਘਟਨਾਵਾਂ ਦੇ ਸਹੀ ਸਬੂਤ ਥੰਮ੍ਹ ਬਣ ਕੇ ਖੜ੍ਹੇ ਰਹਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦੀ ਭਾਸ਼ਾ ਕਦੇ ਹਲੀਮੀ ਦਾ ਪੱਲਾ ਨਹੀਂ ਛੱਡਦੀ, ਪਰ ਉਸ ਵਿਚ ਕਮਜ਼ੋਰੀ ਵੀ ਨਹੀਂ ਝਲਕਦੀ। ਉਹ ਉਸ ਪੰਜਾਬੀ ਬੰਦੇ ਦੀ ਆਵਾਜ਼ ਹਨ, ਜੋ ਅੱਜ ਡਰਿਆ ਹੋਇਆ ਹੈ ... ਪਰ ਹਾਲੇ ਤਰਕਹੀਣ ਜਾਂ ਸੰਵੇਦਨਹੀਣ ਨਹੀਂ ਹੋਇਆ, ਜੋ ਹਾਲੇ ਵੀ ਗੁਰੂਆਂ ਦਾ ਅਸਲੀ ਸੁਨੇਹਾ ਛਾਤੀ ਵਿਚ ਸਾਂਭੀ ਬੈਠਾ ਹੈ, ਤੇ ਸਹੀ ਅਰਥਾਂ ਵਿਚ ਕਿਸੇ ਨੂੰ ਦੁੱਖ ਦਿੱਤੇ ਬਿਨਾ ਨੇਕ ਕਿਰਤ ਕਮਾਈ ਕਰਦਿਆਂ ਸਾਂਝੀਵਾਲਤਾ ਨਾਲ ਜੀਣਾ ਚਾਹੁੰਦਾ ਹੈ।

ਉਨ੍ਹਾਂ ਦਾ ਪੰਜਾਬੀ ਪੱਤਰਕਾਰੀ ਦੇ ਸਫਿਆਂ 'ਤੇ - ਖ਼ਤਰਾ ਮੁੱਲ ਲੈ ਕੇ ਵੀ - ਮੌਜੂਦ ਰਹਿਣਾ, ਨਿਰੰਤਰ ਕਰਮਸ਼ੀਲ ਰਹਿਣਾ, ਬੋਲਦੇ ਰਹਿਣਾ ਤੇ ਰਾਹ ਨੂੰ ਚਾਨਣਾ ਕਰਦੇ ਰਹਿਣਾ - ਸਾਡੀ ਸਭਨਾਂ ਦੀ ਖੁਸ਼ਕਿਸਮਤੀ ਹੈ। ਉਨ੍ਹਾਂ ਨੂੰ ਮੁਬਾਰਕ, ਅਤੇ ਉਨ੍ਹਾਂ ਦੀ ਚੜ੍ਹਦੀ ਕਲਾ ਅਤੇ ਸੁਰੱਖਿਆ ਲਈ ਅਰਦਾਸ ਵੀ ਕਰਦੇ ਹਾਂ।

**-ਸੁਖਪਾਲ**

# ਅਲਵਿਦਾ ਰਬਿੰਦਰ ਸਿੰਘ ਅਟਵਾਲ!

***ਆਪਣੀ ਆਪਣੀ ਵਾਰੀ ਸਭ ਨੇ ਓਥੇ ਜਾਣਾ ਹੈ। 17 ਜਨਵਰੀ 2024 ਨੂੰ ਕੈਲੀਫੋਰਨੀਆ ਦੇ ਸ਼ਹਿਰ ਯੂਬਾ ਸਿਟੀ ਰਹਿੰਦਾ ਇਕ ਹੋਰ ਮੁਸਾਫਰ ਆਪਣੀ ਜੀਵਨ ਯਾਤਰਾ ਸਫਲੀ ਕਰ ਮੰਜ਼ਲ ਪਾ ਗਿਆ। ਕਈ ਕਹਾਣੀ ਸੰਗ੍ਰਹਿ ਤੇ ਚਾਰ ਨਾਵਲਾਂ ਦੇ ਰਚੇਤਾ ਉੱਘੇ ਸਾਹਿਤਕਾਰ ਰਬਿੰਦਰ ਸਿੰਘ ਅਟਵਾਲ ਮੇਰੇ ਬੱਚਿਆਂ ਦੇ ਨਾਨਕੇ ਪਿੰਡ ਫਰਾਲਾ ਜ਼ਿਲ੍ਹਾ ਨਵਾਂਸ਼ਹਿਰ ਘਰ ਦਾ ਗਵਾਂਢੀ ਨਜ਼ਦੀਕੀ ਮਾਮਾ ਲੱਗਦਾ ਸੀ। ਮੇਰਾ ਨਮਨ ਪ੍ਰਣਾਮ ਸ਼ਰਧਾਂਜਲੀ ਅਟਵਾਲ ਸਾਹਿਬ!***

ਮੈਂ 2005 ਮਈ ਵਿਚ ਕੈਲੇਫੋਰਨੀਆ ਵਿਖੇ ਪਹੁੰਚਿਆ ਤਾਂ ਉੱਥੋਂ ਦੀਆਂ ਸਾਹਿਤ ਸਭਾਵਾਂ ਨੇ ਗਰਮਜੋਸ਼ੀ ਨਾਲ ਜੀ ਆਇਆਂ ਕਹਿੰਦੇ ਮੇਰਾ ਸਵਾਗਤ ਕੀਤਾ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੇ ਸੱਦੇ ਉੱਤੇ ਮੈਂ ਫਰੀਮੌਂਟ ਦੇ ਪੀਕੌਕ ਰੈਸਟੋਰੈਂਟ ਵਿਖੇ ਪਹੁੰਚਿਆ। ਉਨ੍ਹਾਂ ਨੇ ਖਿੜੇ ਮੱਥੇ ਮੈਨੂੰ ਸਿਰ ਉੱਤੇ ਚੁੱਕ ਲਿਆ ਤੇ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਕਰ ਦਿੱਤਾ। ਪ੍ਰੋ. ਹਰਭਜਨ ਸਿੰਘ, ਤਾਰਾ ਸਾਗਰ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ, ਨੀਲਮ ਸੈਣੀ, ਦਲਬੀਰ ਨਿੱਝਰ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ ਤੇ ਸਾਹਿਤ ਸਭਾ ਦੇ ਕਈ ਹੋਰ ਸਿਰਕੱਢ ਮੈਂਬਰ ਸ਼ਾਮਲ ਸਨ। ਲਗਾਤਾਰ ਦੋ ਕੁ ਘੰਟੇ ਚੱਲੇ ਇਸ ਸਮਾਗਮ ਵਿਚ ਬਹੁਤੇ ਸਾਰੇ ਲੇਖਕਾਂ ਬੁਲਾਰਿਆਂ ਨੇ ਜਿੱਥੇ



**ਚਰਨਜੀਤ ਸਿੰਘ ਪੰਨੂੰ**
**ਫੋਨ: 408-608-4961**

ਆਪਣੀਆਂ ਰਚਨਾਵਾਂ, ਕਵਿਤਾਵਾਂ, ਕਹਾਣੀਆਂ ਤੇ ਹੋਰ ਸਾਰਥਿਕ ਰਚਨਾਵਾਂ ਪੇਸ਼ ਕੀਤੀਆਂ, ਉੱਥੇ ਸਾਰਿਆਂ ਨੇ ਹੀ ਕਿਸੇ ਨਾ ਕਿਸੇ ਰੂਪ ਵਿਚ ਮੇਰੀ ਤੇ ਮੇਰੀਆਂ ਕਹਾਣੀਆਂ ਦੀ ਤਾਰੀਫ਼ ਵੀ ਕੀਤੀ।

ਅਗਲੇ ਪੜਾਅ ਦੇ ਪ੍ਰਧਾਨਗੀ ਮੰਡਲ ਤੋਂ ਮੈਨੂੰ ਛੁਟਕਾਰਾ ਮਿਲ ਗਿਆ। ਲੰਚ ਤੋਂ ਬਾਅਦ ਮੈਂ ਪਿੱਛੇ ਆ ਕੇ ਆਪਣੀ ਨਿਵੇਕਲੀ ਜਿਹੀ ਸੀਟ ਮੱਲ ਕੇ ਬੈਠ ਗਿਆ। ਅਚਾਨਕ ਇਕ ਉੱਚਾ ਲੰਮਾ ਸਾਢੇ ਕੁ ਛੇ ਫੁੱਟ ਉੱਚਾ ਸੱਜਣ ਮੇਰੀ ਸੀਟ ਦੇ ਸਾਹਮਣੇ ਆ ਕੇ ਕੋਡਾ ਹੋ ਗਿਆ ਤੇ ਇਕ ਕਿਤਾਬ ਸ਼ਾਇਦ ਜਿਸ ਦਾ ਟਾਈਟਲ ਮੈਂ ਪੜ੍ਹ ਸਕਿਆ 'ਕਿਹੜੇ ਦੇਸੀਂ ਜਾਣਾ'। ਇਹ ਜੀ ਮੇਰਾ ਨਾਵਲ ਹੈ ਤੁਹਾਡੇ ਵਾਸਤੇ। ਮੈਂ ਵੀ ਤੁਹਾਡੇ ਇਲਾਕੇ ਅੰਮ੍ਰਿਤਸਰ ਵਿਚ ਬਹੁਤ ਦੇਰ ਰਹਿੰਦਾ ਰਿਹਾ ਹਾਂ। ਮੇਰੇ ਪਾਪਾ ਜੀ ਉੱਥੇ ਕਾਨੂੰਗੋ ਸਨ। ਪਾਪਾ ਜੀ ਨਾਲ ਮੇਰਾ ਬਚਪਨ ਅੰਮ੍ਰਿਤਸਰ ਦੇ ਰਾਮ ਤੀਰਥ ਰੋਡ ਉੱਤੇ ਹੀ ਬੀਤਿਆ ਹੈ। ਉੱਥੇ ਹੀ ਮੇਰੀ ਇਕ ਭੈਣ ਵਿਆਹੀ ਹੋਈ ਹੈ। ਤੁਹਾਡੇ ਅੰਮ੍ਰਿਤਸਰ ਨਾਲ ਮੇਰਾ ਬਹੁਤ ਗੂੜ੍ਹਾ ਰਿਸ਼ਤਾ ਹੈ। ਇਹ ਮੇਰੀ ਤੁੱਛ ਜਿਹੀ ਭੇਟਾ ਪ੍ਰਵਾਨ ਕਰੋ ਤੇ ਪੜ੍ਹ ਕੇ ਆਪਣੇ ਸੁਝਾਅ ਦੇਣ ਦੀ ਕਿਰਪਾਲਤਾ ਕਰਿਓ।

ਮੈਂ ਬੜੇ ਆਦਰ ਸਤਿਕਾਰ ਨਾਲ ਪੁਸਤਕ ਲੈ ਕੇ ਆਪਣੇ ਕੋਲ ਰੱਖ ਲਈ ਤੇ ਉਹ ਮੁੜ ਅਗਲੇ ਪਾਸੇ ਆਪਣੀ ਸੀਟ ਉੱਤੇ ਜਾ ਬੈਠਾ। ਪ੍ਰੋਗਰਾਮ ਚਾਲੂ ਸੀ। ਮੈਂ ਸਰਸਰੀ ਪੁਸਤਕ ਉੱਤੇ ਨਜ਼ਰ ਮਾਰੀ, ਰਵਿੰਦਰ ਸਿੰਘ ਅਟਵਾਲ! ਅਟਵਾਲ ਸ਼ਬਦ ਨੇ ਮੈਨੂੰ ਧੁਰ ਤਕ ਝੰਜੋੜ ਦਿੱਤਾ। ਇਸ ਗੋਤ ਨਾਲ ਮੇਰੀ ਬੜੀ ਨਜ਼ਦੀਕੀ ਸਾਂਝ ਹੈ। ਮੈਂ ਪੰਨੇ ਪਲਟਣੇ ਸ਼ੁਰੂ ਕੀਤੇ। ਨਾਵਲ ਦਾ ਕਥਾਨਕ ਧਰਾਤਲ ਜੋ ਮੇਰੇ ਜਾਣੇ ਪਛਾਣੇ ਖੇਤਰ ਲਗਭਗ ਅੰਮ੍ਰਿਤਸਰ ਤੇ ਬਾਬੇ ਬਕਾਲੇ ਦੇ ਆਸੇ ਪਾਸੇ ਹੀ ਘੁੰਮ ਰਿਹਾ ਸੀ, ਮੇਰੇ ਮਨ ਅੰਦਰ ਉਤਸੁਕ ਖਲਬਲੀ ਮਚਾਉਣ ਲੱਗੀ। ਮੈਂ ਸੋਚਿਆ ਕਿ ਕਦੋਂ ਇਹ ਪ੍ਰੋਗਰਾਮ ਖ਼ਤਮ ਹੋਵੇ ਤੇ ਜਾ ਕੇ ਇਸ ਲੇਖਕ ਬਾਰੇ ਹੋਰ ਜਾਣਕਾਰੀ ਹਾਸਲ ਕਰ ਸਕਾਂ। ਜਿਵੇਂ ਕਹਿੰਦੇ ਨੇ ਦਿਲਾਂ ਨੂੰ ਦਿਲਾਂ ਦੇ ਰਾਹ ਹੁੰਦੇ ਨੇ। ਇਸ ਛੋਟੀ ਜਿਹੀ ਮੁਲਾਕਾਤ ਨੇ ਮੇਰੇ ਅੰਦਰ ਤੂਫ਼ਾਨ ਖੜੇ ਕੀਤੇ ਤਾਂ ਉਸ ਦੇ ਮਨ ਵਿਚ ਵੀ ਇਸ ਤਰ੍ਹਾਂ ਹੀ ਹਲਚਲ ਮੱਚ ਰਹੀ ਹੋਵੇਗੀ। ਮੈਂ ਦੇਖਿਆ ਉਹ ਫਿਰ ਉੱਠ ਕੇ ਮੇਰੀ ਪਿਛਲੀ ਖਾਲੀ ਕੁਰਸੀ ਉੱਤੇ ਆ ਬੈਠਾ ਤੇ ਕੋਡਾ ਜਿਹਾ ਹੋ ਕੇ ਮੇਰੇ ਕੰਨ੍ਹ ਵਿਚ ਘੁਸਰ-ਮੁਸਰ ਕਰਨੀ ਸ਼ੁਰੂ ਕੀਤੀ। ਉਸ ਦੀ ਇਹ ਬਹੁਤ ਉਤਾਵਲੀ ਹਰਕਤ ਮੈਨੂੰ ਚੰਗੀ ਨਹੀਂ ਲੱਗੀ। ਪ੍ਰੋਗਰਾਮ ਦੇ ਚਾਲੂ ਸੈਸ਼ਨ ਦੌਰਾਨ ਮੈਂ ਨਹੀਂ ਚਾਹੁੰਦਾ ਸੀ ਕਿ ਕੋਈ ਬੇਲੋੜੀ ਵਾਰਤਾਲਾਪ ਨਾਲ ਪ੍ਰੋਗਰਾਮ ਵਿਚ ਵਿਘਨ ਪਾਇਆ ਜਾਵੇ। ਮੈਂ ਥੋੜ੍ਹਾ ਜਿਹਾ ਟਾਲ-ਮਟੋਲ ਕਰਨ ਲੱਗਾ। ਸਟੇਜ ਵੱਲੋਂ ਵੀ ਅਨਾਊਂਸਮੈਂਟ ਹੋ ਗਈ ਕਿ ਆਪਸੀ ਗੱਲਬਾਤ ਬਾਅਦ ਵਿਚ ਕਰ ਲਵੋ।

ਉਹ ਬਹੁਤ ਉਤਾਵਲਾ ਸੀ। ਇਸ ਤਰ੍ਹਾਂ ਲੱਗਦਾ ਸੀ ਕਿ ਉਸ ਦੇ ਮਨ ਵਿਚ ਮਣਾਂ-ਮੂੰਹੀਂ ਗੱਲਾਂ ਜੋ ਮੇਰੇ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹੈ, ਜਮ੍ਹਾਂ ਹੋ ਰਹੀਆਂ ਸਨ। ਮੈਂ ਸਮਝ ਗਿਆ ਕਿ ਉਹ ਮੈਨੂੰ ਬੜਾ ਵੱਡਾ ਲੇਖਕ ਮੰਨ ਕੇ ਅੰਮ੍ਰਿਤਸਰ ਨਾਲ ਆਪਣੀ ਸਾਂਝ ਦਰਸਾ ਕੇ ਮੇਰੇ ਨਾਲ ਅਪਣੱਤ ਦਰਸਾਉਣਾ ਚਾਹੁੰਦਾ ਹੈ। ਉਸ ਦੇ ਪ੍ਰੇਮ ਭਾਵ ਨੂੰ ਮੁੱਖ ਰੱਖ ਕੇ ਮੈਂ ਆਪ ਹੀ ਉੱਠਿਆ ਤੇ ਇਸ਼ਾਰਾ ਕਰ ਕੇ ਉਸ ਨੂੰ ਬਾਹਰ ਲੈ ਤੁਰਿਆ। ਬਾਹਰ ਬਰਾਂਡੇ ਵਿਚ ਵਾਧੂ ਕੁਰਸੀਆਂ ਡੱਠੀਆਂ ਹੋਈਆਂ ਸਨ। ਮੇਰੇ ਬੈਠਦੇ ਬੈਠਦੇ ਉਹ ਚਾਹ ਦੇ ਦੋ ਕੱਪ ਲੈ ਕੇ ਮੇਰੇ ਸਾਹਮਣੇ ਆ ਬੈਠਾ। ਉਸ ਨੇ ਅੰਮ੍ਰਿਤਸਰ ਬਾਰੇ ਫਿਰ ਕਹਾਣੀ ਸ਼ੁਰੂ ਕਰ ਦਿੱਤੀ ਕਿ ਮੈਂ ਤੁਹਾਡੇ ਝਬਾਲ ਰੋਡ ਦੇ ਸਾਹਣਾ ਪਿੰਡ ਨੂੰ ਜਾਣਦਾ ਹਾਂ, ਮੈਂ ਚੁਗਾਵਾਂ ਨੂੰ ਵੀ ਜਾਣਦਾਂ ਤੇ ਬਾਬਾ ਬਕਾਲਾ ਨੂੰ ਵੀ ਜਾਣਦਾ ਹਾਂ। ਮੇਰੇ ਬਾਪੂ ਜੀ ਉੱਥੇ ਵੀ ਡਿਊਟੀ ਕਰਦੇ ਰਹੇ ਸਨ। ਮੈਂ ਸੰਤ ਸਿੰਘ ਸੁੱਖਾ ਸਿੰਘ ਸਕੂਲ ਤੋਂ ਦਸਵੀਂ ਪਾਸ ਕੀਤੀ ਤੇ ਫਿਰ ਖ਼ਾਲਸਾ ਕਾਲਜ ਦਾ ਵਿਦਿਆਰਥੀ ਰਿਹਾ। ਇਸ ਤਰ੍ਹਾਂ ਮੈਨੂੰ ਉਸ ਨੇ ਮਾਨਸਿਕ ਰੂਪ ਵਿਚ ਅੰਮ੍ਰਿਤਸਰ ਵਿਚ ਘੇਰ ਕੇ ਬਿਠਾ ਦਿੱਤਾ। ਉਸ ਦੀਆਂ ਪ੍ਰੇਮ ਭਿੱਜੀਆਂ ਗੱਲਾਂ ਤੋਂ ਉਪਰੰਤ ਮੇਰਾ ਮਨ ਦੂਜੇ ਪਾਸੇ ਉਡਾਰੀਆਂ ਮਾਰ ਰਿਹਾ ਸੀ।

ਮੈਂ ਫਿਰ ਪੁਸਤਕ ਫੜ ਕੇ ਪੰਨੇ ਫਰੋਲਣੇ ਸ਼ੁਰੂ ਕਰ ਦਿੱਤੇ। ਮੈਂ ਉਸ ਦੀਆਂ ਨਜ਼ਰਾਂ ਵਿਚ ਨਜ਼ਰਾਂ ਗੱਡੀਆਂ। ਤੁਸੀਂ ਅਟਵਾਲ ਹੁੰਦੇ ਹੋ?

ਜੀ ਅਟਵਾਲ ਸਾਡਾ ਗੋਤ ਹੈ।

ਇਹ ਗੋਤ ਅੰਮ੍ਰਿਤਸਰ ਵਿਚ ਤਾਂ ਹੈ ਨਹੀਂ। ਤੁਹਾਡਾ ਹੋਰ ਪਿੰਡ ਕਿੱਥੇ ਹੈ?

ਮੇਰਾ ਪਿੰਡ ਜ਼ਿਲ੍ਹਾ ਜਲੰਧਰ ਵਿਚ ਹੈ।

ਹਾਂਜੀ ਏਨਾ ਕੁ ਮੈਂ ਵੀ ਜਾਣਦਾ ਹਾਂ ਕਿ



ਅਟਵਾਲਾਂ ਦੇ ਪਿੰਡ ਜਾਂ ਗੋਤ ਜਲੰਧਰ ਤੋਂ ਹੀ ਸ਼ੁਰੂ ਹੁੰਦੀ ਹੈ। ਤੁਸੀਂ ਦੱਸੋ ਤੁਹਾਡਾ ਪਿੰਡ ਕਿਹੜਾ ਹੈ?

ਜੀ ਅਸੀਂ ਦੁਆਬੇ ਤੋਂ ਹਾਂ।

ਨਹੀਂ ਵੀਰ ਇਸ ਤੋਂ ਅੱਗੇ ਤੁਰੋ ਤੇ ਆਪਣੇ ਪਿੰਡ ਦਾ ਨਾਮ ਦੱਸੋ।

ਜੀ ਨਵਾਂਸ਼ਹਿਰ।

ਨਹੀਂ ਅਜੇ ਹੋਰ ਅੱਗੇ ਤੁਰੋ।

ਜੀ ਬੰਗਾ ਸਮਝ ਲਵੋ।

ਮੈਂ ਸਮਝ ਗਿਆ ਕਿ ਉਹ ਵੱਡੇ ਸ਼ਹਿਰਾਂ, ਪਿੰਡਾਂ ਦਾ ਨਾਮ ਲੈ ਰਿਹਾ ਹੈ ਕਿ ਛੋਟੇ ਪਿੰਡਾਂ ਵਿਚ ਇਹ ਕਿੱਦਾਂ ਪਹੁੰਚੇਗਾ ਕਿ ਇਸ ਨੂੰ ਕੀ ਪਤਾ ਹੈ ਕਿ ਇਸ ਦੇ ਪਿੰਡਾਂ ਦੇ ਨਾਵਾਂ ਦਾ।

ਅੱਗੇ ਹੋਰ ਤੁਰੋ ਮੇਰੇ ਵੀਰ ਜੀ। ਮੈਂ ਜਾਣਨਾ ਚਾਹੁੰਦਾ ਹਾਂ ਆਪਣੇ ਅਸਲੀ ਪਿੰਡ ਦਾ ਨਾਮ ਦੱਸੋ।

ਜੀ ਪਿੰਡ ਮੇਰਾ ਸੰਧਵਾਂ ਫਰਾਲਾ ਹੈ। ਉਸ ਨੇ ਕਿਹਾ।

ਤੁਸੀਂ ਅਜੇ ਵੀ ਗੱਲ ਨੂੰ ਗੋਲਮੋਲ ਕਰੀ ਜਾ ਰਹੇ ਹੋ? ਮੈਂ ਤੁਹਾਡਾ ਪਿੰਡ ਪੁੱਛਦਾ ਹਾਂ ਸੰਧਵਾਂ ਕੇ ਫਰਾਲਾ?

ਮੇਰਾ ਪਿੰਡ ਫਰਾਲਾ ਹੈ, ਤੁਸੀਂ ਤਾਂ ਮੇਰੇ ਪੋਤੜੇ ਫਰੋਲਣੇ ਸ਼ੁਰੂ ਕਰ ਦਿੱਤੇ। ਉਸ ਦੀ ਘਬਰਾਹਟ ਨਾਲ ਮੇਰਾ ਹਾਸਾ ਨਿਕਲ ਗਿਆ।

ਮੈਨੂੰ ਜਾਪਦਾ ਹੈ ਕਿ ਤੁਹਾਡੀ ਮੇਰੀ ਸਾਂਝ ਇਸ ਤੋਂ ਵੀ ਹੋਰ ਨਜ਼ਦੀਕ ਪੀਢੀ ਹੈ ਤੇ ਮੈਂ ਉਹ ਪੀਢੀ ਗੰਢ ਖੋਲ੍ਹਣੀ ਚਾਹੁੰਦਾ ਹਾਂ। ਤੁਸੀਂ ਮੇਰਾ ਸਾਹਿਤਕਾਰ ਦੇ ਤੌਰ ਉੱਤੇ ਮਾਣ ਕੀਤਾ, ਤੁਹਾਡਾ ਧੰਨਵਾਦ। ਇਸ ਤੋਂ ਅੱਗੇ ਸਾਡੀ ਇਕ ਹੋਰ ਸਾਂਝ ਨਿਕਲਦੀ ਜਾਪ ਰਹੀ ਹੈ।

ਮੇਰਾ ਬਾਪ ਦਾਦੇ ਤੋਂ ਅਸਲੀ ਪਿੰਡ ਤਾਂ ਫਰਾਲਾ ਹੀ ਹੈ। ਮੈਂ ਖ਼ੂਬ ਹੱਸਿਆ। ਮੇਰਾ ਜੀਅ ਕਰੇ ਕਿ ਮੈਂ ਉਸ ਨੂੰ ਘੁੱਟ ਕੇ ਜੱਫੀ ਪਾ ਲਵਾਂ।

ਇਸ ਤੋਂ ਅੱਗੇ ਤੈਨੂੰ ਹੋਰ ਦੱਸਣਾ ਪਵੇਗਾ ਕਿ ਘਰ ਕਿੱਥੇ ਹੈ, ਕਿਹੜੀ ਪੱਤੀ ਤੇ ਕਿਹੜੇ ਪਾਸੇ ਹੈ।

ਮੇਰਾ ਘਰ ਗਭਲੇ ਖੂਹ ਉੱਤੇ ਹੈ।

ਖੂਬ! ਖ਼ੁਸ਼ ਕੀਤਾ ਮੇਰੇ ਯਾਰ! ਤੇ ਫਿਰ ਇਹ ਵੀ ਦੱਸੋ ਕਿਹੜੀ ਗਲੀ ਵਿਚ ਹੈ।

ਬੰਸੋ ਵਾਲੀ ਗਲੀ ਵਿਚ। ਤੁਸੀਂ ਏਨੇ ਨਿਨਵੇਂ ਲੈ ਰਹੇ ਹੋ!

ਕੌਣ ਬੰਸੋ? ਕਿਹੜੀ? ਕੇਵਲ ਦੀ ਬੰਸੋ?

ਤੁਸੀਂ ਇਹ ਸਭ ਕਿਵੇਂ ਜਾਣਦੇ ਹੋ? ਕਦੇ ਗਏ ਹੋ ਉੱਥੇ?

ਹਾਂ ਜੀ ਹਾਂ! ਕੇਵਲ ਦੇ ਘਰ ਦੀ ਚੜ੍ਹਦੀ ਬਾਹੀ ਕੰਧੋਂ ਪਾਰ ਮੇਰਾ ਘਰ ਹੈ।

ਵਾਹ ਜੀ ਤੁਸੀਂ ਇੱਧਰੋਂ ਚੜ੍ਹਦੀ ਬਾਹੀ ਚੜ੍ਹਦੇ ਰਹੇ ਤੇ ਫਿਰ ਕੇਵਲ ਦੇ ਘਰ ਦੇ ਲਹਿੰਦੀ ਬਾਹੀ ਵੱਲ ਕੰਧੋਂ ਪਾਰ ਇਕ ਹੋਰ ਘਰ ਹੈ!

ਵੀਰ ਜੀ ਉਹ ਤਾਂ ਮੇਰੇ ਚਾਚਾ ਗੁਰਬਚਨ ਜੀ ਹਨ।

ਹੋਰ ਕੌਣ ਰਹਿੰਦਾ?

ਹੁਣ ਤਾਂ ਜੀ ਉਨ੍ਹਾਂ ਦੀ ਇਕ ਬੇਟੀ ਜੀਤੋ ਰਹਿੰਦੀ ਹੈ ਤੇ ਬੱਚੇ ਹਨ।

ਉਹ ਮੇਰੀ ਬੀਵੀ ਹੈ ਤੇ ਨਾਲ ਬੱਚੇ ਮੇਰੇ ਹਨ। ਮੈਂ ਉਸ ਨੂੰ ਘੁੱਟ ਕੇ ਜੱਫੀ ਵਿਚ ਲੈ ਲਿਆ।

ਇਸ ਘਰ ਦੇ ਅਗਲੇ ਪਾਰ ਹਰਜੀਤ ਅਟਵਾਲ ਨਾਵਲਿਸਟ ਦੀ ਕੰਧ ਸਾਂਝੀ ਹੈ।

ਮੇਰੀ ਭੈਣ ਹੈ ਜੀਤੋ ਚਾਚੇ ਦੀ ਬੇਟੀ। ਔਹ! ਤੁਸੀਂ ਤਾਂ ਫਿਰ ਮੇਰੇ ਪ੍ਰਾਹੁਣੇ ਹੋਏ? ਉਸ ਨੇ ਉੱਠ ਕੇ ਮੈਨੂੰ ਘੁੱਟ ਕੇ ਕਲਾਵੇ ਵਿਚ ਕੱਸ ਲਿਆ।

ਅੰਦਰੋਂ ਹਾਲ ਵਿਚੋਂ ਸਮਾਗਮ ਤਾੜੀਆਂ ਦੀ ਗੜਗੜਾਹਟ ਵਿਚ ਸਮਾਗਮ ਹੋ ਚੁੱਕਾ ਸੀ। ਲੋਕ ਬਾਹਰ ਆ ਰਹੇ ਸਾਡੇ ਵੱਲ ਦੇਖ ਰਹੇ ਸਨ ਕਿ ਇਨ੍ਹਾਂ ਦੋ ਅਜਨਬੀਆਂ ਨੇ ਕਿਸ ਤਰ੍ਹਾਂ ਪ੍ਰੇਮ ਪੀਂਘਾਂ ਪਾ ਲਈਆਂ ਹਨ। ਰਵਿੰਦਰ ਸਿੰਘ ਅਟਵਾਲ ਨੇ ਦੱਸਿਆ ਕਿ ਉਹ ਬਹੁਤ ਦੇਰ ਪਹਿਲਾਂ ਪਿੰਡ ਤੋਂ ਵਲੈਤ ਚਲਾ ਗਿਆ ਸੀ ਤੇ ਉੱਥੇ ਜਾ ਕੇ ਬਿਜ਼ਨਸ ਕੀਤਾ, ਖੇਤੀ ਵੀ ਕੀਤੀ। ਅੱਜਕੱਲ੍ਹ ਯੂਬਾ ਸਿਟੀ ਵਿਖੇ ਬਹੁਤ ਵੱਡਾ ਫਾਰਮ ਹਾਊਸ ਬਣਾ ਰੱਖਿਆ ਹੈ।

ਫਰੀਮੌਂਟ ਤੋਂ ਯੂਬਾ ਸਿਟੀ ਦੋ ਢਾਈ ਘੰਟੇ ਦਾ ਰਸਤਾ ਹੈ, ਇਸ ਲਈ ਉਸ ਨੇ ਉਧਰ ਜਾਣਾ ਸੀ। ਮੇਰਾ ਫਰੀਮੌਂਟ ਦੇ ਸੈਨਹੋਜ਼ੇ 25 ਕੁ ਮੀਲ ਦਾ ਰਸਤਾ ਸੀ। ਮੇਰਾ ਬੇਟਾ ਦਲਬੀਰ ਪੰਨੂ ਲੈਣ ਪਹੁੰਚ ਗਿਆ। ਉਸ ਨੂੰ ਜਦ ਮੈਂ ਨਵੀਂ ਰਿਸ਼ਤੇਦਾਰੀ ਬਾਰੇ ਦੱਸਿਆ ਤਾਂ ਉਹ ਵੀ ਬੜਾ ਖ਼ੁਸ਼ ਹੋਇਆ। ਉਸ ਨੇ ਆਪਣੇ ਮਾਮਾ ਜੀ ਨਾਲ ਵਾਕਫ਼ੀ ਵਟਾਈ ਤੇ ਜਲਦੀ ਹੀ ਘੁਲ-ਮਿਲ ਗਏ। ਰਵਿੰਦਰ ਸਿੰਘ ਅਟਵਾਲ ਨੇ ਆਪਣਾ ਪਰਸ ਕੱਢਿਆ ਤੇ ਵੀਹ ਡਾਲਰ ਦਾ ਨੋਟ ਕੱਢ ਕੇ ਮੇਰੇ ਵੱਲ ਵਧਾਇਆ। ਇਹ ਮੇਰੀ ਭੈਣ ਨੂੰ ਮੇਰਾ ਸ਼ਗਨ ਭੇਟਾ ਦੇ ਦੇਣਾ।

ਮੈਂ ਤੇ ਬੇਟੇ ਨੇ ਕਿਹਾ ਕਿ ਤੁਸੀਂ ਸਾਡੇ ਨਾਲ ਘਰ ਚੱਲੋ ਤੇ ਉੱਥੇ ਆਪ ਦੇ ਦਿਓ। ਅਸੀਂ ਤੁਹਾਡੇ ਭੈਣ ਭਰਾ ਦੇ ਰਸਤੇ ਕੋਈ ਵਿਚੋਲਗੀ ਨਹੀਂ ਕਰਨੀ।

ਜਦ ਕਦ ਆਪ ਆਵੋਗੇ ਤਾਂ ਆਪ ਦੇ ਦੇਣਾ। ਉਸ ਦੇ ਬਾਰ ਬਾਰ ਕਹਿਣ ਉੱਤੇ ਵੀ ਅਸੀਂ ਉਸ ਦਾ ਸ਼ਗਨ ਸੁਨੇਹਾ ਸਵੀਕਾਰ ਨਹੀਂ ਕੀਤਾ। ਅਜੇ ਅਸੀਂ ਘਰ ਪਹੁੰਚੇ ਹੀ ਸੀ ਕਿ ਉਸ ਦਾ ਫ਼ੋਨ ਆ ਗਿਆ। ਮੈਂ ਉਹ ਉਸ ਦੀ ਭੈਣ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਵੀ ਅਜਨਬੀਆਂ ਵਾਂਗ ਪਿੰਡ ਦੀਆਂ ਸਾਂਝਾਂ ਤਾਜ਼ਾ ਕੀਤੀਆਂ ਤੇ ਬਹੁਤ ਦੇਰ ਹੱਸਦੇ ਖ਼ੁਸ਼ ਹੁੰਦੇ ਰਹੇ, ਵੇਖ ਕੇ ਮੈਨੂੰ ਵੀ ਅੱਜ ਦੀ ਨਵੀਂ ਪ੍ਰਾਪਤੀ ਹੋਈ ਜਾਪੀ। ਉਸ ਤੋਂ ਬਾਅਦ ਮੈਂ ਤੇ ਮੇਰਾ ਬੇਟਾ ਡਾ. ਦਲਵੀਰ ਪੰਨੂ ਬਹੁਤ ਵੇਰਾਂ ਉਸ ਨੂੰ ਮਿਲਦੇ ਰਹੇ। ਬੇਟੇ ਨੇ ਜਦ ਪਾਕਿਸਤਾਨ ਬਾਰੇ ਸਿੱਖ ਹੈਰੀਟੇਜ ਬੀਯੋਂਡ ਬਾਰਡਰਜ਼ ਪੁਸਤਕ ਲਿਖੀ ਤਾਂ ਉਸ ਨੇ ਵਿਸ਼ੇਸ਼ ਤੌਰ 'ਤੇ ਉਸ ਦੀ ਇੰਟਰਵਿਊ ਰਿਕਾਰਡ ਕੀਤੀ ਸੀ, ਕਿਉਂਕਿ ਉਹ 1947 ਤੋਂ ਬਹੁਤ ਪਹਿਲਾਂ ਜਨਮਿਆ ਸੀ ਤੇ ਉਸ ਸਮੇਂ ਦੇ ਹਾਲਾਤ ਤੋਂ ਵਾਕਫ਼ ਸੀ। ਇਹ ਸਾਰਾ ਘੱਲੂਘਾਰਾ ਕਾਂਡ ਉਸ ਨੇ ਆਪਣੇ ਹੱਡਾਂ ਤੇ ਅੱਖਾਂ ਵਿਚਦੀ ਲੰਘਾਇਆ ਸੀ। ਉਸ ਤੋਂ ਬਾਅਦ ਬਹੁਤ ਵੇਰਾਂ ਟੈਲੀਫ਼ੋਨ ਤੇ ਸਾਹਿਤ ਸਭਾਵਾਂ ਵਿਚ ਗੱਲਾਂ ਹੁੰਦੀਆਂ ਰਹੀਆਂ, ਪਰ ਉਹ ਸਾਡੇ ਘਰ ਨਹੀਂ ਆ ਸਕਿਆ। ਉਹ ਜਿੰਨੀ ਵਾਰ ਮਿਲਦਾ 20 ਰੁਪਏ ਦਿਖਾਉਂਦਾ, ਮੇਰੀ ਭੈਣ ਨੂੰ ਦੇ ਦਿਓ। ਮੈਂ ਉਹ ਕਦੇ ਨਹੀਂ ਲਏ। ਪਿਛਲੀ ਵੇਰਾਂ ਜਦ ਮਿਲਿਆ ਸੀ ਤਾਂ ਇਕ ਹੋਰ ਪੁਸਤਕ ਆਪਣੇ ਬੈਗ ਵਿਚੋਂ ਕੱਢ ਕੇ ਮੈਨੂੰ ਫੜਾ ਦਿੱਤੀ, ਪੈਸੇ ਨਹੀਂ ਲੈਣੇ ਤਾਂ ਮੇਰੀ ਇਹ ਪੁਸਤਕ ਮੇਰੀ ਭੈਣ ਨੂੰ ਦੇ ਦੇਣਾ।

ਉਹ ਪਿਛਲੇ ਕੁੱਝ ਸਾਲਾਂ ਤੋਂ ਬਹੁਤ ਕਮਜ਼ੋਰ ਹੋ ਗਿਆ ਸੀ ਤੇ ਬਹੁਤ ਦੇਰ ਹਸਪਤਾਲ ਵਿਚ ਭਰਤੀ ਸੀ। ਜਦ ਹਰਬੰਸ ਸਿੰਘ ਜਗਿਆਸੂ ਰਾਹੀਂ ਵੀਹ ਜਨਵਰੀ 2024 ਸਵੇਰੇ ਤੜਕੇ ਫ਼ੋਨ 'ਤੇ ਉਸ ਦੇ ਤੁਰ ਜਾਣ ਦੀ ਮਨਹੂਸ ਖ਼ਬਰ ਮਿਲੀ ਤਾਂ ਅਸੀਂ ਉਸੇ ਦੇ ਹੀ ਪਿੰਡ ਵਿਚ ਰੁਕੇ ਹੋਏ ਹਾਂ। ਪਿੰਡ ਦੀ ਆਪਣੀ ਸਾਰੀ ਜ਼ਮੀਨ ਜਾਇਦਾਦ ਉਹ ਪੰਚਾਇਤ ਨੂੰ ਸਾਂਝੇ ਕੰਮਾਂ ਵਾਸਤੇ ਦਾਨ ਕਰ ਗਿਆ ਸੀ। ਪਿੱਛੇ ਉਸ ਦੇ ਘਰ ਦਾ ਕੋਈ ਵੀ ਨਜ਼ਦੀਕੀ ਨਹੀਂ ਰਹਿੰਦਾ। ਜਦ ਮੈਂ ਉਸ ਦੀ ਭੈਣ ਨੂੰ ਦੱਸੀ ਤਾਂ ਉਸ ਦੀਆਂ ਅੱਖਾਂ ਵਿਚ ਅੱਥਰੂ ਭਰ ਆਏ। ਮੈਂ ਚੰਗੀ ਤਰ੍ਹਾਂ ਮਹਿਸੂਸ ਕੀਤੇ। ਅਲਵਿਦਾ ਰਬਿੰਦਰ ਸਿੰਘ ਅਟਵਾਲ! ਨਮਨ।

---

## ਰੰਗ ਬਦਲੇ ਨਿਤੀਸ਼ ਨੇ ਐਨੇ ਕਿ ਗਿਰਗਿਟ ਦੇ ਗਲੇਡੂ ਨਿਕਲੇ

*(ਪਿਛਲੇ ਸਫੇ ਦਾ ਬਾਕੀ)*

ਕਿਸੇ ਸਮੇਂ ਕਿਹਾ ਸੀ, 'ਮਿੱਟੀ ਮੇਂ ਮਿਲ ਜਾਏਂਗੇ ਮਗਰ ਭਾਜਪਾ ਕੇ ਸਾਥ ਨਹੀਂ ਜਾਏਂਗੇ"! ਹੁਣ ਓਸੇ ਹੀ ਨਿਤੀਸ਼ ਕੁਮਾਰ ਨੇ ਕਿਹੈ, "ਮੈਂ ਪਹਿਲਾਂ ਵੀ ਉਨ੍ਹਾਂ (ਐਨ. ਡੀ. ਏ.) ਦੇ ਨਾਲ ਸੀ ਪਰ ਅਸੀਂ ਵੱਖ ਵੱਖ ਰਾਹਾਂ 'ਤੇ ਚਲੇ ਗਏ ਪਰ ਹੁਣ ਅਸੀਂ ਇਕੱਠੇ ਹਾਂ ਤੇ ਰਹਾਂਗੇ...ਮੈਂ ਹੁਣ ਉਥੇ ਹੀ ਆ ਗਿਆਂ ਹਾਂ ਜਿੱਥੇ ਸੀ ਤੇ ਹੁਣ ਕਿਤੇ ਹੋਰ ਜਾਣ ਦਾ ਸਵਾਲ ਹੀ ਨਹੀਂ ਹੈ"। ਪਰ ਸਾਨੂੰ ਲੱਗਦੈ ਜੇ ਨਿਤੀਸ਼ ਨੂੰ 'ਇੰਡੀਆ' ਬਲਾਕ ਦਾ ਨੇਤਾ ਜਾਂ ਪ੍ਰਧਾਨ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕਰ ਦਿੱਤਾ ਜਾਵੇ ਤਾਂ ਉਸ ਨੂੰ 'ਕਿਤੇ ਹੋਰ ਜਾਣ' ਦਾ ਰਾਹ ਲੱਭ ਜਾਵੇਗਾ!

ਤੇ 2000 ਤੋਂ 2024 ਤਕ 9 ਵਾਰ ਮੁੱਖ ਮੰਤਰੀ ਦੀ ਸਹੁੰ ਚੁੱਕਣ ਵਾਲੇ ਅਤੇ 2013 ਤੋਂ 2024 ਤਕ ਪੰਜ ਵਾਰ ਕੈਂਪ ਬਦਲਣ ਵਾਲੇ ਨਿਤੀਸ਼ ਕੁਮਾਰ ਨੂੰ 10ਵੀਂ ਵਾਰ ਅਜਿਹੀ ਸਹੁੰ ਚੁੱਕਣ ਦਾ ਮੌਕਾ ਮਿਲ ਜਾਵੇਗਾ (ਪਰ ਹੁਣ ਇਹ ਹੋਣਾ ਨਹੀਂ)।

ਨਿਤੀਸ਼ ਕੁਮਾਰ ਦੇ ਜਾਣ ਨਾਲ ਵਿਰੋਧੀਆਂ ਦੇ ਗੱਠਜੋੜ ਨੂੰ ਵੱਡਾ ਝਟਕਾ ਲੱਗਾ ਹੈ। ਪਰ ਇਸ ਗੱਠਜੋੜ ਦਾ ਹਾਲ ਪਹਿਲਾਂ ਵੀ ਕੋਈ ਚੰਗਾ ਨਹੀਂ। ਪੰਜਾਬ ਵਿਚ 'ਆਪ' ਅਤੇ ਕਾਂਗਰਸ ਦਾ 36 ਦਾ ਅੰਕੜਾ ਹੈ, ਹੋਰ ਤਾਂ ਹੋਰ ਕਾਂਗਰਸੀ ਆਪਸ ਵਿਚੀਂ ਵੀ ਇਕ ਦੂਜੇ ਵਿਰੁੱਧ ਪੱਗੋ-ਲੱਥੀ ਹੋ ਰਹੇ ਹਨ। ਦਿੱਲੀ ਵਿਚ ਵੀ 'ਆਪ' ਅਤੇ ਕਾਂਗਰਸ ਦੀ ਦਾਲ ਨਹੀਂ ਗਲਦੀ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ ਇਕੱਲੇ ਚੋਣ ਲੜਨ ਦਾ ਐਲਾਨ ਕਰ ਚੁੱਕੀ ਹੈ। ਹਰਿਆਣੇ ਵਿਚ 'ਆਪ' ਲੋਕ ਸਭਾਂ ਚੋਣਾਂ ਲਈ ਤਾਂ ਗੱਠਜੋੜ ਕਰਨ ਲਈ ਤਿਆਰ ਹੈ ਪਰ ਵਿਧਾਨ ਸਭਾਂ ਚੋਣਾਂ ਇਕੱਲਿਆਂ ਲੜਨ ਦਾ ਐਲਾਨ ਕਰ ਚੁੱਕੀ ਹੈ।

ਰਾਸ਼ਟਰੀ ਪੱਧਰ ਉਪਰ ਇੰਡੀਆ ਬਲਾਕ ਹੈ ਪਰ ਰਾਜਾਂ ਵਿਚ ਇਹ ਬਹੁਤਾ ਨਹੀਂ ਦਿਸਦਾ। ਮੋਦੀ ਦਾ ਰੱਥ ਦਗੜ ਦਗੜ ਕਰਦਾ ਦੌੜ ਰਿਹੈ, ਵਿਰੋਧੀਆਂ ਵਿਚਲੇ ਕਾਟੋ-ਕਲੇਸ਼ ਨੇ ਇਸ ਦੀ ਦੌੜ ਹੋਰ ਤੇਜ਼ ਕਰ ਦੇਣੀ ਹੈ। ਦੇਸ਼ ਲੋਕਤੰਤਰ ਤੋਂ ਏਕਤੰਤਰ ਵੱਲ ਵਧ ਰਿਹੈ। ਰੱਬ ਖੈਰ ਕਰੇ, ਕਿਧਰੇ ਹਿੰਦੂਤਵੀ-ਤਾਨਾਸ਼ਾਹੀ ਵੱਲ ਨਾ ਵਧ ਜਾਏ।

ਨਿਤੀਸ਼ ਕੁਮਾਰ ਵਲੋਂ ਮਾਰੀਆਂ ਜਾ ਰਹੀਆਂ ਪਲਾਕੀਆਂ ਅਤੇ ਲਏ ਜਾ ਰਹੇ ਪੈਂਤੜਿਆਂ ਸਬੰਧੀ ਮਿਰਜ਼ਾ ਗਾਲਿਬ ਦਾ ਇਕ ਸ਼ੇਅਰ ਯਾਦ ਆ ਰਿਹੈ-

"ਕਾਬਾ ਕਿਸ ਮੂੰਹ ਸੇ ਜਾਉਗੇ ਗਾਲਿਬ
ਸ਼ਰਮ ਤੁਝ ਕੋ ਮਗਰ ਨਹੀਂ ਆਤੀ"!

---

## ਭੂਆ

ਪਤਾ ਨਹੀਂ ਉਹ ਵਕ਼ਤ ਕਿਧਰ ਲੱਧ ਗਏ ਜਦੋਂ ਰਿਸ਼ਤੇਦਾਰਾਂ ਨੂੰ ਮਿਲਣ ਦੀ ਤਾਂਘ ਮਨਾਂ 'ਚੋਂ ਸਦਾ ਪਨਪਦੀ ਰਹਿੰਦੀ ਸੀ!

ਜਦ ਕਦੀ ਰਿਸ਼ਤੇਦਾਰੀਆਂ ਦਾ ਮਿਲਾਪ ਹੁੰਦਾ ਤਾਂ ਉਹ ਗਲ ਲੱਗ ਮਣਾਂ ਮੂੰਹੀਂ ਨਿੱਘ ਦੇਂਦੀਆਂ!

"ਤਾਰੋ" ਭੂਆ ਦੀ ਆਓ ਭਗਤ ਤੇ ਤੇਹ-ਮੋਹ ਰੂਹ ਰਾਜ਼ੀ ਕਰ ਦੇਂਦਾ!!

ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਜਦੋਂ ਬਸੋਂ ਉਤਰ ਭੂਆ ਦੇ ਵੇਹੜੇ ਪੈਰ ਪਾਉਣਾ ਤਾਂ ਉਸ ਬਾਹਾਂ ਉਲਾਰ ਕਲਾਵੇ ਵਿਚ ਲੈਂਦਿਆਂ ਮਿੱਠੜੇ ਬੋਲ ਬੋਲਣੇ, "ਮੈਂ ਸਦਕੇ ਜਾਵਾਂ... ਮੈਂ ਵਾਰੀ ਜਾਵਾਂ... ਨੀਂ ਮੇਰੇ ਪੇਕਿਆਂ ਦੇ ਜਾਏ ਘਰ ਆਏ...ਅੱਜ ਜਦੋਂ ਆਟਾ ਗੁੰਨਦਿਆਂ ਹੱਥੋਂ ਆਟਾ ਬੁੜਕਿਆ ਤੇ ਬਨੇਰੇ ਕਾਂ ਬੋਲਿਆ ਤਾਂ ਮੈਨੂੰ ਉਦੋਂ ਭਾਖਿਆ ਹੋ ਗਈ.ਸੀ.... ਅੱਜ ਕੋਈ ਜ਼ਰੂਰ ਪ੍ਰਾਹੁਣਾ ਆਊ!"

"ਤਾਰੋ" ਭੂਆ ਮੱਥੇ ਚੁੰਮਦੀ, ਸਿਰ ਪਲੋਸਦੀ ਸਾਡੇ ਅੱਗੇ ਪਿੱਛੇ ਭੱਜੀ ਫਿਰਦੀ! ਉਹ ਸਾਡੇ ਝੋਲੇ ਹਥੋਂ ਖੋਹ ਮੋਢਿਆਂ 'ਤੇ ਪਾ ਸਾਨੂੰ ਬੈਠਕ ਵੱਲ ਲੈ ਤੁਰਦੀ!

ਭੂਆ ਦੁੱਧ ਦੇ ਨੱਕੋ ਨੱਕ ਭਰੇ ਗਲਾਸ ਜਿਨ੍ਹਾਂ ਉਪਰ ਦੋ-ਦੋ ਪੋਟੇ ਮਲਾਈ ਦੀ ਪਰਤ ਚੜ੍ਹੀ ਹੁੰਦੀ ਫੜਾਉਂਦੀ ਬਾਪੂ-ਬੇਬੇ, ਮਾਲ ਡੰਗਰ ਤੇ ਗਲੀ ਗੁਆਂਢ ਦੀ ਬਾਤ ਪੁੱਛਦੀ ਨਾ ਰੱਜਦੀ!

ਜਦੋਂ ਅਸੀਂ ਦਸਦੇ, "ਅਸੀਂ ਨਲਕੇ 'ਤੇ ਮੋਟਰ ਲਾ ਲਈ ਅਤੇ ਕੋਠੇ ਉੱਤੇ ਪੱਕਾ ਚੁਬਾਰਾ ਪਾ ਲਿਆ।"

ਤਾਂ ਭੂਆ ਖੁਸ਼ੀ ਵਿਚ ਬੈਠੀ ਬੈਠੀ ਉੱਠ ਖਲੋਂਦੀ ਜਿਵੇਂ ਉਹ ਦੋ-ਮੰਜ਼ਲੀ ਹੋ ਗਈ ਹੋਵੇ!

ਭੂਆ ਜਿੱਥੇ ਕੜਾਹੀ ਚਾੜ੍ਹ ਪਕੌੜੇ, ਪਾਪੜ ਤੇ ਗੁਲਗਲੇ ਕੱਢਦੀ ਉੱਥੇ ਗਿਰੀਆਂ-ਮੇਵੇ ਪਾ ਮਿੱਠੇ ਸੰਦੂਰੀ ਚੌਲ (ਜਰਦਾ) ਤੇ ਹੱਥ ਦੀਆਂ ਵੱਟੀਆਂ ਸੇਵੀਆਂ ਦੇਸੀ ਘਿਓ ਨਾਲ ਤਰੋਤਰ ਕਰ ਪਰੋਸਦੀ! ਰੀਝਾਂ-ਚਾਵਾਂ ਨਾਲ ਬਣੇ ਖਾਣਿਆਂ ਦੀ ਚਮਕ ਤੇ ਮਹਿਕ ਸਾਡੇ ਵਜੂਦ ਨੂੰ ਨੱਕੋ-ਨੱਕ ਭਰ ਦੇਂਦੀ!

ਰਾਤ ਨੂੰ ਕੋਠੇ 'ਤੇ ਕਤਾਰ ਵਿਚ ਡੱਠੇ ਮੰਝਿਆਂ ਉਪਰ ਵਿਛੀਆਂ ਦਰੀਆਂ, ਚਾਦਰਾਂ ਤੇ ਸਰਾਣਿਆਂ 'ਚੋਂ ਆਉਂਦੀ ਫਿਨੈਲ ਦੀ ਖੁਸ਼ਬੂ ਵਾਤਾਵਰਣ ਨੂੰ ਮਹਿਕਦਾਰ ਬਣਾ ਦੇਂਦੀ!

ਬਿਸਤਰਿਆਂ ਉਪਰ ਕਸੀਦਾਕਾਰੀ ਦਾ ਮਨਮੋਹਕ ਨਜ਼ਾਰਾ ਵੇਖ ਦਿਲ ਬਾਗੋ ਬਾਗ ਹੋ ਜਾਂਦਾ! ਇਹ ਵੰਨ ਸੁਵੰਨੇ ਨਮੂਨੇ ਭੂਆ ਨੇ ਕੁਆਰੇ ਹੁੰਦਿਆਂ ਪੇਕਿਆਂ ਘਰ ਬਣਾਏ ਹੋਣਗੇ! ਰੰਗ ਬਰੰਗੀਆਂ ਵੇਲਾਂ, ਮੋਰ, ਹਿਰਨ ਤੇ ਤੋਤੇ ਇੰਝ ਲਗਦਾ ਜਿਵੇਂ ਸਾਨੂੰ ਬਿਸਤਰਿਆਂ 'ਤੇ ਸੌਣ ਲਈ ਸੈਨਤਾਂ ਮਾਰਦੇ ਹੋਣ!

ਪਹੁ ਫੁਟਾਲਾ ਹੋਣਾ ਤਾਂ ਗੁਰੂਘਰੋਂ ਰੱਬੀ ਬਾਣੀ ਦਾ ਪ੍ਰਵਾਹ ਤੇ ਦੇਵੀਦੁਆਰੇ ਵਿਚ ਵੱਜਦੀਆਂ ਟਲੀਆਂ ਚੌਗਿਰਦੇ ਨੂੰ ਰੱਬੀ ਰੰਗ ਵਿਚ ਰੰਗ ਦੇਂਦੀਆਂ!

ਭੂਆ ਦੇ ਪਿੰਡ ਦੀਆਂ ਗਲੀਆਂ ਵਿਚ ਜਦੋਂ ਘੁੰਮਦੇ ਫਿਰਦੇ ਤਾਂ ਆਂਢੀ ਗੁਆਂਢੀ ਹੱਥੀਂ ਛਾਵਾਂ ਕਰ ਖਾਣ ਪੀਣ ਨੂੰ ਦੇਂਦੇ ਤੇ ਸੁੱਖ ਸਾਂਦ ਪੁੱਛਦੇ! ਇਹ ਆਪੋੜਮਾਂ ਸਾਂਝਾਂ ਦੀਆਂ ਤੰਦਾਂ ਹੋਰ ਪੱਕੀਆਂ ਕਰ ਦੇਂਦਾ!

ਜਿਵੇਂ ਜਿਵੇਂ ਪਿੰਡ ਪਰਤਣ ਦਾ ਦਿਨ ਨੇੜੇ ਆਉਂਦਾ ਤਾਂ ਦਿਲ ਉਦਾਸ ਹੋਣ ਲੱਗਦੇ!

ਭੂਆ ਤਾਰੋ ਸਾਨੂੰ ਦਿਲਾਸਾ ਦੇ ਕਹਿੰਦੀ, "ਮੇਰੇ ਲਾਡਲੇ ਬੱਚਿਓ ਅਗਲੀਆਂ ਛੁੱਟੀਆਂ ਛੇਤੀ ਪੈ ਜਾਣੀਆਂ ਮੈਂ ਤੁਹਾਨੂੰ ਆਪ ਲੈਣ ਆਵਾਂਗੀ!"

ਤਾਂ ਸਾਨੂੰ ਅਗਲੀਆਂ ਛੁੱਟੀਆਂ 'ਤੇ ਭੂਆ ਪਿੰਡ ਆਉਣ ਦੀ ਆਸ ਜਾਗ ਪੈਂਦੀ!

ਸਾਰਾ ਟੱਬਰ ਸਾਨੂੰ ਬੱਸੇ ਚੜ੍ਹਾਉਣ ਆਉਂਦਾ ਤਾਂ ਭੂਆ ਤਾਰੋ ਸਾਡੀਆਂ ਮੁੱਠਾਂ ਪੈਸਿਆਂ ਨਾਲ ਭਰ ਬੱਸੇ ਬੈਠਾ ਹੱਥ ਹਿਲਾ ਵਿਦਾ ਕਰਦੀ ਤਾਂ ਅਸੀਂ ਵੀ ਜਵਾਬ ਵਿਚ ਹੱਥ ਹਿਲਾਉਂਦੇ!

ਜਿਵੇਂ ਜਿਵੇਂ ਬੱਸ ਭੂਆ ਦੇ ਪਿੰਡ ਦੀ ਜੂਹ 'ਚੋਂ ਦੂਰ ਹੁੰਦੀ ਸਾਡੇ ਭੋਲੇ ਮਨਾਂ 'ਤੇ ਉਦਾਸੀ ਛਾ ਜਾਂਦੀ!

*-ਗੁਰਨਾਮ ਸਿੰਘ ਨਿੱਜਰ*

# ਫੁੱਟਬਾਲ ਦੇ ਵਿਕਾਸ ਦਾ ਅਲੰਬਰਦਾਰ - ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ

ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਮਾਹਿਲਪੁਰ ਪਿਛਲੇ ਛੇ ਦਹਾਕਿਆਂ ਤੋਂ ਫੁੱਟਬਾਲ ਨੂੰ ਅਰਪਿਤ ਹੋ ਕੇ ਕਾਰਜ ਕਰ ਰਿਹਾ ਹੈ। ਸ਼ਾਇਦ ਇਹ ਪੰਜਾਬ ਦਾ ਸਭ ਤੋਂ ਪੁਰਾਣਾ ਫੁੱਟਬਾਲ ਕਲੱਬ ਹੈ ਜੋ ਹਰ ਸਾਲ ਸਾਲਾਨਾ ਟੂਰਨਾਮੈਂਟ ਤੋਂ ਇਲਾਵਾ ਲਗਭਗ ਸਾਰਾ ਸਾਲ ਫੁੱਟਬਾਲ ਗਤੀਵਿਧੀਆਂ ਵਿਚ ਜੁਟਿਆ ਰਹਿੰਦਾ ਹੈ। ਇਸ ਕਲੱਬ ਦੇ ਪ੍ਰਧਾਨ ਸ. ਕੁਲਵੰਤ ਸਿੰਘ ਸੰਘਾ ਅਤੇ ਬਾਕੀ ਮੈਂਬਰ ਵਧਾਈ ਦੇ ਪਾਤਰ ਹਨ ਜੋ ਦਿਨ ਰਾਤ ਇਨ੍ਹਾਂ ਕਾਰਜਾਂ ਨੂੰ ਸਫ਼ਲ ਬਣਾਉਣ ਵਿਚ ਜੁਟੇ ਹੋਏ ਹਨ। ਫੁੱਟਬਾਲ ਅਤੇ ਮਾਹਿਲਪੁਰ ਨੂੰ



**ਬਲਜਿੰਦਰ ਮਾਨ**
**ਫੋਨ: 98150-18947**

ਅਲੱਗ ਕਰ ਕੇ ਪੜ੍ਹਨਾ ਅਸੰਭਵ ਹੈ। ਪੂਰੀ ਦੁਨੀਆਂ ਵਿਚ ਮਾਹਿਲਪੁਰ ਨੂੰ ਫੁੱਟਬਾਲ ਦੀ ਧਰਤੀ ਵਜੋਂ ਹੀ ਜਾਣਿਆ ਜਾਂਦਾ ਹੈ। 20ਵੀਂ ਸਦੀ ਦੇ ਆਖਰੀ ਦਹਾਕੇ ਵਿਚ ਇਸਦੀ ਚਰਚਾ ਸ਼ੌਂਕੀ ਮੇਲੇ ਕਰਕੇ ਪੂਰੀ ਦੁਨੀਆਂ ਵਿਚ ਹੋਣ ਲੱਗ ਪਈ ਸੀ। ਅੱਜ-ਕੱਲ੍ਹ ਇੰਡੀਆ ਬੁਕ ਆਫ ਰਿਕਾਰਡਜ਼ ਵਿਚ ਦਰਜ ਇੱਥੋਂ ਛਪਦੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਕਰਕੇ ਵੀ ਮਾਹਿਲਪੁਰ ਦਾ ਨਾਂ ਬੜੇ ਅਦਬ ਨਾਲ ਲਿਆ ਜਾਂਦਾ ਹੈ ਕਿਉਂਕਿ ਪੂਰੇ ਪੰਜਾਬ ਵਿਚੋਂ ਬਾਲਾਂ ਲਈ ਛਪਣ ਵਾਲਾ ਨਿੱਜੀ ਖੇਤਰ ਦਾ ਇਹ ਇਕੋ ਇਕ ਪੰਜਾਬੀ ਰਸਾਲਾ ਹੈ। ਖਾਲਸਾ ਕਾਲਜ ਮਾਹਿਲਪੁਰ ਦੀਆਂ ਤਾਂ ਬਾਤਾਂ ਹੀ ਕਿਆ ਨੇ। ਇੱਥੋਂ ਦੀ ਪੈਦਾਇਸ਼ ਨੇ ਕੁੱਲ ਦੁਨੀਆਂ ਵਿਚ ਸ਼ਾਨਦਾਰ ਰੁਤਬੇ ਹਾਸਿਲ ਕਰ ਕੇ ਇਸ ਸੰਸਥਾ ਦੇ ਮਾਣ ਵਿਚ ਵਾਧਾ ਕੀਤਾ ਹੈ।

ਪ੍ਰਿੰਸੀਪਲ ਹਰਭਜਨ ਸਿੰਘ ਜੀ ਆਪਣੇ ਸਾਥੀ ਲਾਭ ਸਿੰਘ ਨਾਲ ਲਾਹੌਰ ਕਾਲਜ ਵਿਚ ਫੁੱਟਬਾਲ ਖੇਡਿਆ ਕਰਦੇ ਸਨ। ਇਸੇ ਪਿਆਰ ਅਤੇ ਲਗਨ ਨਾਲ ਉਨ੍ਹਾਂ ਨੇ ਇਹ ਬੂਟਾ ਮਾਹਿਲਪੁਰ ਵਿਚ ਲਾ ਦਿੱਤਾ। ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਦੀ ਅਗਵਾਈ ਹੇਠ 1946 ਵਿਚ ਖਾਲਸਾ ਕਾਲਜ ਮਾਹਿਲਪੁਰ ਦੀ ਸਥਾਪਨਾ ਨਾਲ ਕਰਮਯੋਗੀ ਪ੍ਰਿੰ. ਹਰਭਜਨ ਸਿੰਘ ਜੀ ਵਾਸਤੇ ਸਿੱਖਿਆ ਅਤੇ ਖੇਡਾਂ ਲਈ ਕਾਰਜ ਕਰਨ ਲਈ ਖੇਤਰ ਬਹੁਤ ਵਿਸ਼ਾਲ ਹੋ ਗਿਆ। ਉਨ੍ਹਾਂ ਆਪਣਾ ਸਾਰਾ ਜੀਵਨ ਇਸ ਕਾਲਜ ਦੀ ਬਿਹਤਰੀ ਦੇ ਲੇਖੇ ਲਾ ਕੇ ਲੋਕਾਂ ਦੇ ਦਿਲਾਂ ਵਿਚ ਸਨਮਾਨਯੋਗ ਥਾਂ ਬਣਾ ਲਿਆ। ਉਹ ਸੱਚ-ਮੁੱਚ ਹੀ ਕਰਮਯੋਗੀ ਸਨ। 16 ਅਗਸਤ 1962 ਨੂੰ ਉਨ੍ਹਾਂ ਦੇ ਸਵਰਗ ਸਿਧਾਰ ਜਾਣ ਤੋਂ ਬਾਅਦ ਉਨ੍ਹਾਂ ਦੇ ਸ਼ਾਗਿਰਦਾਂ ਅਤੇ ਉਪਾਸ਼ਕਾਂ ਨੇ ਉਨ੍ਹਾਂ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਪ੍ਰਿੰ. ਹਰਭਜਨ ਸਿੰਘ ਯਾਦਗਾਰੀ ਸਪੋਰਟਿੰਗ ਕਲੱਬ ਦੀ ਸਥਾਪਨਾ ਕੀਤੀ। ਜਿਸ ਵਲੋਂ ਪ੍ਰਿੰਸੀਪਲ ਸਾਹਿਬ ਦੀ ਯਾਦ ਵਿਚ ਹਰ ਸਾਲ ਫੁੱਟਬਾਲ ਟੂਰਨਾਮੈਂਟ ਆਯੋਜਿਤ ਕੀਤਾ ਜਾਣ ਲੱਗਾ। ਅੱਜ-ਕੱਲ੍ਹ ਇਹ ਟੂਰਨਾਮੈਂਟ ਕੌਮੀ ਪੱਧਰ 'ਤੇ ਹਰ ਸਾਲ ਕਰਵਾਇਆ ਜਾਂਦਾ ਹੈ। ਜਿਸ ਵਿਚ ਅਕੈਡਮੀਆਂ, ਕਾਲਜ ਅਤੇ ਪੂਰੇ ਭਾਰਤ 'ਚੋਂ ਕਲੱਬ ਹਿੱਸਾ ਲੈਂਦੇ ਹਨ।

ਬਜਵਾੜੇ ਲਾਗਲੀ ਫੌਜੀ ਛਾਉਣੀ ਨੇ ਇਸ ਖੇਡ ਨੂੰ ਮਾਹਿਲਪੁਰ ਵਿਚ ਪੁੱਜਦੀ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਲਾਕੇ ਦੇ ਫੌਜੀ ਵੀਰਾਂ ਰਾਹੀਂ ਇਹ ਇਲਾਕੇ ਦੇ ਪਿੰਡਾਂ ਵਿਚ ਮਸ਼ਹੂਰ ਹੋ ਗਈ। ਉੱਧਰ ਪ੍ਰਿੰ. ਹਰਭਜਨ ਸਿੰਘ ਜੀ ਦੀ ਸਰਪ੍ਰਸਤੀ ਨੇ ਇਸਦੀ ਪ੍ਰਫੁੱਲਤਾ ਵਿਚ ਵਾਧਾ ਕੀਤਾ। 1934 ਵਿਚ ਇਥੋਂ ਦਾ ਖਾਲਸਾ ਕਲੱਬ ਬੜਾ ਮਸ਼ਹੂਰ ਸੀ। ਇਸ ਤੋਂ ਬਾਅਦ ਇੱਥੋਂ ਦਾ ਈਗਲ ਕਲੱਬ ਫੁੱਟਬਾਲ ਦੇ ਪੰਜਾਬ ਪੱਧਰੀ ਮੁਕਾਬਲਿਆਂ ਵਿਚ ਹਮੇਸ਼ਾ ਅੱਗੇ ਰਿਹਾ। ਜਿਸ ਵਿਚ ਸ. ਉਮਰਾਉ ਸਿੰਘ, ਸ. ਬਾਬੂ ਸਿੰਘ ਅਤੇ



*ਪ੍ਰਿੰ. ਹਰਭਜਨ ਸਿੰਘ*

ਸ. ਚੈਂਚਲ ਸਿੰਘ ਵਰਗੇ ਖਿਡਾਰੀ ਸ਼ਾਮਿਲ ਸਨ। 1948 ਵਿਚ ਇੱਥੇ ਇਕ ਮੈਂਗੋ ਸੀਜ਼ਨ ਫੁੱਟਬਾਲ ਟੂਰਨਾਮੈਂਟ ਸ. ਗੁਲਬਰਗ ਸਿੰਘ ਬੈਂਸ ਦੇ ਯਤਨਾਂ ਨਾਲ ਆਰੰਭ ਹੋਇਆ ਸੀ। ਇੰਜ ਇਨ੍ਹਾਂ ਕਲੱਬਾਂ ਨੇ ਫੁੱਟਬਾਲ ਨੂੰ ਅੱਗੇ ਤੋਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਆਪਣੀ ਅਮੀਰ ਖੇਡ ਵਿਰਾਸਤ ਨੂੰ ਸੰਭਾਲਣ ਦੇ ਮੰਤਵ ਨਾਲ ਇਨ੍ਹਾਂ ਸਤਰਾਂ ਦੇ ਲੇਖਕ ਦੁਆਰਾ ਰਚੀਆਂ ਵੱਡ ਅਕਾਰੀ ਪੁਸਤਕਾਂ 'ਫੁੱਟਬਾਲ ਜਗਤ ਮਾਹਿਲਪੁਰ' ਅਤੇ 'ਮਾਹਿਲਪੁਰ ਦਾ ਫੁੱਟਬਾਲ ਸੰਸਾਰ' ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਿੰਗ ਕਲੱਬ ਦੀ ਸਥਾਪਨਾ ਵਿਚ ਡਾ. ਨਰਿੰਦਰ ਪਾਲ ਸਿੰਘ ਤੇ ਸਹਿਯੋਗੀ ਜਗਜੀਤ ਸਿੰਘ ਮਾਨ ਵਰਗਿਆਂ ਨੇ ਅਹਿਮ ਭੂਮਿਕਾ ਅਦਾ ਕੀਤੀ। ਡਾਕਟਰ ਤੇਲੂ ਰਾਮ (ਡਾ. ਨਰਿੰਦਰਪਾਲ ਸਿੰਘ) ਇਸਦੇ ਫਾਊਂਡਰ ਪ੍ਰਧਾਨ ਬਣੇ। 1972 ਵਿਚ ਸ. ਅਮਰ ਸਿੰਘ ਭਾਰਟਾ, 1981 ਵਿਚ ਸ. ਹਰਕ੍ਰਿਸ਼ਨ ਦਿਆਲ ਸਿੰਘ। ਫਿਰ 1981 ਵਿਚ ਅਰਜਨ ਅਵਾਰਡੀ ਸ. ਜਰਨੈਲ ਸਿੰਘ ਤੋਂ ਬਾਅਦ ਇਹ ਜ਼ਿੰਮਾ 1994 ਵਿਚ ਸ. ਹਰਬੰਸ ਸਿੰਘ ਬੈਂਸ ਦੇ ਸਪੁਰਦ ਕੀਤਾ ਗਿਆ। 2012 ਤੋਂ ਸ. ਕੁਲਵੰਤ ਸਿੰਘ ਸੰਘਾ ਇਸਦੀਆਂ ਸਰਗਰਮੀਆ ਨੂੰ ਨਰੋਈਆਂ ਲੀਹਾਂ ਪ੍ਰਦਾਨ ਕਰ ਰਹੇ ਹਨ। ਕੋਚ ਅਲੀ ਹਸਨ ਦੇ 2021 ਵਿਚ ਚਲਾਣੇ ਤੋਂ ਬਾਅਦ ਡਾ. ਪਰਮਪ੍ਰੀਤ ਕੈਂਡਵਾਲ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਪ੍ਰਧਾਨ ਨਾਲ ਮੋਢਾ ਜੋੜ ਕੇ ਨਿਭਾ ਰਹੇ ਹਨ। ਅੱਜ ਇੱਥੇ ਉਨ੍ਹਾਂ ਦੀ ਅਗਵਾਈ ਹੇਠ ਸਾਰਾ ਸਾਲ ਹੀ ਫੁੱਟਬਾਲ ਦੀ ਚਰਚਾ ਹੁੰਦੀ ਰਹਿੰਦੀ। ਕਦੀ ਫੁੱਟਬਾਲ ਲੀਗ ਤੇ ਕਦੀ ਕੋਚਿੰਗ ਕੈਂਪ। ਕਲੱਬ ਵਲੋਂ ਕਾਲਜ ਅਤੇ ਸਕੂਲਾਂ ਦੇ ਹੋਣਹਾਰ ਖਿਡਾਰੀਆਂ ਨੂੰ ਸਾਲਾਨਾ ਸਕਾਲਰਸ਼ਿਪ ਵੀ ਦਿੱਤਾ ਜਾਂਦਾ ਹੈ। ਫੁੱਟਬਾਲ ਅਕਾਡਮੀ ਦੇ ਭਵਨ ਦੀ ਉਸਾਰੀ ਤੋਂ ਇਲਾਵਾ ਪ੍ਰਿੰ. ਹਰਭਜਨ ਸਿੰਘ ਸਟੇਡੀਅਮ ਨੂੰ ਨਵ ਉਸਾਰੀ ਨਾਲ ਆਧੁਨਿਕ ਲੀਹਾਂ 'ਤੇ ਲਿਆਂਦਾ ਹੈ। ਇੱਥੋਂ ਦਾ ਅੰਤਰਰਾਸ਼ਟਰੀ ਸਟੇਡੀਅਮ ਵੀ ਕਲੱਬ ਦੇ ਉਪਰਾਲਿਆਂ ਨਾਲ ਸਿਰੇ ਚੜ੍ਹਿਆ ਹੈ। ਪਿੰਡ ਬਾੜੀਆਂ ਕਲਾਂ ਵਿਚ ਬਾਲ ਫੁੱਟਬਾਲ ਅਕੈਡਮੀ ਰਾਹੀਂ ਫੁੱਟਬਾਲ ਦੀ ਨਵੀਂ ਪਨੀਰੀ ਦੀ ਤਿਆਰੀ ਕੀਤੀ ਜਾ ਰਹੀ ਹੈ। ਖਾਲਸਾ ਕਾਲਜ ਵਿਚ ਸਥਾਪਿਤ ਕੀਤੀ ਫੁੱਟਬਾਲ ਅਕੈਡਮੀ ਆਪਣੀਆਂ ਸ਼ਾਨਦਾਰ ਜਿੱਤਾਂ ਨਾਲ ਚਰਚਿਤ ਹੋ ਰਹੀ ਹੈ। ਇਸੇ ਤਰ੍ਹਾਂ ਇਲਾਕੇ ਦੇ ਕੁੱਝ ਹੋਰ ਪਿੰਡਾਂ ਵਿਚ ਵੀ ਬੱਚਿਆਂ ਵਾਸਤੇ ਅਕੈਡਮੀਆਂ ਖੋਲ੍ਹਣ ਦੀ ਯੋਜਨਾ ਉਲੀਕੀ ਗਈ ਹੈ।

ਸਾਲਾਨਾ ਟੂਰਨਾਮੈਂਟ ਦੇ ਜੇਤੂ ਕਲੱਬ ਨੂੰ ਦੋ ਲੱਖ, ਰਨਰਜ਼ ਅੱਪ ਨੂੰ ਡੇਢ ਲੱਖ, ਕਾਲਜ ਵਰਗ ਦੇ ਜੇਤੂ ਨੂੰ 75 ਹਜ਼ਾਰ ਅਤੇ 50 ਹਜ਼ਾਰ ਦੇ ਨਗਦ ਇਨਾਮਾਂ ਨਾਲ ਟਰਾਫੀਆਂ ਵੀ ਦਿੱਤੀਆਂ



*ਸ. ਕੁਲਵੰਤ ਸਿੰਘ ਸੰਘਾ*

ਜਾਂਦੀਆਂ ਹਨ। ਅਕੈਡਮੀਆਂ ਵਿਚ 41 ਅਤੇ 31 ਹਜ਼ਾਰ ਦੇ ਨਗਦ ਇਨਾਮ ਮਿਲਣਗੇ। ਕੈਨੇਡਾ, ਇੰਗਲੈਂਡ ਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਵਸਦੇ ਪ੍ਰਿੰਸੀਪਲ ਸਾਹਿਬ ਦੇ ਸ਼ਾਗਿਰਦਾਂ ਅਤੇ ਪ੍ਰੇਮੀਆਂ ਵਲੋਂ ਟਰੱਸਟ ਬਣਾ ਕੇ ਮਾਲੀ ਸਹਿਯੋਗ ਦਿੱਤਾ ਜਾ ਰਿਹਾ ਹੈ। ਹਰ ਸਾਲ ਇਹ ਟੂਰਨਾਮੈਂਟ 15 ਤੋਂ 22 ਫਰਵਰੀ ਤਕ ਕਰਵਾਇਆ ਜਾਂਦਾ ਹੈ। ਇਹ ਟੂਰਨਾਮੈਂਟ ਲੀਗ ਕੰਮ ਨਾਕ ਆਊਟ ਦੇ ਆਧਾਰ 'ਤੇ ਕਰਵਾਇਆ ਜਾਂਦਾ ਹੈ। ਇਸ ਮੌਕੇ ਵਿਦੇਸ਼ਾਂ ਵਿਚ ਵਸਦੇ ਖਿਡਾਰੀ ਅਤੇ ਫੁੱਟਬਾਲ ਪ੍ਰੇਮੀ ਬੜੀ ਉਚੇਚ ਨਾਲ ਪੁੱਜਦੇ ਹਨ।

** ਸੰਪਾਦਕ ਨਿੱਕੀਆਂ ਕਰੂੰਬਲਾਂ*

# ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ

**ਬਰਸੀ 'ਤੇ ਵਿਸ਼ੇਸ਼**

ਸੰਤ ਅਤਰ ਸਿੰਘ ਜੀ ਦਾ ਜਨਮ 28 ਮਾਰਚ, 1866 ਨੂੰ ਸ. ਕਰਮ ਸਿੰਘ ਤੇ ਮਾਤਾ ਭੋਲੀ ਦੇ ਗ੍ਰਹਿ ਵਿਖੇ ਪਿੰਡ ਚੀਮਾ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਾਇਕ ਹਾਲਤ ਠੀਕ ਨਾ ਹੋਣ ਕਰਕੇ ਆਪ ਨੂੰ ਪਿੰਡ ਦੇ ਭਾਈ ਰਾਮ ਸਿੰਘ ਦੇ ਨਿਰਮਲੇ ਡੇਰੇ ਜਿਸਦਾ ਮੁਖੀ ਉਸ ਸਮੇਂ ਭਾਈ ਬੂਟਾ ਸਿੰਘ ਸੀ, ਕੋਲ ਭੇਜ ਦਿੱਤਾ। ਇੱਥੋਂ ਆਪ ਨੇ ਗੁਰਬਾਣੀ ਤੇ ਸਿੱਖ ਧਰਮ ਨਾਲ ਸੰਬੰਧਿਤ ਗ੍ਰੰਥਾਂ ਤੋਂ ਗਿਆਨ ਪ੍ਰਾਪਤ ਕੀਤਾ।

ਆਪ 17 ਸਾਲ ਦੀ ਉਮਰ ਵਿਚ ਫੌਜ ਵਿਚ ਭਰਤੀ ਹੋ ਗਏ। ਉਸ ਸਮੇਂ ਭਰਤੀ ਸਮੇਂ

**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: 91-94175-33060**

ਅੰਮ੍ਰਿਤ ਛਕਾਇਆ ਜਾਂਦਾ ਸੀ। ਆਪ ਨੇ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਪਾਨ ਕੀਤਾ। ਕੋਹਾਟ ਛਾਉਣੀ ਦੇ ਤੋਪਖਾਨੇ ਵਿਚ 1 ਸਾਲ ਸਿਖਲਾਈ ਪ੍ਰਾਪਤ ਕਰਨ ਮਗਰੋਂ ਆਪ ਦੀ ਬਦਲੀ 54 ਸਿੱਖ ਰੈਜਮੈਂਟ ਵਿਚ ਕਰ ਦਿੱਤੀ ਗਈ।

ਪਿਤਾ ਦੇ ਸਵਰਗਵਾਸ ਹੋਣ 'ਤੇ ਆਪ ਪਿੰਡ ਵਾਪਿਸ ਆ ਗਏ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਖਤਮ ਹੋਣ ਉਪਰੰਤ ਸਿੱਖ ਧਰਮ ਗਿਰਾਵਟ ਜਾਣ ਲੱਗ ਪਿਆ। ਲੋਕ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ ਦਾ ਸ਼ਿਕਾਰ ਹੋ ਰਹੇ ਸਨ। ਆਪ ਨੇ ਸਿੱਖੀ ਦਾ ਪ੍ਰਚਾਰ ਕਰਨ ਦਾ ਬੀੜਾ ਚੁੱਕਿਆ। ਸਿੱਖੀ ਦੇ ਲੜ ਲਾਉਣ ਲਈ ਅੰਮ੍ਰਿਤ ਪਾਨ ਕਰਾਉਣਾ ਸ਼ੁਰੂ ਕੀਤਾ। ਬਹੁਤ ਸਾਰੇ ਸਿਰਕੱਢ ਸਿੱਖ ਆਗੂਆਂ ਜਿਨ੍ਹਾਂ ਵਿਚ ਮਾਸਟਰ ਤਾਰਾ ਸਿੰਘ, ਭਾਈ ਜੋਧ ਸਿੰਘ, ਮਲਿਕ ਮੋਹਨ ਸਿੰਘ, ਭਾਈ ਹਰਿ ਕ੍ਰਿਸ਼ਨ ਸਿੰਘ, ਸ. ਹਰਦਿੱਤ ਸਿੰਘ ਮਲਿਕ, ਪ੍ਰੋ. ਪੂਰਨ ਸਿੰਘ, ਪ੍ਰੋ. ਸਾਹਿਬ ਸਿੰਘ, ਸ. ਸੇਵਾ ਸਿੰਘ ਠੀਕਰੀਵਾਲਾ, ਸੰਤ ਤੇਜਾ ਸਿੰਘ, ਸੰਤ ਨਿਰੰਜਨ ਸਿੰਘ ਮੋਹੀ, ਸੰਤ ਬਿਸ਼ਨ ਸਿੰਘ, ਸੰਤ ਗੁਲਾਬ ਸਿੰਘ ਆਦਿ ਦੇ ਵਿਸ਼ੇਸ਼ ਨਾਂ ਵਰਣਨਯੋਗ ਹਨ।

ਆਪ ਨੇ ਮਸਤੂਆਣਾ ਨੂੰ ਭਾਰਤੀ ਅਧਿਆਤਮਿਕ ਵਿਦਿਆ ਅਤੇ ਪੱਛਮੀ ਮੁਲਕਾਂ ਦੀ ਸਾਇੰਸ ਤੇ ਤਕਨੀਕੀ ਵਿਦਿਆ ਦਾ ਸਾਂਝਾ ਕੇਂਦਰ ਬਣਾਉਣ ਲਈ ਆਪਣੇ ਸੇਵਕ ਸੰਤ ਤੇਜਾ ਸਿੰਘ ਨੂੰ ਇੰਗਲੈਂਡ, ਅਮਰੀਕਾ ਤੇ ਪੱਛਮੀ ਮੁਲਕਾਂ ਵਿਚ ਭੇਜਿਆ।

ਆਪ ਨੇ ਲਾਇਲਪੁਰ ਵਿਖੇ ਹਾਈ ਸਕੂਲ ਦੀ ਨੀਂਹ ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਦੀ ਬੇਨਤੀ 'ਤੇ ਰੱਖੀ। 23 ਫਰਵਰੀ 1907 ਨੂੰ ਉਪਦੇਸ਼ਕ ਕਾਲਜ ਗੁੱਜਰਾਂਵਾਲਾ ਦੀ ਨੀਂਹ ਰੱਖੀ। ਸੰਗਤਾਂ ਦੀ ਬੇਨਤੀ 'ਤੇ ਛੇਵੇਂ ਪਾਤਸ਼ਾਹ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਥਾਂ ਕਾਂਝਲਾ ਵਿਖੇ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। 18 ਮਈ 1914 ਨੂੰ ਪੰਡਤ ਮੋਹਨ ਮਾਲਵੀਆ ਵੀ ਸੰਤਾਂ ਦੇ ਦਰਸ਼ਨਾਂ ਲਈ ਮਸਤੂਆਣਾ ਸਾਹਿਬ ਆਏ ਤੇ ਉਨ੍ਹਾਂ ਦੀ ਬੇਨਤੀ 'ਤੇ 24 ਦਸੰਬਰ 1914 ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ ਤੇ ਕੁੱਲ ਆਲਮ ਨੂੰ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦਿੱਤਾ। ਇੱਥੇ ਹੀ ਮਦਨ ਮੋਹਨ ਮਾਲਵੀਆ ਜੀ ਨੇ ਹਿੰਦੂ ਪਰਿਵਾਰ ਅੰਦਰ ਇਕ ਬੱਚੇ ਨੂੰ ਸਿੱਖ ਬਣਾਉਣ ਦਾ ਅਹਿਦ ਕਰਨ ਲਈ ਪ੍ਰੇਰਿਆ। ਜਲੰਧਰ ਵਿਖੇ ਸਿੱਖ ਐਜੂਕੇਸ਼ਨ ਕਾਨਫਰੰਸ ਦੌਰਾਨ ਵਿਦਿਅਕ ਸੰਸਥਾਵਾਂ ਤੇ ਆਸ਼ਰਮਾਂ ਦੀ ਉਸਾਰੀ ਦਾ ਸੱਦਾ ਦਿੱਤਾ। ਫਿਰੋਜ਼ਪੁਰ ਵਿਖੇ ਸੰਨ 1915 'ਚ ਹੋਈ ਤਿੰਨ ਰੋਜ਼ਾ ਅੱਠਵੀਂ ਸਿੱਖ ਵਿਦਿਅਕ ਕਾਨਫਰੰਸ ਦੀ ਪ੍ਰਧਾਨਗੀ ਕੀਤੀ। ਚੀਫ ਖਾਲਸਾ ਦੀਵਾਨ ਵਲੋਂ ਇਸ ਕਾਨਫਰੰਸ ਵਿਚ ਆਪ ਨੂੰ ਸੰਤ ਦੀ ਉਪਾਧੀ ਦੇ ਕੇ ਨਿਵਾਜਿਆ ਗਿਆ। 1919 'ਚ ਆਪ ਨੇ ਸੰਗਤਾਂ ਨਾਲ ਗੁਰਮਤਾ ਕਰ ਕੇ ਅਕਾਲ ਕਾਲਜ ਦੀ ਇਮਾਰਤ ਦੀ ਉਸਾਰੀ ਦਾ ਕੰਮ ਸ਼ੁਰੂ ਕਰਵਾਇਆ ਅਤੇ ਪੰਜ ਪਿਆਰਿਆਂ ਪਾਸੋਂ ਨੀਂਹ ਰਖਵਾਈ। ਅਕਾਲ ਕਾਲਜ ਕੌਂਸਲ ਦੇ ਪਹਿਲੇ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਬਣੇ। ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਅਧੀਨ ਚੱਲ ਰਹੀਆਂ ਸੰਸਥਾਵਾਂ 70 ਏਕੜ ਦੇ ਰਕਬੇ 'ਚ ਫੈਲੀਆਂ ਹੋਈਆਂ ਹਨ ਅਤੇ ਇੱਥੇ 5 ਹਜ਼ਾਰ ਦੇ ਲਗਭਗ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਪ੍ਰਬੰਧਕੀ ਕਾਰਜਾਂ ਨੂੰ ਚਲਾਉਣ ਲਈ ਸੰਨ 1946 'ਚ



ਅਕਾਲ ਕਾਲਜ ਕੌਂਸਲ ਦਾ ਪੁਨਰ ਨਿਰਮਾਣ ਕੀਤਾ ਗਿਆ।

21 ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋਇਆ। ਸੰਤ ਅਤਰ ਸਿੰਘ ਨੇ ਕਾਲੀ ਦਸਤਾਰ ਸਜਾ ਕੇ ਰੋਸ ਵੀ ਪ੍ਰਗਟਾਇਆ ਤੇ ਸ਼ਰਧਾਂਜਲੀ ਵੀ ਭੇਟ ਕੀਤੀ। ਉਨ੍ਹਾਂ ਅੰਗਰੇਜ਼ੀ ਰਾਜ ਖ਼ਿਲਾਫ ਆਪਣੀ ਗੱਲ ਪੂਰੇ ਦਾਈਏ ਨਾਲ ਆਖੀ। ਸੰਨ 1923 'ਚ ਸੰਤ ਜੀ ਨੇ ਗੁਰੂ ਕਾਂਸੀ ਦਮਦਮਾ ਸਾਹਿਬ ਦੀ ਸੇਵਾ ਆਰੰਭ ਕਰਵਾਈ ਅਤੇ ਗੁਰੂਸਰ ਸਾਹਿਬ ਦੇ ਕੱਚੇ ਟੋਭੇ ਨੂੰ ਪੱਕਾ ਕਰ ਕੇ ਸਰੋਵਰ ਦਾ ਨਿਰਮਾਣ ਕੀਤਾ। ਸੰਨ 1926 'ਚ ਜੈਤੋਂ ਦਾ ਮੋਰਚਾ ਸਰ ਹੋਣ ਤੋਂ ਬਾਅਦ ਆਪ ਨੇ ਸ੍ਰੀ ਗੰਗਸਰ ਸਾਹਿਬ, ਜੈਤੋਂ ਵਿਖੇ 101 ਅਖੰਡ ਪਾਠ ਆਰੰਭ ਕੀਤੇ ਅਤੇ ਦੀਵਾਨ ਸਜਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਸੰਨ 1923 'ਚ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪਾਵਨ ਸਰੋਵਰ ਦੀ ਕਾਰਸੇਵਾ ਦਾ ਸ਼ੁੱਭ-ਆਰੰਭ ਸੰਤ ਅਤਰ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਗੁਰਦੁਆਰਾ ਸ੍ਰੀ ਗੁਰਸਾਗਰ ਮਸਤੂਆਣਾ ਸਾਹਿਬ ਦੇ ਲੰਗਰ ਵਾਸਤੇ ਅੱਠ ਧਾਤੂਆਂ ਦੀ ਦੇਗਾਂ ਬਣਵਾਈਆਂ। ਇਹ ਅਸ਼ਟਧਾਤੂ ਦੇਗ ਵੇਖਣਯੋਗ ਹੈ। ਇਹ ਦੇਗ ਸੰਨ 1923 'ਚ ਵਿਸ਼ੇਸ ਤੌਰ 'ਤੇ ਗੁੱਜਰਾਂਵਾਲਾ ਤੋਂ ਤਿਆਰ ਕਰਵਾਈ ਗਈ ਸੀ, ਜਿਸ 'ਚ ਇਕੋ ਸਮੇਂ 80 ਪੀਪੇ ਪਾਣੀ, 2 ਕੁਇੰਟਲ ਚੀਨੀ, 4 ਕੁਇੰਟਲ ਚਾਵਲ ਅਤੇ 30 ਕਿਲੋ ਘੀ ਮਿਲਾ ਕੇ ਚਾਵਲ ਪਕਾਏ ਜਾ ਸਕਦੇ ਹਨ ਅਤੇ ਇਸ ਅਸ਼ਟਧਾਤੂ ਦੇਗ 'ਚ ਇਕੋ ਸਮੇਂ ਤਿਆਰ ਕੀਤੇ ਚਾਵਲ 40 ਹਜ਼ਾਰ ਸੰਗਤਾਂ ਨੂੰ ਛਕਾਏ ਜਾ ਸਕਦੇ ਹਨ।

ਜਨਵਰੀ 1927 ਵਿਚ ਆਪਣੇ ਅੰਤਿਮ ਸਮੇਂ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਕੀਰਤਨ ਕਰ ਰਹੇ ਸਨ। ਅੰਗੂਠੇ ਤੇ ਉਂਗਲ ਵਿਚਕਾਰ ਇਕ ਛਾਲਾ ਹੋ ਗਿਆ। ਇਸ ਤੋਂ ਬਾਅਦ ਮਸਤੂਆਣਾ ਵਾਪਸ ਚਲੇ ਗਏ। ਉਹ ਸ. ਗੋਬਿੰਦਰ ਸਿੰਘ ਦੀ ਕੋਠੀ ਵਿਚ ਠਹਿਰੇ, ਜਿਸ ਨੂੰ ਅੱਜ-ਕਲ੍ਹ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬੰਗਾਲੀ ਡਾਕਟਰ ਚੈਟਰਜੀ ਨੇ ਉਥੇ ਇਨ੍ਹਾਂ ਦਾ ਇਲਾਜ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ ਪਰ 17 ਮਾਘ (ਜਨਵਰੀ 1927) ਦੀ ਰਾਤ ਨੂੰ ਸੰਤ ਅਤਰ ਸਿੰਘ ਜੋਤੀ ਜੋਤ ਸਮਾ ਗਏ। ਸੰਤਾਂ ਦਾ ਅੰਤਿਮ ਸੰਸਕਾਰ ਮਸਤੂਆਣਾ ਸਾਹਿਬ ਵਿਖੇ ਹੋਇਆ। ਇਸ ਥਾਂ 'ਤੇ ਗੁਰਦੁਆਰਾ ਅੰਗੀਠਾ ਸਾਹਿਬ ਸੁਸ਼ੋਭਿਤ ਹੈ। ਸੰਤ ਅਤਰ ਸਿੰਘ ਜੀ ਦੀ ਮਿੱਠੀ ਅਤੇ ਨਿੱਘੀ ਯਾਦ 'ਚ ਹਰ ਸਾਲ ਸਾਲਾਨਾ ਜੋੜ ਮੇਲਾ 30, 31 ਜਨਵਰੀ ਅਤੇ 1 ਫਰਵਰੀ (16,17 ਅਤੇ 18 ਮਾਘ) ਤਕ ਮਸਤੂਆਣਾ ਸਾਹਿਬ ਵਿਖੇ ਸ਼ਰਧਾਪੂਰਵਕ ਮਨਾਇਆ ਜਾਂਦਾ ਹੈ।

ਸੰਤ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਕਈ ਵਿਦਿਅਕ ਅਦਾਰੇ ਖੋਲ੍ਹੇ ਗਏ ਤੇ ਗੁਰਦਆਰੇ ਵੀ ਬਣਾਏ ਗਏ। ਹਜ਼ੂਰ ਸਾਹਿਬ ਵਿਖੇ ਗੋਦਾਵਰੀ ਕੰਢੇ ਆਪ ਜੀ ਦੀ ਯਾਦ ਵਿਚ ਗੁਰਦੁਆਰਾ ਭਜਨਗੜ੍ਹ ਸਾਹਿਬ ਅਜੇ ਵੀ ਹੈ। ਉਨ੍ਹਾਂ ਦੀ ਮਾਤਾ ਜੀ ਦੀ ਯਾਦ ਵਿਚ ਮਸਤੂਆਣੇ ਵਿਖੇ ਬਣੇ ਗੁਰਦੁਆਰਾ ਸਹਿਬ ਦਾ ਨਾਂ ਗੁਰਦੁਆਰਾ ਮਾਤਾ ਭੋਲੀ ਜੀ ਮਸਤੂਆਣਾ ਸਾਹਿਬ ਹੈ। ਸੰਨ 1945 ਵਿਚ 'ਸੰਤ ਅਤਰ ਸਿੰਘ ਗੁਰਸਾਗਰ ਮਸਤੂਆਣਾ ਟਰੱਸਟ' ਹੋਂਦ 'ਚ ਆਇਆ, ਇਹ ਟਰੱਸਟ ਹੀ ਗੁਰਦੁਆਰਾ ਸ੍ਰੀ ਗੁਰਸਾਗਰ ਮਸਤੂਆਣਾ ਸਾਹਿਬ ਦੀ ਸਮੁੱਚੀ ਚੱਲ-ਅਚੱਲ ਜਾਇਦਾਦ ਅਤੇ ਵਿਦਿਅਕ ਸੰਸਥਾਵਾਂ ਦਾ ਕਸਟੋਡੀਅਨ ਹੈ। ਅਕਾਲ ਸੀਨੀਅਰ ਸੈਕੰਡਰੀ ਸਕੂਲ, ਮਸਤੂਆਣਾ- ਮਸਤੂਆਣਾ ਸਾਹਿਬ ਵਿਖੇ ਸੰਤ ਅਤਰ ਸਿੰਘ ਜੀ ਵਲੋਂ ਸ਼ੁਰੂ ਕੀਤੀ ਸਭ ਤੋਂ ਪਹਿਲੀ ਵਿਦਿਅਕ ਸੰਸਥਾ ਹੈ, ਜੋ ਅੱਜਕਲ੍ਹ ਅਕਾਲ ਕਾਲਜ ਕੌਂਸਲ ਦੇ ਪ੍ਰਬੰਧ ਹੇਠ ਬਹਾਦਰਪੁਰ ਜ਼ਿਲ੍ਹਾ ਸੰਗਰੂਰ ਵਿਖੇ ਚੱਲ ਰਹੀ ਹੈ। ਅਕਾਲ ਡਿਗਰੀ ਕਾਲਜ ਮਸਤੂਆਣਾ 13 ਅਪ੍ਰੈਲ 1920 ਨੂੰ ਸ਼ੁਰੂ ਹੋਇਆ ਸੀ। ਇਸ ਕਾਲਜ 'ਚ ਹੁਣ ਬੀਏ, ਬੀਸੀਏ, ਪੀਜੀਡੀਸੀਏ, ਬੀਬੀਏ, ਬੀਐਸਸੀ (ਮੈਡੀਕਲ/ਨਾਨ ਮੈਡੀਕਲ) ,ਐਮਐਸਸੀ (ਆਈਟੀ), ਸਪੋਕਨ ਇੰਗਲਿਸ਼ ਆਦਿ ਕੋਰਸ ਚੱਲ ਰਹੇ ਹਨ। ਸੰਤ ਅਤਰ ਸਿੰਘ ਅਕਾਡਮੀ ਮਸਤੂਆਣਾ- ਸੰਨ 1983 'ਚ ਸਥਾਪਤ ਕੋ-ਐਜੂਕੇਸ਼ਨ, ਅੰਗਰੇਜ਼ੀ ਮਾਧਿਅਮ ਰਾਹੀਂ ਪੇਂਡੂ ਖੇਤਰ ਦੇ ਬੱਚਿਆਂ ਨੂੰ ਸ਼ਹਿਰਾਂ ਦੇ ਸਕੂਲਾਂ ਵਾਂਗ ਅਤਿ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਦੇ ਮੰਤਵ ਨਾਲ ਹੋਂਦ 'ਚ ਆਈ ਸੀ, ਜੋ ਸਫਲਤਾਪੂਰਵਕ ਚੱਲ ਰਹੀ ਹੈ। ਇਸ ਅਕਾਦਮੀ 'ਚ ਇਲਾਕੇ ਦੇ 60 ਪਿੰਡਾਂ 'ਚੋਂ ਬੱਚੇ ਸਿੱਖਿਆ ਪ੍ਰਾਪਤੀ ਲਈ ਆਉਂਦੇ ਹਨ ਅਤੇ ਇਥੇ ਨਰਸਰੀ ਤੋਂ ਲੈ ਕੇ ਬਾਰ੍ਹਵੀਂ (ਸਇੰਸ ਗਰੁੱਪ) ਤਕ ਪੜ੍ਹਾਈ ਹੁੰਦੀ ਹੈ।

*(ਬਾਕੀ ਅਗਲੇ ਸਫੇ 'ਤੇ)*

# ਭਗਵਾਂਕਰਨ ਦੇ ਦੌਰ ਵਿਚ ਭਾਰਤ ਦੇ ਗਣਤੰਤਰ ਦੀਆਂ ਮੁਸ਼ਕਲਾਂ

ਮੌਜੂਦਾ ਸਮਿਆਂ ਵਿਚ ਦੇਸ਼ ਭਗਵੇਂਕਰਨ ਦੇ ਦੌਰ ਵਿਚੋਂ ਗੁਜ਼ਰ ਰਿਹਾ ਹੈ। ਇਸ ਕਾਰਜ ਲਈ ਵਿਆਪਕ ਦੇਸ਼ ਅਤੇ ਲੋਕਲ ਪੱਧਰ 'ਤੇ ਸੰਸਥਾਵਾਂ, ਗਰੁੱਪ ਅਤੇ ਪਾਰਟੀਆਂ ਕੰਮ ਕਰ ਰਹੀਆਂ ਹਨ। ਦੇਸ਼ ਪੱਧਰ 'ਤੇ ਆਰ.ਐਸ.ਐਸ. ਅਤੇ ਹਾਕਮ ਬੀ ਜੇ ਪੀ, ਬਜਰੰਗ ਦਲ ਅਤੇ ਹਿੰਦੂ ਮਹਾਂਸਭਾ ਸਰਗਰਮ ਹਨ। ਰਾਮ ਮੰਦਰ ਦੀ ਉਸਾਰੀ ਦੌਰਾਨ ਕੇਂਦਰ ਸਰਕਾਰ ਦੀ ਸ਼ਮੂਲੀਅਤ ਅਤੇ 22 ਜਨਵਰੀ 2024 ਨੂੰ ਮੰਦਰ ਦੇ ਉਦਘਾਟਨ ਮੌਕੇ ਪ੍ਰਧਾਨ ਮੰਤਰੀ ਅਤੇ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਵਲੋਂ ਮੁੱਖ ਮਹਿਮਾਨਾਂ ਵਜੋਂ



**ਸੁੱਚਾ ਸਿੰਘ ਗਿੱਲ**

ਸ਼ਾਮਿਲ ਹੋਣ ਨਾਲ ਭਗਵੇਂਕਰਨ ਦੀ ਪ੍ਰਕਿਰਿਆ ਨੂੰ ਕਾਫ਼ੀ ਹੁਲਾਰਾ ਮਿਲਿਆ ਹੈ। ਇਸ ਨਾਲ ਸੰਵਿਧਾਨ ਦੀਆਂ ਮੂਲ ਧਾਰਨਾਵਾਂ ਵਾਸਤੇ ਕਾਫੀ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ।

**ਸੰਵਿਧਾਨ ਦੀਆਂ ਮੂਲ ਧਾਰਨਾਵਾਂ**

ਸੰਵਿਧਾਨ ਨੂੰ 26 ਜਨਵਰੀ, 1950 ਨੂੰ ਲਾਗੂ ਕੀਤੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਰਜ ਕੀਤਾ ਗਿਆ ਸੀ ਕਿ ਭਾਰਤ ਦੇ ਲੋਕਾਂ ਨੇ ਦੇਸ਼ ਨੂੰ ਆਜ਼ਾਦ, ਧਰਮ-ਨਿਰਪੱਖ ਅਤੇ ਜਮਹੂਰੀ ਰਿਪਬਲਿਕ ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਵਿਚ ਚਾਰ ਮੁੱਖ ਨੁਕਤੇ ਦਰਜ ਕੀਤੇ ਗਏ ਹਨ: 1. ਦੇਸ਼ ਦੇ ਹਰ ਨਾਗਰਿਕ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਕ ਇਨਸਾਫ਼ ਯਕੀਨੀ ਬਣਾਇਆ ਜਾਂਦਾ ਹੈ;

2. ਹਰ ਨਾਗਰਿਕ ਨੂੰ ਵਿਚਾਰ ਰੱਖਣ, ਵਿਚਾਰ ਪ੍ਰਗਟ ਕਰਨ, ਧਰਮ ਨੂੰ ਮੰਨਣ, ਵਿਸ਼ਵਾਸ ਕਰਨ ਅਤੇ ਪੂਜਾ ਪਾਠ ਕਰਨ ਦੀ ਆਜ਼ਾਦੀ ਦਿੱਤੀ ਜਾਂਦੀ ਹੈ;

3. ਹਰ ਨਾਗਰਿਕ ਨੂੰ ਰੁਤਬੇ, ਅਤੇ ਮੌਕੇ ਪ੍ਰਾਪਤ ਕਰਨ ਵਿਚ ਬਰਾਬਰਤਾ ਦਿੱਤੀ ਜਾਂਦੀ ਹੈ: ਅਤੇ

4. ਸਾਰੇ ਨਾਗਰਿਕਾਂ ਵਿਚ ਭਾਈਚਾਰੇ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਤਾਂ ਕਿ ਵਿਅਕਤੀਗਤ ਆਤਮ ਮਾਣ-ਸਨਮਾਨ ਅਤੇ ਕੌਮ ਦੀ ਏਕਤਾ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

ਸੰਵਿਧਾਨ ਦੀ ਪ੍ਰਸਤਾਵਨਾ ਵਿਚ ਨਾਗਰਿਕਾਂ ਨੂੰ ਦਿੱਤੇ ਵਚਨਾਂ ਨੂੰ ਕਿੱਥੋਂ ਤਕ ਅਮਲੀ ਜਾਮਾ ਪਹਿਨਾਇਆ ਜਾ ਰਿਹਾ ਹੈ ਜਾਂ ਨਹੀਂ? ਇਹ ਅੱਜ ਦੇ ਦਿਨਾਂ ਵਿਚ ਵਿਚਾਰਨ ਦੀ ਬਹੁਤ ਲੋੜ ਹੈ। ਹਰ ਨਾਗਰਿਕ ਨੂੰ ਇਹ ਸਵਾਲ ਆਪਣੇ ਆਪ ਅਤੇ ਨਾਲ ਦੇ ਸਾਥੀਆਂ, ਸਿਆਸੀ ਪਾਰਟੀਆਂ ਦੇ ਆਗੂਆਂ ਨੂੰ ਵੀ ਪੁੱਛਣਾ ਚਾਹੀਦਾ ਹੈ।

ਭਗਵੇਂਕਰਨ ਦਾ ਦੌਰ: ਆਜ਼ਾਦੀ ਤੋਂ ਬਾਅਦ ਤਿੰਨ ਦਹਾਕਿਆਂ ਤੋਂ ਥੋੜ੍ਹਾ ਵੱਧ ਸਮੇਂ ਤੱਕ ਇਨ੍ਹਾਂ ਵਚਨਾਂ ਅਤੇ ਵਾਅਦਿਆਂ ਨੂੰ ਜਾਮਾ ਪਹਿਨਾਉਣ ਲਈ ਦੇਸ਼ ਵਿਚ ਲਗਭਗ ਸਹਿਮਤੀ ਬਣੀ ਰਹੀ ਸੀ। ਇਸ ਵਿਚ ਜਦੋਂ ਕਦੇ ਵੀ ਇਸ ਸਹਿਮਤੀ ਤੋਂ ਬਾਹਰ ਕਿਸੇ ਪਾਰਟੀ ਜਾਂ ਧੜੇ ਵਲੋਂ ਜਾਣ ਦੀ ਕੋਸ਼ਿਸ਼ ਕੀਤੀ ਗਈ ਤਾਂ ਲੋਕਾਂ ਵਲੋਂ ਉਨ੍ਹਾਂ ਨੂੰ ਚੋਣਾਂ ਵਿਚ ਰੱਦ ਕੀਤਾ ਜਾਂਦਾ ਰਿਹਾ ਸੀ। ਇਸ ਦਾ ਪ੍ਰਤੱਖ ਸਬੂਤ 1977 ਦੀਆਂ ਚੋਣਾਂ ਤੋਂ ਮਿਲਦਾ ਹੈ, ਜਿਨ੍ਹਾਂ ਵਿਚ ਕਾਂਗਰਸ ਪਾਰਟੀ ਨੂੰ 1975-77 ਦੌਰਾਨ ਐਮਰਜੈਂਸੀ ਲਗਾ ਕੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਕਾਰਨ ਕਰਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪਰ 1980ਵਿਆਂ ਵਿਚ ਸੰਵਿਧਾਨ ਵਿਚ ਦਰਜ ਵਚਨਾਂ ਦੀ ਵਚਨਬੱਧਤਾ ਤੋਂ ਸਿਆਸੀ ਪਾਰਟੀਆਂ ਵੱਲੋਂ ਭਟਕਣਾ ਸ਼ੁਰੂ ਹੋਇਆ। ਪਹਿਲਾਂ ਕਾਂਗਰਸ ਪਾਰਟੀ ਦੀ ਸਰਕਾਰ ਵੱਲੋਂ ਘੱਟ ਗਿਣਤੀ ਸਿੱਖ ਭਾਈਚਾਰੇ ਨੂੰ ਅੱਤਵਾਦੀ ਗਰਦਾਨਿਆ ਗਿਆ ਅਤੇ ਨਿਰਦੋਸ਼ ਸਿੱਖਾਂ ਦੇ ਪੰਜਾਬ, ਦਿੱਲੀ ਅਤੇ ਦੇਸ਼ ਦੇ ਹੋਰ ਸ਼ਹਿਰਾਂ ਵਿਚ ਕਤਲੇਆਮ ਕੀਤੇ ਗਏ ਸਨ। ਇਸ ਨਾਲ ਕਾਂਗਰਸ ਪਾਰਟੀ ਨੂੰ ਰਾਜੀਵ ਗਾਂਧੀ ਦੀ ਅਗਵਾਈ ਵਿਚ ਭਾਰੀ ਬਹੁਮਤ ਪਾਰਲੀਮੈਂਟ ਦੀਆਂ ਚੋਣਾਂ ਵਿਚ ਮਿਲਿਆ ਸੀ। ਇਸ ਤੋਂ ਬਾਅਦ ਬੀਜੇਪੀ ਵਲੋਂ ਹਿੰਦੂਤਵ ਦੇ ਉਭਾਰ ਲਈ ਰੱਥ ਯਾਤਰਾ ਕੱਢੀ ਗਈ ਅਤੇ ਇਸ ਨੂੰ 1989 ਦੀਆਂ ਪਾਰਲੀਮੈਂਟ ਚੋਣਾਂ ਵਿਚ ਕਾਫ਼ੀ ਸੀਟਾਂ ਜਿੱਤਣ ਵਿਚ ਸਫ਼ਲਤਾ ਮਿਲੀ ਸੀ। ਇਸ ਪਾਰਟੀ ਨੇ 1992 ਵਿਚ ਅਯੁੱਧਿਆ ਵਿਚ ਬਾਬਰੀ ਮਸਜਿਦ ਨੂੰ ਢਾਹੁਣ ਅਤੇ ਉਸ ਦੀ ਜਗ੍ਹਾ ਰਾਮ ਮੰਦਰ ਬਣਾਉਣ ਦਾ ਮੁੱਦਾ ਚੁੱਕਿਆ ਸੀ। ਇਸ ਕਾਰਨ ਹਿੰਦੂ ਭਾਈਚਾਰੇ ਵਿਚ ਇਸ ਪਾਰਟੀ ਨੂੰ ਆਪਣੀ ਸਾਖ਼ ਬਣਾਉਣ ਵਿਚ ਸਫ਼ਲਤਾ ਪ੍ਰਾਪਤ ਹੋਈ ਸੀ। 1996 ਵਿਚ ਕੁਝ ਦਿਨਾਂ ਲਈ ਦੂਜੇ ਰਾਜਨੀਤਕ ਦਲਾਂ ਨਾਲ ਰਲ ਕੇ ਇਹ ਪਾਰਟੀ ਕੇਂਦਰ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ ਸੀ। ਫਿਰ 1999-2004 ਤੱਕ ਪੰਜ ਸਾਲ ਕੇਂਦਰ ਵਿਚ ਵਾਜਪਾਈ ਸਰਕਾਰ ਸੱਤਾ 'ਤੇ ਕਾਬਜ਼ ਰਹੀ ਸੀ। ਹਿੰਦੂਤਵ ਦੀ ਨੀਤੀ ਨਾਲ ਘੱਟ-ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਅਤੇ ਇਸਾਈਆਂ ਖ਼ਿਲਾਫ਼ ਬਹੁਗਿਣਤੀ ਭਾਈਚਾਰੇ ਨੂੰ ਭੜਕਾਉਣ ਨਾਲ ਬੀ ਜੇ ਪੀ 2014 ਤੋਂ ਕੇਂਦਰ ਵਿਚ ਸੱਤਾ 'ਤੇ ਕਾਬਜ਼ ਹੈ। ਹੁਣ 2024 ਦੀਆਂ ਆਉਣ ਵਾਲੀਆਂ ਚੋਣਾਂ ਵਿਚ ਫਾਇਦਾ ਲੈਣ ਵਾਸਤੇ ਅਯੁੱਧਿਆ ਵਿਚ ਅਧੂਰੇ ਰਾਮ ਮੰਦਰ ਦਾ ਉਦਘਾਟਨ ਚਾਰ ਸ਼ੰਕਰਾਚਾਰੀਆਂ ਦੇ ਵਿਰੋਧ ਦੇ ਬਾਵਜੂਦ ਪ੍ਰਧਾਨ ਮੰਤਰੀ ਵੱਲੋਂ ਕੀਤਾ ਗਿਆ ਹੈ। ਬਾਬਰੀ ਮਸਜਿਦ ਦੇ ਢਾਂਚੇ ਨੂੰ ਢਾਹੁਣ ਤੋਂ ਬਾਅਦ ਮੁਸਲਿਮ ਭਾਈਚਾਰੇ ਵਿਚ ਡਰ ਅਤੇ ਸਹਿਮ ਦੀਆਂ ਘਟਨਾਵਾਂ ਵਿਚ ਲਗਾਤਾਰ ਭੀੜ ਤੰਤਰ ਵਲੋਂ ਵਾਧਾ ਕੀਤਾ ਗਿਆ ਹੈ। ਇਸ ਨੂੰ ਰੋਕਣ ਵਾਸਤੇ ਹਾਕਮ ਪਾਰਟੀ ਵਲੋਂ ਕੋਈ ਗੰਭੀਰ ਕੋਸ਼ਿਸ਼ ਕਰਨ ਦੀ ਬਜਾਏ ਭਗਵਾਂਕਰਨ ਵਾਲੇ ਵਰਤਾਰੇ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਰਾਮ ਮੰਦਰ ਦੇ ਉਦਘਾਟਨ ਸਮਾਗਮ ਤੋਂ ਪਹਿਲਾਂ ਬੀ ਜੇ ਪੀ ਵਲੋਂ ਸਾਰੇ ਦੇਸ਼ ਵਿਚ ਰਾਮ ਮੰਦਰ ਦੇ ਨਾਮ 'ਤੇ ਲੋਕਾਂ ਵਿਚ ਕਾਫ਼ੀ ਪ੍ਰਚਾਰ ਕੀਤਾ ਗਿਆ ਅਤੇ ਲੋਕਾਂ ਨੂੰ ਜਥੇਬੰਦ ਕਰ ਕੇ ਫਿਰਕੂ ਧਾਰਮਿਕ ਉਧਾਰ ਪੈਦਾ ਕੀਤਾ ਗਿਆ ਸੀ। ਇਕ ਦਿਨ ਪਹਿਲਾਂ 21 ਜਨਵਰੀ ਨੂੰ ਮੱਧ ਪ੍ਰਦੇਸ਼ ਵਿਚ ਭਗਵਾਂਕਰਨ ਦੇ ਸਮਰਥਕਾਂ ਵਲੋਂ ਕਈ ਗਿਰਜਾਘਰਾਂ ਅਤੇ ਮਸਜਿਦਾਂ ਦੇ ਉਪਰ ਚੜ੍ਹ ਕੇ ਕੇਸਰੀ ਝੰਡਾ ਲਹਿਰਾਇਆ ਗਿਆ ਅਤੇ ਜੈ ਸ੍ਰੀ ਰਾਮ ਦੇ ਨਾਹਰੇ ਲਗਾਏ ਗਏ। ਛੱਤੀਸਗੜ੍ਹ ਵਿਚ ਵੀ ਗਿਰਜਾਘਰਾਂ 'ਤੇ ਭੜਕਾਊ ਕਾਰਵਾਈਆਂ ਕੀਤੀਆਂ ਗਈਆਂ। ਮੁੰਬਈ ਵਿਚ ਮੁਸਲਮਾਨਾਂ ਦੇ ਕੁਝ ਘਰਾਂ ਨੂੰ ਬੁਲਡੋਜ਼ਰਾਂ ਨਾਲ ਢਾਇਆ ਗਿਆ। ਘੱਟ ਗਿਣਤੀ ਭਾਈਚਾਰਿਆਂ ਵਲੋਂ ਕੇਸ ਦਰਜ ਕਰਵਾਉਣ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ। ਮਈ 2023 ਤੋਂ ਮਣੀਪੁਰ ਵਿਚ ਚਲ ਰਹੀ ਹਿੰਸਾ ਵਿਚ ਵੀ ਕਈ ਗਿਰਜਾਘਰ ਸਾੜਨ ਦੀਆਂ ਘਟਨਾਵਾਂ ਵਾਪਰੀਆਂ ਹਨ। ਉਸ ਸੂਬੇ ਵਿਚ ਇਸਾਈ ਭਾਈਚਾਰੇ ਦੀਆਂ ਔਰਤਾਂ ਨੂੰ ਨਿਰਵਸਤਰ ਕੀਤਾ ਗਿਆ ਅਤੇ ਉਨ੍ਹਾਂ ਨਾਲ ਜ਼ਬਰਦਸਤੀ ਕਰਨ ਦੀਆਂ ਰਿਪੋਰਟਾਂ ਮੀਡੀਆ ਵਿਚ ਆਈਆਂ ਹਨ। ਭਗਵਾਂਕਰਨ ਦੇ ਮਾਹੌਲ ਵਿਚ ਘੱਟ ਗਿਣਤੀਆਂ ਧਾਰਮਿਕ ਭਾਈਚਾਰਿਆਂ ਵਿਚ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ। ਇਸ ਮਾਹੌਲ ਨੂੰ ਬਣਾਉਣ ਵਿਚ ਗੋਦੀ ਮੀਡੀਆ ਨੇ ਵੀ ਕੋਈ ਕਸਰ ਬਾਕੀ ਨਹੀਂ ਛੱਡੀ। ਭਗਵਾਂਕਰਨ ਦੇ ਦੌਰ ਵਿਚ ਇਨਸਾਨਾਂ ਨੂੰ ਗਿਆਨਵਾਨ (Enlightened) ਬਣਾਉਣ ਦੀ ਬਜਾਏ ਹਿੰਦੂ ਆਸਥਾਵਾਨ (Believer) ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦੇਸ਼ ਦੇ ਲੋਕਾਂ ਨੂੰ ਧਰਮ-ਨਿਰਪੱਖਤਾ ਦੇ ਵਿਸ਼ਵਾਸ ਨੂੰ ਇਸ ਵਰਤਾਰੇ ਨੇ ਉਖਾੜਨ ਦੀ ਕੋਸ਼ਿਸ਼ ਕੀਤੀ ਹੈ।

ਖੇਤਰੀ ਪਾਰਟੀਆਂ ਵਿਚੋਂ ਪੰਜਾਬ ਅਤੇ ਮਹਾਰਾਸ਼ਟਰ ਦੇ ਸੂਬਿਆਂ ਵਿਚ ਧਰਮ ਆਧਾਰਿਤ ਸਿਆਸਤ ਕੀਤੀ ਜਾ ਰਹੀ ਹੈ। ਹੁਣ ਆਮ ਆਦਮੀ ਪਾਰਟੀ ਵੀ ਇਸ ਪਾਸੇ ਤੁਰ ਪਈ ਹੈ। ਧਰਮ ਨੂੰ ਵਿਅਕਤੀਆਂ ਦੇ ਨਿੱਜੀ ਜੀਵਨ ਤੋਂ ਬਾਹਰ ਕੱਢ ਕੇ ਸਿਆਸੀ ਫਾਇਦੇ ਵਾਸਤੇ ਪਬਲਿਕ ਡੋਮੇਨ ਵਿਚ ਲਿਜਾਇਆ ਜਾ ਰਿਹਾ ਹੈ। ਇਸ ਨਾਲ ਘੱਟ ਗਿਣਤੀਆਂ ਨੂੰ ਬਰਾਬਰਤਾ ਦੇ ਅਧਿਕਾਰ ਅਤੇ ਮੌਕਿਆਂ ਤੋਂ ਵੰਚਿਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਘੱਟ-ਗਿਣਤੀਆਂ ਨੂੰ ਦੂਜੇ ਦਰਜੇ ਦੇ ਨਾਗਰਿਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹੋ ਹਾਲ ਔਰਤਾਂ ਦੇ ਹੱਕਾਂ ਬਾਰੇ ਹੈ। ਇਸ ਦੀ ਗਵਾਹੀ ਮਣੀਪੁਰ ਵਿਚ ਔਰਤਾਂ ਖ਼ਿਲਾਫ਼ ਪੁਲੀਸ ਦੀ ਮੌਜੂਦਗੀ ਵਿਚ ਵਾਪਰੇ ਘਿਨਾਉਣੇ ਅਪਰਾਧਾਂ ਤੋਂ ਮਿਲਦੀ ਹੈ। ਅੰਤਰਰਾਸ਼ਟਰੀ ਮੈਡਲ ਜਿੱਤਣ ਵਾਲੀਆਂ ਪਹਿਲਵਾਨ ਲੜਕੀਆਂ ਦੇ ਦੋਸ਼ਾਂ ਬਾਰੇ ਇਨਸਾਫ਼ ਦੇਣ ਦੀ ਬਜਾਏ ਹਾਕਮ ਪਾਰਟੀ ਦੀ ਸਰਕਾਰ ਨੇ ਪਹਿਲਵਾਨ ਫੈਡਰੇਸ਼ਨ ਦੇ ਪ੍ਰਧਾਨ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਹੈ। ਪਹਿਲਵਾਨ ਲੜਕੀਆਂ ਦੇ ਜੰਤਰ-ਮੰਤਰ 'ਤੇ ਧਰਨੇ ਨੂੰ ਜ਼ਬਰਦਸਤੀ ਪੁਲਿਸ ਵੱਲੋਂ ਉਠਾ ਕੇ ਉਨ੍ਹਾਂ ਦਾ ਅਪਮਾਨ ਕੀਤਾ ਗਿਆ ਹੈ। ਅਯੁੱਧਿਆ ਵਿਖੇ ਰਾਮ ਮੰਦਰ ਵਿਚ ਮੂਰਤੀ ਸਥਾਪਿਤ ਕਰਨ ਸਮੇਂ ਰਾਮ ਤੇ ਸੀਤਾ ਦੇ ਅਟੁੱਟ ਨਾਮ ਗਾਇਬ ਕਰਕੇ ਔਰਤਾਂ ਨੂੰ ਮਰਦਾਂ ਦੇ ਬਰਾਬਰ ਰੱਖਣ ਦੀ ਪ੍ਰਕਿਰਿਆ ਨੂੰ ਪਿਛੇ ਧੱਕਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਮਾਗਮ ਵਿਚ ਦੇਸ਼ ਦੀ ਔਰਤ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਤੀ ਮੁਰਮੂ ਨੂੰ ਨਾ ਬੁਲਾਉਣਾ ਇਸ ਰੁਝਾਨ ਨੂੰ ਮਜ਼ਬੂਤ ਕਰਦਾ ਹੈ। ਸੰਵਿਧਾਨ ਦੀ ਪ੍ਰਸਤਾਵਨਾ ਵਿਚ ਦਿੱਤੀ ਗਈ ਵਚਨਬੱਧਤਾ ਕਿ ਹਰ ਨਾਗਰਿਕ ਨੂੰ ਧਾਰਮਿਕ, ਜਾਤ ਜਾਂ ਲਿੰਗ ਦੇ ਫਰਕ ਕੀਤੇ ਬਗੈਰ ਅਤੇ ਬਿਨਾਂ ਭੇਦਭਾਵ ਇਨਸਾਫ਼ ਮਿਲੇਗਾ ਦੇ ਉਲਟ ਵਰਤਾਰਾ ਚੱਲਣ ਲੱਗ ਪਿਆ ਹੈ।



ਪੁਲਿਸ ਅਤੇ ਕੇਂਦਰੀ ਏਜੰਸੀਆਂ ਨੂੰ ਸਰਕਾਰ ਦੀ ਆਲੋਚਨਾ ਕਰਨ ਵਾਲੇ ਵਿਅਕਤੀਆਂ, ਬੁੱਧੀਜੀਵੀਆਂ ਅਤੇ ਪਾਰਟੀਆਂ ਦੇ ਖ਼ਿਲਾਫ ਵਰਤਿਆ ਜਾ ਰਿਹਾ ਹੈ। ਨਿਆਂ ਪ੍ਰਣਾਲੀ ਨੂੰ ਨਿਰਪੱਖ ਰੱਖਣ ਦੀ ਬਜਾਏ ਵਿਰੋਧੀਆਂ ਦੇ ਖ਼ਿਲਾਫ ਵਰਤਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਗਣਤੰਤਰ ਦੇ ਚੌਥੇ ਥੰਮ੍ਹ ਅਖ਼ਬਾਰਾਂ/ਮੀਡੀਆ ਨੂੰ ਸਰਕਾਰ ਪੱਖੀ ਬਣਾਉਣ ਵਾਸਤੇ ਮਾਹੌਲ ਉਸਾਰਿਆ ਗਿਆ ਹੈ ਅਤੇ ਉਨ੍ਹਾਂ ਨੂੰ ਲਗਭਗ ਨਿੰਸਲ ਕਰ ਦਿੱਤਾ ਗਿਆ ਹੈ। ਆਰਥਿਕ ਨੀਤੀਆਂ ਦੇ ਮਾਮਲੇ ਵਿਚ ਸਾਰਾ ਵਰਤਾਰਾ ਕਾਰਪੋਰੇਟ ਪੱਖੀ ਬਣਾ ਦਿੱਤਾ ਗਿਆ ਹੈ। ਕਿਸਾਨ ਅਤੇ ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ ਪਰ ਮੀਡੀਆ ਇਸ ਬਾਰੇ ਚੁੱਪ ਵੱਟੀ ਬੈਠਾ ਹੈ। ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਾਪਤ ਨਹੀਂ ਹੋ ਰਹੇ। ਬੇਰੁਜ਼ਗਾਰੀ ਨੇ ਪਿਛਲੇ ਪੰਜਤਾਲੀ ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਦੇਸ਼ ਵਿਚ ਧਨ- ਦੌਲਤ ਅਤੇ ਆਮਦਨ ਵਿਚ ਪਾੜਾ ਚਰਮਸੀਮਾ ਤੱਕ ਪਹੁੰਚ ਗਿਆ ਹੈ। ਵਿਸ਼ਵ ਗੈਰ-ਬਰਾਬਰੀ ਰਿਪੋਰਟ (World Inequality Report) 2022 ਅਨੁਸਾਰ ਦੇਸ਼ ਦੇ ਉਪਰਲੇ/ਅਮੀਰ 10% ਵਿਅਕਤੀਆਂ ਕੋਲ ਦੇਸ਼ ਦੀ ਕੁੱਲ ਆਮਦਨ ਦਾ 57.1% ਅਤੇ ਧਨ ਦੌਲਤ ਦਾ 64.6% ਇਕੱਠਾ ਹੋ ਗਿਆ ਹੈ। ਸਭ ਤੋਂ ਹੇਠਲੇ ਗਰੀਬ 50% ਲੋਕਾਂ ਕੋਲ ਕੁੱਲ ਆਮਦਨ ਦਾ 13.1% ਅਤੇ ਧਨ-ਦੌਲਤ ਦਾ ਸਿਰਫ਼ 5.9% ਰਹਿ ਗਿਆ ਹੈ। ਮੱਧ ਵਰਗ ਦੇ 40% ਲੋਕਾਂ ਕੋਲ 29.7% ਆਮਦਨ ਅਤੇ 29.5% ਧਨ ਦੌਲਤ ਦਾ ਹਿੱਸਾ ਮੌਜੂਦ ਹੈ। ਚੋਣਾਂ ਬਹੁਤ ਮਹਿੰਗੀਆਂ ਹੋ ਗਈਆਂ ਹਨ। ਗਰੀਬ ਅਤੇ ਮੱਧ ਵਰਗ ਦੇ ਲੋਕਾਂ ਕੋਲ ਚੋਣਾਂ ਲੜਨ ਵਾਸਤੇ ਸਾਧਨ ਹੀ ਨਹੀਂ ਹਨ। ਜਾਤ-ਪਾਤ ਦਾ ਕੋਹੜ ਸਮਾਜ ਨੂੰ ਛੱਡ ਨਹੀਂ ਰਿਹਾ। ਸਮਾਜਿਕ ਅਤੇ ਆਰਥਿਕ ਗੈਰਬਰਾਬਰੀ ਭਾਰਤ ਦੇ ਗਣਤੰਤਰ ਵਾਸਤੇ ਵੱਡੀ ਚੁਣੌਤੀ ਹੈ। ਡਾ. ਭੀਮ ਰਾਓ ਅੰਬੇਦਕਰ ਨੇ ਠੀਕ ਕਿਹਾ ਸੀ ਕਿ ਦੇਸ਼ ਵਿਚ ਸਮਾਜਿਕ ਅਤੇ ਆਰਥਿਕ ਪਾੜਾ ਰਾਜਨੀਤਕ ਜਮਹੂਰੀਅਤ ਵਾਸਤੇ ਵੱਡਾ ਖਤਰਾ ਬਣ ਸਕਦਾ ਹੈ। ਇਹ ਕਥਨ ਠੀਕ ਸਾਬਤ ਹੋ ਰਿਹਾ ਜਾਪਦਾ ਹੈ। ਕਾਰਪੋਰੇਟ ਘਰਾਣਿਆਂ ਵਲੋਂ ਬਹੁਤੀਆਂ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ 'ਤੇ ਕਬਜ਼ਾ ਕਰ ਲਿਆ ਹੈ। ਇਨ੍ਹਾਂ ਵਿਚ ਲੋਕਾਂ ਦੇ ਮੁੱਦਿਆਂ 'ਤੇ ਵਿਚਾਰ ਚਰਚਾ ਨਹੀਂ ਕੀਤੀ ਜਾਂਦੀ। ਬਹੁਤਾ ਮੀਡੀਆ ਲੋਕਾਂ ਦੀਆਂ ਲਹਿਰਾਂ ਨੂੰ ਭੰਡਣ 'ਤੇ ਲੱਗਾ ਹੋਇਆ ਹੈ ਜਾਂ ਵਿਰੋਧੀ ਪਾਰਟੀਆਂ ਦੀ ਨੁਕਤਾਚੀਨੀ ਕਰਨ ਦਾ ਯਤਨ ਕਰਦਾ ਹੈ। ਵੈਸੇ ਵੀ ਵਿਰੋਧੀ ਧਿਰ ਨੂੰ ਪਾਰਲੀਮੈਂਟ ਵਿਚੋਂ ਗਾਇਬ ਕਰਕੇ ਲੋਕਾਂ ਜਾਂ ਵਿਰੋਧੀ ਧਿਰ ਦੇ ਵਿਚਾਰਾਂ ਨੂੰ ਤਵੱਜੋ ਦੇਣ ਬਗੈਰ ਲੋਕ ਵਿਰੋਧੀ ਕਾਨੂੰਨ ਬਣਾਉਣ ਦਾ ਰੁਝਾਨ ਵਧ ਗਿਆ ਹੈ। ਮੁੱਖ ਅਖ਼ਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਵਲੋਂ ਦੇਸ਼ ਦੇ ਗਣਤੰਤਰ ਦੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਦੇ ਮੁੱਦੇ ਨਜ਼ਰਅੰਦਾਜ਼ ਕੀਤੇ ਜਾਂਦੇ ਹਨ।

ਪਿਛਲੇ ਸਮੇਂ ਮਣੀਪੁਰ ਸੂਬੇ ਵਿਚ ਵਾਪਰੀਆਂ ਘਟਨਾਵਾਂ ਤੋਂ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਦੋ ਧਾਰਮਿਕ ਫਿਰਕਿਆਂ ਵਿਚ ਨਫ਼ਰਤ ਫੈਲਣ ਤੋਂ ਬਾਅਦ ਹਿੰਸਕ ਘਟਨਾਵਾਂ ਕਈ ਮਹੀਨਿਆਂ ਤੋਂ ਚੱਲ ਰਹੀਆਂ ਹਨ। ਸੂਬੇ ਦੀ ਸਰਕਾਰ ਅਤੇ ਕੇਂਦਰ ਸਰਕਾਰ ਇਨ੍ਹਾਂ 'ਤੇ ਕਾਬੂ ਨਹੀਂ ਪਾ ਸਕੀਆਂ। ਇਹ ਵਰਤਾਰਾ ਹਰਿਆਣਾ ਦੇ ਨੂਹ ਵਿਚ ਵੀ ਦੋ ਅੱਡ-ਅੱਡ ਧਾਰਮਿਕ ਫਿਰਕਿਆਂ ਵਿਚ ਹਿੰਸਕ ਰੂਪ ਧਾਰਨ ਕਰ ਗਿਆ ਸੀ। ਇਨ੍ਹਾਂ ਦੋਵਾਂ ਸੂਬਿਆਂ ਵਿਚ ਬਹੁ-ਗਿਣਤੀ ਧਾਰਮਿਕ ਜਥੇਬੰਦੀਆਂ ਵਲੋਂ ਇਸ ਵਾਸਤੇ ਜ਼ਮੀਨ ਤਿਆਰ ਕੀਤੀ ਗਈ ਸੀ। ਇਨ੍ਹਾਂ ਨੂੰ ਸਰਕਾਰਾਂ ਵਲੋਂ ਰੋਕਣ ਦੀ ਕੋਈ ਗੰਭੀਰ ਕੋਸ਼ਿਸ਼ ਨਹੀਂ ਕੀਤੀ ਗਈ ਸੀ। ਹਾਕਮ ਪਾਰਟੀ ਅਤੇ ਸਰਕਾਰ ਧਾਰਮਿਕ ਵਖਰੇਵਿਆਂ ਵਾਲੇ ਲੋਕਾਂ ਵਿਚ ਭਾਈਚਾਰਕ ਸਾਂਝ ਪੈਦਾ ਕਰਨ ਦੀ ਬਜਾਏ ਉਨ੍ਹਾਂ ਵਿਚ ਸਹਿਣਸ਼ੀਲਤਾ ਘਟਾ ਰਹੀਆਂ ਹਨ ਅਤੇ ਵਖਰੇਵੇਂ ਪੈਦਾ ਕੀਤੇ ਜਾ ਰਹੇ ਹਨ। ਇਸ ਨਾਲ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਹੋਣ ਅਤੇ ਧਰਮ ਦੇ ਵਖਰੇਵਿਆਂ ਕਾਰਨ ਹਿੰਸਾ ਹੋਣ ਦਾ ਖਤਰਾ ਪੈਦਾ ਹੋ ਰਿਹਾ ਹੈ। ਇਹ ਦੇਸ਼ ਦੇ ਗਣਤੰਤਰ ਦੀ ਸਿਹਤ ਅਤੇ ਸਿਰਜਣਾ ਵਾਸਤੇ ਠੀਕ ਨਹੀਂ ਹੈ। ਖ਼ਰਾਬ ਹੋ ਰਹੇ ਹਲਾਤਾਂ ਅਤੇ ਬਦਅਮਨੀ ਨੂੰ ਸਖ਼ਤ ਕਾਨੂੰਨ ਬਣਾ ਕੇ ਠੀਕ ਨਹੀਂ ਕੀਤਾ ਜਾ ਸਕਦਾ। ਇਸ ਨੂੰ ਠੀਕ ਕਰਨ ਵਾਸਤੇ ਸਟੇਟ ਵੱਲੋਂ ਧਰਮ-ਨਿਰਪੱਖਤਾ ਅਤੇ ਵਿਗਿਆਨਕ ਸੋਚ ਨੂੰ ਉਤਸ਼ਾਹਿਤ ਕਰਨਾ ਪੈਣਾ ਹੈ। ਗਾਂਧੀ ਦੇ ਕਾਤਲਾਂ ਨੂੰ ਹੀਰੋ ਬਣਾ ਕੇ ਗਣਤੰਤਰ ਨੂੰ ਬਚਾਉਣਾ ਸੰਭਵ ਨਹੀਂ ਹੋ ਸਕਦਾ। ਮੌਜੂਦਾ ਪ੍ਰਕਿਰਿਆ ਗਣਤੰਤਰ ਦੀ ਮੂਲ ਭਾਵਨਾ ਦੇ ਉਲਟ ਚੱਲਣ ਕਰਕੇ ਦੇਸ਼ ਵਿਚ ਵਿਵਾਦਗ੍ਰਸਤ ਮਾਹੌਲ ਬਣਿਆ ਹੋਇਆ ਹੈ ਅਤੇ ਇਸ ਮਾਹੌਲ ਵਿਚ ਸੰਵਿਧਾਨ ਦੀਆਂ ਮੂਲ ਧਾਰਨਾਵਾਂ ਨੂੰ ਕਾਇਮ ਰੱਖਣਾ ਕਾਫ਼ੀ ਮੁਸ਼ਕਲ ਹੋ ਗਿਆ ਹੈ।

**ਸੰਵਿਧਾਨ ਦੀਆਂ ਮੂਲ ਧਾਰਨਾਵਾਂ ਨੂੰ ਕਿਵੇਂ ਬਚਾਇਆ ਜਾਵੇ?**

ਸੰਵਿਧਾਨ ਦੀਆਂ ਮੂਲ ਧਾਰਨਾਵਾਂ: ਧਰਮਨਿਰਪੱਖਤਾ, ਇਨਸਾਫ਼, ਜਮਹੂਰੀਅਤ ਅਤੇ ਭਾਈਚਾਰਕ ਸਾਂਝ ਨੂੰ ਬਚਾਉਣ ਵਾਸਤੇ ਜ਼ਰੂਰੀ ਹੈ ਕਿ ਇਨ੍ਹਾਂ ਉਪਰ ਜਾਗਰੂਕ ਬਹਿਸ ਕੀਤੀ ਜਾਵੇ। ਅਸਲ ਵਿਚ ਦੇਸ਼ ਵਿਚ ਭਗਵੇਂਕਰਨ ਦੇ ਬਰਾਬਰ ਇਕ ਨਵਾਂ ਬਿਰਤਾਂਤ ਧਰਮਨਿਰਪੱਖਤਾ ਨੂੰ ਲਾਗੂ ਕਰਨ ਵਾਸਤੇ ਉਸਾਰਨਾ ਚਾਹੀਦਾ ਹੈ। ਇਸ ਬਿਰਤਾਂਤ ਦਾ ਪੱਧਰ ਉਹ ਹੋਵੇ ਜਿਹਾ ਕਰਨਾ ਪਵੇਗਾ ਜਿਹੜਾ 1920-1950 ਦੌਰਾਨ ਦੇਸ਼ ਵਿਚ ਚਲਿਆ ਸੀ ਅਤੇ ਜਿਸ ਦੇ ਫਲਸਰੂਪ ਦੇਸ਼ ਆਜ਼ਾਦ ਹੋਇਆ ਅਤੇ 26 ਜਨਵਰੀ 1950 ਨੂੰ ਮੌਜੂਦਾ ਸੰਵਿਧਾਨ ਨੂੰ ਲਾਗੂ ਕੀਤਾ ਗਿਆ ਸੀ। ਇਸ ਵਿਚ ਸਰਕਾਰ ਦੇ ਮੁੱਖ ਅੰਗਾਂ: ਕਾਰਜਕਾਰਨੀ, ਨਿਆਂਪਾਲਿਕਾ ਅਤੇ ਵਿਧਾਨਪਾਲਿਕਾ ਨੂੰ ਇਕ ਦੂਜੇ ਤੋਂ ਖ਼ੁਦਮੁਖ਼ਤਿਆਰ ਰਖਿਆ ਅਤੇ ਸੂਬਿਆਂ ਦੇ ਅਧਿਕਾਰਾਂ ਨੂੰ ਨਿਸ਼ਚਿਤ ਕੀਤਾ ਗਿਆ ਸੀ। ਗਣਤੰਤਰ ਨੂੰ ਸਿਹਤਮੰਦ ਰੱਖਣ ਵਾਲੇ ਜਮਹੂਰੀਅਤ ਦੇ ਚੌਥੇ ਥੰਮ੍ਹ, ਮੀਡੀਆ ਦਾ ਆਜ਼ਾਦ ਅਤੇ ਮਜ਼ਬੂਤ ਹੋਣਾ ਲਾਜ਼ਮੀ ਹੈ। ਇਸ ਨੂੰ ਕਾਰਪੋਰੇਟ ਘਰਾਣਿਆਂ ਦੀ ਧੌਂਸ ਅਤੇ ਕੰਟਰੋਲ ਤੋਂ ਬਚਾਉਣ ਦੀ ਓਨੀ ਜ਼ਰੂਰਤ ਹੈ ਜਿੰਨੀ ਇਸ ਨੂੰ ਸਰਕਾਰ ਦੀ ਜਕੜ ਤੋਂ ਬਚਾਉਣ ਦੀ। ਇਹ ਕਾਰਜ ਤਾਂ ਹੀ ਸੰਭਵ ਹੈ ਜੇਕਰ ਦੇਸ਼ ਵਿਚ ਵਿਰੋਧੀ ਧਿਰ ਤਕੜੀ ਹੋਵੇ ਅਤੇ ਸਰਕਾਰ ਵਲੋਂ ਉਸ ਨੂੰ ਬਣਦੀ ਪ੍ਰਤੀਨਿਧਤਾ ਅਤੇ ਮਾਨਤਾ ਦਿੱਤੀ ਜਾਵੇ। ਇਹ ਇਸ ਵਕਤ ਨਹੀਂ ਹੋ ਰਿਹਾ ਹੈ। ਇਸ ਵਿਵਾਦਗ੍ਰਸਤ ਭਗਵੇਂਕਰਨ ਦੇ ਬਿਰਤਾਂਤ ਦਾ ਵਿਰੋਧੀ ਧਿਰ ਧਰਮ ਆਧਾਰਿਤ ਸਿਆਸਤ ਨਾਲ ਮੁਕਾਬਲਾ ਨਹੀਂ ਕਰ ਸਕਦੀ। ਗਣਤੰਤਰ ਨੂੰ ਬਚਾਉਣ ਵਾਸਤੇ ਵਿਰੋਧੀ ਧਿਰ ਵੱਲੋਂ ਸੈਕੂਲਰ ਲਾਮਬੰਦੀ ਕਰਨੀ ਪਵੇਗੀ। ਪਾਰਲੀਮੈਂਟ ਤੋਂ ਬਾਹਰ ਲੋਕ/ਸਮਾਜਿਕ ਲਹਿਰ ਨੂੰ 2020-21 ਦੇ ਸਫ਼ਲ ਸ਼ਾਂਤਮਈ ਕਿਸਾਨ ਅੰਦੋਲਨ ਤੋਂ ਸਬਕ ਲੈਂਦਿਆਂ ਦੇਸ਼ ਵਾਸੀਆਂ ਦੀ ਲਾਮਬੰਦੀ ਵੀ ਸਾਰੇ ਲੋਕਾਂ ਦੇ ਸਾਂਝੇ ਮੁੱਦਿਆਂ 'ਤੇ ਕੇਂਦਰਤ ਕਰਨੀ ਪਵੇਗੀ। ਇਸ ਧਾਰਨਾ ਨੂੰ ਟਰਾਂਸਪੋਰਟ ਵਰਕਰਾਂ ਦੀ ਹੜਤਾਲ ਵੱਲੋਂ "ਟੱਕਰ ਮਾਰ ਕੇ ਭੱਜਣ" (Hit and Run) ਵਾਲੇ ਕਾਨੂੰਨ ਦੇ ਲੋਕ ਵਿਰੋਧੀ ਪੱਖਾਂ 'ਤੇ ਰੋਕ ਲਗਾਉਣ ਦੀ ਪ੍ਰਾਪਤੀ ਨੇ ਮੁੜ ਸਥਾਪਤ ਕੀਤਾ ਹੈ।

ਇਸ ਸਮੇਂ ਦੇਸ਼ ਦੇ ਕੁਝ ਸੂਝਵਾਨ ਬੁੱਧੀਜੀਵੀਆਂ, ਜੱਜਾਂ, ਵਕੀਲਾਂ, ਪੱਤਰਕਾਰਾਂ ਅਤੇ ਪ੍ਰਸਿੱਧ ਸ਼ਹਿਰੀਆਂ ਸੰਵਿਧਾਨ ਦੀਆਂ ਮੂਲ ਧਾਰਨਾਵਾਂ ਨੂੰ ਬਚਾਉਣ ਬਾਰੇ ਚਿੰਤਾ ਜ਼ਾਹਰ ਕੀਤੀ ਜਾ ਰਹੀ ਹੈ। ਜੇ ਲੋਕ ਜਾਗਰੂਕ ਹੋ ਕੇ ਸਾਰੇ ਭਾਈਚਾਰਿਆਂ ਨੂੰ ਸ਼ਾਮਲ ਕਰ ਕੇ ਦੇਸ਼ ਪੱਧਰ 'ਤੇ ਸਾਂਝੀਆਂ ਸਰਗਰਮੀਆਂ ਕਰਨ ਤਾਂ ਗਣਤੰਤਰ ਦੀ ਮੂਲ ਭਾਵਨਾ ਨੂੰ ਬਰਕਰਾਰ ਰੱਖ ਕੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਿਸਟਮ ਨੂੰ ਲੋਕ ਵਿਰੋਧੀ ਹੋਣ ਤੋਂ ਰੋਕਿਆ ਜਾ ਸਕਦਾ ਹੈ।

## ਸੰਤ ਅਤਰ ਸਿੰਘ ਜੀ...

*(ਪਿਛਲੇ ਸਫੇ ਦਾ ਬਾਕੀ)*

ਟੈਕਨੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ ਵਿਚ ਫਾਰਮੇਸੀ ਦੇ ਨਾਲ ਨਾਲ ਫਾਰਮੇਸੀ ਮੁਤਲਕ ਟੈਕਨੀਕੈਲਿਟੀ ਬਾਰੇ ਵੀ ਗਿਆਨ ਦਿੱਤਾ ਜਾਂਦਾ ਹੈ। ਅਕਾਲ ਕਾਲਜ ਆਫ਼ ਐਜੂਕੇਸ਼ਨ ਵਿਚ ਬੀ ਐਡ, ਐਮ ਐਡ ਤੇ ਐਮ .ਏ ਐਜੂਕੇਸ਼ਨ ਕੋਰਸ ਕਰਵਾਏ ਜਾਂਦੇ ਹਨ।

ਸਿੱਖ ਧਰਮ ਦੇ ਪ੍ਰਚਾਰ ਹਿੱਤ ਅਤੇ ਧਾਰਮਿਕ ਖੇਤਰ 'ਚ ਲੋੜੀਂਦੇ ਗ੍ਰੰਥੀ, ਕੀਰਤਨੀਏ, ਕਥਾਕਾਰ ਆਦਿ ਉਪਲੱਬਧ ਕਰਾਉਣ ਦੇ ਮੰਤਵ ਨਾਲ ਸੰਨ 2004 'ਚ ਸੰਤ ਅਤਰ ਸਿੰਘ ਗੁਰਮਤਿ ਕਾਲਜ ਸ੍ਰੀ ਮਸਤੂਆਣਾ ਸਾਹਿਬ ਹੋਂਦ 'ਚ ਆਇਆ ਅਤੇ ਬਾਅਦ 'ਚ ਇਹ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਨਾਲ ਜੁੜ ਕੇ ਸਿੱਖ ਪ੍ਰਚਾਰ ਲਈ ਸੰਜੀਦਾ ਯਤਨ ਕਰ ਰਿਹਾ ਹੈ। ਕਿਸੇ ਵਿਦਿਆਰਥੀ ਪਾਸੋਂ ਕੋਈ ਦਾਖਲਾ ਫੀਸ ਨਹੀਂ ਲਈ ਜਾਂਦੀ ਅਤੇ ਖਾਣੇ/ਰਿਹਾਇਸ਼ ਦਾ ਮੁਫਤ ਪ੍ਰਬੰਧ ਕੀਤਾ ਜਾਂਦਾ ਹੈ ਪਰ ਵਿਦਿਆਰਥੀ ਦਾ ਅੰਮ੍ਰਿਤਧਾਰੀ ਹੋਣਾ ਲਾਜ਼ਮੀ ਹੈ। ਇਥੇ ਸਿੱਖ ਰਹਿਤ ਮਰਿਆਦਾ, ਗੁਰਮਤਿ ਸੰਗੀਤ, ਤਬਲਾ, ਅਤੇ ਗਤਕੇ ਆਦਿ ਦੀ ਸਿਖਲਾਈ ਦਿੱਤੀ ਜਾਂਦੀ ਹੈ। ਅਕਾਲ ਕਾਲਜ ਆਫ ਫਿਜ਼ੀਕਲ ਐਜੂਕੇਸ਼ਨ, ਸ੍ਰੀ ਮਸਤੂਆਣਾ ਸਾਹਿਬ-ਸੰਨ 2006 ਤੋਂ ਸ਼ੁਰੂ ਹੋਏ ਇਸ ਕਾਲਜ 'ਚ ਬੀਪੀਐਡ, ਡੀਪੀਐਡ, ਬੀਪੀਈ ਆਦਿ ਕੋਰਸ ਕਰਵਾਏ ਜਾਂਦੇ ਹਨ। ਇਸ ਦੇ ਵਿਦਿਆਰਥੀਆਂ ਨੇ ਪੜ੍ਹਾਈ ਅਤੇ ਖੇਡਾਂ ਦੇ ਖੇਤਰ 'ਚ ਯੂਨੀਵਰਸਿਟੀ, ਨੈਸ਼ਨਲ ਅਤੇ ਅੰਤਰ-ਯੂਨੀਵਰਸਿਟੀ ਪੱਧਰ 'ਤੇ ਸ਼ਾਨਦਾਰ ਪ੍ਰਾਪਤੀਆਂ ਕਰ ਕੇ ਮੈਡਲ ਪ੍ਰਾਪਤ ਕੀਤੇ ਹਨ।

# ਪਹਾੜਾਂ ਵਿਚ ਵਿਕਾਸ ਅਤੇ ਸਰਕਾਰਾਂ ਦੀ ਪਹੁੰਚ

ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਦੇ 'ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041' ਦੇ ਸਬੰਧ ਵਿਚ ਨੈਸ਼ਨਲ ਗਰੀਨ ਟ੍ਰਿਬਿਊਨਲ ਦੁਆਰਾ 17 ਗਰੀਨ ਬੈਲਟਾਂ ਅਤੇ ਕੋਰ ਖੇਤਰ ਉੱਤੇ ਉਸਾਰੀ ਲਈ ਲਗਾਈ ਪਾਬੰਦੀ ਨੂੰ ਹਟਾਉਣ ਦੀ ਆਗਿਆ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਆਪਣੇ ਹੁਕਮਾਂ ਵਿਚ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਹਿਮਾਚਲ ਪ੍ਰਦੇਸ਼ ਸਰਕਾਰ 'ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041' ਤਹਿਤ ਸ਼ਿਮਲੇ ਦਾ ਵਿਕਾਸ ਅਤੇ ਇੱਥੋਂ ਦੀ ਆਬਾਦੀ ਦੀਆਂ ਵਧ ਰਹੀਆਂ ਲੋੜਾਂ ਨੂੰ ਪੂਰਾ ਕਰਦਿਆਂ ਸ਼ਿਮਲਾ ਦੇ ਵਾਤਾਵਰਨ

**ਡਾ. ਗੁਰਿੰਦਰ ਕੌਰ**

ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਈਕੋਸਿਸਟਮ ਦੇ ਸੰਤੁਲਨ ਨੂੰ ਵੀ ਯਕੀਨੀ ਬਣਾਵੇ। ਸੁਪਰੀਮ ਕੋਰਟ ਨੇ ਕਿਹਾ ਕਿ 'ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041' ਭਾਵੇਂ ਮਾਹਿਰਾਂ ਨਾਲ ਵਿਸਥਾਰ-ਪੂਰਵਕ ਚਰਚਾ ਅਤੇ ਉੱਚਿਤ ਪ੍ਰਕਿਰਿਆ ਤੋਂ ਬਾਅਦ ਹੀ ਤਿਆਰ ਕੀਤਾ ਗਿਆ ਹੈ ਪਰ ਫਿਰ ਵੀ ਜੇਕਰ ਕਿਸੇ ਨਾਗਰਿਕ ਨੂੰ ਸ਼ਿਕਾਇਤ ਹੈ ਕਿ ਕੋਈ ਵਿਕਾਸ ਕਾਰਜ ਵਾਤਾਵਰਨ ਜਾਂ ਈਕੋਸਿਸਟਮ ਦੇ ਸੰਤੁਲਨ ਵਿਚ ਵਿਗਾੜ ਪੈਦਾ ਕਰ ਸਕਦਾ ਹੈ ਤਾਂ ਉਸ ਨੂੰ ਚੁਣੌਤੀ ਦੇਣ ਦੀ ਖੁੱਲ੍ਹ ਹੈ।

16 ਨਵੰਬਰ 2017 ਨੂੰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸ਼ਿਮਲਾ ਦੀਆਂ 17 ਗਰੀਨ ਬੈਲਟਾਂ ਅਤੇ ਸ਼ਹਿਰ ਦੇ ਕੋਰ ਖੇਤਰ ਵਿਚ ਕਿਸੇ ਵੀ ਤਰ੍ਹਾਂ ਦੀ ਉਸਾਰੀ ਕਰਨ ਉੱਤੇ ਪੂਰਨ ਤੌਰ ਉੱਤੇ ਪਾਬੰਦੀ ਲਗਾ ਦਿੱਤੀ ਸੀ। ਸ਼ਿਮਲਾ ਦੇ ਪੂਰੇ ਪਲੈਨਿੰਗ ਖੇਤਰ ਵਿਚ ਉਸਾਰੀ ਨੂੰ ਢਾਈ ਮੰਜ਼ਲਾਂ ਤੱਕ ਸੀਮਤ ਕਰ ਦਿੱਤਾ ਸੀ। 16 ਅਪਰੈਲ 2022 ਨੂੰ ਹਿਮਾਚਲ ਪ੍ਰਦੇਸ਼ ਦੀ ਸਰਕਾਰ ਨੇ ਕੋਰ ਖੇਤਰ ਅਤੇ ਗਰੀਨ ਬੈਲਟਾਂ ਅਤੇ ਸ਼ਿਮਲਾ ਦੇ ਬਾਕੀ ਖੇਤਰਾਂ ਵਿਚ ਵਿਕਾਸ ਕਰਨ ਲਈ ਸ਼ਿਮਲਾ ਪਲੈਨਿੰਗ ਏਰੀਆ ਤਹਿਤ 22,450 ਹੈਕਟੇਅਰ ਖੇਤਰ ਵਿਚ ਸੜਕਾਂ ਦੇ ਨੇੜੇ ਸਾਢੇ ਤਿੰਨ ਮੰਜ਼ਲਾਂ ਅਤੇ ਪਾਰਕਿੰਗ ਦੀ ਸਹੂਲਤ ਵਾਲੀਆਂ ਇਮਾਰਤਾਂ ਬਣਾਉਣ ਦੀ ਯੋਜਨਾ ਪਾਸ ਕੀਤੀ ਸੀ ਪਰ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਇਸ ਯੋਜਨਾ 'ਤੇ ਵੀ 12 ਮਈ 2022 ਨੂੰ ਪਾਬੰਦੀ ਲਗਾ ਦਿੱਤੀ ਸੀ।

ਨੈਸ਼ਨਲ ਗਰੀਨ ਟ੍ਰਿਬਿਊਨਲ ਅਨੁਸਾਰ ਵਾਤਾਵਰਨ ਸੰਵੇਦਨਸ਼ੀਲ ਖੇਤਰਾਂ ਵਿਚ ਉਸਾਰੀ ਹੋਣ ਕਾਰਨ ਕੁਦਰਤੀ ਆਫ਼ਤਾਂ ਤੋਂ ਹੋਣ ਵਾਲੇ ਨੁਕਸਾਨ ਵਿਚ ਵਾਧਾ ਹੁੰਦਾ ਹੈ, ਨਤੀਜੇ ਵਜੋਂ ਜਨਤਾ ਦੇ ਹਿੱਤਾਂ ਨੂੰ ਖੋਰਾ ਲੱਗਦਾ ਹੈ। ਇਸ ਨਾਲ ਟਿਕਾਊ ਵਿਕਾਸ ਦਾ ਸਿਧਾਂਤ ਵੀ ਅਣਗੋਲਿਆ ਹੁੰਦਾ ਹੈ। ਇਸ ਲਈ ਨੈਸ਼ਨਲ ਗਰੀਨ ਟ੍ਰਿਬਿਊਨਲ ਨੇ ਸ਼ਿਮਲਾ ਦੇ ਡਿਵੈਲਪਮੈਂਟ ਪਲਾਨ ਉੱਤੇ ਦੋਵੇਂ ਬਾਰ ਪਾਬੰਦੀ ਲਗਾ ਦਿੱਤੀ ਸੀ। ਸੁਪਰੀਮ ਕੋਰਟ ਨੇ ਹੁਣ ਨੈਸ਼ਨਲ ਗਰੀਨ ਟ੍ਰਿਬਿਊਨਲ ਵੱਲੋਂ ਲਗਾਈਆਂ ਗਈਆਂ ਦੋਵੇਂ ਪਾਬੰਦੀਆਂ ਹਟਾ ਦਿੱਤੀਆਂ ਹਨ ਅਤੇ ਉਸਾਰੀਆਂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।



ਸ਼ਿਮਲਾ ਪਲੈਨਿੰਗ ਖੇਤਰ ਨੂੰ ਧਰਾਤਲ, ਵਾਤਾਵਰਨ ਅਤੇ ਆਬਾਦੀ ਦੇ ਭਾਰ ਨੂੰ ਸਹਿਣ ਦੀ ਸਮਰੱਥਾ ਦੇ ਹਿਸਾਬ ਨਾਲ ਕੋਰ, ਨਾਨ-ਕੋਰ, ਗਰੀਨ ਬੈਲਟ, ਖਿਸਕਣ ਅਤੇ ਗਰਕਣ ਵਾਲੇ ਖੇਤਰਾਂ ਵਿਚ ਵੰਡਿਆ ਗਿਆ ਹੈ। ਕੋਰ ਖੇਤਰ ਵਿਚ ਵਿਕਟਰੀ ਸੁਰੰਗ ਤੋਂ ਸ਼ੁਰੂ ਹੋ ਕੇ ਮਾਲ ਰੋਡ, ਲੱਕੜ ਬਾਜ਼ਾਰ, ਜਾਖੂ ਦੀਆਂ ਪਹਾੜੀਆਂ ਅਤੇ ਸਮਰਹਿਲਜ਼ ਦੇ ਕੁਝ ਹਿੱਸੇ ਸ਼ਾਮਲ ਹਨ। ਸੁਪਰੀਮ ਕੋਰਟ ਅਨੁਸਾਰ ਕੋਰ ਖੇਤਰ ਵਿਚ ਵਾਹਨ ਆਵਾਜਾਈ ਦੇ ਨੇੜੇ ਪਾਰਕਿੰਗ ਸਹੂਲਤ ਸਹਿਤ ਸਿਰਫ਼ ਢਾਈ ਮੰਜ਼ਲਾਂ ਵਾਲੀ ਇਮਾਰਤ ਬਣਾਉਣ ਦੀ ਇਜਾਜ਼ਤ ਹੈ।

ਗਰੀਨ ਬੈਲਟਾਂ ਦੇ ਖੇਤਰ ਵਿਚ ਸਿਰਫ਼ ਡੇਢ ਮੰਜ਼ਲ ਵਾਲੀ ਇਮਾਰਤ ਬਣਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਜੇਕਰ ਪਲਾਟ ਆਵਾਜਾਈ ਵਾਲੀ ਸੜਕ ਦੇ ਨਾਲ ਹੈ ਤਾਂ ਇੱਕ ਪਾਰਕਿੰਗ ਏਰੀਆ ਵੀ ਬਣਾਇਆ ਜਾ ਸਕਦਾ ਹੈ। ਪੁਰਾਣੀਆਂ ਬਣੀਆਂ ਹੋਈਆਂ ਇਮਾਰਤਾਂ ਢਾਹ ਕੇ ਦੁਬਾਰਾ ਬਣਾਉਣ ਦੀ ਇਜਾਜ਼ਤ ਤਾਂ ਹੈ ਪਰ ਉਸ ਨੂੰ ਓਨੇ ਹੀ ਰਕਬੇ ਵਿਚ ਬਣਾਇਆ ਜਾ ਸਕਦਾ ਹੈ ਜਿੰਨੇ ਵਿਚ ਪਹਿਲਾਂ ਬਣਾਇਆ ਹੋਇਆ ਸੀ। ਗਰੀਨ ਬੈਲਟਾਂ ਵਾਲੇ ਖੇਤਰ ਵਿਚੋਂ ਕੋਈ ਵੀ ਦਰੱਖਤ ਵੱਢਣ ਦੀ ਇਜਾਜ਼ਤ ਨਹੀਂ ਹੈ। ਫੌਰੈਸਟ ਕੰਜਰਵੇਸ਼ਨ ਐਕਟ ਅਨੁਸਾਰ ਕੇਂਦਰ ਸਰਕਾਰ ਦੀ ਇਜਾਜ਼ਤ ਤੋਂ ਬਿਨਾਂ ਜੰਗਲੀ ਖੇਤਰ ਵਿਚ ਕੋਈ ਵੀ ਉਸਾਰੀ ਕਰਨ ਦੀ ਇਜਾਜ਼ਤ ਨਹੀਂ ਹੈ। ਬਾਕੀ ਦੇ ਪਲੈਨਿੰਗ ਖੇਤਰ ਵਿਚ ਸਾਢੇ ਤਿੰਨ ਮੰਜ਼ਲਾ ਇਮਾਰਤਾਂ ਬਣਾਉਣ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਜੇਕਰ ਪਲਾਟ ਵਾਹਨ ਆਵਾਜਾਈ ਵਾਲੀ ਸੜਕ ਉੱਤੇ ਸਥਿਤ ਹੈ ਤਾਂ ਇੱਕ ਪਾਰਕਿੰਗ ਏਰੀਆ ਵੀ ਬਣਾਇਆ ਜਾ ਸਕਦਾ ਹੈ।

ਭਾਵੇਂ ਸੁਪਰੀਮ ਕੋਰਟ ਨੇ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਕੋਰ ਖੇਤਰ ਵਿਚ ਉਸਾਰੀ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ ਜਿਸ ਵਿਚ ਵਿਕਟਰੀ ਸੁਰੰਗ, ਮਾਲ ਰੋਡ, ਲੱਕੜ ਬਾਜ਼ਾਰ, ਜਾਖੂ ਦੀਆਂ ਪਹਾੜੀਆਂ ਅਤੇ ਸਮਰਹਿਲਜ਼ ਦੇ ਕੁਝ ਖੇਤਰ ਸ਼ਾਮਲ ਹਨ। ਇਸ ਖੇਤਰ ਵਿਚ ਸਿਰਫ਼ ਢਾਈ ਮੰਜ਼ਲਾ ਇਮਾਰਤਾਂ ਹੀ ਬਣ ਸਕਦੀਆਂ ਹਨ ਪਰ ਹਿਮਾਚਲ ਪ੍ਰਦੇਸ਼ ਸਰਕਾਰ ਲਈ ਹੁਣ ਇੱਕ ਵੱਡੀ ਮੁਸ਼ਕਿਲ ਆ ਸਕਦੀ ਹੈ ਜੋ ਇਮਾਰਤਾਂ ਪਹਿਲਾਂ ਹੀ ਢਾਈ ਮੰਜ਼ਲਾਂ ਤੋਂ ਉੱਪਰ ਬਣੀਆਂ ਹੋਈਆਂ ਹਨ, ਉਨ੍ਹਾਂ ਇਮਾਰਤਾਂ ਦਾ ਉਹ ਕੀ ਕਰੇਗੀ। ਇਸ ਕੋਰ ਖੇਤਰ ਵਿਚ ਕੁਝ ਬਹੁਮੰਜ਼ਲਾ ਹੋਟਲ ਅਤੇ ਰਿਹਾਇਸ਼ੀ ਇਮਾਰਤਾਂ ਵੀ ਬਣੀਆਂ ਹੋਈਆਂ ਹਨ। ਕੀ ਇਨ੍ਹਾਂ ਹੋਟਲਾਂ ਅਤੇ ਰਿਹਾਇਸ਼ੀ ਇਮਾਰਤਾਂ ਦੀਆਂ ਸਿਰਫ਼ ਢਾਈ ਮੰਜ਼ਲਾਂ ਰੱਖ ਕੇ ਬਾਕੀ ਢਾਹ ਦਿੱਤੀਆਂ ਜਾਣਗੀਆਂ? ਇਨ੍ਹਾਂ ਤੋਂ ਇਲਾਵਾ ਜਿਹੜੀਆਂ ਇਮਾਰਤਾਂ 45 ਡਿਗਰੀ ਢਲਾਨ ਤੋਂ ਵੱਧ ਬਰਸਾਤੀ ਨਾਲੇ ਦੇ ਨੇੜੇ ਜਾਂ ਜ਼ਮੀਨ ਖਿਸਕਣ ਵਾਲੇ ਖੇਤਰਾਂ ਵਿਚ ਬਣੀਆਂ ਹਨ, ਉਨ੍ਹਾਂ ਇਮਾਰਤਾਂ ਦਾ ਸਰਕਾਰ ਕੀ ਕਰੇਗੀ? ਸ਼ਿਮਲਾ ਦੀਆਂ ਬਹੁਤ ਸਾਰੀਆਂ ਇਮਾਰਤਾਂ ਵਾਤਾਵਰਨ ਨਿਯਮਾਂ ਉੱਤੇ ਪੂਰੀਆਂ ਨਹੀਂ ਉਤਰਦੀਆਂ, ਉਹ ਹਿਮਾਚਲ ਪ੍ਰਦੇਸ਼ ਸਰਕਾਰ ਲਈ ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041 ਨੂੰ ਲਾਗੂ ਕਰਨ ਸਬੰਧੀ ਸਮੱਸਿਆਵਾਂ ਖੜ੍ਹੀਆਂ ਕਰ ਸਕਦੀਆਂ ਹਨ।

ਵਿਕਾਸ ਕਾਰਜਾਂ ਦੀ ਮਨਜ਼ੂਰੀ ਨਾ ਮਿਲਣ ਕਰ ਕੇ ਕਿਸੇ ਵੀ ਰਾਜ ਦਾ ਵਿਕਾਸ ਪਿਛਾਂਹ ਪੈ ਜਾਂਦਾ ਹੈ। ਸੁਪਰੀਮ ਕੋਰਟ ਨੇ ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041 ਨੂੰ ਲਾਗੂ ਕਰਨ ਉੱਤੇ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਲਗਾਈਆਂ ਪਾਬੰਦੀਆਂ ਨੂੰ ਹਟਾ ਕੇ ਭਾਵੇਂ ਇੱਕ ਸ਼ਲਾਘਾਯੋਗ ਫ਼ੈਸਲਾ ਦਿੱਤਾ ਹੈ ਪਰ ਹਿਮਾਚਲ ਪ੍ਰਦੇਸ਼ ਸਰਕਾਰ ਹੁਣ ਸ਼ਿਮਲਾ ਦਾ ਵਿਕਾਸ ਕਿਸ ਤਰ੍ਹਾਂ ਕਰਦੀ ਹੈ ਇਹ ਆਉਣ ਵਾਲਾ ਸਮਾਂ ਦੱਸੇਗਾ। ਹਿਮਾਚਲ ਪ੍ਰਦੇਸ਼ ਰਾਜ ਇੱਕ ਪਹਾੜੀ, ਭੂਚਾਲ-ਸੰਵੇਦਨਸ਼ੀਲ, ਜੰਗਲਾਂ ਅਤੇ ਬਰਫ਼ ਵਾਲਾ ਰਾਜ ਹੈ। ਇੱਥੇ ਕਿਸੇ ਵੀ ਤਰ੍ਹਾਂ ਦਾ ਵਿਕਾਸ ਕਰਨ ਤੋਂ ਪਹਿਲਾਂ ਭੂ-ਵਿਗਿਆਨੀਆਂ, ਵਾਤਾਵਰਨ ਮਾਹਿਰਾਂ ਅਤੇ ਸਥਾਨਕ ਲੋਕਾਂ ਦੀ ਰਾਇ ਲੈਣੀ ਜ਼ਰੂਰੀ ਬਣਦੀ ਹੈ। ਪਹਾੜੀ ਖੇਤਰਾਂ ਵਿਚ ਵਿਕਾਸ ਕਾਰਜਾਂ ਲਈ ਜੰਗਲ ਕੱਟਣੇ ਅਤੇ ਪਹਾੜ ਤੋੜਨੇ ਪੈਂਦੇ ਹਨ। ਪਹਾੜਾਂ ਨੂੰ ਤੋੜਨ ਜਾਂ ਉਨ੍ਹਾਂ ਦੀ ਲੋੜੋਂ ਵੱਧ ਕਟਾਈ ਹੋਣ ਨਾਲ ਉਨ੍ਹਾਂ ਦਾ ਸੰਤੁਲਨ ਵਿਗੜ ਜਾਂਦਾ ਹੈ ਅਤੇ ਉਨ੍ਹਾਂ ਦਾ ਥੱਲੇ ਨੂੰ ਖਿਸਕਣਾ ਸ਼ੁਰੂ ਹੋ ਜਾਂਦਾ ਹੈ, ਜੰਗਲਾਂ ਦੀ ਅਣਹੋਂਦ ਕਾਰਨ ਜ਼ਮੀਨ ਖੁਰਨ ਲੱਗ ਜਾਂਦੀ ਹੈ। ਜ਼ਮੀਨ ਖੁਰਨ, ਪਹਾੜ ਖਿਸਕਣ, ਜ਼ਮੀਨ ਗਰਕਣ ਆਦਿ ਵਾਲੀਆਂ ਥਾਵਾਂ ਉੱਤੇ ਕਿਸੇ ਵੀ ਤਰ੍ਹਾਂ ਦੀ ਉਸਾਰੀ ਖ਼ਤਰਨਾਕ ਹੋ ਸਕਦੀ ਹੈ। 2023 ਵਿਚ ਜੁਲਾਈ ਅਤੇ ਅਗਸਤ ਦੇ ਮਹੀਨਿਆਂ ਵਿਚ ਸ਼ਿਮਲਾ ਦੇ ਕੋਰ ਖੇਤਰ ਵਿਚ ਵੱਸੇ ਸਮਰਹਿਲ ਅਤੇ ਕ੍ਰਿਸ਼ਨਾ ਨਗਰ ਵਿਚ ਪਹਾੜ ਖਿਸਕਣ ਨਾਲ ਭਾਰੀ ਤਬਾਹੀ ਹੋਈ ਸੀ। ਦਿ ਜੀਓਲੌਜ਼ੀਕਲ ਸਰਵੇ ਆਫ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਹਿਮਾਚਲ ਪ੍ਰਦੇਸ਼ ਵਿਚ 17,120 ਥਾਵਾਂ ਅਜਿਹੀਆਂ ਹਨ ਜਿੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆਂ ਹਨ ਅਤੇ ਇਨ੍ਹਾਂ ਵਿਚ 1357 ਥਾਵਾਂ ਸ਼ਿਮਲਾ ਵਿਚੋਂ ਹੀ ਹਨ।

ਨੈਸ਼ਨਲ ਗਰੀਨ ਟ੍ਰਿਬਿਊਨਲ ਅਨੁਸਾਰ ਇਮਾਰਤਾਂ ਦੀ ਉਸਾਰੀ ਪਹਾੜੀ ਖੇਤਰਾਂ ਵਿਚ 45 ਡਿਗਰੀ ਤੋਂ ਜ਼ਿਆਦਾ ਢਲਾਨ ਉੱਤੇ ਨਹੀਂ ਹੋਣੀ ਚਾਹੀਦੀ ਪਰ ਮੌਜੂਦਾ ਸਮੇਂ ਵਿਚ ਸ਼ਿਮਲਾ ਦੇ ਕੁਝ ਖੇਤਰਾਂ ਵਿਚ ਇਮਾਰਤਾਂ 70 ਤੋਂ 75 ਡਿਗਰੀ ਢਲਾਨ ਉੱਤੇ ਵੀ ਬਣੀਆਂ ਹਨ। 2011 ਵਿਚ ਸ਼ਿਮਲਾ ਦੀ ਆਬਾਦੀ 1,69,578 ਸੀ ਜਿਸ ਦਾ 2023 ਵਿਚ 2,32,000 ਹੋਣ ਦਾ ਅਨੁਮਾਨ ਹੈ। ਸ਼ਿਮਲਾ ਡਿਵੈਲਪਮੈਂਟ ਪਲਾਨ ਵਿਜ਼ਨ-2041 ਅਨੁਸਾਰ 2041 ਤੱਕ ਇਸ ਦਾ 6.52 ਲੱਖ ਹੋ ਜਾਣ ਦਾ ਅਨੁਮਾਨ ਹੈ। ਇਸ ਲਈ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਮਲਾ ਦੇ ਆਉਣ ਵਾਲੇ ਸਮੇਂ ਵਿਚ ਆਬਾਦੀ ਵਿਚ ਹੋਣ ਵਾਲੇ ਵਾਧੇ ਨੂੰ ਦੇਖਦੇ ਹੋਏ ਅਤੇ ਉਸ ਦੀਆਂ ਲੋੜਾਂ ਨੂੰ ਪੂਰਾ ਕਰਨ ਨੂੰ ਧਿਆਨ ਵਿਚ ਰੱਖ ਕੇ ਇਹ ਵਿਕਾਸ ਯੋਜਨਾ ਤਿਆਰ ਕੀਤੀ ਹੈ। ਸ਼ਿਮਲਾ ਸ਼ਹਿਰ 1864 ਵਿਚ ਬ੍ਰਿਟਿਸ਼ ਰਾਜ ਵੇਲੇ ਅੰਗਰੇਜ਼ਾਂ ਨੇ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਦੇ ਤੌਰ ਉੱਤੇ ਵਸਾਇਆ ਸੀ। ਇਹ ਸ਼ਹਿਰ ਸਿਰਫ਼ 16,000 ਲੋਕਾਂ ਦੀਆਂ ਲੋੜਾਂ ਹੀ ਪੂਰੀਆਂ ਕਰ ਸਕਦਾ ਸੀ, ਪਰ ਹੁਣ ਇਸ ਦੀ ਆਬਾਦੀ ਉਸ ਤੋਂ 14.5 ਗੁਣਾ ਵਧ ਚੁੱਕੀ ਹੈ।

ਹਿਮਾਚਲ ਪ੍ਰਦੇਸ਼ ਸਰਕਾਰ ਦਾ ਵਿਚਾਰ ਕਰਨਾ ਬਣਦਾ ਹੈ ਕਿ ਸ਼ਿਮਲਾ ਦੇ ਕੁਦਰਤੀ ਸਾਧਨ ਅਤੇ ਇੱਥੋਂ ਦੇ ਪਹਾੜ ਆਉਣ ਵਾਲੇ ਸਮੇਂ ਵਿਚ ਇੰਨੀ ਜ਼ਿਆਦਾ ਆਬਾਦੀ ਦਾ ਭਾਰ ਢੋ ਸਕਣਗੇ। 2023 ਵਿਚ ਭਾਰੀ ਮੀਂਹ ਅਤੇ ਜ਼ਮੀਨ ਖਿਸਕਣ ਨਾਲ ਹੋਈ ਬਰਬਾਦੀ ਨੇ ਇਹ ਪ੍ਰਤੱਖ ਰੂਪ ਵਿਚ ਦਿਖਾ ਦਿੱਤਾ ਹੈ ਕਿ ਸ਼ਿਮਲਾ ਹੋਰ ਜ਼ਿਆਦਾ ਆਬਾਦੀ ਦਾ ਭਾਰ ਨਹੀਂ ਸਹਿ ਸਕਦਾ। ਜੇਕਰ ਜ਼ਿਆਦਾ ਮੀਂਹ ਪੈਣ ਨਾਲ ਇੰਨੀ ਜ਼ਿਆਦਾ ਬਰਬਾਦੀ ਹੋ ਸਕਦੀ ਹੈ ਤਾਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਇਹ ਗੱਲ ਵੀ ਧਿਆਨ ਵਿਚ ਰੱਖਣੀ ਬਣਦੀ ਹੈ ਕਿ ਸ਼ਿਮਲਾ ਭੂਚਾਲ-ਸੰਵੇਦਨਸ਼ੀਲ ਖੇਤਰ ਵਿਚ ਪੈਂਦਾ ਹੈ, ਭੂਚਾਲ ਆਉਣ ਦੀ ਸੂਰਤ ਵਿਚ ਸ਼ਿਮਲਾ ਦਾ ਕੀ ਬਣੇਗਾ।

ਹਿਮਾਚਲ ਪ੍ਰਦੇਸ਼ ਸਰਕਾਰ ਸ਼ਿਮਲਾ ਸ਼ਹਿਰ ਦਾ ਵਿਕਾਸ ਵਧੇਰੇ ਕਰ ਕੇ ਸੈਲਾਨੀਆਂ ਨੂੰ ਖਿੱਚਣ ਲਈ ਕਰ ਰਹੀ ਹੈ। ਸੈਲਾਨੀ ਸ਼ਿਮਲਾ ਦੀ ਕੁਦਰਤੀ ਸੁੰਦਰਤਾ ਅਤੇ ਇੱਥੋਂ ਦੇ ਠੰਢੇ ਮੌਸਮ ਕਰ ਕੇ ਆਉਂਦੇ ਹਨ। ਜੇਕਰ ਇੱਥੋਂ ਦੇ ਉੱਚੇ ਉੱਚੇ ਦਰੱਖਤਾਂ ਨੂੰ ਕੱਟ ਕੇ ਕੰਕਰੀਟ ਦੇ ਜੰਗਲ ਵਿਚ ਬਦਲ ਦਿੱਤਾ ਗਿਆ ਅਤੇ ਇੱਥੋਂ ਦਾ ਤਾਪਮਾਨ ਜਿਹੜਾ ਪਹਿਲਾਂ ਹੀ ਤੇਜ਼ੀ ਨਾਲ ਵਧ ਰਿਹਾ ਹੈ ਸਰਕਾਰ ਦੀ ਕਾਰਗੁਜ਼ਾਰੀ ਕਾਰਨ ਹੋਰ ਵਧ ਗਿਆ ਤਾਂ ਸੈਲਾਨੀ ਸ਼ਿਮਲਾ ਕੀ ਕਰਨ ਆਉਣਗੇ? ਜੇਕਰ ਹਿਮਾਚਲ ਪ੍ਰਦੇਸ਼ ਸਰਕਾਰ ਨੇ ਸ਼ਿਮਲਾ ਦਾ ਅਸਲ ਵਿਚ ਵਿਕਾਸ ਕਰਨਾ ਹੈ ਤਾਂ ਇੱਥੇ ਹੋਰ ਉਸਾਰੀਆਂ, ਕਾਊਂਟਰ ਮੈਗਨੇਟ ਅਤੇ ਸੈਟੇਲਾਈਟ ਸ਼ਹਿਰ ਵਸਾਉਣ ਦੀ ਥਾਂ ਇੱਥੋਂ ਦੇ ਰਵਾਇਤੀ ਪਿੰਡਾਂ ਨੂੰ ਸਹੂਲਤਾਂ ਮੁਹੱਈਆ ਕਰਵਾਏ ਅਤੇ ਉਨ੍ਹਾਂ ਨੂੰ ਸੋਹਣਾ ਅਤੇ ਸਾਫ਼ ਰੱਖਣ ਵਿਚ ਮਦਦ ਕਰੇ। ਹਰੀਆਂ ਪੱਟੀਆਂ ਨੂੰ ਕੰਕਰੀਟ ਦੇ ਜੰਗਲ ਬਣਾਉਣ ਦੀ ਥਾਂ 'ਤੇ ਉਨ੍ਹਾਂ ਨੂੰ ਪਗਡੰਡੀਆਂ ਰਾਹੀਂ ਰਿੱਜ, ਮਾਲ ਰੋਡ ਆਦਿ ਥਾਵਾਂ ਨਾਲ ਜੋੜੇ, ਮਾਲ-ਰੋਡ ਅਤੇ ਰਿੱਜ ਤੋਂ ਥੱਲੇ ਜਾਂਦੇ ਰਾਹ ਅਤੇ ਪਗਡੰਡੀਆਂ ਨੂੰ ਤੁਰਨ ਯੋਗ ਬਣਾਵੇ, ਸ਼ਿਮਲਾ ਦੀ ਆਬਾਦੀ ਵਧਾਉਣ ਦੀ ਥਾਂ ਉੱਤੇ ਸ਼ਿਮਲਾ ਦਾ ਵਿਕਾਸ ਯੋਜਨਾਬੰਦ ਤਰੀਕੇ ਨਾਲ ਭੂ-ਵਿਗਿਆਨੀਆਂ ਅਤੇ ਵਾਤਾਵਰਨ ਮਾਹਿਰਾਂ ਦੀ ਰਾਇ ਅਨੁਸਾਰ ਕਰੇ। ਪਹਾੜੀ ਖੇਤਰਾਂ ਦਾ ਵਿਕਾਸ ਪਹਾੜਾਂ ਦੀ ਭੂਗੋਲਿਕ ਸਥਿਤੀ, ਇੱਥੋਂ ਦੇ ਧਰਾਤਲ ਅਤੇ ਜ਼ਮੀਨੀ ਹਾਲਾਤ ਅਨੁਸਾਰ ਹੋਣਾ ਚਾਹੀਦਾ ਹੈ। ਸ਼ਿਮਲਾ ਸ਼ਹਿਰ ਦੇ ਵਿਕਾਸ ਦੀ ਯੋਜਨਾ ਵੀ ਮੈਦਾਨੀ ਖੇਤਰਾਂ ਵਿਚ ਹੋ ਰਹੇ ਸ਼ਹਿਰੀ ਵਿਕਾਸ ਦੀ ਤਰਜ਼ ਉੱਤੇ ਬਣਾਈ ਗਈ ਹੈ ਜੋ ਪਹਾੜੀ ਖੇਤਰਾਂ ਲਈ ਨੁਕਸਾਨਦੇਹ ਹੋ ਸਕਦੀ ਹੈ। ਹਿਮਾਚਲ ਪ੍ਰਦੇਸ਼ ਨੂੰ ਤਾਂ ਵਿਕਾਸ ਉੱਥੋਂ ਦੇ ਬਣਾਏ ਨਾਅਰੇ 'ਹਰ ਘਰ ਕੁਛ ਕਹਿਤਾ ਹੈ' ਦੀ ਤਰਜ ਉੱਤੇ ਹੀ ਕਰਨਾ ਚਾਹੀਦਾ ਹੈ।

---

# ਕਿਸ਼ਤਾਂ ਵਾਲਾ ਸਾਈਕਲ

ਸਾਡਾ ਜੱਦੀ ਪਿੰਡ ਗੰਢੂਆਂ ਹੈ ਪਰ ਮੇਰਾ ਜਨਮ ਲਹਿਰੇਗਾਗੇ ਦਾ ਹੈ। ਦਾਦਾ ਜੀ ਇਲਾਕੇ ਦੇ ਮੰਨੇ-ਪ੍ਰਮੰਨੇ ਵੈਦ ਸਨ ਅਤੇ ਉਨ੍ਹਾਂ ਪੈਸੇ ਕਮਾਉਣ ਦੀ ਥਾਂ ਲੋਕਾਂ ਦੀ ਸਿਹਤ ਤੇ ਸੇਵਾ ਨੂੰ ਮੁੱਖ ਰੱਖਿਆ। ਪਿਤਾ ਜੀ ਆਰ.ਐੱਮ.ਪੀ. ਸਨ ਅਤੇ ਉਹ ਅੰਗਰੇਜ਼ੀ ਦਵਾਈਆਂ ਦਾ ਕੰਮ ਕਰਦੇ ਸਨ। ਉਨ੍ਹਾਂ

**ਰਮੇਸ਼ ਭਾਰਦਵਾਜ**
**ਫੋਨ: +91-94170-90220**

ਵੀ ਪੂਰੀ ਜ਼ਿੰਦਗੀ ਪੈਸੇ ਕਮਾਉਣ ਦੀ ਥਾਂ ਮੇਰੇ ਦਾਦਾ ਜੀ ਦੇ ਨਕਸ਼ੇ-ਕਦਮ ਹੀ ਅਪਣਾਏ।

ਮੇਰੇ ਜਨਮ ਤੋਂ ਪਹਿਲਾਂ ਹੀ ਮੇਰੇ ਪਿਤਾ ਜੀ ਲਹਿਰਾਗਾਗਾ ਰਹੇ। ਉਨ੍ਹਾਂ 1952-53 ਵਿਚ ਮੰਦਰ ਵਾਲੀ ਦੁਕਾਨ ਕਿਰਾਏ 'ਤੇ ਲਈ ਅਤੇ ਦਵਾਈਆਂ ਦਾ ਸਾਧਾਰਨ ਕੰਮ ਚਲਾਇਆ। ਉਸ ਸਮੇਂ ਸਾਈਕਲ ਆਮ ਨਹੀਂ ਸੀ ਜਾਂ ਕਹੀਏ, ਆਮ ਲੋਕਾਂ ਦੀ ਪਹੁੰਚ ਵਿਚ ਨਹੀਂ ਸਨ। ਪਿਤਾ ਜੀ ਦੀ ਕਬੀਲਦਾਰੀ ਵੀ ਵੱਡੀ ਸੀ। ਉਨ੍ਹਾਂ ਦੀਆਂ ਆਪਣੀਆਂ ਚਾਰ ਭੈਣਾਂ ਅਤੇ ਅਸੀਂ ਛੇ ਭੈਣ ਭਰਾ ਸਾਂ। ਬੱਸ ਘਰ ਦਾ ਗੁਜ਼ਾਰਾ ਹੀ ਚਲਦਾ ਸੀ। ਪਰਿਵਾਰ ਬੇਜ਼ਮੀਨਾ ਸੀ। ਸਭ ਦੇ ਮਨ ਦੀ ਇੱਛਾ ਪੂਰੀ ਕਰਨਾ ਪਿਤਾ ਜੀ ਦੇ ਵਸ ਵਿਚ ਨਹੀਂ ਸੀ। ਪੜ੍ਹਨ ਸਮੇਂ 20-30 ਪੈਸੇ ਜੇਬ ਖਰਚ ਲਈ ਜ਼ਰੂਰ ਮਿਲਦੇ ਸਨ। ਉਦੋਂ ਮਨ ਅੰਦਰ ਸਾਈਕਲ ਲੈਣ ਦੀ ਬਹੁਤ ਇੱਛਾ ਸੀ, ਬੇਸ਼ੱਕ ਉਨ੍ਹਾਂ ਦਿਨੀਂ ਸਾਈਕਲ ਘੰਟਿਆਂ ਦੇ ਹਿਸਾਬ ਕਿਰਾਏ 'ਤੇ ਮਿਲ ਜਾਂਦੇ ਸੀ ਸਿੱਖਣ ਜਾਂ ਚਲਾਉਣ ਲਈ ਪਰ ਆਪਣੀ ਚੀਜ਼ ਦਾ ਨਜ਼ਾਰਾ ਹੀ ਕੁਝ ਹੋਰ ਹੁੰਦਾ। ਪਿਤਾ ਜੀ ਦੀ ਦੁਕਾਨ ਦੇ ਨਾਲ ਹੀ ਬਚਨਾ ਰਾਮ ਗੁਰਨੇ ਵਾਲਿਆਂ ਦੀ ਸਾਈਕਲਾਂ ਦੀ ਦੁਕਾਨ ਸੀ। ਮੈਂ ਜਦੋਂ ਵੀ ਪਿਤਾ ਜੀ ਦੀ ਦੁਕਾਨ 'ਤੇ ਜਾਂਦਾ, ਬਚਨਾ ਰਾਮ ਦੀ ਦੁਕਾਨ 'ਤੇ ਨਵੇਂ ਸਾਈਕਲ ਦੇਖ ਕੇ ਸਾਈਕਲ ਲੈਣ ਦੀ ਇੱਛਾ ਹੋਰ ਪ੍ਰਬਲ ਹੋ ਜਾਂਦੀ। ਪਿਤਾ ਜੀ ਵੀ ਮੇਰੀ ਇਸ ਤਾਂਘ ਨੂੰ ਤਾੜ ਗਏ।

ਉਨ੍ਹਾਂ ਵੇਲਿਆਂ ਵਿਚ ਕਿਸ਼ਤਾਂ 'ਤੇ ਚੀਜ਼ਾਂ-ਚਸਤਾਂ ਦੇਣ ਦਾ ਰਿਵਾਜ਼ ਨਹੀਂ ਸੀ ਪਰ ਗੁਆਂਢੀ ਹੋਣ ਕਰ ਕੇ ਲਿਹਾਜ਼ਦਾਰੀ ਤੇ ਕੁਝ ਮੇਰੀ ਬੇਨਤੀ ਕਰ ਕੇ ਬਚਨਾ ਰਾਮ ਜੀ ਸਹਿਮਤ ਹੋ ਗਏ ਕਿ ਦਸ ਰੁਪਏ ਹਰ ਰੋਜ਼ ਦੇ ਦਿਆ ਕਰਾਂ। ਸਾਈਕਲ ਦੀ ਕੀਮਤ ਲਗਭਗ 300 ਰੁਪਏ ਸੀ। ਮੈਂ ਪਿਤਾ ਜੀ ਨੂੰ ਹਰ ਰੋਜ਼ ਮੈਨੂੰ ਦਸ ਰੁਪਏ ਦੇਣ ਲਈ ਮਨਾ ਲਿਆ। ਹੁਣ ਮੇਰੇ ਕੋਲ ਨਵਾਂ ਨਕੋਰ ਆਪਣਾ ਸਾਈਕਲ ਸੀ। ਮੇਰੇ ਕੋਲੋਂ ਚਾਅ ਨਹੀਂ ਸੀ ਚੁੱਕਿਆ ਜਾ ਰਿਹਾ। ਸਾਈਕਲ ਆਉਣ 'ਤੇ ਮੇਰੇ ਕੰਮ ਵੀ ਵਧ ਗਏ। ਹਰ ਦਿਨ ਦਾਦਾ ਜੀ ਦਾ ਲੋੜੀਂਦਾ ਸਮਾਨ ਦੇਣ ਲਈ 9-10 ਕਿਲੋਮੀਟਰ ਜੱਦੀ ਪਿੰਡ ਗੰਢੂਆਂ ਜਾਣਾ ਪੈਂਦਾ। ਮੱਝਾਂ ਲਈ ਹਰਾ ਚਾਰਾ, ਫੀਡ, ਖਲ ਲਿਆਉਣ ਲਈ ਸਾਈਕਲ 'ਤੇ ਜਾਣਾ ਪੈਂਦਾ। ਦਾਣਾ ਤੇ ਕੇਰਾ-ਛੋਲੇ, ਵੜੇਵੇਂ ਤੇ ਆਟਾ ਪਿਸਵਾਉਣ ਵਾਸਤੇ ਚੱਕੀ 'ਤੇ ਕਣਕ ਰੱਖ ਕੇ ਆਉਣੀ, ਫਿਰ ਆਟਾ ਦਾਣਾ ਪਿਸਾ ਕੇ ਲੈ ਕੇ ਆਉਣਾ ਪੈਂਦਾ। ਪਿੰਡੋਂ ਕਦੇ ਪਾਥੀਆਂ, ਕਦੇ ਸਾਗ ਸਬਜ਼ੀ, ਕਦੇ ਦੁੱਧ ਲੱਸੀ ਲਿਆਉਣੇ।

ਸੂਏ ਦੀ ਪਟੜੀ ਕੱਚੀ ਹੁੰਦੀ ਸੀ। ਇਕ ਵਾਰ ਲਹਿਰਾਗਾਗਾ ਤੋਂ ਗੰਢੂਆਂ ਬਰਾਸਤਾ ਸੰਗਤਪੁਰਾ ਪੰਜ ਕਿਲੋ ਵਾਲਾ ਡੋਲੂ ਲੱਸੀ ਦਾ ਭਰਿਆ ਪਿੰਡੋਂ ਲੈ ਕੇ ਆ ਰਿਹਾ ਸੀ ਕਿ ਸਾਈਕਲ ਪੈਂਚਰ (ਪੰਕਚਰ) ਹੋ ਗਿਆ। ਪੈਂਚਰ ਸਾਈਕਲ ਰੇੜ੍ਹ ਕੇ ਹੱਥ ਵਿਚ ਲੱਸੀ ਵਾਲਾ ਡੋਲੂ ਫੜ ਕੇ ਲਹਿਰਾਗਾਗੇ ਤੁਰਦਾ ਆਇਆ। ਲਹਿਰਾਗਾਗੇ ਤਾਂ ਪਹੁੰਚ ਗਿਆ ਪਰ ਲੱਸੀ ਸਾਰੀ ਪੀ ਗਏ ਰਸਤੇ ਵਿਚ।

ਸਾਈਕਲ ਦੀਆਂ ਕਿਸ਼ਤਾਂ ਨੇ ਅਜਿਹੀ ਆਦਤ ਪਾਈ ਕਿ ਇੱਕ ਵਾਰ ਊਸ਼ਾ ਦਾ ਟੇਬਲ ਫੈਨ ਵੀ ਕਿਸ਼ਤਾਂ 'ਤੇ ਲੈ ਲਿਆ। ਉਦੋਂ ਬਿਜਲੀ ਬੇਸ਼ੱਕ ਬਹੁਤੇ ਘਰਾਂ ਵਿਚ ਆ ਗਈ ਸੀ ਪਰ ਬਿਜਲੀ ਨਾਲ ਚੱਲਣ ਵਾਲਾ ਪੱਖਾ ਅਜੇ ਹਰ ਘਰ ਵਿਚ ਨਹੀਂ ਸੀ ਪਹੁੰਚਿਆ। ਸਾਡੇ ਘਰ ਵੀ ਇਹ ਪਹਿਲਾ ਪੱਖਾ ਸੀ। ਅਸੀਂ ਸਾਰਾ ਟੱਬਰ ਗਲੀ 'ਚ ਮੰਜੇ ਡਾਹ ਕੇ ਇੱਕ ਸਿਰੇ 'ਤੇ ਪੱਖਾ ਲਗਾ ਕੇ ਸੌਂਦੇ। ਸਾਨੂੰ ਅਕਸਰ ਸੁਣਨ ਨੂੰ ਮਿਲਦਾ ਕਿ ਤੁਸੀਂ ਤਾਂ ਭਾਈ ਮੌਜਾਂ ਕਰਦੇ ਹੋ।

ਕਿਸ਼ਤਾਂ ਦਾ ਅਜਿਹਾ ਭੁਸ ਪਿਆ ਕਿ ਕਈ ਚੀਜ਼ਾਂ ਕਿਸ਼ਤਾਂ 'ਤੇ ਹੀ ਖਰੀਦੀਆਂ। ਇਸ ਪਿੱਛੇ ਕੁਝ ਰੋਲ ਘਰ ਦੀ ਆਰਥਿਕ ਤੰਗੀ ਦਾ ਵੀ ਸੀ। ਨਗਦ ਪੈਸਿਆਂ ਦੀ ਚੀਜ਼ ਖਰੀਦਣ ਦੀ ਪਹੁੰਚ ਨਹੀਂ ਸੀ ਹੁੰਦੀ। ਬਲੈਕ ਐਂਡ ਵ੍ਹਾਈਟ ਟੀਵੀ ਵੀ ਕਿਸ਼ਤਾਂ 'ਤੇ ਹੀ ਖਰੀਦਿਆ। ਫਿਰ ਫਰਿਜ ਵੀ ਕਿਸ਼ਤਾਂ 'ਤੇ ਆ ਗਿਆ। ਹੌਲੀ ਹੌਲੀ ਜਿਵੇਂ ਜਿਵੇਂ ਘਰ ਦੀ ਹਾਲਤ ਸੁਖਾਵੀਂ ਹੋਣ ਲੱਗੀ, ਸੁੱਖ ਸਹੂਲਤਾਂ ਦੇ ਸਾਧਨ ਵੀ ਵਧਣ ਲੱਗੇ। ਫਿਰ ਸਕੂਟਰ, ਮੋਟਰਸਾਈਕਲ, ਕਾਰ, ਐੱਲਈਡੀ, ਕੂਲਰ ਆਦਿ ਸੁੱਖ ਸਹੂਲਤਾਂ ਦੇ ਸਾਧਨ ਆਉਣ ਲੱਗੇ। ਸਮਾਂ ਬਦਲਣ ਨਾਲ ਘਰ ਦੀ ਬਣਤਰ ਵੀ ਬਦਲ ਗਈ। ਇੱਟਾਂ ਵਾਲੇ ਫਰਸ਼ ਦੀ ਜਗ੍ਹਾ ਚਿਪਸ ਵਾਲੇ ਫਰਸ਼ ਨੇ ਲੈ ਲਈ। ਪੱਛਮੀ ਸਟਾਈਲ ਦੀਆਂ ਫਲੱਸ਼ਾਂ ਲੱਗ ਗਈਆਂ। ਦੁੱਖ ਦੀ ਗੱਲ ਇਹ ਸੀ ਕਿ ਘਰ ਪਸ਼ੂ ਰੱਖਣ ਤੋਂ ਹਟ ਗਏ। ਘਰ ਵਿਚ ਪਸ਼ੂਆਂ ਦਾ ਕੰਮ ਮੁੱਕ ਗਿਆ ਸੀ। ਦੁੱਧ ਵੀ ਮੁੱਲ ਲੈਣਾ ਪਿਆ। ਫਿਰ ਅਗਾਂਹ ਦੁਕਾਨਦਾਰੀਆਂ ਵਿਚ ਪੈ ਗਏ। ਹੌਲੀ ਹੌਲੀ ਘਰ ਸੁੱਖ ਸਹੂਲਤਾਂ ਨਾਲ ਭਰ ਗਿਆ।

ਮੈਨੂੰ ਭਾਵੇਂ ਕੋਈ ਖਾਨਦਾਨੀ ਜਾਇਦਾਦ ਤਾਂ ਨਹੀਂ ਸੀ ਮਿਲੀ ਪਰ ਗੱਡੀ ਚੰਗੀ ਰੁੜ੍ਹ ਪਈ ਸੀ। ਸਮਾਂ ਬੀਤਿਆ ਤਾਂ ਨਾਲ ਹੀ ਆ ਗਈਆਂ ਸਿਹਤ ਸਮੱਸਿਆਵਾਂ। ਪਹਿਲਾਂ ਦਿਲ ਦੇ ਰੋਗ ਦਾ ਹੱਲਾ ਹੋਇਆ, ਬਾਈਪਾਸ ਸਰਜਰੀ ਹੋਈ। ਸ਼ੂਗਰ ਕਾਰਨ ਅੱਖਾਂ ਦੀ ਰੈਟਿਨੋਪੈਥੀ ਹੋ ਗਈ। ਪੱਥਰ ਦੇ ਫਰਸ਼ ਤੋਂ ਤਿਲਕ ਕੇ ਰੀੜ੍ਹ ਦੀ ਹੱਡੀ ਦਾ ਮਣਕਾ ਹਿੱਲ ਗਿਆ। ਸਹਾਰਾ ਲੈ ਕੇ ਚੱਲਣਾ ਪੈਂਦਾ। ਹੁਣ ਸਾਈਕਲ ਵਾਲਾ ਉਹ ਜ਼ਮਾਨਾ ਯਾਦ ਆਉਂਦਾ ਹੈ- ਕਾਸ਼! ਹੁਣ ਵੀ ਸਿਹਤ ਸਾਈਕਲ ਚਲਾਉਣ ਦੀ ਇਜਾਜ਼ਤ ਦਿੰਦੀ!! ਕਈ ਵਾਰ ਮਨ ਕਹਿੰਦਾ ਹੈ ਕਿ ਉਹ ਵੇਲਾ ਚੰਗਾ ਸੀ, ਕਿਸ਼ਤਾਂ ਦੇ ਭੁਸ ਨੇ ਸੁੱਖ ਸਹੂਲਤਾਂ ਦੇ ਸਾਧਨ ਤਾਂ ਬਥੇਰੇ ਮੁਹੱਈਆ ਕਰਵਾ ਦਿੱਤੇ ਪਰ ਇਨ੍ਹਾਂ ਸੁੱਖ ਸਹੂਲਤਾਂ ਨੇ ਸਿਹਤ ਸਮੱਸਿਆਵਾਂ ਵੀ ਪੈਦਾ ਕਰ ਦਿੱਤੀਆਂ। ਪਿੱਛੇ ਜਿਹੇ ਕਿਸ਼ਤਾਂ ਦੇ ਇਸ ਭੂਤ ਨੇ ਅਜਿਹਾ ਸਬਕ ਸਿਖਾਇਆ ਕਿ ਕਾਫੀ ਆਰਥਿਕ ਮਾਰ ਝੱਲਣੀ ਪਈ। ਇਸ ਤੋਂ ਬਾਅਦ ਤਾਂ ਫਿਰ ਕਿਸ਼ਤਾਂ ਵਾਲੇ ਕੰਮ ਤੋਂ ਤੌਬਾ ਕਰ ਲਈ। ਇਸ ਆਦਤ ਨੇ ਘਰ ਵਿਚ ਬੇਲੋੜਾ ਸਮਾਨ ਵੀ ਜਮਾਂ ਕਰ ਦਿੱਤਾ ਸੀ। ਆਖ਼ਿਰ, ਕੰਨਾਂ ਨੂੰ ਹੱਥ ਲਾਏ ਕਿ ਕਰਜ਼ਾ ਲੈ ਕੇ ਚੀਜ਼ ਨਹੀਂ ਖਰੀਦਣੀ। ਬਿਹਤਰ ਹੈ, ਕੁਝ ਚੀਜ਼ਾਂ ਤੋਂ ਬਗੈਰ ਹੀ ਸਾਰ ਲਿਆ ਜਾਵੇ ਅਤੇ ਸਹੀ ਸਮੇਂ ਤੇ ਸਥਿਤੀ ਦੀ ਉਡੀਕ ਕਰ ਲਈ ਜਾਵੇ।

# 'ਪੋਸਟ-ਟਰੁੱਥ' ਅਤੇ ਸੱਚ ਦੁਆਲੇ ਬੁਣੇ ਮਸਨੂਈ ਘੇਰੇ

ਸੱਚ ਸੱਭਿਅਤਾ ਦਾ ਰਿਸਦਾ ਜ਼ਖਮ ਹੈ। ਸੱਚ ਲਈ ਸ਼ਹੀਦ ਹੋਣ ਸਮੇਂ ਜਦੋਂ ਸੁਕਰਾਤ ਨੂੰ ਮੁਆਫੀ ਮੰਗ ਕੇ ਜਾਨ ਬਚਾਉਣ ਦਾ ਬਦਲ ਦਿੱਤਾ ਗਿਆ ਤਾਂ ਉਸ ਨੇ ਇਸ ਨੂੰ ਠੋਕਰ ਮਾਰਦਿਆਂ ਕਿਹਾ- ਜੇ ਅੱਜ ਮੈਂ ਸੱਚ ਲਈ ਮਰ ਗਿਆ ਤਾਂ ਕਦੇ ਨਹੀਂ ਮਰਨਾ। ਉਸ ਦਾ ਸੱਚ ਲਈ ਦਿੱਤਾ ਬਲਿਦਾਨ ਸੱਚ ਦਾ ਬਿਰਤਾਂਤ ਸਿਰਜਣ ਵਾਲਿਆਂ ਅਤੇ ਉਸ ਨੂੰ ਜਿਊਣ ਵਾਲਿਆਂ ਲਈ ਸਦੀਆਂ ਤੋਂ ਰਾਹ-ਦਸੇਰਾ ਬਣਿਆ ਹੋਇਆ ਹੈ। ਮਨੁੱਖੀ ਸੱਭਿਅਤਾ ਦਾ ਮੌਜੂਦਾ ਦੌਰ 'ਪੋਸਟ-ਟਰੁੱਥ' ਸਿਆਸਤ ਅਤੇ 'ਪੋਸਟ-ਆਈਡਿਓਲੌਜੀ' ਸਮਾਜਾਂ ਦਾ ਦੌਰ ਮੰਨਿਆ ਜਾ ਰਿਹਾ ਹੈ ਜਿਸ ਵਿਚ ਬਿਰਤਾਂਤਕ ਅਤੇ ਹਕੀਕੀ ਤੌਰ 'ਤੇ ਤੱਥਾਂ, ਸਬੂਤਾਂ ਅਤੇ ਘਟਨਾ

**ਡਾ. ਕੁਲਦੀਪ ਕੌਰ**
**ਫੋਨ: +91-98554-04330**

ਦੀ ਅਸਲ ਬੁਣਤੀ ਨੂੰ ਸਮਝਣ ਤੇ ਮੰਨਣ ਦੀ ਥਾਂ ਇਸ ਦੇ ਇਰਦ-ਗਿਰਦ ਬੁਣੀਆਂ ਭਾਵਨਾਵਾਂ, ਕਹਾਣੀਆਂ, ਮਿੱਥਾਂ, ਭਰਮਾਂ, ਅਫਵਾਹਾਂ, ਫੇਕ ਨਿਊਜ਼, ਸਾਜ਼ਿਸ਼ੀ ਘੁਣਤਰਾਂ ਅਤੇ 'ਅਲਟਰਨੇਟਿਵ ਫੈਕਟਸ' (ਤੱਥਾਂ ਦੇ ਬਰਾਬਰ ਤੱਥਾਂ ਦਾ ਦਾਅਵਾ ਜੋ ਝੂਠ 'ਤੇ ਖੜ੍ਹੇ ਹੁੰਦੇ) 'ਤੇ ਭਰੋਸਾ ਕੀਤਾ ਜਾ ਰਿਹਾ ਹੈ। ਇਸ ਵਰਤਾਰੇ ਦੀਆਂ ਬਹੁਤ ਸਾਰੀਆਂ ਪਰਤਾਂ ਹਨ; ਅਤਿ-ਆਧੁਨਿਕ ਕੰਪਿਊਟਰ ਆਧਾਰਿਤ ਤਕਨੀਕਾਂ ਅਤੇ ਸੋਸ਼ਲ ਮੀਡੀਆ ਦੀ ਆਮਦ ਨੇ ਇਸ ਨੂੰ ਕਈ ਗੁਣਾ ਜ਼ਰਬ ਦਿੱਤੀ ਹੈ।

ਪੋਸਟ-ਟਰੁੱਥ ਸਿਆਸਤ ਦੇ ਹੱਕ ਵਿਚ ਬਹੁਤ ਸਾਰੀਆਂ ਦਲੀਲਾਂ ਅਤੇ ਤਰਕ ਹਨ। ਜਿਉਂ ਜਿਉਂ ਇਸ ਸਿਆਸਤ ਦਾ ਚਿਹਰਾ-ਮੋਹਰਾ ਉਘੜ ਰਿਹਾ ਹੈ, ਤਿਉਂ ਤਿਉਂ ਇਸ ਦਾ ਸਿੱਧਾ ਟਕਰਾਉ ਸਮਾਜਿਕ ਜਮਹੂਰੀਅਤ (ਸੋਸ਼ਲ ਡੈਮੋਚਰੇਸੀ), ਧਰਮ ਨਿਰਪੱਖਤਾ, ਆਰਥਿਕ ਖੁਦਮੁਖ਼ਤਾਰੀ ਅਤੇ ਇਲਾਕਾਈ ਤੇ ਵੱਖਰੀਆਂ ਪਛਾਣਾਂ ਵਾਲੇ ਸਮੂਹਾਂ ਨਾਲ ਤਿਖੇਰਾ ਹੋ ਰਿਹਾ ਹੈ। ਨਿੱਜੀਕਰਨ, ਉਦਾਰੀਕਰਨ ਅਤੇ ਖੁੱਲ੍ਹੀ ਮੰਡੀ ਬਾਰੇ ਸਰਕਾਰ ਪੱਖੀ ਮੀਡੀਆ ਦੁਆਰਾ ਸਿਰਜੇ ਖਿੱਚ ਭਰਪੂਰ ਪਰ ਤੱਥ ਜਾਂ ਸਚਾਈ ਤੋਂ ਵਿਰਵੇਂ ਬਿਰਤਾਂਤਾਂ ਰਾਹੀਂ ਜਿਵੇਂ ਭਾਰਤੀ ਨਾਗਰਿਕਾਂ ਨੂੰ ਖਪਤਕਾਰਾਂ ਵਿਚ ਤਬਦੀਲ ਕੀਤਾ ਗਿਆ ਹੈ, ਉਸ ਨੇ ਭਾਰਤ ਦੀ ਸਰਕਾਰੀ ਜਾਇਦਾਦ, ਕੁਦਰਤੀ ਸਾਧਨਾਂ ਅਤੇ ਨਾਗਰਿਕ ਅਧਿਕਾਰਾਂ ਦੀ ਸਿਆਸਤ ਨੂੰ ਉਲਟੇ ਰੁਖ਼ ਵਗਣ ਲਈ ਮਜਬੂਰ ਕਰ ਦਿੱਤਾ ਹੈ। ਇਸ ਨਾਲ ਪਹਿਲਾਂ ਹੀ ਹਾਸ਼ੀਏ 'ਤੇ ਪੁੱਜੇ ਗਰੀਬਾਂ, ਕਿਸਾਨਾਂ-ਮਜ਼ਦੂਰਾਂ, ਘੱਟ-ਗਿਣਤੀਆਂ ਅਤੇ ਵੱਖਰੀਆਂ ਪਛਾਣਾਂ ਵਾਲੇ ਸਮੂਹਾਂ ਖਿਲਾਫ ਮੋਰਚਾਬੰਦੀ ਹੋ ਚੁੱਕੀ ਹੈ; ਖਾਸ ਤੌਰ 'ਤੇ ਜੇ ਉਹ ਰਿਆਸਤ/ਸਟੇਟ ਦੁਆਰਾ ਜ਼ੋਰ-ਸ਼ੋਰ ਨਾਲ ਪ੍ਰਸਾਰਿਤ ਕੀਤੇ ਜਾ ਰਹੇ ਕਾਰਪੋਰੇਟੀ ਸੱਭਿਆਚਾਰ ਜਾਂ ਬਾਜ਼ਾਰੀ ਵਣਜ ਦਾ ਹਿੱਸਾ ਬਣਨ ਤੋਂ ਇਨਕਾਰੀ ਹਨ।

ਗਲੋਬਲ ਪੱਧਰ 'ਤੇ ਸੱਜੀ ਵਿਚਾਰਧਾਰਕ ਇਜਾਰੇਦਾਰੀ ਅਤੇ ਮੀਡੀਆ/ਪ੍ਰਚਾਰ ਸਾਧਨਾਂ 'ਤੇ ਕੰਟਰੋਲ ਕਾਰਨ ਜਿੱਥੇ ਸੋਚਣ, ਬੋਲਣ, ਲਿਖਣ ਅਤੇ ਵਿਰੋਧ ਕਰਨ ਦੀਆਂ ਜਮਹੂਰੀ ਰਵਾਇਤਾਂ ਨੂੰ ਵੱਡਾ ਖੋਰਾ ਲੱਗਿਆ ਹੈ, ਉੱਥੇ ਫਿਲਮ, ਸਾਹਿਤ, ਕਲਾ, ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਕਾਬਜ਼ ਧਿਰਾਂ ਵੱਲੋਂ ਇਸ ਇਜਾਰੇਦਾਰੀ ਨਾਲ ਨਜਿੱਠਣ ਜਾਂ ਇਸ ਵਿਰੋਧ ਕਰਨ ਦੀ ਥਾਂ ਇਹ ਵੀ ਇਸ ਦੀ ਪੈੜ ਵਿਚ ਪੈੜ ਰੱਖਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਯੂਕਰੇਨ ਤੇ ਰੂਸ ਦੇ ਟਕਰਾਉ ਤੋਂ ਲੈ ਕੇ ਇਜ਼ਰਾਈਲ ਦੁਆਰਾ ਫ਼ਲਸਤੀਨੀਆਂ ਦੇ ਘਾਣ ਤੱਕ, ਗੋਧਰਾ ਕਾਂਡ ਤੋਂ ਲੈ ਕੇ 'ਲਵ ਜਹਾਦ' ਦੀਆਂ ਫਰਜ਼ੀ ਕਹਾਣੀਆਂ ਤੱਕ, ਇਕ ਖਾਸ ਫ਼ਿਰਕੇ ਦੇ ਵੱਡੇ ਹਿੱਸੇ ਬਾਰੇ 'ਅਤਿਵਾਦੀ' ਹੋਣ ਦਾ ਅਕਸ ਸਿਰਜਣ ਤੋਂ ਲੈ ਕੇ ਮਨੁੱਖੀ ਅਧਿਕਾਰ ਕਾਰਕੁਨਾਂ/ਬੁੱਧੀਜੀਵੀਆਂ ਨੂੰ 'ਮੁਲਕ ਦੇ ਦੁਸ਼ਮਣ' ਕਰਾਰ ਦੇਣ ਤੱਕ 'ਸੱਚ ਤੇ ਹਕੀਕਤ' ਦੁਆਲੇ ਬੁਣੇ ਮਾਰੂ ਬਿਰਤਾਂਤਾਂ ਦੀ ਲੜੀ ਇੰਨੀ ਲੰਮੀ ਹੈ ਕਿ ਇਸ ਨੇ ਸਾਡੀਆਂ ਸਿਆਸੀ, ਸਮਾਜਿਕ, ਸੱਭਿਆਚਾਰਕ, ਧਾਰਮਿਕ ਤੇ ਇਤਿਹਾਸਕ ਯਾਦਾਂ, ਸੁਫ਼ਨਿਆਂ ਅਤੇ ਹੋਂਦ ਵਾਲੀਆਂ ਥਾਵਾਂ ਨੂੰ ਵਿਚਾਰਧਾਰਕ ਖੁੰਢੇਪਣ ਅਤੇ ਡਿਸਟੋਪੀਆ ਵਿਚ ਧੱਕ ਦਿੱਤਾ ਹੈ।




ਇਸ ਵਰਤਾਰੇ ਦੀਆਂ ਜੜ੍ਹਾਂ ਡੂੰਘੀਆਂ ਅਤੇ ਜ਼ਹਿਰੀਲੀਆਂ ਹਨ। ਇਸ ਬਾਬਤ ਬਹੁਤ ਸਾਰੀਆਂ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਰਾਹੀਂ 'ਪੋਸਟ-ਟਰੁੱਥ' ਦੀ ਚਾਸ਼ਣੀ ਵਿਚ ਲਪੇਟੇ ਬਿਰਤਾਂਤ ਭਾਵੇਂ ਉਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਾਰਡ ਟਰੰਪ ਦੁਆਰਾ ਸੋਸ਼ਲ ਡੈਮੋਕਰੇਸੀ ਦੀਆਂ ਜੜ੍ਹਾਂ ਕੁਤਰਨਾ ਹੋਵੇ, ਭਾਵੇਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦਾ ਇਹ ਬਿਆਨ ਹੋਵੇ ਕਿ 'ਗਾਜ਼ਾ ਉੱਤੇ ਹਮਲੇ ਤੋਂ ਕੋਈ ਸਾਨੂੰ ਰੋਕ ਨਹੀਂ ਸਕਦਾ', ਭਾਵੇਂ ਫਿਲਮਾਂ ਬਣਾਉਣ ਦੇ ਨਾਮ 'ਤੇ ਵਿਵੇਕ ਅਗਨੀਹੋਤਰੀ ਦੁਆਰਾ ਕਸ਼ਮੀਰ ਤੇ ਕੇਰਲ ਵਿਰੁੱਧ ਨਫਰਤ ਦਾ ਪ੍ਰਚਾਰ ਕਰਨਾ ਹੋਵੇ ਜਾਂ ਕੇਂਦਰ ਵਿਚ ਸੱਤਾਧਾਰੀ ਧਿਰ ਦੁਆਰਾ 'ਭਗਵਾਨ ਰਾਮ' ਦੇ ਨਾਮ ਉੱਪਰ ਮੁਲਕ ਦੇ ਧਾਰਮਿਕ ਧਰੁਵੀਕਰਨ ਦੀ ਸਿਆਸਤ ਹੋਵੇ; ਉਨ੍ਹਾਂ ਨੇ ਕਮਜ਼ੋਰ, ਪੀੜਤ ਤੇ ਸ਼ੋਸ਼ਿਤ ਧਿਰਾਂ ਨੂੰ ਹੀ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ। ਉਨ੍ਹਾਂ ਦੇ ਜੀਣ-ਥੀਣ 'ਤੇ ਹੀ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ। ਉਨ੍ਹਾਂ ਦੀ ਵਿਰੋਧ ਕਰਨ ਦੀ ਸਮਰੱਥਾ ਨੂੰ ਹੀ ਖ਼ਤਮ ਕਰ ਦਿੱਤਾ। ਇਸ ਨਾਲ ਨਾ ਸਿਰਫ ਮੀਡੀਆ, ਸਰਕਾਰ ਦੇ ਪ੍ਰਚਾਰ-ਤੰਤਰ ਦਾ ਸੰਦ ਬਣ ਚੁੱਕਿਆ ਹੈ ਸਗੋਂ ਇਸ ਨੇ ਆਪਣੀ ਭਰੋਸੇਯੋਗਤਾ ਅਤੇ ਆਮ ਜਨਤਾ ਦੀ ਆਵਾਜ਼ ਬਣਨ ਦੇ ਮੂਲ ਸਿਧਾਂਤ ਵੱਲ ਵੀ ਪਿੱਠ ਕਰ ਲਈ ਹੈ। ਇਸ ਸਬੰਧ ਵਿਚ ਲੋਕ ਸਰੋਕਾਰਾਂ ਨੂੰ ਪ੍ਰਨਾਏ ਅਦਾਰੇ ਐੱਨਡੀਟੀਵੀ ਦੀ ਮਿਸਾਲ ਦਿੱਤੀ ਜਾ ਸਕਦੀ ਹੈ ਜੋ ਕੁਝ ਹੀ ਮਹੀਨਿਆਂ ਵਿਚ ਕਾਰਪੋਰੇਟੀ ਦਾਬੇ ਹੇਠ ਆ ਗਿਆ ਹੈ।

2016 'ਚ ਔਕਸਫੋਰਡ ਡਿਕਸ਼ਨਰੀ 'ਚ ਸ਼ਾਮਿਲ ਕੀਤਾ ਸ਼ਬਦ 'ਪੋਸਟ-ਟਰੁੱਥ' ਸਿਧਾਂਤਕ ਤੌਰ 'ਤੇ ਅਜਿਹੀ ਹਾਲਤ ਦਾ ਸੂਚਕ ਹੈ ਜਿਸ ਵਿਚ ਵਿਗਿਆਨਕ ਸੋਚ-ਪੱਧਤੀਆਂ ਅਤੇ ਤੱਥਾਂ/ਤਰਕਾਂ/ਖੋਜਾਂ ਦੀ ਥਾਂ ਭਾਵਨਾਵਾਂ ਤੇ ਬਿਰਤਾਤਾਂ ਦੇ ਦੁਹਰਾਉ, ਹੋਈਆਂ ਘਟਨਾਵਾਂ ਨੂੰ ਰੱਦ ਕਰਨ ਅਤੇ 'ਅਲਟਰਨੇਟਿਵ ਫੈਕਟਸ' ਰਾਹੀਂ ਵਿਚਾਰ ਘੜੇ ਜਾਂਦੇ ਹਨ। ਦਿਲਚਸਪ ਤੱਥ ਇਹ ਹੈ ਕਿ ਸਮੁੱਚੀ ਪ੍ਰਕਿਰਿਆ 'ਅਸੀਂ' ਤੇ 'ਉਹ' ਵਿਚ ਨਿਖੇੜਾ ਕਰਨ ਦੀ ਵਿਧੀਵਤ ਅਤੇ ਪੂਰਵ-ਨਿਰਧਾਰਤ ਸਿਆਸਤ ਦਾ ਹਿੱਸਾ ਹੁੰਦੀ ਹੈ। ਇਸ ਦਾ ਅੰਤਿਮ ਸਿਰਾ ਪਹਿਲਾਂ ਹੀ ਕੁਦਰਤੀ ਸਾਧਨਾਂ, ਸਿਆਸੀ ਦਾਇਰਿਆਂ, ਗਿਆਨ ਦੇ ਸੋਮਿਆਂ ਅਤੇ ਪੂੰਜੀ ਦੇ ਬਾਜ਼ਾਰਾਂ ਤੋਂ ਬਾਹਰ ਧੱਕੇ ਸਮੂਹਾਂ, ਧਰਮਾਂ, ਜਾਤਾਂ, ਲਿੰਗ ਅਤੇ ਸੱਭਿਆਚਾਰਾਂ ਨੂੰ ਖਾਰਜ ਕਰਨ ਅਤੇ ਵਿਕਾਸ ਦੀ ਮੁੱਖ ਧਾਰਾ 'ਚੋਂ ਕੱਢਣ ਨਾਲ ਜੁੜਿਆ ਹੁੰਦਾ।

ਪ੍ਰਸਿੱਧ ਵਿਗਿਆਨ ਮੈਗਜ਼ੀਨ 'ਸਾਇੰਸ ਡਾਇਜੈਸਟ' ਪੋਸਟ-ਟਰੁੱਥ ਦੀ ਅਜਿਹੀ ਸਿਆਸਤ 'ਤੇ ਟਿੱਪਣੀ ਕਰਦਿਆਂ ਲਿਖਦਾ ਹੈ- 'ਪੋਸਟ-ਟਰੁੱਥ' ਵਿਚ ਤੱਥ ਪ੍ਰਚਲਨ ਵਜੋਂ ਸਿਆਸਤ ਅਤੇ ਪਬਲਿਕ ਬਹਿਸ ਵਿਚੋਂ ਆਪਣੀ ਅਹਿਮੀਅਤ ਗੁਆ ਬੈਠਦੇ ਹਨ।' ਸਾਡੇ ਸਮਿਆਂ ਨੇ ਇਸ ਦੀ ਪਹਿਲੀ ਉਘੜਵੀਂ ਮਿਸਾਲ ਯੂਰੋਪੀਅਨ ਯੂਨੀਅਨ ਤੋਂ ਬਾਹਰ ਆਏ ਇੰਗਲੈਂਡ (ਬ੍ਰੀਐਗਜ਼ਿਟ ਸਮੇਂ) ਅਤੇ ਦੂਜੀ ਡੋਨਲਡ ਟਰੰਪ ਦੁਆਰਾ ਅਮਰੀਕਾ ਦਾ ਰਾਸ਼ਟਰਪਤੀ ਬਣਨ ਦੇ ਰੂਪ ਵਿਚ ਦੇਖੀ ਹੈ। ਇਨ੍ਹਾਂ ਦੋਵਾਂ ਸਿਆਸੀ ਘਟਨਾਵਾਂ ਦੌਰਾਨ ਚੋਣ ਪ੍ਰਚਾਰ ਨੂੰ ਇਸ ਤਰ੍ਹਾਂ 'ਭਾਵਨਾਵਾਂ' ਅਤੇ 'ਨਿੱਜੀ ਸੋਚ' ਉੱਤੇ ਕੇਂਦਰਿਤ ਕੀਤਾ ਗਿਆ ਕਿ ਇਸ ਨੇ ਪੂਰੀ ਦੁਨੀਆ ਵਿਚ 'ਵੋਟਾਂ ਪਾਉਣ' ਅਤੇ 'ਚੋਣਾਂ ਲਈ ਪ੍ਰਚਾਰ' ਦੇ ਢੰਗ-ਤਰੀਕਿਆਂ ਨੂੰ ਲੀਹੋਂ ਲਾਹ ਦਿੱਤਾ। ਇਸ ਦਾ ਸਿੱਧਾ ਪ੍ਰਭਾਵ ਵੱਖ ਵੱਖ ਮੁਲਕਾਂ ਦੀ ਸਿਆਸਤ 'ਤੇ ਇੰਨਾ ਡੂੰਘਾ ਅਤੇ ਗੰਭੀਰ ਪਿਆ ਹੈ ਕਿ ਇਸ ਨੇ ਸੋਸ਼ਲ ਮੀਡੀਆ ਦੇ ਪਲੈਟਫਾਰਮਾਂ ਅਤੇ ਚੈਨਲਾਂ ਉੱਪਰ ਸਿਆਸੀ-ਸਮਾਜਿਕ ਅਫਵਾਹਾਂ, ਝੂਠਾਂ, ਸਾਜ਼ਿਸ਼ ਥਿਊਰੀਆਂ, ਫੇਕ ਨਿਊਜ਼ ਅਤੇ ਪ੍ਰਚਾਰ ਸੂਚਨਾਵਾਂ ਦਾ ਹੜ੍ਹ ਲਿਆ ਦਿੱਤਾ। ਇਹ ਹੁਣ ਸਿਆਸੀ-ਸੱਭਿਆਚਾਰਕ ਜੰਗ ਦਾ ਰੂਪ ਲੈ ਚੁੱਕਾ ਹੈ ਜਿਸ ਵਿਚ ਖ਼ੁਦ ਤੋਂ ਵਖਰੇਵੇਂ ਵਾਲਿਆਂ ਲਈ ਦੁਜੈਲਾਪਣ, ਉਨ੍ਹਾਂ ਦੀ ਕਿਰਦਾਰਕੁਸ਼ੀ ਕਰਨ, ਉਨ੍ਹਾਂ ਨੂੰ ਸੱਭਿਆਚਾਰਕ ਤੌਰ 'ਤੇ ਹੀਣਾ ਮਹਿਸੂਸ ਕਰਵਾਉਣ ਅਤੇ ਉਨ੍ਹਾਂ ਨੂੰ ਸਾਂਝੇ ਸਾਧਨਾਂ ਤੇ ਸਾਂਝੀ ਚੇਤਨਾ ਦੇ ਘੇਰਿਆਂ ਵਿਚੋਂ ਬਾਹਰ ਧੱਕਣ ਦਾ ਕਾਰਜ ਲਗਾਤਾਰ ਜਾਰੀ ਹੈ।

ਮਨੁੱਖੀ ਦਿਮਾਗ ਅਤੇ ਮੀਡੀਆ ਉੱਪਰ 'ਪੋਸਟ-ਟਰੁੱਥ' ਦੇ ਪ੍ਰਭਾਵਾਂ ਬਾਰੇ ਲਗਾਤਾਰ ਖੋਜ ਕਰ ਰਹੇ ਚਿੰਤਕ ਅਤਾਨੂ ਬਿਸਵਾਸ ਦਾ ਕਹਿਣਾ ਹੈ ਕਿ 'ਪੋਸਟ-ਟਰੁੱਥ' ਇੱਕ ਤਰ੍ਹਾਂ ਨਾਲ ਸਮੂਹਿਕ 'ਗੈਸ-ਲਾਈਟਿੰਗ' (ਝੂਠ ਦਾ ਬਿਰਤਾਂਤ) ਵਰਤਾਰਾ ਹੈ ਜਿਸ ਵਿਚ ਤੱਥਾਂ ਅਤੇ ਸਚਾਈ ਬਾਰੇ ਭੰਬਲਭੂਸਾ ਪਾਉਣਾ, ਧੋਖੇ ਵਿਚ ਰੱਖਣਾ, ਤੱਥ ਤੋੜ-ਮਰੋੜ ਕੇ ਪੇਸ਼ ਕਰਨੇ ਅਤੇ ਸੱਚ ਨੂੰ ਪਰਦਿਆਂ ਥੱਲੇ ਕੱਜਣ ਦੀ ਕੋਸ਼ਿਸ ਕੀਤੀ ਜਾਂਦੀ ਹੈ। ਭਾਵਨਾਤਮਿਕ ਉਲਾਰ, ਭੂਤਕਾਲ ਦੀ ਜੈ-ਜੈਕਾਰ, ਇਤਿਹਾਸ ਪ੍ਰਤੀ ਹੇਰਵਾ, ਸ਼ੋਸ਼ਣ ਕਰਨ ਵਾਲੀ ਧਿਰ ਦੁਆਰਾ ਖ਼ੁਦ ਨੂੰ ਹੀ ਪੀੜਤ ਸਾਬਤ ਕਰਨ ਦੀ ਦੌੜ ਅਤੇ ਨਿੱਜੀ ਹਿੱਤਾਂ ਦੀ ਪੂਰਤੀ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਹੈਰਾਨੀਜਨਕ ਤੱਥ ਇਹ ਹੈ ਕਿ ਸੂਚਨਾ ਤਕਨੀਕ ਦੀ ਕ੍ਰਾਂਤੀ ਅਤੇ ਵੈਬ: 2.0 ਦੇ ਇਸ ਦੌਰ ਵਿਚ ਲੋਕਾਈ ਦੀ ਜ਼ਿੰਦਗੀ ਸੌਖੀ ਕਰਨ ਦੀ ਥਾਂ ਗੂਗਲ ਅਤੇ ਵਟਸਐਪ ਯੂਨੀਵਰਸਿਟੀਆਂ ਦੁਆਰਾ ਪਾਲੇ-ਪਲੋਸੇ 'ਪੋਸਟ-ਟਰੁੱਥ' ਬਿਰਤਾਂਤ ਅਜਿਹੇ 'ਈਕੋ ਚੈਂਬਰਾਂ' (ਇਕਹਿਰਾ ਨਜ਼ਰੀਆ) ਦਾ ਨਿਰਮਾਣ ਕਰ ਰਹੇ ਹਨ ਜਿਸ ਵਿਚ ਸੱਚ, ਸਦਾਕਤ, ਜਮਹੂਰੀਅਤ ਅਤੇ ਬੌਧਿਕਤਾ ਘੁਟ ਘੁਟ ਕੇ ਦਮ ਤੋੜ ਰਹੀ ਹੈ।

# ਹੁਣ ਕੁਆਂਟਮ ਕੰਪਿਊਟਿੰਗ ਦਾ ਪ੍ਰਤਾਪ ਆਰੰਭ

ਟੈਕਨਾਲੋਜੀ ਦੇ ਵਿਕਾਸਸ਼ੀਲ ਲੈਂਡਸਕੇਪ ਵਿਚ ਨਵਾਂ ਅਤੇ ਮਹੱਤਵਪੂਰਨ ਖਿਡਾਰੀ ਉੱਭਰਿਆ ਹੈ ਜਿਸ ਨੇ ਕੰਪਿਊਟਿੰਗ ਵਿਚ ਕ੍ਰਾਂਤੀ ਲਿਆਉਣ ਦਾ ਵਾਅਦਾ ਕੀਤਾ ਹੈ। ਇਸ ਦਾ ਨਾਂ ਕੁਆਂਟਮ ਕੰਪਿਊਟਿੰਗ ਹੈ। ਇਸ ਲਿਖਤ ਰਾਹੀਂ ਅਸੀਂ ਸਮਝਾਂਗੇ ਕਿ ਕੁਆਂਟਮ ਕੰਪਿਊਟਿੰਗ ਪਰਿਵਰਤਨਸ਼ੀਲ ਸ਼ਕਤੀ ਹੈ ਜੋ ਭਵਿੱਖ ਲਈ ਅਥਾਹ ਸੰਭਾਵਨਾਵਾਂ ਰੱਖਦੀ ਹੈ। ਇਹ ਕੰਪਿਊਟਰ

**ਡਾ. ਬ੍ਰਹਮਲੀਨ ਕੌਰ ਸਿੱਧੂ**
**ਫੋਨ: +91-95010-08858**

ਵਿਗਿਆਨ, ਭੌਤਿਕ ਵਿਗਿਆਨ ਅਤੇ ਗਣਿਤ ਦੇ ਖੇਤਰ ਵਿਚ ਤੇਜ਼ੀ ਨਾਲ ਉੱਭਰ ਰਹੀ ਇਹੋ ਜਿਹੀ ਤਕਨੀਕ ਹੈ ਜੋ ਕਲਾਸੀਕਲ ਕੰਪਿਊਟਰਾਂ ਦੀ ਤੁਲਨਾ ਵਿਚ ਗੁੰਝਲਦਾਰ ਸਮੱਸਿਆਵਾਂ ਨੂੰ ਬਹੁਤ ਤੇਜ਼ੀ ਨਾਲ ਹੱਲ ਕਰਨ ਲਈ ਕੁਆਂਟਮ ਮਕੈਨਿਕਸ ਦੀ ਵਰਤੋਂ ਕਰਦੀ ਹੈ। ਆਉਣ ਵਾਲੇ ਸਮੇਂ ਵਿਚ ਅਸੀਂ ਕੁਆਂਟਮ ਕੰਪਿਊਟਰਾਂ ਨਾਲ ਉਭਰਨ ਵਾਲੀਆਂ ਐਪਲੀਕੇਸ਼ਨਾਂ ਤੋਂ ਹੈਰਾਨ ਹੋਵਾਂਗੇ। ਅਮਰੀਕਾ ਅਤੇ ਚੀਨ ਸਮੇਤ ਵੱਡੀਆਂ ਸ਼ਕਤੀਆਂ ਆਪਣੇ ਵਿਰੋਧੀਆਂ ਦੇ ਭੇਤ ਬਾਰੇ ਲਾਗੂ ਇਨਕ੍ਰਿਪਸ਼ਨ ਨੂੰ ਤੋੜਨ ਦੇ ਸਮਰੱਥ ਕੁਆਂਟਮ ਕੰਪਿਊਟਰ ਬਣਾਉਣ ਦੀ ਦੌੜ ਵਿਚ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਕੁਆਂਟਮ ਕੰਪਿਊਟਿੰਗ ਦੀ ਇਸ ਸੰਭਾਵੀ ਵਰਤੋਂ ਤੋਂ ਇਲਾਵਾ ਇਹ ਕਈ ਤਰ੍ਹਾਂ ਦੇ ਵਿਗਿਆਨਕ ਖੇਤਰਾਂ ਵਿਚ ਕ੍ਰਾਂਤੀ ਲਿਆ ਸਕਦਾ ਹੈ ਪਰ 'ਕੁਆਂਟਮ ਕੋਡ-ਕ੍ਰੈਕਿੰਗ' ਨੂੰ ਰੋਕਣਾ ਵਿਸ਼ਵ ਪੱਧਰ 'ਤੇ ਰਾਸ਼ਟਰੀ ਸੁਰੱਖਿਆ ਏਜੰਸੀਆਂ ਦੀ ਵੱਡੀ ਜ਼ਿੰਮੇਵਾਰੀ ਹੋਵੇਗੀ।

ਕੁਆਂਟਮ ਕੰਪਿਊਟਿੰਗ ਦਾ ਉਭਾਰ ਕੰਪਿਊਟਿੰਗ ਟੈਕਨਾਲੋਜੀ ਦੇ ਇਤਿਹਾਸ ਵਿਚ ਮਹੱਤਵਪੂਰਨ ਪਲ ਹੈ। ਇਸ ਨੂੰ ਸਮਝਣ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਕਲਾਸੀਕਲ ਕੰਪਿਊਟਰ ਕਿਵੇਂ ਕੰਮ ਕਰਦੇ ਹਨ ਅਤੇ ਕੁਆਂਟਮ ਕੰਪਿਊਟਿੰਗ ਕਿਵੇਂ ਵੱਖ ਹੈ। ਕਲਾਸੀਕਲ ਕੰਪਿਊਟਰ ਬਾਈਨਰੀ ਭਾਸ਼ਾ ਦੀ ਵਰਤੋਂ ਕਰਦੇ ਹਨ ਜਿਹੜੀ ਦੋ ਪ੍ਰਤੀਕੀ ਪ੍ਰਣਾਲੀ ਦੀ ਵਰਤੋਂ ਕਰ ਕੇ ਕੰਪਿਊਟਰ ਨਿਰਦੇਸ਼ਾਂ ਅਤੇ ਡਾਟਾ ਨੂੰ ਦਰਸਾਉਂਦੀ ਹੈ। ਹਰ ਅੱਖਰ ਅਤੇ ਹਦਾਇਤ ਨੂੰ ਬਾਈਨਰੀ ਅੰਕਾਂ 0 ਅਤੇ 1 ਦੇ ਪੈਟਰਨ ਦੁਆਰਾ ਦਰਸਾਇਆ ਜਾਂਦਾ ਹੈ। ਇਨ੍ਹਾਂ ਬਾਈਨਰੀ ਅੰਕਾਂ ਨੂੰ 'ਬਿੱਟ' ਕਿਹਾ ਜਾਂਦਾ ਹੈ। ਬਿੱਟ ਕਲਾਸੀਕਲ ਕੰਪਿਊਟਿੰਗ ਦੀ ਬੁਨਿਆਦੀ ਇਕਾਈ ਹੈ। ਬਾਈਟ ਬਿੱਟਾਂ ਦਾ ਸੰਗ੍ਰਹਿ ਹੈ ਜੋ ਵੱਡੀਆਂ ਇਕਾਈਆਂ ਨੂੰ ਦਰਸਾਉਣ ਲਈ ਵਰਤਿਆ ਜਾ ਸਕਦਾ ਹੈ ਜਿਵੇਂ ਅੱਖਰ ਜਾਂ ਸੰਖਿਆਵਾਂ। ਕਲਾਸਿਕ ਕੰਪਿਊਟਰ ਹਰ ਅੱਖਰ, ਨੰਬਰ ਅਤੇ ਵਿਸ਼ੇਸ਼ ਅੱਖਰ ਨੂੰ ਪਰਿਭਾਸ਼ਿਤ ਕਰਨ ਲਈ ਕੋਡਾਂ ਦੀ ਵਰਤੋਂ ਕਰਦੇ ਹਨ। ਕੰਪਿਊਟਰ ਦਾ ਮੁੱਖ ਪ੍ਰੋਸੈਸਰ ਅਰਬਾਂ ਟਰਾਂਜ਼ਿਸਟਰਾਂ ਦਾ ਬਣਿਆ ਹੁੰਦਾ ਹੈ ਜੋ ਡਾਟਾ ਦੀ ਪ੍ਰਕਿਰਿਆ ਕਰਨ ਲਈ ਇੱਕ ਸਕਿੰਟ ਦੇ ਸਮੇਂ ਵਿਚ ਹੀ ਕਈ ਵਾਰ ਚਾਲੂ ਅਤੇ ਬੰਦ ਹੁੰਦੇ ਹਨ।

ਕੁਆਂਟਮ ਕੰਪਿਊਟਰ ਕੁਆਂਟਮ ਬਿੱਟਸ ਜਾਂ 'ਕਿਊਬਿਟਸ' ਦੀ ਵਰਤੋਂ ਕਰਦੇ ਹਨ ਜੋ ਜਾਣਕਾਰੀ ਨੂੰ ਬਹੁਤ ਵੱਖਰੇ ਢੰਗ ਨਾਲ ਦਰਸਾਉਂਦੇ ਹਨ। ਜਿੱਥੇ ਇੱਕ ਬਿੱਟ ਇੱਕ ਸਮੇਂ ਵਿਚ 0 ਜਾਂ 1 ਹੋ ਸਕਦਾ ਹੈ, ਕੁਆਂਟਮ ਕੰਪਿਊਟਿੰਗ ਵਿਚ ਕਿਊਬਿਟ ਇੱਕੋ ਸਮੇਂ 0 ਅਤੇ 1 ਦੋਵਾਂ ਦੀ ਇੱਕ ਸੁਪਰਪੁਜ਼ੀਸ਼ਨ ਵਿਚ ਮੌਜੂਦ ਹੋ ਸਕਦਾ ਹੈ। ਇਹ ਅਜਿਹੇ ਸਵਿਚ ਵਰਗਾ ਹੈ ਜੋ ਇੱਕੋ ਸਮੇਂ 'ਤੇ ਚਾਲੂ ਅਤੇ ਬੰਦ ਵਿਚਕਾਰ ਵੱਖ ਵੱਖ ਪੱਧਰਾਂ 'ਤੇ ਹੋ ਸਕਦਾ ਹੈ। ਇਸ ਨਾਲ ਸਮਾਨਾਂਤਰ ਗਣਨਾਵਾਂ ਸੰਭਵ ਹੋ ਜਾਂਦੀਆਂ ਹਨ ਅਤੇ ਡਾਟਾ ਸਟੋਰੇਜ ਸਮਰੱਥਾ ਵਿਚ ਵਾਧਾ ਹੁੰਦਾ ਹੈ। ਕੁਆਂਟਮ ਕੰਪਿਊਟਰ ਇੱਕੋ ਸਮੇਂ ਬਹੁਤ ਸਾਰੀਆਂ ਗਣਨਾਵਾਂ ਕਰ ਸਕਦੇ ਹਨ ਜੋ ਉਨ੍ਹਾਂ ਨੂੰ ਕੁਝ ਸਥਿਤੀਆਂ ਵਿਚ ਕਲਾਸੀਕਲ ਕੰਪਿਊਟਰਾਂ ਨਾਲੋਂ ਤੇਜ਼ ਬਣਾਉਂਦਾ ਹੈ। ਕਿਊਬਿਟਸ 'ਕੁਆਂਟਮ ਐਨਟੈਂਗਲਮੈਂਟ' ਦੀ ਵਿਧੀ ਦੀ ਪਾਲਣਾ ਕਰਦੀਆਂ ਹਨ ਜਿਸ ਦਾ ਮਤਲਬ ਹੈ ਕਿ ਇੱਕ ਕਿਊਬਿਟ ਦੀ ਸਥਿਤੀ ਦੂਜੇ ਕਿਊਬਿਟ ਦੀ ਸਥਿਤੀ ਨਾਲ ਸਿੱਧੇ ਤੌਰ 'ਤੇ ਸਬੰਧਤ ਹੈ, ਭਾਵੇਂ ਉਨ੍ਹਾਂ ਵਿਚਕਾਰ ਕਿੰਨੀ ਵੀ ਦੂਰੀ ਕਿਉਂ ਨਾ ਹੋਵੇ। ਇੱਕ ਕਿਊਬਿਟ ਦੀ ਸਥਿਤੀ ਨੂੰ ਬਦਲਣ ਨਾਲ 'ਐਨਟੈਂਗਲਡ' ਕਿਊਬਿਟ ਦੀ ਸਥਿਤੀ ਨੂੰ ਤੁਰੰਤ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਸੁਪਰਪੁਜ਼ੀਸ਼ਨ ਅਤੇ ਐਨਟੈਂਗਲਮੈਂਟ ਕੁਆਂਟਮ ਕੰਪਿਊਟਰਾਂ ਨੂੰ ਕਲਾਸੀਕਲ ਕੰਪਿਊਟਿੰਗ ਲਈ ਨਵੀਨਤਮ ਸਮਰੱਥਾ ਪ੍ਰਦਾਨ ਕਰਦੇ ਹਨ। ਕਿਊਬਿਟਸ ਬਣਾਉਣਾ ਅਤੇ ਉਨ੍ਹਾਂ ਵਿਚ ਫੇਰਬਦਲ ਕਰਨਾ ਗੁੰਝਲਦਾਰ ਪ੍ਰਕਿਰਿਆ ਹੈ। ਚਾਰਜ ਕੀਤੇ ਪਰਮਾਣੂ ਜਿਨ੍ਹਾਂ ਨੂੰ ਆਇਨ ਕਿਹਾ ਜਾਂਦਾ ਹੈ, ਨੂੰ ਇਲੈਕਟ੍ਰੋਮੈਗਨੈਟਿਕ ਫੀਲਡਾਂ ਦੀ ਵਰਤੋਂ ਨਾਲ ਕੰਟਰੋਲ ਕਰ ਕੇ ਕਿਊਬਿਟਸ ਤਿਆਰ ਕੀਤੇ ਜਾ ਸਕਦੇ ਹਨ। ਇਨ੍ਹਾਂ ਆਇਨਾਂ ਦੇ ਅੰਦਰੂਨੀ ਊਰਜਾ ਪੱਧਰ ਕਿਊਬਿਟਸ ਨੂੰ ਦਰਸਾਉਂਦੇ ਹਨ। ਫਿਰ ਲੇਜ਼ਰ ਦੀ ਵਰਤੋਂ ਨਾਲ ਇਨ੍ਹਾਂ ਆਇਨਾਂ ਦੀਆਂ ਕੁਆਂਟਮ ਅਵਸਥਾਵਾਂ ਵਿਚ ਫੇਰਬਦਲ ਕੀਤਾ ਜਾਂਦਾ ਹੈ ਜਿਸ ਨਾਲ ਕਿਊਬਿਟਸ ਦੀ ਰਚਨਾ ਕੀਤੀ ਜਾਂਦੀ ਹੈ।

ਕੁਆਂਟਮ ਕੰਪਿਊਟਿੰਗ ਦੇ ਖੇਤਰ ਵਿਚ ਖੋਜ ਜੰਗੀ ਪੱਧਰ 'ਤੇ ਹੋ ਰਹੀ ਹੈ ਅਤੇ ਇਹ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ। ਕੰਪਨੀਆਂ ਅਤੇ ਖੋਜ ਸੰਸਥਾਵਾਂ ਦਾ ਕਿਊਬਿਟ ਦੀ ਵੱਡੀ ਗਿਣਤੀ ਵਾਲੇ ਕੁਆਂਟਮ ਕੰਪਿਊਟਰਾਂ ਨੂੰ ਬਣਾਉਣ ਵੱਲ ਰੁਝਾਨ ਵਧ ਰਿਹਾ ਹੈ। ਇਹ ਸੰਸਥਾਵਾਂ ਕਿਊਬਿਟ ਗੁਣਵੱਤਾ ਵਿਚ ਸੁਧਾਰ ਅਤੇ ਵਧੇਰੇ ਕਿਊਬਿਟ ਨਾਲ ਕੁਆਂਟਮ ਪ੍ਰੋਸੈਸਰਾਂ ਨੂੰ ਵਿਕਸਤ ਕਰਨ ਲਈ ਕੰਮ ਕਰ ਰਹੀਆਂ ਹਨ। ਗੁੰਝਲਦਾਰ ਸਮੱਸਿਆਵਾਂ ਨੂੰ ਹੱਲ ਕਰਨ ਅਤੇ ਕੁਆਂਟਮ ਲਾਭ ਪ੍ਰਾਪਤ ਕਰਨ ਲਈ ਕਿਊਬਿਟ ਗਿਣਤੀ ਨੂੰ ਵਧਾਉਣਾ ਜ਼ਰੂਰੀ ਹੈ। ਆਪਟੀਮਾਈਜੇਸ਼ਨ, ਕ੍ਰਿਪਟੋਗ੍ਰਾਫੀ ਅਤੇ ਮਸ਼ੀਨ ਲਰਨਿੰਗ ਵਰਗੀਆਂ ਵਿਕਸਿਤ ਤਕਨੀਕਾਂ ਦੀ ਵਰਤੋਂ ਨਾਲ ਕੁਆਂਟਮ ਕੰਪਿਊਟਿੰਗ ਐਲਗੋਰਿਦਮਾਂ ਨੂੰ ਨਿਪੁੰਨ ਬਣਾਇਆ ਜਾ ਰਿਹਾ ਹੈ। ਕੁਆਂਟਮ ਪ੍ਰੋਗਰਾਮਿੰਗ ਭਾਸ਼ਾਵਾਂ ਅਤੇ ਟੂਲ ਬਣਾਉਣ ਲਈ ਯਤਨ ਜਾਰੀ ਹਨ। ਗੂਗਲ ਨੇ 2019 ਵਿਚ ਇਹ ਦਾਅਵਾ ਕੀਤਾ ਸੀ ਕਿ ਉਨ੍ਹਾਂ ਦਾ ਕੁਆਂਟਮ ਪ੍ਰੋਸੈਸਰ ਸਭ ਤੋਂ ਸ਼ਕਤੀਸ਼ਾਲੀ ਕਲਾਸੀਕਲ ਸੁਪਰ ਕੰਪਿਊਟਰਾਂ ਨਾਲੋਂ ਤੇਜ਼ੀ ਨਾਲ ਗਣਨਾ ਕਰ ਸਕਦਾ ਹੈ। ਇਸ ਪ੍ਰੋਸੈਸਰ ਦੀ ਰਚਨਾ ਨੂੰ ਇਸ ਖੇਤਰ ਵਿਚ ਮਹੱਤਵਪੂਰਨ ਮੀਲ ਪੱਥਰ ਮੰਨਿਆ ਜਾਂਦਾ ਹੈ। , ਤੇ ਕੰਪਨੀਆਂ ਨੇ ਆਪਣੇ ਕੁਆਂਟਮ ਪ੍ਰੋਸੈਸਰਾਂ ਲਈ ਕਲਾਉਡ-ਆਧਾਰਿਤ ਵਰਤੋਂ ਦੀ ਪੇਸ਼ਕਸ਼ ਸ਼ੁਰੂ ਕਰ ਦਿੱਤੀ ਹੈ। ਇਹ ਖੋਜਕਰਤਾਵਾਂ ਤੇ ਡਿਵੈਲਪਰਾਂ ਨੂੰ ਕੁਆਂਟਮ ਐਲਗੋਰਿਦਮ ਨਾਲ ਪ੍ਰਯੋਗ ਕਰਨ ਅਤੇ ਵਿਸ਼ੇਸ਼ ਹਾਰਡਵੇਅਰ ਤੋਂ ਬਿਨਾਂ ਕੁਆਂਟਮ ਪ੍ਰੋਗਰਾਮ ਚਲਾਉਣ ਦੀ ਸਮਰੱਥਾ ਦਿੰਦਾ ਹੈ। ਸਟਾਰਟਅੱਪਸ ਦੀ ਵੱਡੀ ਗਿਣਤੀ ਕੁਆਂਟਮ ਕੰਪਿਊਟਿੰਗ ਦੇ ਹਾਰਡਵੇਅਰ ਡਿਵੈਲਪਮੈਂਟ, ਕੁਆਂਟਮ ਸਾਫਟਵੇਅਰ ਅਤੇ ਐਪਲੀਕੇਸ਼ਨਾਂ ਵਰਗੇ ਵੱਖ ਵੱਖ ਪਹਿਲੂਆਂ 'ਤੇ ਖੋਜ ਅਤੇ ਵਿਕਾਸ ਵਿਚ ਨਿੱਜੀ ਨਿਵੇਸ਼ ਕਰ ਰਹੀ ਹੈ।

ਵਿਗਿਆਨੀ ਅਤੇ ਇੰਜਨੀਅਰ ਅਨੁਮਾਨ ਲਗਾਉਂਦੇ ਹਨ ਕਿ ਕੁਝ ਸਮੱਸਿਆਵਾਂ ਜਿਨ੍ਹਾਂ ਦਾ ਹੱਲ ਕਲਾਸੀਕਲ ਕੰਪਿਊਟਰਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਅਸੰਭਵ ਹੈ, ਕੁਆਂਟਮ ਕੰਪਿਊਟਰਾਂ ਲਈ ਆਸਾਨ ਹੋਵੇਗਾ। ਕੁਆਂਟਮ ਕੰਪਿਊਟਰਾਂ ਤੋਂ ਮੌਜੂਦਾ ਕ੍ਰਿਪਟੋਗ੍ਰਾਫੀ ਵਿਧੀਆਂ ਨੂੰ ਚੁਣੌਤੀ ਦੇਣ ਅਤੇ ਪੂਰੀ ਤਰ੍ਹਾਂ ਨਿੱਜੀ ਸੰਚਾਰ ਲਈ ਨਵੀਆਂ ਸੰਭਾਵਨਾਵਾਂ ਪੇਸ਼ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ। ਕੁਆਂਟਮ ਕੰਪਿਊਟਰ ਸਾਨੂੰ ਹੋਰ ਕੁਆਂਟਮ ਸਿਸਟਮਾਂ ਬਾਰੇ ਸਿੱਖਣ, ਮਾਡਲ ਬਣਾਉਣ ਅਤੇ ਹੋਰ ਵਿਕਸਿਤ ਕਰਨ ਵਿਚ ਮਦਦ ਕਰਨਗੇ। ਇਹ ਯੋਗਤਾ ਸਮੱਗਰੀ ਵਿਗਿਆਨ, ਰਸਾਇਣ ਵਿਗਿਆਨ ਅਤੇ ਭੌਤਿਕ ਵਿਗਿਆਨ ਦੀ ਸਾਡੀ ਸਮਝ ਨੂੰ ਸੁਧਾਰੇਗੀ ਅਤੇ ਉਨ੍ਹਾਂ ਦੀ ਤਰੱਕੀ ਵਿਚ ਅਗਵਾਈ ਕਰੇਗੀ। ਇਸੇ ਤਰ੍ਹਾਂ ਉਹ ਪਰਮਾਣੂ ਅਤੇ ਉਪ-ਪਰਮਾਣੂ ਪੱਧਰਾਂ 'ਤੇ ਕੁਆਂਟਮ ਵਿਵਹਾਰ ਨੂੰ ਸਿਮੂਲੇਟ ਕਰ ਕੇ ਵਿਸ਼ੇਸ਼ ਵਿਸ਼ੇਸ਼ਤਾਵਾਂ ਵਾਲੀ ਨਵੀਂ ਸਮੱਗਰੀ ਦੀ ਖੋਜ ਵਿਚ ਸਹਾਇਤਾ ਕਰ ਸਕਦੇ ਹਨ।

ਕੰਪਿਊਟਿੰਗ ਗਣਨਾ ਵਿਚ ਕ੍ਰਾਂਤੀ ਲਿਆਉਣ, ਵਿਗਿਆਨ ਅਤੇ ਟੈਕਨਾਲੋਜੀ ਵਿਚ ਨਵੀਆਂ ਹੱਦਾਂ ਖੋਲ੍ਹਣ ਲਈ ਕੁਆਂਟਮ ਕੰਪਿਊਟਿੰਗ ਦੀ ਸਮਰੱਥਾ ਬੇਮਿਸਾਲ ਹੈ। ਉਮੀਦ ਕੀਤੀ ਜਾ ਰਹੀ ਹੈ ਕਿ ਕੁਆਂਟਮ ਕੰਪਿਊਟਿੰਗ ਦੇ ਵਿਹਾਰਕ ਉਪਯੋਗਾਂ ਦਾ ਵੱਖ ਵੱਖ ਉਦਯੋਗਾਂ ਅਤੇ ਸੰਸਾਰ ਉੱਤੇ ਪਰਿਵਰਤਨਸ਼ੀਲ ਪ੍ਰਭਾਵ ਹੋਵੇਗਾ।

# ਮੇਰਾ ਜਾਂਬਾਜ਼ ਗਵਾਂਢੀ ਜਨਰਲ ਰਾਜਿੰਦਰ ਨਾਥ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੈਂ 1987 ਤੋਂ ਚੰਡੀਗੜ੍ਹ ਦੇ ਸੈਕਟਰ 36 ਵਿਚ ਰਹਿ ਰਿਹਾ ਹਾਂ। ਇਸਨੂੰ ਸਾਬਕਾ ਫੌਜੀ ਅਫਸਰਾਂ ਨੇ ਵਸਾਇਆ ਸੀ। ਮੇਰੇ ਬਹੁਤੇ ਗਵਾਂਢੀ ਉਹੀਓ ਹਨ। ਸਾਹਮਣੇ ਘਰ ਵਾਲਾ ਮੇਜਰ ਜਨਰਲ ਰਾਜਿੰਦਰ ਨਾਥ 1971 ਵਾਲੇ ਬੰਗਲਾ ਦੇਸ਼ ਯੁੱਧ ਦਾ ਨਾਇਕ ਹੈ। ਉਹ ਮੇਰੇ ਵਾਂਗ ਜੱਦੀ ਪੁਸ਼ਤੀ ਹੁਸ਼ਿਆਰਪੁਰੀਆ ਹੈ। ਉਸਦਾ ਪਿਤਾ ਸ਼ਾਮ ਚੁਰਾਸੀ ਤੋਂ ਸੀ ਤੇ ਹੁਸ਼ਿਆਰਪੁਰ ਵਿਚ ਵਕਾਲਤ ਕਰਦਾ ਸੀ। ਨਿਸਚੇ ਹੀ ਮੇਰੀ ਰਾਸ ਉਹਦੇ ਨਾਲ ਰਲਦੀ ਸੀ। ਉਹ ਏਸ ਮਹੀਨੇ ਦੀ 18 ਤਿਥੀ ਨੂੰ ਹੈ ਤੋਂ ਸੀ ਹੋ ਗਿਆ ਹੈ। 97 ਸਾਲ ਦਾ ਭਰਪੂਰ ਜੀਵਨ ਜੀਊ ਕੇ। ਮੇਰੇ ਲਈ ਉਸਦਾ ਤੁਰ ਜਾਣਾ ਵੱਡੇ ਭਰਾ ਦੇ ਵਿਛੋੜੇ ਵਾਂਗ ਹੈ।

ਸਾਡੀ ਸਾਂਝ ਦਾ ਇਕ ਹੋਰ ਕਾਰਨ ਉਸਦਾ ਲੇਖਕ ਹੋਣਾ ਵੀ ਸੀ। ਅੰਤਮ ਸੁਆਸ ਲੈਣ ਤਕ ਪੰਜ ਪੁਸਤਕਾਂ ਤੇ 850 ਲੇਖ ਤੇ ਰੀਵੀਊ ਲਿਖ ਚੁੱਕਾ ਸੀ। ਫੌਜੀ ਜੀਵਨ ਨਾਲ ਸਬੰਧਤ। ਉਸਨੇ ਮੇਰੀ ਪਤਨੀ ਵਾਂਗ ਸਮਾਜ ਸੇਵਾ ਦਾ ਬੀੜਾ ਵੀ ਚੁੱਕ ਰਖਿਆ ਸੀ। 38 ਸਾਲਾਂ ਤੋਂ ਇੰਸਟੀਚਿਊਟ ਆਫ ਦੀ ਬਲਾਂਈਂਡ (ਨੇਤਰਹੀਣ ਸੰਸਥਾ) ਨਾਲ ਜੁੜਿਆ ਹੋਇਆ ਸੀ। ਇਸਦਾ ਵਾਈਸ ਪ੍ਰੈਜ਼ੀਡੈਂਟ ਤੇ ਪ੍ਰੈਜ਼ੀਡੈਂਟ ਹੁੰਦਿਆ ਉਸਨੇ ਏਨਾ ਕੰਮ ਕੀਤਾ ਸੀ ਕਿ ਦਾਨੀ ਸੱਜਣਾਂ ਨੇ ਇਸਦਾ ਫੰਡ 550 ਰੁਪਏ ਤੋਂ ਵਧਾ ਕੇ ਦੋ ਕਰੋੜ ਕਰ ਦਿੱਤਾ ਸੀ। ਇਸ ਰਕਮ ਦੇ ਸੂਦ ਨਾਲ 60 ਕੁੜੀਆਂ ਤੇ 70 ਮੁੰਡਿਆਂ ਦੇ ਰਹਿਣ ਲਈ ਹੋਸਟਲ ਹੀ ਨਹੀਂ, ਰਾਸ਼ਨ ਪਾਣੀ, ਵਰਦੀਆਂ, ਪੜ੍ਹਨ ਸਮੱਗਰੀ ਤੇ ਖੇਡਣ ਮੱਲਣ ਦਾ ਸਾਮਾਨ ਵੀ ਪ੍ਰਾਪਤ ਕੀਤਾ ਜਾਂਦਾ ਹੈ। ਅੱਜ ਦੇ ਦਿਨ ਇਹ ਸੰਸਥਾ ਭਾਰਤ ਵਿਚ ਸਭ ਤੋਂ ਉੱਤਮ ਮੰਨੀ ਜਾਂਦੀ ਹੈ। ਮੀਂਹ ਆਏ ਹਨੇਰੀ ਜਾਏ ਮੈਂ ਆਪਣੇ ਸਿਰੜੀ ਗਵਾਂਢੀ ਨੂੰ ਵੇਲੇ ਸਿਰ ਤਿਆਰ ਹੋ ਕੇ ਘਰੋਂ ਤੁਰਦਾ ਵੇਖਦਾ



ਆਇਆ ਹਾਂ।

ਜਨਰਲ ਨਾਥ ਦੀ ਸਮਾਜ ਸੇਵਾ ਬਲਾਂਈਂਡ ਸਕੂਲ ਤਕ ਹੀ ਸੀਮਤ ਨਹੀਂ ਸੀ। ਪਸ਼ੂ ਪੰਛੀਆਂ ਨਾਲ ਜ਼ੁਲਮ ਤੋਂ ਬਚਾਓ ਵਾਲੀ ਸੋਸਾਇਟੀ ਦਾ ਸੰਸਥਾਪਕ ਵੀ ਉਹੀਓ ਸੀ ਤੇ ਪੰਜਾਬ ਯੂਨੀਵਰਸਿਟੀ ਵਿਚ ਡਿਫੈਂਸ ਸਟੱਡੀਜ਼ ਵਿਭਾਗ ਦੀ ਸਥਾਪਨਾ ਕਰਾਉਣ ਵਾਲਾ ਵੀ ਉਹੀਓ। 1996 ਵਿਚ ਕੇਂਦਰ ਸ਼ਾਸਿਤ ਚੰਡੀਗੜ੍ਹ ਦੀ ਸੁਤੰਤਰ ਨਗਰਪਾਲਿਕਾ ਦੀ ਸਥਾਪਨਾ ਹੋਈ। ਪਹਿਲੇ ਪੰਜ ਸਾਲ ਇਸਦਾ ਕੰਮ ਕਾਜ ਚਲਾਉਣ ਲਈ ਜਿਹੜੀ ਟੀਮ ਨਾਮਜ਼ਦ ਕੀਤੀ ਗਈ ਉਸ ਵਿਚ ਜਨਰਲ ਨਾਥ ਦਾ ਨਾਂ ਵੀ ਸ਼ਾਮਲ ਸੀ। ਇਨ੍ਹਾਂ ਪ੍ਰਾਪਤੀਆਂ ਸਦਕਾ ਹੀ ਉਨ੍ਹਾਂ ਨੂੰ 1988 ਤੋਂ 1990 ਤਕ ਪੰਜਾਬ ਦੇ ਸੇਵਾ ਮੁਕਤ ਫੌਜੀਆਂ ਦੀ ਕਾਰਪੋਰੇਸ਼ਨ ਦਾ ਚੇਅਰਮੈਨ ਥਾਪਿਆ ਗਿਆ। ਉਹ 1988 ਦੇ ਹੜ੍ਹਾਂ ਦੀ ਤਬਾਹੀ ਸਮੇਂ ਲੋੜਵੰਦਾਂ ਨੂੰ ਰੋਟੀ ਕਪੜਾ ਤੇ ਰਿਹਾਇਸ਼ ਦੇਣ ਵਾਲਿਆਂ ਦਾ ਮੋਹਰੀ ਵੀ ਸੀ। ਸੇਵਾ ਮੁਕਤ ਸੈਨਿਕਾਂ ਦੀ ਸਾਂਭ ਸੰਭਾਲ ਲਈ ਚੰਡੀਗੜ੍ਹ ਵਿਚ ਡੀ ਐਸ ਓ ਆਈ ਦੀ ਸਥਾਪਨਾ ਦਾ ਨੁਕਤਾ ਉਠਾਉਣ ਵਾਲਾ ਵੀ। ਉਸਦੀਆਂ ਸੈਨਿਕ ਗਤੀਵਿਧੀਆਂ ਬਾਰੇ ਤਾਂ ਮੈਨੂੰ ਬਹੁਤ ਪਿੱਛੋਂ ਪਤਾ ਲੱਗਿਆ। ਇੰਡੀਅਨ ਮਿਲਟਰੀ ਅਕਾਡਮੀ ਵਿਚ ਪੜ੍ਹਨ ਉਪਰੰਤ ਜਦੋਂ 1947 ਵਿਚ ਉਸਨੂੰ 11 ਗੋਰਖਾ ਰਾਈਫਲਜ਼ ਵਿਚ ਕਮਿਸ਼ਨ ਮਿਲਿਆ ਤਾਂ 1947-48 ਵਾਲਾ ਜੰਮੂ ਕਸ਼ਮੀਰ ਯੁੱਧ ਜ਼ੋਰਾਂ 'ਤੇ ਸੀ। ਉਸਦੀ ਪਹਿਲੀ ਪੋਸਟਿੰਗ ਉਥੇ ਹੋਈ।

1950-51 ਵਿਚ ਉਸਨੂੰ ਆਰਮੀ ਹੈੱਡਕੁਆਰਟਰ ਨਵੀਂ ਦਿੱਲੀ ਦੀ ਮਿਲਟਰੀ ਇੰਟੈਲੀਜੈਂਸ ਡਾਇਰੈਕਟੋਰੇਟ ਕੰਮ ਸੌਂਪਿਆ ਗਿਆ ਤਾਂ ਉਹਦੇ ਲਈ ਅਕਸਾਈ ਚਿੰਨ੍ਹ ਵਿਖੇ ਚੀਨ ਦੀਆਂ ਕਰਤੂਤਾਂ ਵੇਖਣ ਵਾਲੀ ਟੀਮ ਦਾ ਸਾਥ ਦੇਣਾ ਵੀ ਮਾਣ ਵਾਲੀ ਗੱਲ ਸੀ। ਇਹ ਜਾਣ ਕੇ ਹੈਰਾਨ ਨਾ ਹੋਣਾ ਕਿ ਪਿਛਲੀ ਸਦੀ ਦੇ 60ਵਿਆਂ ਨਾਗਾਲੈਂਡ ਦੇ ਅਤਿਵਾਦੀਆਂ ਨੂੰ ਪਿਆਰ ਮੁਹੱਬਤ ਨਾਲ ਜਿੱਤਣ ਵਾਲਿਆਂ ਦਾ ਮੋਹਰੀ ਵੀ ਉਹੀਓ ਸੀ। ਮੈਂ ਇਹ ਵੀ ਦੱਸ ਦਿਆਂ ਕਿ ਕਲ੍ਹ ਤਕ ਮੇਰੀ ਜਾਣਕਾਰੀ ਉਨ੍ਹਾਂ ਦੀਆਂ ਲਿਖੀਆਂ ਪੁਸਤਕਾਂ ਤੇ ਅਖਬਾਰਾਂ ਵਿਚ ਛਪਦੇ ਲੇਖਾਂ ਤਕ ਹੀ ਸੀਮਤ ਸੀ। ਤੇ ਜਾਂ ਫੇਰ ਪਾਕਿਸਤਾਨ ਦੇ ਕਰਨਲ ਅਨਸਾਰੀ ਤੇ ਪਾਕਿਸਤਾਨੀ ਸੈਨਾ ਦੀ ਡਿਵੀਜ਼ਨ 9 ਵਲੋਂ ਉਹਦੇ ਅੱਗੇ ਹਥਿਆਰ ਸੁੱਟਣ ਤਕ।

1971 ਦੇ ਬੰਗਲਾਦੇਸ਼ ਯੁੱਧ ਉਪਰੰਤ ਜੰਮੂ ਕਸ਼ਮੀਰ ਵਿਚ ਪਿਆਦਾ ਡਿਵੀਜ਼ਨ ਦੀ ਕਮਾਂਡ ਸਾਂਭਣਾ ਤੇ ਆਪਣੀ ਸਰਵਿਸ ਦੇ ਅੰਤਲੇ ਦੋ ਸਾਲ ਦੇਹਰਾਦੂਨ ਸਥਿਤ ਉਸ ਇੰਡੀਅਨ ਮਿਲਟਰੀ ਅਕਾਦਮੀ ਦਾ ਕਮਾਂਡੈਂਟ ਹੋਣਾ ਜਿੱਥੋਂ ਪੜ੍ਹ ਕੇ ਉਸਨੇ ਕਮਿਸ਼ਨ ਲਿਆ ਸੀ ਮਾਣ ਸਨਮਾਨ ਵਾਲੀ ਗੱਲ ਸੀ।

ਜਿਹੜੀ ਗੱਲ ਦਾ ਮੈਥੋਂ ਜਾਂ ਉਨ੍ਹਾਂ ਦੇ ਅੰਗੀ ਸੰਗੀਆਂ ਤੇ ਪਰਿਵਾਰਕ ਮੈਂਬਰਾਂ ਤੋਂ ਸਿਵਾ ਕਿਸੇ ਨੂੰ ਨਹੀਂ ਪਤਾ ਉਹ 2016 ਵਿਚ ਉਸਦੀ ਪਤਨੀ ਕ੍ਰਿਸ਼ਨਾ ਦੇਵੀ ਦਾ ਵਿਛੋੜਾ ਸੀ। ਇਸਨੇ ਵੱਡੇ ਯੁੱਧ ਲੜਨ ਵਾਲੇ ਜਰਨੈਲ ਨੂੰ ਵੀ ਸਿਰ ਤੋਂ ਪੈਰਾਂ ਤਕ ਝੰਜੋੜ ਦਿੱਤਾ ਸੀ। ਏਨਾ ਜ਼ਿਆਦਾ ਕਿ ਉਹ ਆਪਣੇ ਵੱਡੇ ਬੇਟੇ ਦਿਨੇਸ਼ ਕੁਮਾਰ ਕਪਿਲਾ ਦੀ ਅੰਗਰੇਜ਼ੀ ਭਾਸ਼ਾ ਵਿਚ ਲਿਖੀ ਪੁਸਤਕ 'ਦੀ ਵੇਰ੍ਹੀਡ ਹਿਊਜ਼ ਆਫ ਲਾਈਫ' (ਜੀਵਨ ਦੇ ਵੱਖੋ ਵਖਰੇ ਰੰਗ) ਵੀ ਨਹੀਂ ਸੀ ਪੜ੍ਹ ਸਕਿਆ। ਇਸਦਾ ਇਕ ਕਾਂਡ ਲੇਖਕ ਵਲੋਂ ਪਿਤਾ ਤੋਂ ਮਿਲੇ ਸਬਕਾਂ ਬਾਰੇ ਹੈ। ਉਸਨੇ ਇਹ ਸਬਕ ਸਕੂਲ ਮਾਸਟਰਾਂ ਵਾਂਗ ਨਹੀਂ ਸੀ ਦਿੱਤੇ। ਖਾਣੇ ਦੀ ਮੇਜ਼ ਉੱਤੇ ਬੈਠਿਆਂ ਜਾਂ ਲੰਬੀ ਸੈਰ 'ਤੇ ਇਕੱਠੇ ਤੁਰਦਿਆਂ ਪ੍ਰਗਟਾਏ ਸਨ। ਇਨ੍ਹਾਂ ਦਾ ਸਬੰਧ ਆਪਣੇ ਪਰਿਵਾਰ ਤੇ ਸਹਿਕਰਮੀਆਂ ਨਾਲ ਵਿਚਰਨ ਨਾਲ ਸੀ। ਜਨਰਲ ਸਾਹਬ ਦੇ ਜੀਵਨ ਦਾ ਮੁੱਖ ਸਿਧਾਂਤ ਜ਼ਿੰਦਗੀ ਨੂੰ ਖਿੜੇ ਮੱਥੇ ਜੀਊਣ ਤੇ ਨਿਰਾਸ਼ਾ ਨੂੰ ਆਸ਼ਾ ਵਿਚ ਬਦਲਣਾ ਸੀ।

ਮੇਰੇ ਲਈ ਤਾਂ ਇਹ ਵੀ ਮਾਣ ਵਾਲੀ ਗੱਲ ਸੀ ਕਿ ਉਹ ਹੁਸ਼ਿਆਰਪੁਰ ਦੇ ਉਸ ਸਰਕਾਰੀ ਕਾਲਜ ਵਿਚ ਪੜ੍ਹਿਆ ਸੀ ਜਿੱਥੇ ਸ਼ੇਕਸਪੀਅਰ ਦੀਆਂ ਕੁੱਲ ਰਚਨਾਵਾਂ ਨੂੰ ਪੰਜਾਬੀ ਵਿਚ ਉਲਥਾਉਣ ਵਾਲਾ ਸੁਰਜੀਤ ਹਾਂਸ ਤੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਪਦਵੀ ਤਕ ਪਹੁੰਚਣ ਵਾਲਾ ਮਨਮੋਹਨ ਸਿੰਘ ਵੀ ਪੜ੍ਹਦਾ ਹੁੰਦਾ ਸੀ। ਇਹ ਵੀ ਕਿ ਉਹ ਘੰਟੀ ਦਿੱਤੇ ਬਿਨਾ ਮੇਰੇ ਘਰ ਆ ਕੇ ਦੁਖ ਸੁਖ ਸਾਂਝਾ ਕਰ ਜਾਂਦਾ ਸੀ। ਭਾਵੇਂ ਉਹਦਾ ਬੇਟਾ ਦਿਨੇਸ਼, ਨੂੰਹ ਰਾਣੀ ਅਨੀਤਾ, ਪੋਤਰੀ ਪ੍ਰੀਆਂਕਾ ਤੇ ਪੜਪੋਤਰੀ ਅਨੀਸ਼ਾ ਵੀ ਬੜੇ ਪਿਆਰ ਨਾਲ ਮਿਲਦੇ ਹਨ ਤੇ ਮਿਲਦੇ ਰਹਿਣਗੇ ਪਰ ਹਾਣ ਪ੍ਰਵਾਨ ਵਾਲੀ ਗੱਲ ਨਹੀਂ ਬਣਨੀ। ਉਹ ਮੇਰੇ ਲਈ ਵੱਡੇ ਭਰਾ ਵਾਲਾ ਆਸਰਾ ਸੀ ਜਿਹੜਾ ਕਦੀ ਨਹੀਂ ਜੁੜਨਾ।

ਅੰਤਿਕਾ

-ਇਕ ਲੋਕ ਬੋਲੀ-

ਰੱਬ ਵਰਗਾ ਆਸਰਾ ਤੇਰਾ
ਜੀਊਂਦਾ ਰਹਿ ਮਿੱਤਰਾ

# ਵਿਕਦਾ ਜਾ ਰਿਹਾ ਹੈ ਪੰਜਾਬ

ਪੰਜਾਬ 'ਚ ਇਹ ਮੰਗ ਉੱਠਣ ਲੱਗੀ ਹੈ ਕਿ ਪੰਜਾਬ ਵਿਚ ਵੀ ਇਕ ਕਾਨੂੰਨ ਬਣਨਾ ਚਾਹੀਦਾ ਹੈ ਕਿ ਕੋਈ ਵੀ ਬਾਹਰਲਾ ਵਿਅਕਤੀ (ਪੰਜਾਬੀਆਂ ਤੋਂ ਬਿਨਾਂ) ਪੰਜਾਬ ਵਿਚ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਇਹ ਚਰਚਾ ਵੀ ਜ਼ੋਰ ਫੜ ਰਹੀ ਹੈ ਕਿ ਪੰਜਾਬ ਤੋਂ ਬਾਹਰਲੇ ਵਿਅਕਤੀ ਪੰਜਾਬ ਵਿਚ ਆਉਣ, ਕੋਈ ਕਿੱਤਾ ਕਰਨ, ਧਨ ਕਮਾਉਣ, ਪਰ ਜ਼ਮੀਨ-ਜਾਇਦਾਦ ਨਾ ਖਰੀਦਣ।

ਵਿਚਾਰ ਇਹ ਵੀ ਪਲਪ ਰਿਹਾ ਹੈ ਕਿ ਪੰਜਾਬ ਵਿਚ ਬਾਹਰਲੇ ਸੂਬਿਆਂ ਦੇ ਲੋਕਾਂ ਨੂੰ ਵਸਾ ਕੇ ਇਸ ਦੀ ਦਿੱਖ, ਬੋਲੀ ਤੇ ਸਭਿਆਚਾਰ ਨੂੰ ਰੰਗੋਂ ਬੇਰੰਗ ਕੀਤਾ ਜਾ ਰਿਹਾ ਹੈ। ਪੰਜਾਬ ਨੂੰ ਹਥਿਆਇਆ ਜਾ ਰਿਹਾ ਹੈ। ਪੰਜਾਬ ਨੂੰ ਕਾਬੂ ਕਰਨ ਲਈ ਕੀਤੇ ਪਹਿਲੇ ਯਤਨ ਕਿਉਂਕਿ ਸਫ਼ਲ ਨਹੀਂ ਹੋ ਸਕੇ, ਇਸ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਕਰਕੇ ਨਿੱਤ ਨਵੇਂ ਹਥਕੰਡੇ ਅਪਨਾ ਕੇ ਪੰਜਾਬ ਨੂੰ ਆਪਣੇ ਪਾਲੇ 'ਚ ਲਿਆਉਣ ਦਾ ਯਤਨ ਹੋ ਰਿਹਾ ਹੈ।

ਇਸ ਵੇਲੇ ਭਾਰਤ 'ਚ ਬਹੁ-ਸਭਿਆਚਾਰੀ ਅਤੇ ਬਹੁ-ਕੌਮੀ ਸੰਸਕ੍ਰਿਤੀ ਹੈ। ਮੌਜੂਦਾ ਹਾਕਮਾਂ ਵਲੋਂ ਇਸਨੂੰ ਇਕ ਦੇਸ਼, ਇਕ ਰਾਸ਼ਟਰ 'ਚ ਤਬਦੀਲ ਕਰਨ ਦੇ ਯਤਨ ਹੋ ਰਹੇ ਹਨ। ਪੰਜਾਬ ਕੋਲ ਕੋਈ ਕੁਦਰਤੀ ਸਾਧਨ ਨਹੀਂ ਹੈ, ਬੰਦਰਗਾਹ ਨਹੀਂ ਹੈ, ਜੋ ਕਿ ਅੱਜ ਦੇ ਸਮੇਂ ਵਿਚ ਵਪਾਰ ਤੇ ਉਦਯੋਗੀਕਰਨ ਦੀ ਪਹਿਲੀ ਲੋੜ ਹੈ। ਲੋੜ ਤਾਂ ਇਸ ਗੱਲ ਦੀ ਸੀ ਕਿ ਪੰਜਾਬ ਵਿਚ ਚੰਗਾ ਮਾਹੌਲ ਸਥਾਪਿਤ ਕਰਨ ਲਈ ਅਤੇ ਆਰਥਿਕ ਮਜ਼ਬੂਤੀ ਲਈ ਗੁਆਂਢੀ ਦੇਸ਼ ਪਾਕਿਸਤਾਨ ਨਾਲ ਚੰਗਾ ਮਾਹੌਲ ਪੈਦਾ ਕਰ ਕੇ ਵਪਾਰ ਦੀ ਸਾਂਝ ਵਿਕਸਤ ਕੀਤੀ ਜਾਵੇ, ਪਰ 1947, ਫਿਰ 1965 ਦੀ ਜੰਗ, ਕਾਰਗਿਲ ਦੀ ਜੰਗ, ਜੋ ਦੇਸ਼ ਦੀਆਂ ਵੋਟਾਂ ਹਥਿਆਉਣ ਲਈ ਹਾਕਮਾਂ ਵਲੋਂ ਦੇਸ਼ 'ਤੇ ਮੜ੍ਹੀ ਗਈ, ਉਸ ਨੇ ਪੰਜਾਬ ਦਾ ਅਰਥਚਾਰਾ, ਪੰਜਾਬ ਦਾ ਸਮਾਜਿਕ ਤਾਣਾ-ਬਾਣਾ ਇੰਨਾ ਬਿਖਰਾ ਦਿੱਤਾ ਹੈ ਕਿ ਪੰਜਾਬ ਜਿਹੜਾ ਕਦੇ ਦੇਸ਼ ਦਾ ਮੋਹਰੀ ਸੂਬਾ ਸੀ, ਉਹ ਹੁਣ ਤਰੱਕੀ ਅਤੇ ਵਿਕਾਸ ਦੇ ਮਾਮਲਿਆਂ 'ਚ ਪਹਿਲੇ ਦਸਾਂ ਸੂਬਿਆਂ 'ਚ ਵੀ ਸ਼ਾਮਲ ਨਹੀਂ ਰਿਹਾ।

ਸਵਾਲ ਇਹ ਵੀ ਉੱਠ ਰਿਹਾ ਹੈ ਕਿ ਪੰਜਾਬ ਦੇ ਵਾਹੀਯੋਗ ਖੇਤ ਘਟਦੇ ਜਾ ਰਹੇ ਹਨ। ਪੰਜਾਬ ਦੇ ਹਰ ਪਾਸੇ, ਦੁਆਬੇ, ਮਾਲਵੇ, ਮਾਝੇ 'ਚ ਪੰਜਾਬ ਦੇ ਹਰ ਪਾਸੇ, ਵੱਡੀਆਂ, ਚੌੜੀਆਂ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ। ਖੇਤਾਂ ਦਾ ਸੀਨਾ ਵਿੰਨ੍ਹਿਆ ਜਾ ਰਿਹਾ ਹੈ। ਰਾਸ਼ਟਰੀ, ਸੂਬਾ ਹਾਈਵੇਅ ਵਾਹੀਯੋਗ ਜ਼ਮੀਨ ਨੱਪ ਰਹੇ ਹਨ। ਇਸਦਾ ਫਾਇਦਾ ਕਿਸਨੂੰ ਹੋਵੇਗਾ? ਪੰਜਾਬ ਨੂੰ? ਖੇਤੀ ਆਧਾਰਤ ਸੂਬੇ 'ਚ ਕਿਸਾਨਾਂ ਦੀ ਗਿਣਤੀ ਅਤੇ ਖੇਤਾਂ ਦੀ ਗਿਣਤੀ ਨਿੱਤ-ਦਿਹਾੜੇ ਊਣੀ ਹੋ ਰਹੀ ਹੈ। ਇਹੋ ਜਿਹੇ 'ਚ ਪੰਜਾਬ ਕਿਵੇਂ ਜੀਵੇਗਾ ਕਿਵੇਂ ਬਚੇਗਾ?

ਇਹ ਸੱਚ ਹੈ ਕਿ ਪੰਜ ਦਰਿਆਵਾਂ ਦੀ ਧਰਤੀ, ਢਾਈ ਦਰਿਆਵਾਂ ਤਕ ਸੀਮਤ ਹੋ ਚੁੱਕੀ ਹੈ। ਖੇਤੀ ਲਈ ਧਰਤੀ ਹੇਠਲਾ ਪਾਣੀ ਵੱਧ ਵਰਤੇ ਜਾਣ ਕਾਰਨ, ਸੂਬੇ ਦੇ 135 ਬਲਾਕਾਂ ਵਿਚੋਂ 127 'ਚ ਪਾਣੀ ਹਰ ਵਰ੍ਹੇ ਨੀਵਾਂ ਉਤਰਨ ਕਾਰਨ, ਧਰਤੀ ਹੇਠੋਂ ਪਾਣੀ ਮੁੱਕਣ ਦੀ ਚਿਤਾਵਨੀ ਮਿਲ ਰਹੀ ਹੈ। ਇਹੋ ਜਿਹੀ ਸਥਿਤੀ 'ਚ ਜ਼ਰਖੇਜ਼ ਪੰਜਾਬ ਦੀ ਧਰਤੀ ਕੀ ਮਾਰੂਥਲ ਨਹੀਂ ਬਣ ਜਾਏਗੀ? ਬਿਲਕੁਲ ਇਹੋ ਜਿਹੇ ਸੰਕੇਤ ਪੰਜਾਬ ਦੀ ਆਬਾਦੀ 'ਚੋਂ ਨਿਕਾਸ ਹੋਣ ਅਤੇ ਨੌਜਵਾਨਾਂ ਦੇ ਪ੍ਰਵਾਸ ਦੇ ਮਿਲ ਰਹੇ ਹਨ। ਇਹ ਪ੍ਰਵਾਸ 'ਮਨ ਭਾਉਂਦਾ' ਨਹੀਂ ਮਜਬੂਰੀ ਵੱਸ ਪ੍ਰਵਾਸ ਹੈ। ਸੂਬੇ 'ਚ ਨੌਕਰੀ ਨਹੀਂ, ਚੈਨ ਨਹੀਂ, ਸ਼ਾਂਤੀ ਨਹੀਂ, ਸੂਬੇ 'ਚ ਮਾਪਿਆਂ ਦੀ ਬੇਚੈਨੀ ਹੈ, ਨਸ਼ਾ ਅੰਤਾਂ ਦੇ ਪੈਰ ਪਸਾਰ ਬੈਠਾ ਹੈ, ਮਾਪੇ, ਆਪਣੇ ਖੇਤ, ਲਾਡਲੇ ਪੁੱਤਾਂ, ਧੀਆਂ ਖਾਤਰ ਵੇਚਣ ਲਈ ਮਜਬੂਰ ਹੋਏ ਪਏ ਹਨ। ਲੱਖਾਂ ਦਾ ਕਰਜ਼ਾ ਲੈ ਕੇ ਅਣਦਿਸਦੇ ਰਾਹਾਂ ਉਤੇ ਬੱਚਿਆਂ ਨੂੰ ਤੋਰਨ ਲਈ ਉਹ ਮਜਬੂਰ ਹਨ।

ਪੰਜਾਬ ਦੇ ਪਿੰਡਾਂ ਦਾ ਦ੍ਰਿਸ਼ ਵੇਖੋ। ਘਰਾਂ ਦੇ ਘਰ ਖਾਲੀ ਪਏ ਹਨ। ਮਕਾਨਾਂ ਨੂੰ ਜਿੰਦਰੇ ਲੱਗੇ ਹੋਏ ਹਨ। ਆਲੀਸ਼ਾਨ ਕੋਠੀਆਂ ਕਿਸੇ ਦੂਸਰੇ, ਅਜਨਬੀ ਦੇ ਹਵਾਲੇ ਕੀਤੀਆਂ ਪਈਆਂ ਹਨ। ਜ਼ਮੀਨਾਂ, ਕਿਰਾਏ 'ਤੇ ਚੜ੍ਹਾ ਕੇ, ਪੰਜਾਬ ਦੇ ਵਾਸੀ, ਖੇਤਾਂ ਦੇ ਮਾਲਕ ਆਪ ਕਿਰਤ ਕਰਦੇ ਵਿਦੇਸ਼ਾਂ 'ਚ ਬੈਠੇ ਹਨ। ਦੇਰ-ਸਵੇਰ ਉਨ੍ਹਾਂ ਦੇ ਮੁੜ ਪਰਤਣ ਦੀ ਉਮੀਦ ਬਹੁਤੀ ਨਹੀਂ, ਉਨ੍ਹਾਂ ਦੀ ਔਲਾਦ ਤਾਂ ਪੰਜਾਬ ਵੱਲ ਵੇਖਣ ਲਈ ਵੀ ਤਿਆਰ ਨਹੀਂ।

ਇਹੋ ਜਿਹੀਆਂ ਹਾਲਤਾਂ ਵਿਚ ਸੂਬੇ ਪੰਜਾਬ ਦੇ ਹਾਲਾਤ ਕਿਹੋ ਜਿਹੇ ਹਨ। ਸੂਬੇ ਦਾ ਹਰ ਵਿਅਕਤੀ ਕਰਜ਼ਾਈ ਹੈ। ਕਿਸੇ ਨੇ ਆੜ੍ਹਤੀਆਂ ਤੋਂ, ਕਿਸੇ ਨੇ ਬੈਂਕਾਂ ਤੋਂ ਲਿਮਟ ਬਣਾ ਕੇ ਕਰਜ਼ਾ ਲਿਆ ਹੋਇਆ ਹੈ ਅਤੇ ਕਰਜ਼ਾ ਲੈ ਕੇ ਖੇਤੀ ਕਰਨ ਲਈ ਕਿਸਾਨ ਮਜਬੂਰ ਹਨ। ਨਰੇਗਾ ਕਾਮਿਆਂ ਨੂੰ ਸਾਲ 'ਚ ਮਸਾਂ 100 ਦਿਨ ਦਾ ਰੁਜ਼ਗਾਰ ਮਿਲਦਾ ਹੈ। ਖੇਤ ਮਜ਼ਦੂਰ ਲੰਮਾ ਸਮਾਂ ਕਿਸਾਨਾਂ ਦੇ ਨਾਲ-ਨਾਲ ਵਿਹਲੇ ਰਹਿੰਦੇ ਹਨ। ਕਰਜ਼ਦਾਰ ਹਨ। ਸਿਤਮ ਦੀ ਗੱਲ ਵੇਖੋ ਕਿ ਪੂਰੇ ਦੇਸ਼ ਦਾ ਅੰਨ ਭੰਡਾਰ ਭਰਨ ਵਾਲੇ ਪੰਜਾਬ ਦੀ 50 ਫੀਸਦੀ ਆਬਾਦੀ ਮੁਫ਼ਤ ਰਾਸ਼ਨ ਲੈਣ ਲਈ ਮਜਬੂਰ ਹੈ। ਸੂਬੇ ਸਿਰ ਇਸ ਵੇਲੇ 3.27 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਜਦੋਂ ਸੂਬਾ ਸਰਕਾਰ ਕੋਲ ਆਮਦਨ ਦੇ ਲੋੜੀਂਦੇ ਸਾਧਨ ਹੀ ਨਹੀਂ, ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ, ਗੈਂਗਸਟਰ ਤੇ ਮਾਫੀਆ ਸੂਬੇ 'ਚ ਆਮ ਹੈ ਤਾਂ ਫਿਰ ਲੋਕਾਂ ਦਾ ਆਮ ਜੀਵਨ ਕਿਵੇਂ ਸੁਖਾਵਾਂ ਹੋਏਗਾ?

ਹਰ ਸੂਬੇ ਜਾਂ ਦੇਸ਼ ਦੇ ਵਿਕਾਸ ਲਈ ਉਥੇ ਸਿੱਖਿਆ ਅਤੇ ਸਿਹਤ ਸੇਵਾਵਾਂ ਚੰਗੀਆਂ ਹੋਣੀਆਂ ਲੋੜੀਂਦੀਆਂ ਹਨ। ਪੰਜਾਬ 'ਚ ਨਿੱਤ ਨਵੇਂ ਪ੍ਰਾਜੈਕਟ ਆ ਰਹੇ ਹਨ। 2024-25 ਦੇ ਸੈਸ਼ਨ 'ਚ ਸਰਕਾਰ ਵੋਕੇਸ਼ਨਲ ਐਜੂਕੇਸ਼ਨ ਦੇ ਨਾਂ ਉਤੇ 40 ਸਕੂਲਾਂ 'ਚ ਪਾਇਲਟ ਪ੍ਰਾਜੈਕਟ ਲਿਆ ਰਹੀ ਹੈ। ਤਾਂ ਕਿ ਹੱਥੀਂ ਕਿੱਤਾ ਸਿਖਾ ਕੇ ਵਿਦਿਆਰਥੀ ਰੁਜ਼ਗਾਰਤ ਹੋ ਸਕਣ। ਪਰ ਪੰਜਾਬ ਦੇ ਸਿੱਖਿਆ ਪ੍ਰਬੰਧ ਤੇ ਹਾਲਾਤ ਬਾਰੇ ਇਕ ਰਿਪੋਰਟ ਛਪੀ ਹੈ, ਜਿਸ ਵਿਚ ਪੰਜਾਬ ਦੇ 11000 ਬੱਚਿਆਂ ਦਾ ਮੁਲਾਂਕਣ ਕੀਤਾ ਗਿਆ। ਇਨ੍ਹਾਂ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ 'ਚੋਂ 39 ਫੀਸਦੀ ਹੀ ਪੰਜਾਬੀ 'ਚ ਲਿਖੀ ਕਹਾਣੀ ਪੜ੍ਹ ਪਾਉਂਦੇ ਹਨ। 4 ਫੀਸਦੀ ਨੂੰ ਅੱਖਰਾਂ ਦੀ ਪਹਿਚਾਣ ਨਹੀਂ। ਦੋ ਫੀਸਦੀ ਬੱਚੇ ਗਣਿਤ ਬਾਰੇ ਹੀ ਨਹੀਂ ਜਾਣਦੇ। ਇਸ ਤੋਂ ਵੀ ਹੈਰਾਨੀ ਦੀ ਗੱਲ ਇਹ ਹੈ ਕਿ ਪੰਜਾਬ 'ਚ 13 ਫੀਸਦੀ ਸਕੂਲ ਅਜਿਹੇ ਹਨ ਜਿੱਥੇ ਪ੍ਰਾਇਮਰੀ ਸਕੂਲ 'ਚ ਪੜ੍ਹਨ ਵਾਲੇ ਪਹਿਲੀ ਤੋਂ ਪੰਜਵੀਂ ਜਮਾਤ ਦੇ ਬੱਚਿਆਂ ਲਈ ਇਕ ਅਧਿਆਪਕ ਹੈ। ਇਹ ਸਥਿਤੀ ਕੀ "ਤਰੱਕੀ ਕਰ ਚੁੱਕੇ" ਪੰਜਾਬ ਦੀ ਸਥਿਤੀ ਨਹੀਂ ਬਿਆਨਦੀ?

ਅਸਲ 'ਚ ਪੰਜਾਬ ਨੂੰ ਸਿਰਫ ਆਰਥਿਕ ਮਰੋੜਾ ਹੀ ਨਹੀਂ ਚਾੜ੍ਹਿਆ ਗਿਆ, ਇਸਦੇ ਵਾਸ਼ਿੰਦਿਆਂ ਦੀ ਸਿਹਤ ਨਾਲ ਖਿਲਵਾੜ ਕਰਨ ਲਈ ਨਸ਼ਿਆਂ ਦੇ ਦਰਿਆ ਵਹਾਅ ਦਿੱਤੇ ਗਏ। ਸਿੱਖਿਆ ਤੋਂ ਵਿਰਵੇ ਰੱਖਣ ਲਈ ਸਕੂਲਾਂ 'ਚ ਲੋੜੀਂਦੀਆਂ ਬੁਨਿਆਦੀ ਸਹੂਲਤਾਂ ਵੀ ਮੁਹੱਈਆ ਨਹੀਂ ਹੋਈਆਂ। ਸਿੱਟਾ ਨੌਜਵਾਨਾਂ 'ਚ ਵਧ ਰਹੀ ਸਿਹਤ ਤੇ ਸਿੱਖਿਆ ਪੱਖੋਂ ਘਾਟ ਸੂਬੇ ਦੇ ਨਿਘਾਰ ਦਾ ਕਾਰਨ ਬਣਦੀ ਗਈ ਹੈ।

ਜ਼ਰਾ ਸੋਚੋ, ਜਦੋਂ ਪੰਜਾਬ ਆਰਥਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਕਰਜ਼ੇ ਨਾਲ ਪਰੁੰਨਿਆ ਗਿਆ ਹੈ। ਪ੍ਰਵਾਸ ਦੇ ਰਸਤੇ ਪਾ ਦਿੱਤਾ ਗਿਆ ਹੈ ਤੇ ਇੱਥੋਂ ਦੇ ਵਾਸ਼ਿੰਦਿਆਂ ਦੀ ਜ਼ਮੀਨ ਬੈਂਕਾਂ ਦੀਆਂ ਲਿਮਟਾਂ ਦੇ ਹਵਾਲੇ ਪਈ ਹੈ ਤਾਂ ਦੇਰ ਨਹੀਂ ਤਾਂ ਸਵੇਰ ਕੀ ਇਹ ਹਥਿਆ ਨਹੀਂ ਲਈ ਜਾਏਗੀ?

ਇਸ ਸਥਿਤੀ 'ਤੇ ਕਾਬੂ ਪਾਉਣ ਲਈ ਖੇਤੀ ਆਧਾਰਤ ਫੂਡ ਪ੍ਰੋਸੈਸਿੰਗ ਛੋਟੇ ਉਦਯੋਗ, ਲਘੂ ਉਦਯੋਗ ਲਾਉਣ ਦੀ ਲੋੜ ਸੀ। ਪਰ ਪੰਜਾਬ ਦੇ ਸਿਆਸਤਦਾਨਾਂ, ਨੀਤੀਵਾਨਾਂ ਨੂੰ ਤਾਂ ਆਪਣੀ ਕੁਰਸੀ ਬਚਾਉਣ ਅਤੇ ਕੁਰਸੀ ਖੋਹਣ ਤੋਂ ਹੀ ਵਿਹਲ ਨਹੀਂ ਮਿਲੀ। ਕਿੰਨੇ ਕੁ ਨੇਤਾ ਨੇ, ਪੰਜਾਬ 'ਚ, ਜਿਹੜੇ ਸਿਰਫ਼ ਪੰਜਾਬ ਦੇ ਭਲੇ ਹਿੱਤ, ਵਿਕਦੇ ਜਾ ਰਹੇ ਕਰਜ਼ਾਈ ਪੰਜਾਬ ਨੂੰ, ਥਾਂ ਸਿਰ ਕਰਨ ਲਈ ਫਿਕਰਮੰਦ ਹਨ। ਪੰਜਾਬ ਹਿਤੈਸ਼ੀ ਕਿੰਨੇ ਕੁ ਬੁੱਧੀਜੀਵੀ, ਲੇਖਕ, ਚਿੰਤਕ, ਸਮਾਜੀ ਕਾਰਕੰਨ ਹਨ ਜਿਹੜੇ ਤਿਲ-ਤਿਲ ਮਰਦੇ ਜਾ ਰਹੇ, ਪੰਜਾਬ ਨੂੰ ਥਾਂ ਸਿਰ ਕਰਨ ਲਈ ਤਤਪਰ ਹਨ ਜਾਂ ਅੱਗੇ ਆ ਰਹੇ ਹਨ। ਮਾਯੂਸੀ ਹੁੰਦੀ ਹੈ ਉਦੋਂ ਜਦੋਂ ਕੋਈ ਪੰਜਾਬ 'ਚ ਹਾਅ ਦਾ ਨਾਹਰਾ ਮਾਰਦਾ ਹੈ, ਪਰ ਦੂਜੇ ਉਸਨੂੰ ਸਹੀ ਸਮਝਦਿਆਂ ਵੀ ਇਕ ਪਲੇਟਫਾਰਮ 'ਤੇ ਇਕੱਠੇ ਨਹੀਂ ਹੋ ਰਹੇ।

ਅੱਜ ਦਸ ਖੇਤਾਂ ਦਾ ਮਾਲਕ ਵੀ ਪੰਜਾਬ 'ਚ ਕੰਗਾਲ ਹੈ। ਮਜ਼ਦੂਰ ਵੀ ਸਹੀ ਉਜਰਤ ਪ੍ਰਾਪਤ ਨਹੀਂ ਕਰਦਾ। ਪੰਜਾਬ ਦੇ ਮੱਧ ਵਰਗੀ ਪਰਿਵਾਰ ਵੀ ਕਰਜ਼ੇ ਹੇਠ ਜੀਊ ਰਹੇ ਹਨ। ਅੰਕੜੇ ਵੱਡੇ ਹਨ।

ਸਰਕਾਰੀ ਅੰਕੜੇ ਤਾਂ ਕਹਿੰਦੇ ਹਨ ਕਿ ਪੰਜਾਬ ਦਾ ਕਿਸਾਨ ਮੁਫ਼ਤ ਬਿਜਲੀ ਲੈ ਰਿਹਾ ਹੈ। ਸਬਸਿਡੀ ਲੈ ਰਿਹਾ ਹੈ ਖਾਦਾਂ ਤੇ ਬੀਜਾਂ 'ਤੇ। ਅਤੇ ਖੁਸ਼ਹਾਲ ਹੈ। ਤਾਂ ਫਿਰ ਉਹ ਸ਼ਤੀਰਾਂ ਨੂੰ ਜੱਫੇ ਕਿਉਂ ਪਾ ਰਿਹਾ ਹੈ। ਸੂਬੇ ਦੇ 90 ਫੀਸਦੀ ਛੋਟੇ ਕਿਸਾਨ ਕਰਜ਼ਾਈ ਹਨ। ਬੇਰੁਜ਼ਗਾਰੀ ਦੇ ਸਤਾਏ, ਮੱਧ ਵਰਗੀ ਲੋਕ ਪ੍ਰੇਸ਼ਾਨ ਹਨ। ਉਨੀ ਆਮਦਨ ਨਹੀਂ, ਜਿੰਨਾ ਖ਼ਰਚ ਹੈ। ਤੰਗੀਆਂ ਤੁਰਸ਼ੀਆਂ ਕਾਰਨ, ਹੋਰ ਕੁਝ ਸੋਚਣ ਤੋਂ ਬਿਨਾਂ ਬਸ ਰੋਟੀ ਟੁੱਕ ਦੇ ਜੁਗਾੜ 'ਚ ਹਨ।

ਪੰਜਾਬ ਖੁਰ ਰਿਹਾ ਹੈ। ਨੈਤਿਕ ਤੌਰ 'ਤੇ ਕਮਜ਼ੋਰ ਹੋ ਰਿਹਾ ਹੈ। ਪੰਜਾਬ ਦਾ ਬਰੇਨ, ਪ੍ਰਵਾਸ ਕਾਰਨ ਡਰੇਨ ਹੋ ਰਿਹਾ ਹੈ। ਆਉਣ ਵਾਲੇ ਸਮੇਂ 'ਚ ਖੇਤੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਨਹੀਂ ਰਹੇਗੀ। ਪਾਣੀ ਨਹੀਂ ਹੋਵੇਗਾ ਤਾਂ ਖੇਤੀ ਕਿਥੋਂ ਹੋਵੇਗੀ? ਪੰਜਾਬ ਦੀ 75 ਫੀਸਦੀ ਆਬਾਦੀ ਖੇਤੀ ਅਧਾਰਤ ਹੈ। ਸੂਬਾ ਪੰਜਾਬ ਦੇਸ਼ ਦੀਆਂ 35 ਤੋਂ 40 ਫੀਸਦੀ ਚਾਵਲ ਦੀਆਂ ਲੋੜਾਂ ਅਤੇ 40 ਤੋਂ 75 ਫੀਸਦੀ ਕਣਕ ਦੀਆਂ ਲੋੜਾਂ ਪਿਛਲੇ ਦੋ ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਪੂਰੀਆਂ ਕਰ ਰਿਹਾ ਹੈ। ਸੂਬੇ 'ਚ 10.54 ਲੱਖ ਕਿਸਾਨ ਹਨ। ਜਿਨ੍ਹਾਂ ਵਿਚੋਂ ਬਹੁਤੇ ਛੋਟੇ ਕਿਸਾਨ ਹਨ। ਪਿਛਲੇ ਕੁਝ ਸਮੇਂ 'ਚ ਕਿਸਾਨ ਜ਼ਮੀਨਾਂ ਵੇਚ ਕੇ ਮਜ਼ਦੂਰੀ ਦੇ ਰਾਹ ਪਏ ਹਨ, ਕਿਉਂਕਿ ਖੇਤੀ ਉਨ੍ਹਾਂ ਨੂੰ ਰੋਟੀ ਨਹੀਂ ਦੇ ਸਕੀ।

ਅੱਜ ਪੰਜਾਬ ਦੀ ਜ਼ਮੀਨ ਵਿਕ ਰਹੀ ਹੈ ਕਦੇ ਸਾਡੇ ਗੁਆਂਢੀ ਰਾਜ ਹਿਮਾਚਲ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਵਾਈ ਐਸ ਪਰਮਾਰ ਨੇ ਆਪਣੇ ਸੂਬੇ ਦੇ ਬਾਗਬਾਨੀ ਕਰਨ ਵਾਲੇ ਕਿਸਾਨਾਂ ਦੇ ਹਿੱਤਾਂ ਲਈ ਸੂਬੇ ਵਿਚ ਹਿਮਾਚਲ ਵਾਸੀਆਂ ਤੋਂ ਬਿਨਾਂ ਕਿਸੇ ਹੋਰ ਵਲੋਂ ਖੇਤੀ, ਬਾਗਬਾਨੀ ਜ਼ਮੀਨ ਨਾ ਖਰੀਦੇ ਜਾਣ ਲਈ ਕਾਨੂੰਨ ਬਣਾ ਦਿੱਤਾ ਸੀ। ਇਸੇ ਕਰਕੇ ਬਾਹਰਲਾ ਕੋਈ ਧਨਾਢ ਸੂਬੇ ਦੀ ਜ਼ਮੀਨ ਤੇ ਉਥੋਂ ਦੀ ਆਰਥਿਕਤਾ ਹਥਿਆ ਨਹੀਂ ਸੀ ਸਕਿਆ। ਇਸੇ ਤਰ੍ਹਾਂ ਭਾਰਤ ਦੇ ਸੂਬੇ ਸਿਕਮ, ਵਿਚ ਕੋਈ ਵੀ ਬਾਹਰਲਾ ਵਿਅਕਤੀ ਕੋਈ ਵੀ ਜ਼ਮੀਨ ਜਾਂ ਜਾਇਦਾਦ ਨਹੀਂ ਖਰੀਦ ਸਕਦਾ। ਸੰਵਿਧਾਨ ਦੀ ਧਾਰਾ 371 (ਐਫ) ਅਨੁਸਾਰ ਹਿਮਾਲਿਅਨ ਰਾਜ ਸਿਕਮ ਵਿਚ ਸਿਰਫ ਰਾਜ ਦੇ ਕਬੀਲਿਆਂ ਦੇ ਲੋਕਾਂ ਨੂੰ ਹੀ ਇਸ ਖੇਤਰ ਵਿਚ ਜ਼ਮੀਨ ਜਾਂ ਜਾਇਦਾਦ ਦੀ ਖਰੀਦੋ-ਫਰੋਖ਼ਤ ਕਰਨ ਦੇ ਅਧਿਕਾਰ ਪ੍ਰਾਪਤ ਹਨ। ਝਾਰਖੰਡ, ਨਾਗਾਲੈਂਡ, ਉਤਰਾਖੰਡ ਵੀ ਇਹੋ ਜਿਹੇ ਸੂਬੇ ਹਨ, ਜਿਥੇ ਖੇਤੀਬਾੜੀ ਜਾਂ ਹੋਰ ਜਾਇਦਾਦ ਬਾਹਰਲੇ ਲੋਕ ਨਹੀਂ ਖਰੀਦ ਸਕਦੇ।

ਪੰਜਾਬ ਦੀ ਆਰਥਿਕਤਾ ਦੀ ਰੂਹ ਖੇਤੀ ਹੈ। ਪੰਜਾਬੀ ਕਿਸਾਨ ਉੱਦਮੀ ਹੀ ਸੂਬੇ ਨੂੰ ਕੰਗਾਲ ਹੋਣੋਂ ਬਚਾਅ ਸਕਦੇ ਹਨ। ਪੰਜਾਬ ਦੀ ਆਰਥਿਕਤਾ ਥਾਂ ਸਿਰ ਕਰਨ ਲਈ ਇਹ ਜ਼ਰੂਰੀ ਹੈ ਕਿ ਸੂਬੇ 'ਚ ਵੱਡੇ ਸ਼ਾਹੂਕਾਰਾਂ ਦੀ ਆਮਦ ਰੋਕੀ ਜਾਵੇ। ਪੰਜਾਬ ਦੇ ਕਿਸਾਨਾਂ ਨੇ ਪਹਿਲਕਦਮੀ ਕਰ ਕੇ ਕਾਲੇ ਕਾਨੂੰਨ ਵਾਪਿਸ ਕਰਵਾਏ। ਇਹ ਇਕ ਸ਼ੁਭ ਸ਼ਗਨ ਹੈ। ਪੰਜਾਬ 'ਚ ਖੇਤੀ ਜ਼ਮੀਨ ਬਾਹਰਲਿਆਂ ਹੱਥ ਜਾਣੋਂ ਰੋਕਣ ਲਈ ਕਾਨੂੰਨ ਪਾਸ ਕੀਤਾ ਜਾਣਾ, ਸੋਚਿਆ ਜਾਣਾ ਚਾਹੀਦਾ ਹੈ।

# ਬੈਂਕਾਂ ਦਾ ਸੰਕਟ: ਭਾਰਤ ਵੀ ਅਮਰੀਕਾ ਵਾਲੇ ਰਾਹ

ਭਾਰਤ ਦੇ ਕੇਂਦਰੀ ਬੈਂਕ (ਭਾਰਤੀ ਰਿਜ਼ਰਵ ਬੈਂਕ-ਆਰ.ਬੀ.ਆਈ.) ਨੇ 16 ਨਵੰਬਰ ਨੂੰ ਜਾਰੀ ਆਪਣੇ ਨਿਰਦੇਸ਼ਾਂ ਅਨੁਸਾਰ ਬੈਂਕਾਂ, ਗੈਰ-ਬੈਂਕ ਵਿੱਤ ਕੰਪਨੀਆਂ (ਜਿਵੇਂ ਪਾਵਰ ਫਾਈਨਾਂਸ ਕਾਰਪੋਰੇਸ਼ਨ, ਐੱਲ.ਆਈ.ਸੀ. ਹਾਊਸਿੰਗ, ਬਜਾਜ ਫਾਈਨਾਂਸ, ਮੁਥੂਟ ਫਾਈਨਾਂਸ ਆਦਿ) ਅਤੇ ਕ੍ਰੈਡਿਟ ਕਾਰਡ ਪ੍ਰਬੰਧ ਕਰਤਾਵਾਂ (ਪ੍ਰੋਵਾਈਡਰਾਂ) ਨੂੰ ਛੋਟੀ ਰਕਮ ਵਾਲੇ ਕਰਜ਼ੇ ਡੁੱਬਣ ਦੇ ਖ਼ਦਸ਼ਿਆਂ ਦੇ ਮੱਦੇਨਜ਼ਰ ਆਪਣੇ ਕੋਲ ਵੱਧ ਰਕਮ ਦੇ ਰਾਖਵੇਂਕਰਨ ਲਈ ਨਿਰਦੇਸ਼ਤ ਕੀਤਾ ਹੈ। ਅਨੁਮਾਨ ਲਗਾਇਆ



**ਰਾਜੀਵ ਖੋਸਲਾ**
ਫੋਨ: +91-79860-36776

ਜਾ ਰਿਹਾ ਹੈ ਕਿ ਹੁਣ ਬੈਂਕਾਂ ਨੂੰ 84,000 ਕਰੋੜ ਰੁਪਏ ਦੀ ਰਕਮ ਦਾ ਰਾਖਵੇਂਕਰਨ ਕਰਨਾ ਪਵੇਗਾ ਜਿਹੜੀ ਉਸ ਤਰ੍ਹਾਂ ਬੈਂਕ ਉਤਪਾਦਕ ਉਦੇਸ਼ਾਂ ਲਈ ਵਰਤ ਸਕਦੇ ਸਨ। ਕੇਂਦਰੀ ਬੈਂਕ ਵੱਲੋਂ ਇਹ ਸਖ਼ਤ ਕਦਮ ਇਸ ਲਈ ਚੁੱਕਿਆ ਗਿਆ ਹੈ ਕਿਉਂਕਿ ਸਾਲ 2022-23 ਦੇ ਮੁਕਾਬਲੇ 2023-24 ਵਿਚ ਕਰਜ਼ਿਆਂ ਦੀ ਮੰਗ 12 ਸਾਲਾਂ (2011-12 ਤੋਂ ਬਾਅਦ) ਦੇ ਉੱਚ ਪੱਧਰ 'ਤੇ ਪਹੁੰਚ ਗਈ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕਰਜ਼ਿਆਂ ਦੀ ਮੰਗ ਵਿਚ ਇਜ਼ਾਫਾ ਉਸ ਵੇਲੇ ਹੋ ਰਿਹਾ ਹੈ ਜਦੋਂ ਵਿਆਜ ਦਰਾਂ ਭਾਰਤ ਵਿਚ ਅਸਮਾਨ ਛੂਹ ਰਹੀਆਂ ਹਨ। ਭਾਰਤੀ ਕੇਂਦਰੀ ਬੈਂਕ ਦੇ ਅੰਕੜੇ ਦਰਸਾਉਂਦੇ ਹਨ ਕਿ ਨਿੱਜੀ ਕਰਜ਼ੇ ਲੈਣ ਦੌਰਾਨ ਵੀ ਅਸੁਰੱਖਿਅਤ ਨਿੱਜੀ ਕਰਜ਼ੇ ਲੈਣ ਦਾ ਰੁਝਾਨ ਬਹੁਤ ਵਧਿਆ ਹੈ। ਅਸੁਰੱਖਿਅਤ ਨਿੱਜੀ ਕਰਜ਼ਿਆਂ ਦਾ ਮਤਲਬ ਹੈ ਅਜਿਹੇ ਕਰਜ਼ੇ ਜਿਨ੍ਹਾਂ ਵਿਰੁੱਧ ਬੈਂਕਾਂ ਜਾਂ ਵਿੱਤੀ ਅਦਾਰਿਆਂ ਕੋਲ ਕੁਝ ਵੀ ਗਿਰਵੀ ਨਹੀਂ ਰੱਖਿਆ ਗਿਆ ਹੈ। ਇਹ ਕਰਜ਼ੇ ਕ੍ਰੈਡਿਟ ਕਾਰਡ, ਵਿਦਿਅਕ ਕਰਜ਼ੇ ਜਾਂ ਨਿੱਜੀ ਕਰਜ਼ਿਆਂ ਦੇ ਤੌਰ 'ਤੇ ਹਾਸਲ ਕੀਤੇ ਗਏ ਹਨ। ਇਸ ਤਰ੍ਹਾਂ ਦੇ ਕਰਜ਼ਿਆਂ ਦੀ ਮੁੜ ਅਦਾਇਗੀ ਨਾ ਹੋਣ ਕਾਰਨ ਅਜਿਹੀ ਹਾਲਤ ਪੈਦਾ ਹੋ ਸਕਦੀ ਹੈ ਜੋ ਅਮਰੀਕਾ ਵਿਚ 2023 ਦੀ ਸ਼ੁਰੂਆਤ ਵਿਚ ਦੇਖਣ ਨੂੰ ਮਿਲੀ ਸੀ। ਉਦੋਂ ਵਿੱਤੀ ਸੰਕਟ ਪੈਦਾ ਹੋਇਆ ਸੀ ਅਤੇ ਕੁਝ ਬੈਂਕ ਫੇਲ੍ਹ ਹੋ ਗਏ ਸਨ। ਅਮਰੀਕੀ ਵਿੱਤੀ ਸੰਕਟ ਦਾ ਸੰਖੇਪ ਵਰਨਣ ਹੇਠਾਂ ਕੀਤਾ ਗਿਆ ਹੈ।

ਦਰਅਸਲ, ਸਾਲ 2008 ਦੇ ਵਿੱਤੀ ਸੰਕਟ ਤੋਂ ਸਬਕ ਲੈਂਦੇ ਹੋਏ ਅਮਰੀਕੀ ਕਾਂਗਰਸ ਨੇ ਭਵਿੱਖ ਦੇ ਸੰਕਟਾਂ ਨੂੰ ਨਜਿੱਠਣ ਦੇ ਮੱਦੇਨਜ਼ਰ ਅਜਿਹਾ ਕਾਨੂੰਨ ਬਣਾਉਣ ਦੀ ਪ੍ਰਸਤਾਵਨਾ ਦਿੱਤੀ ਜੋ ਬੈਂਕਾਂ ਅਤੇ ਵਿੱਤੀ ਅਦਾਰਿਆਂ ਦੁਆਰਾ ਚੁੱਕੇ ਜਾ ਰਹੇ ਬੇਤਹਾਸ਼ਾ ਜੋਖ਼ਮਾਂ ਨੂੰ ਸਹੀ ਤਰੀਕੇ ਨਾਲ ਪਰਿਭਾਸ਼ਿਤ ਕਰ ਕੇ ਇਨ੍ਹਾਂ ਨੂੰ ਸੀਮਤ ਕਰ ਸਕੇ। ਇਸ ਲੀਗ ਵਿਚ ਸਾਲ 2010 ਵਿਚ ਰਾਸ਼ਟਰਪਤੀ ਬਰਾਕ ਓਬਾਮਾ ਦੇ ਦਸਤਖ਼ਤ ਹੋਣ ਤੋਂ ਬਾਅਦ ਡੌਡ-ਫ੍ਰੈਂਕ ਵਾਲ ਸਟਰੀਟ ਸੁਧਾਰ ਅਤੇ ਖਪਤਕਾਰ ਸੁਰੱਖਿਆ ਐਕਟ ਹੋਂਦ ਵਿਚ ਆਇਆ। ਕ੍ਰਿਸਟੋਫਰ ਜੇ. ਡੌਡ ਅਤੇ ਬਾਰਨੀ ਫ੍ਰੈਂਕ (ਜਿਨ੍ਹਾਂ ਦੇ ਨਾਮ 'ਤੇ ਇਹ ਐਕਟ ਬਣਾਇਆ ਗਿਆ ਹੈ) ਨੇ 848 ਤੋਂ ਵੱਧ ਪੰਨਿਆਂ ਵਿਚ ਉਹ ਨਿਯਮ ਦਿੱਤੇ ਜੋ ਕਈ ਸਾਲਾਂ ਦੀ ਮਿਆਦ ਵਿਚ ਉਨ੍ਹਾਂ ਬੈਂਕਾਂ ਅਤੇ ਵਿੱਤੀ ਅਦਾਰਿਆਂ ਉੱਤੇ ਲਾਗੂ ਕੀਤੇ ਗਏ ਜਿਨ੍ਹਾਂ ਦੀ ਘੱਟੋ-ਘੱਟ ਸੰਪਤੀ 50 ਬਿਲੀਅਨ ਡਾਲਰ ਜਾਂ ਇਸ ਤੋਂ ਵੱਧ ਸੀ। ਡੌਡ-ਫ੍ਰੈਂਕ ਐਕਟ ਤਹਿਤ ਵਿੱਤੀ ਸਥਿਰਤਾ ਨਿਗਰਾਨੀ ਕੌਂਸਲ ਅਤੇ ਆਰਡਰਲੀ ਲਿਕੁਈਡੇਸ਼ਨ ਅਥਾਰਟੀ ਨੂੰ ਵੱਡੀਆਂ ਵਿੱਤੀ ਕੰਪਨੀਆਂ ਦੀ ਵਿੱਤੀ ਸਥਿਰਤਾ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਦੇ ਨਾਲ ਹੀ ਕੰਜ਼ਿਊਮਰ ਫਾਈਨੈਂਸ਼ੀਅਲ ਪ੍ਰੋਟੈਕਸ਼ਨ ਬਿਊਰੋ ਨੂੰ ਵਿੱਤੀ ਫਰਮਾਂ ਦੁਆਰਾ ਗ਼ਲਤ ਸ਼ਰਤਾਂ ਅਤੇ ਸੰਪਤੀ 'ਤੇ ਉਧਾਰ ਨਾ ਦੇਣ ਅਤੇ ਕਰਜ਼ੇ ਦੇਣ ਤੋਂ ਪਹਿਲਾਂ ਗਾਹਕਾਂ ਨੂੰ ਗਿਰਵੀਨਾਮੇ ਦੀਆਂ ਸ਼ਰਤਾਂ ਸਹੀ ਤਰੀਕੇ ਨਾਲ ਸਮਝਾਉਣ ਦੀ ਨਿਗਰਾਨੀ ਦਾ ਕੰਮ ਦਿੱਤਾ ਗਿਆ। ਸਕਿਓਰਿਟੀਜ਼ ਐਕਸਚੇਂਜ ਕਮਿਸ਼ਨ ਨੂੰ ਰੇਟਿੰਗ ਏਜੰਸੀਆਂ ਦੁਆਰਾ ਕਾਰੋਬਾਰਾਂ, ਨਗਰਪਾਲਿਕਾਵਾਂ ਅਤੇ ਹੋਰ ਸੰਸਥਾਵਾਂ ਦੀ ਅਰਥਪੂਰਨ ਅਤੇ ਭਰੋਸੇਮੰਦ




ਕ੍ਰੈਡਿਟ ਰੇਟਿੰਗ ਮੁਹੱਈਆ ਕਰਨ ਲਈ ਕਿਹਾ ਗਿਆ ਤਾਂ ਜੋ ਗੁਮਰਾਹਕੁਨ ਦਾਅਵਿਆਂ ਦੇ ਆਧਾਰ 'ਤੇ ਨਿਵੇਸ਼ ਰੋਕਿਆ ਜਾ ਸਕੇ। ਇਸ ਪ੍ਰਕਾਰ ਅਮਰੀਕਾ ਦੇ ਛੋਟੇ ਤੇ ਵੱਡੇ ਬੈਂਕਾਂ ਅਤੇ ਵਿੱਤੀ ਅਦਾਰਿਆਂ ਨੂੰ ਸਖ਼ਤ ਨਿਯਮਾਂ ਦੀ ਪਾਲਣਾ ਲਈ ਮਜਬੂਰ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਸਾਲ 2007 ਦੀ ਮੰਦੀ ਆਉਣ ਤੋਂ ਪਹਿਲਾਂ ਅਮਰੀਕਾ ਦੇ ਲੋਕਾਂ ਨੂੰ ਉੱਥੇ ਦੀਆਂ ਵੱਡੀਆਂ ਕੰਪਨੀਆਂ ਨੇ ਗਲਤ ਤਰੀਕੇ ਨਾਲ ਚੰਗੀ ਰੇਟਿੰਗ ਕਰ ਕੇ, ਗੁਮਰਾਹਕੁਨ ਸ਼ਰਤਾਂ ਨਾਲ ਬਿਨਾ ਕਿਸੇ ਗਿਰਵੀਨਾਮੇ ਦੇ ਰਿਹਾਇਸ਼ੀ ਮਕਾਨ ਵੇਚੇ ਸਨ ਜੋ 2007 ਦੀ ਮੰਦੀ ਦਾ ਵੱਡਾ ਕਾਰਨ ਬਣਿਆ ਸੀ।

ਅਮਰੀਕਾ ਦੀ ਰਿਪਬਲਿਕਨ ਪਾਰਟੀ ਅਤੇ ਕਾਰਪੋਰੇਟਾਂ ਦੁਆਰਾ ਸ਼ੁਰੂ ਤੋਂ ਹੀ ਡੌਡ-ਫ੍ਰੈਂਕ ਐਕਟ ਦਾ ਵਿਰੋਧ ਇਹ ਦਲੀਲ ਦੇ ਕੇ ਕੀਤਾ ਗਿਆ ਕਿ ਇਹ ਕਾਨੂੰਨ ਅਮਰੀਕੀ ਕੰਪਨੀਆਂ ਨੂੰ ਉਨ੍ਹਾਂ ਦੀ ਮੁਕਾਬਲੇਬਾਜ਼ ਵਿਦੇਸ਼ੀ ਕੰਪਨੀਆਂ ਦੇ ਵਿਰੁੱਧ ਨੁਕਸਾਨ ਪਹੁੰਚਾ ਸਕਦਾ ਹੈ। ਐਕਟ ਅਧੀਨ ਸਾਰੇ ਨਿਯਮਾਂ ਦੀ ਪਾਲਣਾ ਖ਼ਾਸ ਤੌਰ 'ਤੇ ਛੋਟੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ 'ਤੇ ਬੇਲੋੜਾ ਬੋਝ ਪਾ ਸਕਦੀਆਂ ਹਨ ਜਿਨ੍ਹਾਂ ਦੀ ਵਿੱਤੀ ਸੰਕਟ ਪੈਦਾ ਕਰਨ ਵਿਚ ਕੋਈ ਭੂਮਿਕਾ ਨਹੀਂ ਹੁੰਦੀ। 2017 ਵਿਚ ਰਿਪਬਲਿਕਨ ਪਾਰਟੀ ਅਤੇ ਡੋਨਾਲਡ ਟਰੰਪ ਦੇ ਸੱਤਾ ਵਿਚ ਆਉਣ ਤੋਂ ਬਾਅਦ 2018 ਵਿਚ ਡੌਡ-ਫ੍ਰੈਂਕ ਐਕਟ ਦੀਆਂ ਮੁੱਖ ਧਾਰਾਵਾਂ ਵਾਪਸ ਲੈ ਲਈਆਂ। ਡੌਡ-ਫ੍ਰੈਂਕ ਐਕਟ ਦੇ ਵਿਸਤ੍ਰਿਤ ਨਿਯਮਾਂ ਨੂੰ ਕੇਵਲ ਉਨ੍ਹਾਂ ਬੈਂਕਾਂ ਜਾਂ ਵਿੱਤੀ ਅਦਾਰਿਆਂ ਲਈ ਮਿਆਰੀ ਬਣਾਇਆ ਗਿਆ ਜਿਨ੍ਹਾਂ ਦੀ ਸੰਪਤੀ ਘੱਟੋ-ਘੱਟ 250 ਬਿਲੀਅਨ ਡਾਲਰ ਸੀ; ਇਨ੍ਹਾਂ ਵਿਚ ਉਸ ਸਮੇਂ ਕੇਵਲ ਇੱਕ ਦਰਜਨ ਬੈਂਕ ਹੀ ਸ਼ਾਮਲ ਸਨ। ਡੌਡ-ਫ੍ਰੈਂਕ ਐਕਟ ਦੇ ਉਦਾਰਵਾਦੀ ਸੁਧਾਰਾਂ ਦਾ ਸਿੱਧਾ ਮਤਲਬ ਸੀ- ਵਿੱਤੀ ਸੰਸਥਾਵਾਂ ਉੱਤੇ ਘੱਟ ਸਖ਼ਤੀ ਨਾਲ ਨਿਯਮਾਂ ਦੀ ਪਾਲਣਾ ਕਰਨ ਦੇ ਹੁਕਮ। ਇਹੋ ਕਾਰਨ ਸੀ ਕਿ ਜਦੋਂ ਸਿਲੀਕਾਨ ਵੈਲੀ ਬੈਂਕ 'ਸਟਾਰਟਅੱਪਸ' ਜਾਂ ਇਸ ਵਿਚ ਸ਼ੇਅਰ ਮਾਰਕਿਟ ਰਾਹੀਂ ਨਿਵੇਸ਼ ਕਰਨ ਵਾਲਿਆਂ ਨੂੰ ਬੇਤਹਾਸ਼ਾ ਕਰਜ਼ੇ ਦੇ ਰਿਹਾ ਸੀ ਤਾਂ ਉਸ ਉੱਤੇ ਨਜ਼ਰ ਰੱਖਣ ਵਾਲਾ ਕੋਈ ਨਹੀਂ ਸੀ।

ਸਿਲੀਕਾਨ ਵੈਲੀ ਬੈਂਕ ਨੇ ਲੰਮੇ ਸਮੇਂ ਲਈ 'ਸਟਾਰਟਅੱਪਸ' ਨੂੰ ਆਪਣੇ ਕੋਲ ਖਾਤਾ ਖੋਲ੍ਹ ਕੇ ਕਰਜ਼ੇ ਦਿੱਤੇ ਅਤੇ 'ਸਟਾਰਟਅੱਪਸ' ਨੇ ਵੀ ਕਰਜ਼ੇ ਦੀ ਰਕਮ ਨੂੰ ਹੌਲੀ ਹੌਲੀ ਬੈਂਕ ਵਿਚੋਂ ਕਢਵਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਬੈਂਕ ਦਾ ਰੋਜ਼ਾਨਾ ਕੰਮ-ਕਾਜ ਚਲਦਾ ਰਿਹਾ ਪਰ ਰੂਸ-ਯੂਕਰੇਨ ਜੰਗ ਕਾਰਨ ਜਦੋਂ ਮਹਿੰਗਾਈ ਵਧੀ ਅਤੇ ਕੇਂਦਰੀ ਬੈਂਕਾਂ ਨੇ ਵਿਆਜ ਦੀ ਦਰ ਵਧਾਈ ਤਾਂ 'ਸਟਾਰਟਅੱਪਸ' ਦੀ ਫੰਡਿੰਗ ਵਿਚ ਖ਼ਾਸੀ ਕਮੀ ਦੇਖਣ ਨੂੰ ਮਿਲੀ। ਨਿਰਾਸ਼ਾਵਾਦੀ ਮਾਹੌਲ ਬਣਦੇ ਦੇਖ ਨਿਵੇਸ਼ਕਾਂ ਨੇ ਵੀ ਇਨ੍ਹਾਂ 'ਸਟਾਰਟਅੱਪਸ' ਵਿਚੋਂ ਪੈਸਾ ਕਢਵਾਉਣਾ ਸ਼ੁਰੂ ਕਰ ਦਿੱਤਾ। ਬੈਂਕ ਨੇ ਸਥਿਤੀ ਉੱਤੇ ਕਾਬੂ ਪਾਉਣ ਦੇ ਚਲਦੇ 'ਸਟਾਰਟਅੱਪਸ' ਨੂੰ ਦਿੱਤੇ ਕਰਜ਼ਿਆਂ ਨੂੰ ਸਸਤੀਆਂ ਦਰਾਂ ਤੇ ਹੋਰ ਵਿੱਤੀ ਅਦਾਰਿਆਂ ਨੂੰ ਵੇਚ ਦਿੱਤਾ ਪਰ ਬੈਂਕ ਦੀ ਇਹ ਕੋਸ਼ਿਸ਼ ਵੀ ਅਸਫਲ ਰਹੀ ਅਤੇ ਅੰਤ ਵਿਚ ਬੈਂਕ ਪੂਰੀ ਤਰ੍ਹਾਂ ਫੇਲ੍ਹ ਹੋ ਗਿਆ।

ਫੇਲ੍ਹ ਹੋਣ ਤੋਂ ਪਹਿਲਾਂ ਅਮਰੀਕਾ ਦੇ ਹੋਰ ਬੈਂਕਾਂ ਦੀ ਹਾਲਤ ਵੀ ਇਹੋ ਜਿਹੀ ਸੀ। ਇਹ ਬੈਂਕ ਜਮ੍ਹਾਂਕਰਤਾਵਾਂ ਤੋਂ ਫੈਡਰਲ ਡਿਪਾਜ਼ਿਟ ਇੰਸ਼ੋਰੈਂਸ ਕਾਰਪੋਰੇਸ਼ਨ ਦੁਆਰਾ ਬੀਮਾ ਯੁਕਤ ਰਕਮ (2.5 ਲੱਖ ਡਾਲਰ ਪ੍ਰਤੀ ਜਮ੍ਹਾਂਕਰਤਾ ਪ੍ਰਤੀ ਬੈਂਕ) ਤੋਂ ਉੱਪਰ ਹੀ ਰਕਮ ਇਕੱਠੀ ਕਰ ਰਹੇ ਸਨ ਕਿਉਂਕਿ ਬੀਮਾ ਯੁਕਤ ਰਕਮ ਤੋਂ ਉੱਪਰ ਦੀ ਰਕਮ ਦੀ ਰੈਗੂਲੇਟਰਾਂ ਨੂੰ ਜਵਾਬਦੇਹੀ ਘੱਟ ਸੀ। ਇਸ ਰਕਮ ਨੂੰ ਬੈਂਕ ਬਿਨਾਂ ਕਿਸੇ ਨਿਯਮਾਂ ਅਤੇ ਸ਼ਰਤਾਂ ਦੀ ਪਾਲਣਾ ਕੀਤੇ ਆਪਣੀ ਮਨਮਰਜ਼ੀ ਅਨੁਸਾਰ ਨਿਵੇਸ਼ ਜਾਂ ਖ਼ਰਚ ਕਰ ਰਹੇ ਸਨ। ਜਿੱਥੇ ਇਨ੍ਹਾਂ ਬੈਂਕਾਂ ਨੇ ਨਿਵੇਸ਼ ਕੀਤਾ ਸੀ (ਕ੍ਰਿਪਟੋ, ਸਟਾਰਟਅੱਪਸ, ਆਦਿ), ਜਦੋਂ ਉਨ੍ਹਾਂ ਸਰੋਤਾਂ ਤੋਂ ਅਦਾਇਗੀਆਂ ਘਟੀਆਂ ਤਾਂ ਇਹ ਬੈਂਕ ਇੱਕ ਇੱਕ ਕਰ ਕੇ ਫੇਲ੍ਹ ਹੋਣ ਲੱਗ ਪਏ। ਇਸ ਪ੍ਰਕਾਰ ਆਰਥਿਕ ਉਤਰਾਅ-ਚੜ੍ਹਾਅ ਦੇ ਹਾਲਾਤ ਨੇ ਅਮਰੀਕਾ ਵਿਚ ਢਾਂਚੇ ਨਾਲ ਜੁੜੇ ਜੋਖ਼ਮਾਂ ਨੂੰ ਜਨਮ ਦਿੱਤਾ ਜਿਸ ਦੀ ਲਪੇਟ ਵਿਚ ਆ ਕੇ ਬੈਂਕਾਂ ਅਤੇ ਹੋਰ ਵਿੱਤੀ ਅਦਾਰਿਆਂ ਵਿਚ ਉਨ੍ਹਾਂ ਦੇ ਬਚਾਅ ਦਾ ਹੀ ਸੰਕਟ ਪੈਦਾ ਹੋ ਗਿਆ।

ਭਾਰਤ ਵਿਚ ਵੀ ਜਦੋਂ ਅਸੁਰੱਖਿਅਤ ਕਰਜ਼ੇ ਲੈਣ ਦੀ ਹੋੜ ਲੱਗੀ ਸੀ ਤਾਂ ਭਾਰਤ ਸਰਕਾਰ ਨੇ ਪਹਿਲਾਂ ਤਾਂ ਇਸ (ਕਰਜ਼ੇ ਵਧਣ) ਨੂੰ ਕਰੋਨਾ ਤੋਂ ਰਿਕਵਰੀ ਦਾ ਪ੍ਰਤੀਕ ਦੱਸਿਆ ਪਰ ਜਦੋਂ ਤਕ ਸਰਕਾਰ ਅਤੇ ਕੇਂਦਰੀ ਬੈਂਕ ਨੂੰ ਅਹਿਸਾਸ ਹੋਇਆ ਕਿ ਬੇਤਹਾਸ਼ਾ ਬੇਰੁਜ਼ਗਾਰੀ, ਘਟਦੀ ਆਮਦਨ ਅਤੇ ਗਰੀਬੀ ਕਾਰਨ ਇਹ ਕਰਜ਼ੇ ਮਹਿਜ਼ ਬੁਲਬੁਲਾ ਬਣਾ ਰਹੇ ਹਨ ਜੋ ਕਿਸੇ ਵੀ ਸਮੇਂ ਫਟ ਸਕਦਾ ਹੈ ਤਾਂ ਬੈਂਕਾਂ ਅਤੇ ਗੈਰ-ਬੈਂਕ ਵਿੱਤ ਕੰਪਨੀਆਂ ਨੂੰ ਨਿਰਦੇਸ਼ਤ ਕੀਤਾ ਗਿਆ ਕਿ ਉਹ ਆਪਣੇ ਕੋਲ ਵੱਧ ਰਕਮ ਰਾਖਵੀਂ ਰੱਖਣ। ਹਾਲ ਦੀ ਘੜੀ ਭਾਵੇਂ ਹਾਲਾਤ ਕਾਬੂ ਵਿਚ ਹਨ ਪਰ ਇਹ ਭਵਿੱਖ ਵਿਚ ਕਿਸੇ ਸਮੇਂ ਵੀ ਸੰਕਟ ਵਾਲੇ ਹਾਲਾਤ ਪੈਦਾ ਕਰ ਸਕਦੇ ਹਨ।

# ਆਪਣੇ ਹੀ ਖਿਲਾਫ ਜੰਗ

ਸਾਲ 1945 ਵਿਚ ਬਰਤਾਨਵੀ ਸਾਮਰਾਜ ਦਾ ਸੂਰਜ ਅਸਤ ਹੋ ਗਿਆ ਸੀ ਅਤੇ ਉਸੇ ਸਾਲ ਅਮਰੀਕੀ ਤੇ ਰੂਸੀ ਸਾਮਰਾਜ ਉਦੈ ਹੋਏ ਸਨ। ਪੱਛਮੀ ਤਾਕਤਾਂ ਅਤੇ ਸੋਵੀਅਤ ਸੰਘ ਵਿਚਕਾਰ ਯੂਰਪ ਦੀ ਇਸ ਕਦਰ ਸਫ਼ਾਈ ਨਾਲ ਵੰਡ ਕਰ ਦਿੱਤੀ ਗਈ ਕਿ ਪਰਦੇ ਦੇ ਦੂਜੇ ਪਾਸੇ ਕੁਝ ਵੀ ਦਿਖਾਈ ਸੁਣਾਈ ਨਾ ਦੇ ਸਕੇ। ਇਸ ਤੋਂ ਇਲਾਵਾ, ਲਾਤੀਨੀ ਖਿੱਤਾ ਅਮਰੀਕਾ ਦੇ ਵੰਡੇ ਆ ਗਿਆ ਅਤੇ ਮੱਧ ਏਸ਼ੀਆ ਸੋਵੀਅਤ ਸੰਘ ਦੀ ਧੁਰੀ ਦੇ ਪ੍ਰਭਾਵ ਹੇਠ ਆ ਗਿਆ ਸੀ। ਇਨ੍ਹਾਂ ਦੋਵੇਂ ਵੱਡੀਆਂ ਤਾਕਤਾਂ ਵਲੋਂ ਮੱਧ ਪੂਰਬ ਅਤੇ ਪੱਛਮੀ ਏਸ਼ੀਆ ਦੀਆਂ ਜ਼ਿਆਦਾਤਰ ਸਲਤਨਤਾਂ ਉਪਰ ਆਪਣਾ ਪ੍ਰਭਾਵ ਵਧਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ। ਅਮਰੀਕੀਆਂ ਨੇ ਕਮਿਊਨਿਜ਼ਮ ਦਾ ਟਾਕਰਾ

**ਗੁਰਬਚਨ ਜਗਤ**

ਕਰਨ ਤੇ ਇਸ ਨੂੰ ਭਾਂਜ ਦੇਣ ਜਦਕਿ ਸੋਵੀਅਤ ਸੰਘ ਨੇ ਇਸ ਨੂੰ ਦੁਨੀਆ ਭਰ ਵਿਚ ਫੈਲਾਉਣ ਦਾ ਜ਼ਿੰਮਾ ਚੁੱਕ ਲਿਆ ਜਿਸ ਦੇ ਸਿੱਟੇ ਵਜੋਂ 'ਸੀਤ ਜੰਗ' ਸ਼ੁਰੂ ਹੋ ਗਈ। ਆਪੋ-ਆਪਣੇ ਉਦੇਸ਼ਾਂ ਦਾ ਪਿੱਛਾ ਕਰਦਿਆਂ ਇਨ੍ਹਾਂ ਸਾਮਰਾਜਾਂ ਦਾ ਵੱਖ ਵੱਖ ਦੇਸ਼ਾਂ ਵਿਚ ਟਕਰਾਅ ਹੋਇਆ ਪਰ ਕਦੇ ਵੀ ਜੰਗ ਇਨ੍ਹਾਂ ਦੇ ਆਪਣੇ ਦਰਾਂ 'ਤੇ ਨਹੀਂ ਢੁੱਕੀ ਸੀ। ਅਮਰੀਕਾ ਵੀਅਤਨਾਮ, ਲਾਓਸ, ਕੰਬੋਡੀਆ, ਕਿਊਬਾ, ਕਾਂਗੋ ਅਤੇ ਅਫਰੀਕਾ ਅਤੇ ਏਸ਼ੀਆ ਦੇ ਵੱਖੋ-ਵੱਖਰੇ ਦੇਸ਼ਾਂ ਵਿਚਲੇ ਕਮਿਊਨਿਸਟਾਂ ਖ਼ਿਲਾਫ਼ ਲੜਨ ਗਿਆ ਜੋ ਆਪੋ-ਆਪਣੇ ਬਸਤੀਵਾਦੀ ਹਾਕਮਾਂ ਤੋਂ ਮੁਕਤੀ ਪਾਉਣ ਲਈ ਜੂਝ ਰਹੇ ਸਨ। ਜੰਗ ਦਾ ਕਾਰਨ ਭਾਵੇਂ ਵਿਚਾਰਧਾਰਾ ਵੀ ਰਹੀ ਹੋਵੇਗੀ ਪਰ ਬੁਨਿਆਦੀ ਤੌਰ 'ਤੇ ਸੱਤਾ ਦੀ ਪੁਰਾਣੀ ਹਵਸ ਅਤੇ ਆਰਥਿਕ ਲਾਭ ਹੀ ਇਸ ਦਾ ਮੁੱਖ ਕਾਰਨ ਸਨ। ਇਨ੍ਹਾਂ ਦੋਵਾਂ ਧੜਿਆਂ ਵਿਚਕਾਰ ਸਫ਼ਾਈ ਨਾਲ ਬੁਣੀ ਗਈ ਆਲਮੀ ਵਿਵਸਥਾ ਸੋਵੀਅਤ ਸੰਘ ਦੇ ਟੁੱਟਣ ਨਾਲ ਖਿੰਡ ਪੁੰਡ ਗਈ ਅਤੇ ਅਮਰੀਕਾ ਇਕਲੌਤੀ ਮਹਾਂਸ਼ਕਤੀ ਦੇ ਤੌਰ 'ਤੇ ਉਭਰਿਆ।

ਵਕਤ ਦੀਆਂ ਘੜੀਆਂ ਵੀਹਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਹੋਈਆਂ ਦੋ ਆਲਮੀ ਜੰਗਾਂ ਵੱਲ ਪਰਤਾਉਂਦੇ ਹੋਏ ਪਤਾ ਲਗਦਾ ਹੈ ਕਿ ਪਹਿਲੀ ਆਲਮੀ ਜੰਗ ਉਦੋਂ ਹੋਈ ਸੀ ਜਦੋਂ ਉਸ ਵੇਲੇ ਦੀਆਂ ਧੁਰੀ ਸ਼ਕਤੀਆਂ (ਜਰਮਨੀ, ਆਸਟਰੀਆ-ਹੰਗਰੀ, ਬੁਲਗਾਰੀਆ ਤੇ ਓਟੋਮਾਨ ਸਾਮਰਾਜ) ਨੇ ਮੁੱਖ ਤੌਰ 'ਤੇ ਬਰਤਾਨੀਆ ਅਤੇ ਫਰਾਂਸ ਵਲੋਂ ਕੀਤੀ ਗਈ ਦੁਨੀਆ ਦੀ ਬਸਤੀਵਾਦੀ ਵੰਡ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਸੀ। ਬਸਤੀਆਂ ਦੀ ਇਸ ਖੇਡ ਵਿਚ ਕਾਫ਼ੀ ਦੇਰ ਨਾਲ ਸ਼ਾਮਲ ਹੋਏ ਜਰਮਨੀ ਨੇ ਇਸ ਗੱਠਜੋੜ ਦੇ ਹੋਰਨਾਂ ਮੈਂਬਰਾਂ ਤੋਂ ਆਪਣੇ ਲਈ ਵੱਡਾ ਹਿੱਸਾ ਵੰਡਾਉਣਾ ਚਾਹਿਆ। ਪੁਰਾਣੀ ਕਹਾਵਤ ਹੈ ਕਿ ਮਨੁੱਖ ਜਾਤੀ ਲਾਲਚ ਤੇ ਡਰ ਨਾਲ ਚਲਦੀ ਹੈ ਜਿਸ ਕਰ ਕੇ ਸਾਡਾ ਇਤਿਹਾਸ ਅਸਲ ਵਿਚ ਜੰਗਾਂ ਦਾ ਇਤਿਹਾਸ ਹੀ ਹੈ। ਜੰਗ ਦਾ ਤਤਕਾਲੀ ਕਾਰਨ ਧਰਮ, ਨਸਲ, ਵਿਚਾਰਧਾਰਾ, ਗਲਤ ਕੰਮ ਜਾਂ ਵਿਤਕਰੇ ਦਾ ਅਹਿਸਾਸ ਹੋ ਸਕਦਾ ਹੈ ਪਰ ਇਸ ਦੀ ਸਤਹ ਹੇਠਾਂ ਵੱਧ ਤੋਂ ਵੱਧ ਸਰੋਤ, ਜ਼ਮੀਨ, ਜ਼ਿਆਦਾ ਵਪਾਰ ਤੇ ਸੱਤਾ ਇਕੱਠੀ ਕਰਨ ਦੀ ਹਵਸ ਕੰਮ ਕਰ ਰਹੀ ਹੁੰਦੀ ਹੈ।

ਦੂਜੀ ਆਲਮੀ ਜੰਗ ਮੂਲ ਰੂਪ ਵਿਚ ਪਹਿਲੀ ਜੰਗ ਦੀ ਹੀ ਲਤੀ ਸੀ ਜਿਸ ਦਾ ਤਤਕਾਲੀ ਕਾਰਨ ਜਰਮਨੀ ਦੇ ਮਨ ਵਿਚ ਜ਼ਲਾਲਤ ਦਾ ਅਹਿਸਾਸ ਸੀ ਪਰ ਇਸ ਦਾ ਬੁਨਿਆਦੀ ਕਾਰਨ ਨਾਜ਼ੀ ਸਟੇਟ ਵਲੋਂ ਆਪਣੇ ਪੈਰ ਪਸਾਰਨ ਦੀ ਗਹਿਰੀ ਖਾਹਿਸ਼ ਸੀ। ਇਸ ਤੋਂ ਪਿਛਾਂਹ ਉਨੀਵੀਂ ਸਦੀ ਦੇ ਸ਼ੁਰੂ ਵਿਚ ਮੱਧ ਏਸ਼ੀਆ ਅਤੇ ਦੱਖਣੀ ਏਸ਼ੀਆ ਉਪਰ ਕਬਜ਼ਾ ਜਮਾਉਣ ਲਈ ਬਰਤਾਨਵੀ ਅਤੇ ਰੂਸੀ ਸਾਮਰਾਜਾਂ ਵਿਚਕਾਰ ਮੁਕਾਬਲੇ ਦੀ ਬਸਤੀਵਾਦੀ 'ਮਹਾਂ ਖੇਡ' ਖੇਡੀ ਗਈ ਸੀ। ਇਹ ਇਨ੍ਹਾਂ ਖੇਤਰਾਂ ਵਿੱਚ ਪ੍ਰਭਾਵ ਨੂੰ ਲੈ ਕੇ ਚੱਲਿਆ ਵੈਰ ਵਿਰੋਧ ਸੀ ਅਤੇ ਇਸ ਲਈ ਕੂਟਨੀਤੀ, ਸਾਜ਼ਿਸ਼ਾਂ ਅਤੇ ਖੇਤਰੀ ਯੁੱਧਾਂ ਦੀ ਵਰਤੋਂ ਕੀਤੀ ਗਈ ਸੀ। ਵਕਤ ਦੀਆਂ ਸੂਈਆਂ ਅਤੇ ਜੰਗਾਂ ਦੇ ਇਤਿਹਾਸ ਨੂੰ ਕਿੰਨਾ ਮਰਜ਼ੀ ਪੁੱਠਾ ਗੇੜਾ ਦਿੰਦੇ ਰਹੋ, ਲਾ ਪਾ ਕੇ ਇਸ 'ਚੋਂ ਪ੍ਰਭਾਵ ਅਤੇ ਸਾਜ਼ਿਸ਼ ਦਾ ਦੁਹਰਾਓ ਹੀ ਹੁੰਦਾ ਰਹੇਗਾ। ਸੱਤਾ ਦੀ ਖੇਡ ਕਦੇ ਨਹੀਂ ਰੁਕਦੀ ਅਤੇ ਜੰਗਾਂ ਦੇ ਬਹਾਨੇ ਜੇ ਪਹਿਲਾਂ ਮੌਜੂਦ ਨਾ ਹੋਣ ਤਾਂ ਨਵੇਂ ਘੜ ਲਏ ਜਾਂਦੇ ਹਨ। ਇਨ੍ਹਾਂ ਬਹਾਨਿਆਂ ਦੇ ਪਰਦੇ ਹੇਠ ਵਪਾਰ ਤੇ ਵਣਜ ਨੂੰ ਕੰਟਰੋਲ ਕਰਨ ਦੀ ਖਾਹਿਸ਼ ਪਈ ਹੁੰਦੀ ਹੈ। ਇਰਾਕ 'ਚੋਂ ਅੱਜ ਤੱਕ ਜਨ ਤਬਾਹੀ ਦਾ ਕੋਈ ਹਥਿਆਰ ਨਹੀਂ ਲੱਭਿਆ ਜਾ ਸਕਿਆ ਪਰ ਫਿਰ ਵੀ ਇਸ 'ਤੇ ਮਣਾਂ-ਮੂੰਹੀ ਬੰਬਾਰੀ ਕਰ ਕੇ ਇਸ ਨੂੰ ਮੁੜ ਕੇ ਪੱਥਰ ਯੁੱਗ ਵਿਚ ਪਹੁੰਚਾ ਦਿੱਤਾ ਹੈ। ਸਾਮਰਾਜਾਂ ਦੀ ਕਬਰਗਾਹ ਮੰਨੇ ਜਾਂਦੇ ਅਫ਼ਗਾਨਿਸਤਾਨ ਨੇ ਬਹੁਤ ਸਾਰੇ ਸਾਮਰਾਜ ਆਉਂਦੇ ਜਾਂਦੇ ਤੱਕੇ ਹਨ, ਫਿਰ ਵੀ ਉੱਥੇ ਬਹੁਤਾ ਕੁਝ ਨਹੀਂ ਬਦਲ ਸਕਿਆ। ਪਰਮਾਣੂ ਸ਼ਕਤੀ, ਕੰਪਿਊਟਰਾਂ ਅਤੇ ਸੂਚਨਾ ਤਕਨਾਲੋਜੀ ਦੇ ਇਸ ਯੁੱਗ ਵਿਚ ਅਸੀਂ ਤਕਨੀਕੀ ਤੌਰ 'ਤੇ ਬਹੁਤ ਵਿਕਸਤ ਹੋ ਗਏ ਹਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਰੋਬੋਟਿਕਸ ਦਾ ਇਸਤੇਮਾਲ ਕਰਨ ਲੱਗੇ ਹਾਂ... ਪਰ ਅਜੇ ਵੀ ਕੀ ਅਸੀਂ ਬੀਤੇ ਸਮਿਆਂ ਵਿਚ ਦੁਨੀਆ ਭਰ ਵਿਚ ਘੁੰਮਣ ਵਾਲੇ ਖਾਨਾਬਦੋਸ਼ਾਂ ਨਾਲੋਂ ਜੁਦਾ ਹਾਂ? ਸਾਡਾ ਲਾਲਚ, ਕ੍ਰੋਧ, ਨਫ਼ਰਤ, ਲਾਲਸਾ ਜਾਂ ਘਮੰਡ ਅਜੇ ਵੀ ਸਿਰ ਚੜ੍ਹ ਕੇ ਬੋਲਦਾ ਰਹਿੰਦਾ ਹੈ ਜਿਵੇਂ ਅਤੀਤ ਵਿਚ ਮੰਗੋਲ ਧਾੜਵੀਆਂ, ਸਿਕੰਦਰ ਮਹਾਨ ਜਾਂ ਰੋਮਨ ਸਾਮਰਾਜ ਦੇ ਸਮਿਆਂ ਵਿਚ ਬੋਲਦਾ ਸੀ... ਬਸ ਇਹ ਫ਼ਰਕ ਪਿਆ ਹੈ ਕਿ ਅੱਜ ਅਸੀਂ ਇਕ ਦੂਜੇ ਦਾ ਜ਼ਿਆਦਾ ਨੁਕਸਾਨ ਕਰ ਸਕਦੇ ਹਾਂ। ਸਾਡੀ ਆਪਣੇ ਆਪ ਨੂੰ ਤਬਾਹ ਕਰਨ ਦੀ ਕਾਬਲੀਅਤ ਕਈ ਗੁਣਾ ਵਧ ਗਈ ਹੈ। ਅਸਲ ਵਿਚ ਸੀਤ ਜੰਗ ਦੇ ਸਿਧਾਂਤ ਨੂੰ 'ਮੈਡ' ਜਾਂ (ਮਿਲ ਜੁਲ ਕੇ ਲਾਜ਼ਮੀ ਤਬਾਹੀ) ਆਖਿਆ ਜਾਂਦਾ ਸੀ।

ਹਾਲੀਆ ਇਤਿਹਾਸ ਵਿਚ ਜਿਵੇਂ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨਾਟੋ (ਪੱਛਮੀ ਦੇਸ਼ਾਂ ਦਾ ਫ਼ੌਜੀ ਗੱਠਜੋੜ) 'ਤੇ ਭਰੋਸਾ ਨਹੀਂ ਕਰਦੇ ਸਨ ਅਤੇ ਚਾਹੁੰਦੇ ਸਨ ਕਿ ਯੂਰਪ ਆਪਣੀ ਸੁਰੱਖਿਆ ਦਾ ਖ਼ਰਚਾ ਅਦਾ ਕਰੇ ਤਾਂ ਅਸੀਂ ਇਸ ਪੁਰਾਣੇ ਗੱਠਜੋੜ ਨੂੰ ਛਿੱਥਾ ਪੈਂਦੇ ਦੇਖਿਆ ਹੈ। ਇਸ ਨਾਲ ਰੂਸੀਆਂ ਦਾ ਮਨੋਬਲ ਵਧ ਗਿਆ ਜੋ ਪਹਿਲਾਂ ਹੀ ਪੂਰਬੀ ਯੂਰਪ ਅੰਦਰ ਨਾਟੋ ਦੇ ਵਿਸਤਾਰ ਦਾ ਵਿਰੋਧ ਕਰ ਰਹੇ ਸਨ। ਟਰੰਪ ਦੀ ਹਾਰ ਅਤੇ ਬਾਇਡਨ ਦੇ ਰਾਸ਼ਟਰਪਤੀ ਚੁਣੇ ਜਾਣ ਨਾਲ ਅਮਰੀਕੀਆਂ ਨੇ ਯੂਰਪ ਵਿਚ ਅਤੇ ਨਾਟੋ ਦੀ ਸੁਰਜੀਤੀ ਤੇ ਮਜ਼ਬੂਤੀ ਵਿਚ ਮੁੜ ਰੁਚੀ ਲੈਣੀ ਸ਼ੁਰੂ ਕਰ ਦਿੱਤੀ। ਯੂਕਰੇਨ ਨੂੰ ਨਾਟੋ ਦੀ ਮੁਹਰਲੀ ਚੌਕੀ ਬਣਾਉਣ ਦੀਆਂ ਉਨ੍ਹਾਂ ਦੀਆਂ ਕੋਸ਼ਿਸ਼ਾਂ ਤੋਂ ਰੂਸ ਦਾਨਵ ਜਾਗ ਪਿਆ ਜੋ ਉਸ 'ਤੇ ਝਪੱਟਾ ਮਾਰਨ ਦੀ ਤਾਕ ਵਿਚ ਹੀ ਬੈਠਾ ਸੀ।

ਪੂਤਿਨ ਨੇ ਯੂਕਰੇਨ 'ਤੇ ਕੁਝ ਦਿਨਾਂ ਵਿਚ ਹੀ ਕਬਜ਼ਾ ਕਰਨ ਦੇ ਮਨਸ਼ੇ ਨਾਲ ਇਸ 'ਤੇ ਹਮਲਾ ਕਰ ਕੇ ਵੱਡੀ ਖ਼ਤਾ ਕਰ ਦਿੱਤੀ। ਯੂਕਰੇਨ ਨੇ ਆਪਣੀ ਤਾਕਤ ਜੁਟਾ ਕੇ ਪੱਛਮ ਖ਼ਾਸਕਰ ਅਮਰੀਕਾ ਦੀ ਸਹਾਇਤਾ ਨਾਲ ਮੋੜਵਾਂ ਹੱਲਾ ਬੋਲ ਦਿੱਤਾ। ਡਰੇ ਸਹਿਮੇ ਪੱਛਮੀ ਯੂਰਪ ਨੇ ਇਕ ਵਾਰ ਫਿਰ ਅਮਰੀਕਾ ਦੀ ਅਗਵਾਈ ਕਬੂਲ ਕਰ ਲਈ ਅਤੇ ਹੁਣ ਇਸ ਦਾ ਮੁੱਖ ਉਦੇਸ਼ ਰੂਸ ਦਾ ਆਰਥਿਕ ਅਤੇ ਫ਼ੌਜੀ ਸਾਹ-ਸਤ ਕੱਢਣਾ ਹੈ। ਯੂਕਰੇਨ ਨੂੰ ਅਰਬਾਂ ਡਾਲਰ ਦੇ ਹਥਿਆਰ ਤੇ ਹੋਰ ਸਾਜ਼ੋ-ਸਾਮਾਨ ਮੁਹੱਈਆ ਕਰਵਾਏ ਗਏ। ਅਮਰੀਕਾ ਦਾ ਫ਼ੌਜੀ ਸਨਅਤੀ ਕੰਪਲੈਕਸ ਇਕ ਵਾਰ ਫਿਰ ਪੂਰੀ ਤਰ੍ਹਾਂ ਹਰਕਤ ਵਿਚ ਆ ਗਿਆ ਹੈ। ਇਸ ਦੌਰਾਨ ਰੂਸੀ ਅਰਥਚਾਰੇ 'ਤੇ ਪੱਛਮੀ ਦੇਸ਼ਾਂ ਦੀਆਂ ਪਾਬੰਦੀਆਂ ਦੀ ਮਾਰ ਪਈ ਹੈ ਅਤੇ ਅਰਥਚਾਰੇ ਦੀ ਭੱਠੀ ਮਘਦੀ ਰੱਖਣ ਲਈ ਤੇਲ ਦੀਆਂ ਬਰਾਮਦਾਂ 'ਤੇ ਹੀ ਟੇਕ ਹੈ। ਚੀਨ, ਇਰਾਨ ਤੇ ਉੱਤਰੀ ਕੋਰੀਆ ਨੇ ਕਾਫ਼ੀ ਮਦਦ ਪਹੁੰਚਾਈ ਹੈ ਪਰ ਰੂਸ ਕਮਜ਼ੋਰ ਪੈਂਦਾ ਜਾਪਦਾ ਹੈ ਅਤੇ ਹੁਣ ਪੱਛਮ ਨਾਲ ਮੱਥਾ ਲਾਉਣ ਲਈ ਚੀਨ ਅੱਗੇ ਆ ਗਿਆ ਹੈ। ਦੂਜੇ ਪਾਸੇ, ਪੱਛਮੀ ਦੇਸ਼ਾਂ ਨੂੰ ਵੀ ਜੰਗ ਦੀ ਭਾਰੀ ਕੀਮਤ ਦੇਣੀ ਪਈ ਹੈ ਜਿਨ੍ਹਾਂ ਨੂੰ ਮਹਿੰਗਾਈ ਨਾਲ ਸਿੱਝਣਾ ਪੈ ਰਿਹਾ ਹੈ ਅਤੇ ਕੇਂਦਰੀ ਬੈਂਕਾਂ ਵਲੋਂ ਵਿਆਜ ਦਰਾਂ ਸਿਖਰਾਂ ਛੂਹ ਰਹੀਆਂ ਹਨ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਅੱਜ ਯੂਰਪ ਦੇ ਜ਼ਿਆਦਾਤਰ ਅਰਥਚਾਰੇ ਮੰਦਵਾੜੇ ਦੀ ਜ਼ੱਦ ਵਿਚ ਆ ਗਏ ਹਨ; ਰੂਸ ਤੇ ਯੂਕਰੇਨ ਦੀ ਜੰਗ ਖੜੋਤ ਦੀ ਸਥਿਤੀ ਵਿਚ ਆ ਗਈ ਹੈ। ਫਿਰ ਭਲਾ, ਹਜ਼ਾਰਾਂ ਬੰਦੇ ਮਰਵਾਉਣ, ਘੁੱਗ ਵਸਦੇ ਦੇਸ਼ ਦੀ ਬਰਬਾਦੀ ਅਤੇ ਕਰੋੜਾਂ ਲੱਖਾਂ ਲੋਕਾਂ ਵਲੋਂ ਹੰਢਾਏ ਆਰਥਿਕ, ਜਿਸਮਾਨੀ ਤੇ ਮਾਨਸਿਕ ਸੰਤਾਪ ਤੋਂ ਕੀ ਹਾਸਲ ਹੋਇਆ? ਮੇਰਾ ਖ਼ਿਆਲ ਹੈ ਕਿ ਇਸ ਦਾ ਜਵਾਬ ਸਿਆਸਤਦਾਨਾਂ ਅਤੇ ਜਰਨੈਲਾਂ ਨੂੰ ਹੀ ਦੇਣਾ ਚਾਹੀਦਾ ਹੈ।

ਹੁਣ ਇਜ਼ਰਾਈਲ ਅਤੇ ਗਾਜ਼ਾ ਵਿਚ ਹੋਏ ਕਤਲੇਆਮ ਦੀ ਗੱਲ ਕਰਦੇ ਹਾਂ ਜਿੱਥੇ ਪਹਿਲਾਂ ਵੀ ਕਈ ਘਟਨਾਵਾਂ ਵਾਪਰਦੀਆਂ ਰਹੀਆਂ ਸਨ। ਯੇਰੂਸ਼ਲਮ ਲਈ ਜੰਗਾਂ ਧਰਮ ਯੁੱਧਾਂ ਦੇ ਕਾਲ ਤੋਂ ਵੀ ਪਹਿਲਾਂ ਚਲਦੀਆਂ ਰਹੀਆਂ ਹਨ। ਇਸ ਸ਼ਹਿਰ ਨੇ ਬਹੁਤ ਵਾਰ ਬਰਬਾਦੀ, ਜਬਰ ਜਨਾਹ ਅਤੇ ਲੁੱਟਮਾਰ ਦੇਖੀ ਹੈ। ਅੱਜ ਹਜ਼ਾਰਾਂ ਬੇਘਰੇ, ਜ਼ਖ਼ਮੀ, ਬਜ਼ੁਰਗ ਅਤੇ ਅਪੰਗ ਲੋਕਾਂ ਨੂੰ ਪਨਾਹ ਦੇਣ ਲਈ ਕੋਈ ਵੀ ਦੇਸ਼ ਅੱਗੇ ਨਹੀਂ ਆ ਰਿਹਾ। ਜੰਗਬੰਦੀ ਦੀ ਗੱਲ ਪਿਛਾਂਹ ਰਹਿ ਗਈ ਹੈ... ਖ਼ੂਨ ਦੀ ਲਾਲਸਾ ਕਦੋਂ ਤੱਕ ਚਲਦੀ ਰਹੇਗੀ? ਅਮਰੀਕਾ ਅਤੇ ਇਸ ਦੇ ਇਤਹਾਦੀ ਭਾਵੇਂ ਯੂਰਪ ਅਤੇ ਮੱਧ ਪੂਰਬ ਵਿਚ ਸਰਗਰਮ ਹਨ ਪਰ ਇਹ ਪਹਿਲਾਂ ਜਿੰਨੇ ਤਾਕਤਵਰ ਨਹੀਂ ਰਹਿ ਗਏ। ਰੂਸ, ਚੀਨ, ਇਰਾਨ ਅਤੇ ਉੱਤਰੀ ਕੋਰੀਆ ਵੀ ਸਰਗਰਮ ਹਨ ਅਤੇ ਇਕ ਦੂਜੇ ਨਾਲ ਤਾਲਮੇਲ ਵੀ ਕਰ ਰਹੇ ਹਨ। ਯੂਰਪ, ਮੱਧ ਪੂਰਬ ਅਤੇ ਸਮੁੰਦਰੀ ਮਾਰਗ ਪੂਰੀ ਤਰ੍ਹਾਂ ਹਰਕਤ ਵਿਚ ਹਨ। ਸੰਯੁਕਤ ਰਾਸ਼ਟਰ ਨਕਾਰਾ ਹੋ ਕੇ ਰਹਿ ਗਈ ਹੈ, ਕੂਟਨੀਤੀ ਦੀ ਭਰੋਸੇਯੋਗਤਾ ਖ਼ਤਮ ਹੋ ਗਈ ਹੈ ਅਤੇ ਬੰਦੂਕ ਦੀ ਗਾਜ਼ ਸਿਰ ਚੜ੍ਹ ਕੇ ਬੋਲ ਰਹੀ ਹੈ। ਟਕਰਾਅ ਦਾ ਅਗਲਾ ਅਖਾੜਾ ਕੌਣ ਬਣੇਗਾ... ਇਕ ਹੋਰ ਦਹਿਸ਼ਤਗਰਦ ਹਮਲਾ, ਇਕ ਹੋਰ ਇਕਤਰਫ਼ਾ ਹਮਲਾ?

# ਪੰਜਾਬੀ ਫ਼ਿਲਮ ਦਰਪਣ

## "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਆ ਰਹੀ ਹੈ

ਦੇਵੀ ਸ਼ਰਮਾ ਅੱਜ ਦੀ ਤਰੀਕ ਵਿਚ ਪੰਜਾਬੀ ਫਿਲਮਾਂ ਦਾ ਸਫ਼ਲ ਨਿਰਦੇਸ਼ਕ ਹੈ ਤੇ ਓਸ ਨੇ ਨਵੀਂ ਫਿਲਮ "ਜੱਟੀ ਪੰਦਰਾਂ ਮੁਰੱਬਿਆਂ ਵਾਲੀ" ਮਲਟੀ ਸਟਾਰ ਕਾਸਟ ਨਾਲ ਤਿਆਰ ਕਰ ਲਈ ਹੈ। ਫਿਲਮ ਦੀ ਕਹਾਣੀ ਵਿਚ ਖੁਸ਼ਬੂ ਭਰੀ ਏ ਖੁਸ਼ਬੂ ਸ਼ਰਮਾ ਨੇ ਤੇ ਤਿੰਨ ਸੰਗੀਤਕਾਰਾਂ ਨੇ ਸੰਗੀਤ ਤਿਆਰ ਕੀਤਾ ਹੈ। ਇਨ੍ਹਾਂ ਵਿਚ ਗੁਰਮੀਤ ਸਿੰਘ ਤੇ ਹਰਿੰਦਰ ਸ਼ਾਮਿਲ ਹਨ। ਹਰਮਨਪਿਆਰੀ ਅਦਾਕਾਰਾ ਗੁਗਲੀ ਗਿੱਲ ਇਸ ਫਿਲਮ ਵਿਚ ਨਾਇਕਾ ਬਣ ਆਰੀਆ ਬੱਬਰ ਨਾਲ ਆ ਰਹੀ ਹੈ। ਗੁਗਨੀ ਦੀ ਸੁੰਦਰਤਾ ਦੇ ਨਾਲ ਮਲਕੀਤ ਰੌਣੀ, ਗੁਰਪ੍ਰੀਤ ਕੌਰ ਭੰਗੂ ਦੇ ਕਿਰਦਾਰ ਵੀ ਫਿਲਮ ਵਿਚ ਅਹਿਮ ਹਨ। ਦੇਵੀ ਸ਼ਰਮਾ ਨੇ ਫਿਲਮ ਦੀ ਫੋਟੋਗ੍ਰਾਫੀ ਵੀ ਆਪ ਕੀਤੀ ਹੈ। ਗੁਗਨੀ ਗਿੱਲ ਇਸ ਫਿਲਮ ਨਾਲ ਪਾਲੀਵੁੱਡ ਵਿਚ ਫਿਰ ਸ਼ਾਨਦਾਰ ਕੰਮ ਕਰੇਗੀ ਇਹੀ ਉਮੀਦ ਸਾਰਿਆਂ ਨੂੰ ਹੈ।

## ਨਿਰਮਲ ਰਿਸ਼ੀ ਹੁਣ ਪਦਮ ਸ਼੍ਰੀ ਹੋ ਗਈ

ਕਿਸਮਤ ਚਮਕਦੀ ਏ ਤਾਂ ਉਮਰ ਨਹੀਂ ਵਿਹੰਦੀ ਤੇ ਜਿਸ ਉਮਰ ਵਿਚ ਕਹਿੰਦੇ ਨੇ ਸੁੱਧ ਬੁੱਧ ਨਹੀਂ ਰਹਿੰਦੀ ਓਸ ਉਮਰ ਵਿਚ ਨਿਰਮਲ ਰਿਸ਼ੀ ਪੰਜਾਬੀ ਫਿਲਮਾਂ ਦੀ ਸਟਾਰ ਕਲਾਕਾਰ ਹੈ। ਅਹਿਮ ਪ੍ਰਾਪਤੀ ਮੈਡਮ ਰਿਸ਼ੀ ਤੇ ਸਾਰੀ ਪਾਲੀਵੁੱਡ ਲਈ ਕਿ ਨਿਰਮਲ ਰਿਸ਼ੀ ਨੂੰ "ਪਦਮ ਸ਼੍ਰੀ" ਅਵਾਰਡ ਮਿਲਿਆ ਹੈ। ਇਸ ਸਨਮਾਨ



ਨੂੰ ਅਜੇ ਤਕ ਪੰਜਾਬੀ ਫਿਲਮ ਨਗਰੀ ਵਿਚ ਕਿਸੇ ਨੇ ਘੱਟ ਹੀ ਦੇਖਿਆ ਸੁਣਿਆ ਹੈ। ਨਿਰਮਲ ਰਿਸ਼ੀ ਨੂੰ "ਪਦਮ ਸ਼੍ਰੀ" ਮਿਲਣ 'ਤੇ ਦਰਸ਼ਨ ਔਲਖ, ਹੌਬੀ ਧਾਲੀਵਾਲ ਤੇ ਗਿੱਪੀ ਗਰੇਵਾਲ ਨੇ ਮੁਬਾਰਕਾਂ ਦਿੱਤੀਆਂ ਹਨ।

## ਅਮਰੀਕ ਰੰਧਾਵਾ ਨੂੰ ਪਛਤਾਵਾ ਤਾਂ ਹੈ

ਭਈਆ ਬਣ ਦੂਰਦਰਸ਼ਨ ਜਲੰਧਰ 'ਤੇ ਅਜਿਹਾ ਅਮਰੀਕ ਰੰਧਾਵਾ ਆਇਆ ਕਿ ਓਸ ਦੇ ਚੇਹਰੇ ਦੀ ਪਹਿਚਾਣ ਫਿਲਮ ਨਗਰੀ ਨੂੰ ਵੀ ਹੋਈ ਤੇ ਓਸ ਨੂੰ ਗੁਰਦੀਪ ਸੰਧੂ ਨੇ "ਇਸ਼ਕ ਮੁਹੱਬਤ" ਵਿਚ ਲਿਆ। ਇਸ ਤੋਂ ਬਾਅਦ ਨੀਰੂ ਬਾਜਵਾ ਤੋਂ ਯੋਗਰਾਜ ਸਿੰਘ ਤੇ ਰਣਜੀਤ ਬਾਵਾ ਨਾਲ ਵੀ ਓਸ ਨੇ ਫਿਲਮਾਂ ਕਰ ਕੇ ਆਪਣਾ ਨਾਂ ਚਮਕਾਇਆ। ਨਾਲ ਹੀ ਮੇਕ ਅੱਪ ਨਿਰਦੇਸ਼ਕ ਬਣ ਵੀ ਕੰਮ ਕੀਤਾ। ਅਮਰੀਕ ਰੰਧਾਵਾ ਨੂੰ ਪਛਤਾਵਾ ਇਸ ਗੱਲ ਦਾ ਹੈ ਕਿ ਓਹ ਜਦ ਸੁਦੇਸ਼ ਲਹਿਰੀ ਤੇ ਕਪਿਲ ਸ਼ਰਮਾ ਮੁੰਬਈ ਗਏ ਸਨ ਤਦ ਪੱਕਾ ਮੁੰਬਈ ਰਹਿੰਦਾ ਤਾਂ ਅੱਜ ਬਾਲੀਵੁੱਡ ਦਾ ਚਰਚਿਤ ਨਿਰਦੇਸ਼ਕ ਹੁੰਦਾ। ਖ਼ੈਰ ਅੱਜ ਓਹ ਲਘੂ ਫਿਲਮਾਂ ਵੀ ਕਰ ਰਿਹਾ ਹੈ ਤੇ ਪੰਜਾਬੀ ਫਿਲਮਾਂ ਵੀ ਓਸ ਨੂੰ ਮਿਲ ਰਹੀਆਂ ਹਨ। ਫਿਰ ਵੀ ਇਨਸਾਨ ਨੂੰ "ਪਛਤਾਵਾ" ਰਹਿੰਦਾ ਹੈ ਤੇ ਜੇਕਰ ਘੁੱਗੀ ਤੇ ਬੀਨੂੰ ਢਿੱਲੋਂ ਦੀ ਤਰ੍ਹਾਂ ਅਮਰੀਕ ਰੰਧਾਵਾ ਨੂੰ ਵੱਡੇ ਕਿਰਦਾਰ ਤੇ ਬੈਨਰ ਮਿਲ ਗਏ ਤਾਂ ਇਹ ਪਛਤਾਵਾ ਖ਼ਤਮ ਹੋ ਜਾਏਗਾ।

## 'ਕਿਸ ਮੀ ਕਰਸ' ਪੰਜਾਬੀ ਇੰਦਰ ਦੀ ਹਾਲੀਵੁੱਡ ਫਿਲਮ

ਇੰਦਰ ਕੁਮਾਰ ਇਸ ਵੇਲੇ 160 ਹਾਲੀਵੁੱਡ ਫਿਲਮਾਂ ਕਰ ਕੇ ਸਭ ਤੋਂ ਜ਼ਿਆਦਾ ਹਾਲੀਵੁੱਡ ਫਿਲਮਾਂ ਕਰਨ ਵਾਲਾ ਭਾਰਤੀ ਅਦਾਕਾਰ ਬਣ ਗਿਆ ਹੈ। ਇਹ ਵੀ ਮਜ਼ੇਦਾਰ ਗੱਲ ਹੈ ਕਿ ਇੰਦਰ ਨੇ ਕੋਈ ਪੰਜਾਬੀ ਜਾਂ ਹਿੰਦੀ ਫਿਲਮ ਨਹੀਂ ਕੀਤੀ। ਇੰਦਰ ਕੁਮਾਰ ਨੇ ਹੁਣ ਹਾਲੀਵੁੱਡ ਫਿਲਮ ਨਿਰਮਾਤਾ ਬਣ 2024 ਵਿਚ ਆਪਣੀ ਅਮਰੀਕਨ ਫਿਲਮ ' ਕਿਸ ਮੀ ਕਰਸ" ਸ਼ੁਰੂ ਕੀਤੀ ਹੈ। ਇਸ ਫਿਲਮ ਲਈ ਇੰਦਰ ਨੂੰ ਹਾਲੀਵੁੱਡ ਹੀਰੋ ਵਿਨ ਮਰਾਲੋਂ, ਵਿਨ ਡੀਜ਼ਲ, ਐਮਾ ਵਾਟਸਨ, ਸਕਾਰਲੇਟ ਸਮੇਤ ਹੋਰ ਸਟਾਰ ਕਲਾਕਾਰਾਂ ਨੇ ਮੁਬਾਰਕ ਦਿੱਤੀ ਹੈ। ਮਜ਼ਾ ਆ ਜਾਏ ਜੇਕਰ ਇਹ ਫਿਲਮ ਪੰਜਾਬੀ ਵਿਚ ਵੀ ਰਿਮੇਕ ਬਣ ਆਏ।

## ਦਲੇਰ ਮਹਿਤਾ ਅਨੁਸਾਰ ਡੇਰਵਾਦ 'ਤਬਾਹੀ' ਹੈ

ਪੰਜਾਬੀ ਫਿਲਮਾਂ ਦਾ ਸ਼ਾਨਦਾਰ ਸਿਤਾਰਾ ਹੈ ਦਲੇਰ ਮਹਿਤਾ ਜਿਸ ਦਾ ਕੰਮ ਆ ਰਹੀ ਫਿਲਮ "ਤਬਾਹੀ ਰੀਲੋਡਡ" ਵਿਚ ਕਾਫ਼ੀ ਹੈ ਤੇ ਉਸ ਨੇ ਇਸ ਲਈ ਨਾਰਵੇ ਰਹਿੰਦੇ ਫਿਲਮ ਦੇ ਨਿਰਮਾਤਾ ਬਲਬੀਰ ਟਾਂਡਾ ਤੇ ਇਕਬਾਲ ਢਿੱਲੋਂ ਨੂੰ ਧੰਨਵਾਦ ਕਿਹਾ ਹੈ। ਦਲੇਰ ਨੇ ਕਿਹਾ ਕਿ ਪੰਜਾਬ ਵਿਚ "ਡੇਰਾਵਾਦ " ਦੀ ਬਿਮਾਰੀ ਨੇ ਸਾਰੇ ਧਰਮਾਂ ਨੂੰ ਢਾਹ ਲਾਈ ਹੈ ਤੇ ਇਹੀ ਇਸ ਫਿਲਮ ਵਿਚ ਦਿਖਾਇਆ ਗਿਆ ਹੈ। ਡੇਰੇ ਦੇ ਅਸਰਾਂ ਦੇ ਨਾਲ ਪੰਜਾਬ ਵਿਚ ਗੈਰ ਮੁਲਕੀ ਔਰਤ ਵਲੋਂ ਪ੍ਰਸ਼ਾਸਨ ਚਲਾਉਣ ਦਾ ਸੱਚ ਵੀ "ਤਬਾਹੀ" ਜਿਹਤੀ ਮਾਰਚ ਮਹੀਨੇ ਆ ਰਹੀ ਹੈ ਵਿਚ ਦਿਖਾਇਆ ਗਿਆ ਹੈ। ਪੂਜਾ ਗਾਬਾ ਤੇ ਸਵਰਨ ਸਿੰਘ ਇਸ ਫਿਲਮ ਵਿਚ ਦਲੇਰ ਮਹਿਤਾ ਦੇ ਨਾਲ ਹਨ। ਬਾਕੀ ਦਲੇਰ ਮਹਿਤਾ ਇਸ ਫਿਲਮ ਨਾਲ ਇੰਡਸਟਰੀ ਦਾ ਨਾਮਵਰ ਕਲਾਕਾਰ ਬਣ ਜਾਏਗਾ।

## ਸ਼ਿਲਪਾ ਸ਼ੈਟੀ ਨੇ ਕਿਹਾ ਸੀ "ਰਾਮ" ਚਮਕਾਏਗਾ ਭੋਗਪੁਰ ਦਾ ਨਾਮ

ਕਿਸੇ ਵੇਲੇ ਕਹਿ ਦਿੱਤੀ ਤੇ ਸਿਆਣਿਆਂ ਅਨੁਸਾਰ ਕਿਸੇ ਵੇਲੇ ਮੂੰਹੋਂ ਕੱਢ ਦਿੱਤੀ ਗੱਲ ਸਹੀ ਹੋ ਜਾਂਦੀ ਹੈ। ਫਿਲਮੀ ਸਟਾਰ ਨਾਇਕਾ ਸ਼ਿਲਪਾ ਸ਼ੈਟੀ ਅਮਰੀਕਾ ਵਿਖੇ ਸ਼ੋਅ ਦੌਰਾਨ ਰਾਮ ਭੋਗ ਪੁਰੀਆ ਨੂੰ ਮਿਲੀ ਸੀ ਤਦ ਰਾਮ ਫਿਲਮੀ ਸਟਾਰਾਂ ਤੇ ਕਲਾਕਾਰਾਂ ਦੇ ਅਮਰੀਕਾ ਵਿਚ ਸ਼ੋਅ ਕਰਵਾਉਂਦਾ ਸੀ। ਉਸ ਨੇ ਕਿਹਾ ਸੀ ਕਿ ਤੁਸੀਂ ਰਾਮ ਇਕ ਦਿਨ ਪੰਜਾਬੀ ਹੀ ਨਹੀਂ ਬਲਕਿ ਬਾਲੀਵੁੱਡ ਦੇ ਵੀ ਰਿਸ਼ਮਾਂ ਵਾਂਗ ਚਮਕਦੇ ਸਿਤਾਰੇ ਹੋਵੋਗੇ। ਅੱਜ ਰਾਮ ਭੋਗਪੁਰ ਅਨੁਰਾਧਾ ਪੌਡਵਾਲ ਤੋਂ ਫਿਰੋਜ਼ ਖਾਨ ਤੇ ਜਸਪਿੰਦਰ ਨਰੂਲਾ ਤੋਂ ਪੰਮਾ ਮੱਲ੍ਹੀ ਤਕ ਹਿੰਦੀ ਪੰਜਾਬੀ ਕਲਾਕਾਰਾਂ ਦੇ ਸੰਗੀਤ ਪੇਸ਼ਕਾਰ ਬਣ ਚਰਚਾ 'ਚ ਹੈ। ਸ਼ਿਲਪਾ ਦੇ ਕਥਨ ਅਨੁਸਾਰ ਜਲਦੀ ਰਾਮ ਹੁਣ ਫਿਲਮ ਨਿਰਮਾਣ ਵੱਲ ਵਧੇਗਾ ਤੇ ਸਭ ਤੋਂ ਜ਼ਿਆਦਾ ਖ਼ੁਸ਼ੀ ਕਸਬਾ ਭੋਗਪੁਰ ਨੂੰ ਹੋਏਗੀ।

––ਪੇਸ਼ਕਸ਼: ਅੰਮ੍ਰਿਤ ਪਵਾਰ

# ਐਕਸ਼ਨ ਭਰਪੂਰ ਮਨੋਰੰਜਕ ਫਿਲਮ 'ਵਾਰਨਿੰਗ 2'

ਪੰਜਾਬੀ ਸਿਨੇਮੇ ਵਿਚ ਹਰ ਸਾਲ ਨਵੇਂ ਵਿਸ਼ੇ ਦੀਆਂ ਫ਼ਿਲਮਾਂ ਬਣਦੀਆਂ ਹਨ ਤਾਂ ਜੋ ਦਰਸ਼ਕਾਂ ਨੂੰ ਚੰਗਾ ਮਨੋਰੰਜਨ ਦਿੱਤਾ ਜਾ ਸਕੇ। 2022 'ਚ ਰਿਲੀਜ਼ ਹੋਈ ਅਮਰ ਹੁੰਦਲ ਵੱਲੋਂ ਡਾਇਰੈਕਟ ਕੀਤੀ ਫ਼ਿਲਮ 'ਵਾਰਨਿੰਗ' ਆਮ ਪੰਜਾਬੀ ਫ਼ਿਲਮਾਂ ਵਿਚਕਾਰ ਇਕ ਮੀਲ-ਪੱਥਰ ਸਾਬਤ ਹੋਈ। ਇਸ ਫ਼ਿਲਮ ਨੇ ਅੱਗੇ ਆਉਣ ਵਾਲੀਆਂ ਫ਼ਿਲਮਾਂ ਦਾ ਰੁਪਮਾਨ ਹੀ ਬਦਲ ਦਿੱਤਾ। ਐਕਸ਼ਨ ਫ਼ਿਲਮਾਂ ਵਿਚਲੀਆਂ ਲੜਾਈਆਂ ਦੀ ਕੋਰੀਓਗ੍ਰਾਫ਼ੀ ਅਤੇ ਪਾਤਰਾਂ ਨੂੰ ਦਿਲਚਸਪ ਬਣਾਉਣ ਵੱਲ ਵੱਧ ਧਿਆਨ ਦਿੱਤਾ ਗਿਆ।

2022 ਦੀ ਫ਼ਿਲਮ 'ਵਾਰਨਿੰਗ' 'ਪ੍ਰਿੰਸ ਕੰਵਲਜੀਤ' ਵਲੋਂ ਨਿਭਾਏ ਕਿਰਦਾਰ 'ਪੰਮੇ' ਦੇ ਆਲੇ-ਦੁਆਲੇ ਘੁੰਮਦੀ ਹੈ। ਜ਼ਿੰਦਗੀ ਵਿਚ ਕੀਤੀ ਮੇਹਨਤ ਉਸਨੂੰ ਪੰਜਾਬ ਵਰਗੇ ਸੂਬੇ ਵਿਚ ਇਕ ਨੌਕਰੀ ਨਹੀਂ ਦਿਵਾ ਸਕੀ। ਆਪਣੇ ਅੰਦਰ ਉਬਲ ਰਹੇ ਖ਼ੂਨ ਨੂੰ ਉਹ ਪੰਜਾਬ ਵਿਚਲੇ ਨਸ਼ਾ-ਤਸਕਰਾਂ ਦੀ ਦੁਨੀਆਂ ਵਿਚ ਜਾ ਕੇ ਠੰਡਾ ਕਰਦਾ ਹੈ ਪਰ ਉਸਦੀ ਕਿਸਮਤ ਨੂੰ ਉਦੋਂ ਧੱਕਾ ਲੱਗਦਾ ਹੈ ਜਦ ਉਸਨੂੰ ਆਪਣੇ ਬਾਬੂ ਤੋਂ ਹੀ ਧੋਖਾ ਮਿਲਦਾ ਹੈ। 'ਛਿੰਦੇ' ਅਤੇ 'ਗੇਜੇ' ਵਰਗੇ ਖ਼ਤਰਨਾਕ ਕਿਰਦਾਰਾਂ ਨਾਲ ਪੰਗਾ ਉਸਨੂੰ ਅਖ਼ੀਰ ਜੇਲ੍ਹ ਦੀ ਹਵਾ ਖਵਾਉਂਦਾ ਹੈ।

ਸਿਨੇਮੇ ਦੇ ਦ੍ਰਿਸ਼ਟੀਕੋਣ ਤੋਂ ਇਹ ਪੰਜਾਬੀ ਫ਼ਿਲਮ ਬਹੁਤ ਵੱਡਾ ਕਦਮ ਸਾਬਤ ਹੁੰਦੀ ਹੈ। ਗਿੱਪੀ ਗਰੇਵਾਲ ਵਲੋਂ ਲਿਖੀ ਇਸ ਫ਼ਿਲਮ ਦਾ ਨਜ਼ਰੀਆ ਅਮਰ ਹੁੰਦਲ ਨੇ ਬਾਖ਼ੂਬੀ ਸਮਝਿਆ ਅਤੇ ਆਪਣੀ ਸ਼ਾਨਦਾਰ ਨਿਰਦੇਸ਼ਨੀ ਨਾਲ ਰਹੱਸਮਈ ਟਵਿਸਟਾਂ ਨਾਲ ਭਰੀ ਇਕ ਮਨੋਰੰਜਕ ਫ਼ਿਲਮ ਦਾ ਨਿਰਮਾਣ ਕੀਤਾ। ਫ਼ਿਲਮ ਵਿਚ ਵਰਤੀ ਗਈ ਆਮ ਜਿਹੀ ਭੱਦੀ ਸ਼ਬਦਾਵਲੀ ਜ਼ੁਲਮ ਦੀ ਦੁਨੀਆਂ ਵਿਚ ਪਚਰਦੇ ਕਿਰਦਾਰਾਂ ਦੇ ਅਨੁਕੂਲ ਜਾਪਦੀ ਹੈ। 'ਪ੍ਰਿੰਸ ਕੰਵਲਜੀਤ' ਦੀ 'ਪੰਮੇ' ਦੇ ਕਿਰਦਾਰ ਵਿਚ ਅਦਾਕਾਰੀ ਉਸਨੂੰ ਪੰਜਾਬੀ ਦਰਸ਼ਕਾਂ ਦੇ ਚਹੇਤੇ ਕਲਾਕਾਰਾਂ ਵਿਚੋਂ ਇਕ ਬਣਾ ਦਿੰਦੀ ਹੈ। ਇਸ ਤੋਂ ਇਲਾਵਾ 'ਧੀਰਜ ਕੁਮਾਰ' ਦਾ ਕਿਰਦਾਰ 'ਛਿੰਦਾ' ਆਪਣੇ ਵਲੋਂ ਦਰਸਾਈ ਗਈ ਬਦਲੇ ਦੀ ਕਾਹਲ ਕਰਕੇ ਹੋਰ ਵੀ ਦਿਲਚਸਪ ਲੱਗਦਾ ਹੈ। ਧੀਰਜ ਕੁਮਾਰ ਦੀ ਢੁਕਵੀਂ ਡਾਇਲਾਗ ਡਿਲੀਵਰੀ ਤਾਂ ਚੰਗੀ ਹੈ ਹੀ, ਪਰੰਤੂ ਉਸਦਾ ਕਿਰਦਾਰ ਆਪਣੀਆਂ ਅੱਖਾਂ ਨਾਲ ਵੀ ਬੋਲਦਾ ਜਾਪਦਾ ਹੈ। ਇਹੀ ਇਸ ਫ਼ਿਲਮ ਦੀ ਖਾਸੀਅਤ ਸੀ, ਇਸਦੀ ਵੱਖਰੀ ਚਰਿੱਤਰ ਲੇਖਣੀ। ਫ਼ਿਲਮ ਦੇ ਅਖ਼ੀਰ 'ਤੇ 'ਗਿੱਪੀ ਗਰੇਵਾਲ' ਦਾ ਕਿਰਦਾਰ 'ਗੇਜਾ' ਆਉਂਦਾ ਹੈ ਅਤੇ ਬਿਨਾਂ ਕੋਈ ਡਾਇਲਾਗ



ਬੋਲੇ ਦਰਸ਼ਕਾਂ ਦਾ ਦਿਲ ਜਿੱਤ ਲੈਂਦਾ ਹੈ। ਫ਼ਿਲਮ ਉੱਤੇ ਕੀਤੀ ਮੇਹਨਤ ਇਸਦੇ ਹਰ ਇਕ ਫਰੇਮ ਵਿਚ ਨਜ਼ਰ ਆਉਂਦੀ ਹੈ। ਇਸ ਫ਼ਿਲਮ ਨਾਲ ਪਹਿਲੀ ਵਾਰ ਪੰਜਾਬੀ ਸਿਨੇਮੇ ਵਿਚ ਸਾਈਕੋਪੈਥ ਕਿਰਦਾਰਾਂ ਦੀ ਐਂਟਰੀ ਹੁੰਦੀ ਹੈ। 2 ਫਰਵਰੀ ਨੂੰ ਆ ਰਿਹਾ ਇਸ ਫ਼ਿਲਮ ਦਾ ਅਗਲਾ ਭਾਗ 'ਵਾਰਨਿੰਗ-2' ਡਾਇਰੈਕਟਰ 'ਅਮਰ ਹੁੰਦਲ' ਦੇ ਹਿਸਾਬ ਨਾਲ ਇਕ ਅਜਿਹਾ ਐਕਸ਼ਨ ਨਾਲ ਭਰਪੂਰ ਮਨੋਰੰਜਨ ਹੋਵੇਗਾ ਜੋ ਪੰਜਾਬੀ ਦਰਸ਼ਕਾਂ ਨੇ ਕਦੇ ਵੀ ਨਹੀਂ ਵੇਖਿਆ ਹੋਵੇਗਾ। ਉਹ ਇਸ ਫ਼ਿਲਮ ਦੀ ਹਾਲੀਵੁੱਡ ਦੇ ਐਕਸ਼ਨ ਨਾਲ ਤੁਲਨਾ ਕਰ ਸਕਦੇ ਹਨ। ਪਹਿਲੇ ਭਾਗ ਨਾਲੋਂ ਇਸ ਫ਼ਿਲਮ ਵਿਚ ਕਿਰਦਾਰਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ, ਹਰ ਇਕ ਕਿਰਦਾਰ ਇਕ ਦੂਜੇ ਦੀ ਜਾਨ ਮਗਰ ਪਿਆ ਹੈ। ਫ਼ਿਲਮ ਦਾ ਮੇਨ ਥੀਮ 'ਬਦਲੇ' 'ਤੇ ਆਧਾਰਿਤ ਹੈ। ਖੈਰ ਇਹ ਤਾਂ 2 ਫਰਵਰੀ ਨੂੰ ਹੀ ਪਤਾ ਚੱਲੂ ਕਿ ਖ਼ੂਨ ਦੀ ਚੱਲ ਰਹੀ ਇਸ ਚੱਕੀ ਵਿਚ ਕੌਣ-ਕੌਣ ਪਿਸਦਾ ਹੈ।

*-ਸੁਰਜੀਤ ਜੱਸਲ*
*ਫੋਨ: +91-98146-07737*

# ਕਾਲਜਾਂ ਅਤੇ ਯੂਨੀਵਰਸਿਟੀਆਂ ਦਾ ਫ਼ੁਟਬਾਲ ਖਿਡਾਰੀ ਕਾਹਮੇਂ ਵਾਲਾ ਮਨਜੀਤ ਜੀਤਾ

ਫ਼ੁਟਬਾਲ ਦੇ ਖੇਤਰ ਵਿਚ ਕਾਹਮਾਂ ਦੋਆਬੇ ਦਾ ਮੰਨਿਆ ਦੰਨਿਆ ਪਿੰਡ ਹੈ। ਕਲੱਬਾਂ ਤੇ ਯੂਨੀਵਰਸਿਟੀਆਂ ਦੇ ਨਾਮਵਰ ਖਿਡਾਰੀਆਂ ਨੇ ਇਤਿਹਾਸ ਹਮੇਸ਼ਾਂ ਬਰਕਰਾਰ ਰੱਖਿਆ। ਪੰਜਾਬ ਤੋਂ ਬਾਹਰ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਪਿੰਡ ਦਾ ਨਾਂ ਗੂੰਜ ਰਿਹਾ ਹੈ। ਵਿਦੇਸ਼ਾਂ ਵਿਚ ਵੀ ਟਿਕ ਕੇ ਨਹੀਂ ਬਹਿੰਦੇ ਹਮੇਸ਼ਾਂ ਖੇਡ-ਮੈਦਾਨਾਂ ਨਾਲ ਜੁੜੇ ਰਹਿੰਦੇ ਨੇ। ਬਾਤਾਂ ਪਾਉਂਦੇ



**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਹਾਂ ਅਮਰੀਕਾ ਦੀ ਧਰਤੀ ਬਾਲਟੀਮੋਰ ਰਹਿੰਦੇ ਮਨਜੀਤ ਸਿੰਘ ਜੀਤੇ ਦੀ।

ਜੀਤੇ ਨੇ ਕਾਹਮੇਂ ਦੇ ਹਾਈ ਸਕੂਲ ਪੜ੍ਹਦੇ ਹੀ ਸੰਨ "76 'ਚ ਬਲਾਕਾਂ ਦੇ ਮੈਚ ਖੇਡੇ। ਉਹਦੀ ਚੰਗੀ ਗੇਮ ਸਦਕਾ ਉਹ ਤੇ ਜੈਲਾ (ਡੀਜ਼ਲ) ਦੁਸਾਂਝਾਂ ਦੇ ਇੰਟਰ-ਬਲਾਕਾਂ ਲਈ ਚੁਣੇ ਗਏ। ਫਿਰ ਉਹ ਐਸ ਐਨ ਕਾਲਜ ਬੰਗਾ ਦਾਖਲ ਹੋ ਤਿੰਨ ਸਾਲ ਬੰਗਾ ਕਾਲਜ ਲਈ ਖੇਡਿਆ।

ਚੰਗੀ ਖੇਡ ਸਦਕਾ ਕਾਲਜਾਂ ਅਤੇ ਇਲਾਕੇ 'ਚ ਉਹਦੀ ਗੂੜ੍ਹੀ ਪਹਿਚਾਣ ਸੀ। ਇਲਾਕੇ ਦੇ ਵੱਡੇ ਛੋਟੇ ਸਾਰੇ ਮੈਚ ਖੇਡੇ। ਉਹਦੀ ਖੇਡ ਨੂੰ ਹਰ ਪਾਸੇ ਪਸੰਦ ਕੀਤਾ ਗਿਆ। ਬੰਗਾ ਕਾਲਜ ਪੜ੍ਹਦੇ ਹੀ ਫ਼ਤਿਹਗੜ੍ਹ ਸਾਹਿਬ ਦੇ ਆਲ ਇੰਡੀਆ ਟੂਰਨਾਮੈਂਟ ਖੇਡੇ। ਸਾਥੀ ਖਿਡਾਰੀਆਂ 'ਚ ਮੰਗੂਵਾਲੀਆਂ ਫ਼ੌਜੀ, ਦੀਪਾ ਮੋਰਾਂਵਾਲੀ, ਰੋਸ਼ਾ ਖਾਨਖਾਨਾਂ, ਪਿੰਦਾ ਪੱਲੀਆਂ, ਤੀਰਥ ਤੇ ਜੱਸੀ ਗੋਲਕੀਪਰ।

ਸੰਨ "80 'ਚ ਮੁੱਲਾਂਪੁਰ ਕਾਲਜ ਜਾਂ ਪੜ੍ਹਨ ਜਾ ਲੱਗੇ। ਮੁੱਲਾਂਪੁਰ ਕਾਲਜ ਵਲੋਂ ਚੰਡੀਗੜ੍ਹ ਇੰਟਰਵਰਸਿਟੀ ਖੇਡੇ ਤੇ ਮੋਗੇ ਨੂੰ ਜਿੱਤੇ। ਖਿਡਾਰੀਆਂ 'ਚ ਦਾਰ ਚੱਕਫੁੱਲੂ, ਪਾਲਾ ਤੇ ਸ. ਜਰਨੈਲ ਸਿੰਘ ਪਨਾਮ ਦਾ ਬੇਟਾ ਹਰਸ਼ਮੋਹਣ ਸੀ। ਉਹ ਦੂਰ ਦੂਰ ਤੱਕ ਗੁਰਦਾਸਪੁਰ, ਕੋਟਕਪੂਰੇ, ਸੁਧਾਰ, ਸਰਾਭਾ, ਲੁਧਿਆਣਾ ਖੇਡਣ ਜਾਂਦੇ ਰਹੇ। ਲੁਧਿਆਣਾ ਪੁਲਿਸ ਨਾਲ ਤਾਂ ਬਹੁਤ ਮੈਚ ਖੇਡੇ।

ਮੈਂ ਖੁਦ (ਲੇਖਕ) ਉਹਦੀ ਗੇਮ ਵੇਖੀ। ਸਟਾਪਰ ਖੇਡਦਾ ਮੂਹਰੇ ਕੰਧ ਬਣ ਜਾਂਦਾ। ਮਜ਼ਾਲ ਐ, ਸੂਈ ਦੇ ਨੱਕੇ ਵਿਚੋਂ ਵੀ ਬਾਲ ਨਿਕਲ ਜਾਵੇ। ਕਾਹਮੇਂ ਦੇ ਫ਼ੁੱਟਬਾਲ ਇਤਿਹਾਸ ਵਿਚ ਸ਼ੀਰੀ, ਬਿਹਾਰੀ, ਪਰਮਜੀਤ ਪੰਮਾ ਕਾਮਰੇਡ, ਗੁਰਸ਼ਰਨ ਛੰਨੇ ਵਰਗੇ ਨਾਮਵਰ ਖਿਡਾਰੀ ਹੋਏ ਨੇ। ਇਹ ਸਾਰੇ ਖਿਡਾਰੀ ਖੇਡਦੇ ਮੈਂ ਖੁਦ ਵੇਖੇ। ਖਿਡਾਰੀ ਤਾਂ ਹੋਰ ਵੀ ਬਹੁਤ ਨੇ ਫਿਰ ਕਦੀ ਲਿਖਾਂਗੇ। ਗੋਲਕੀਪਰਾਂ 'ਚ ਬਿੰਦਾ, ਪਰਮਜੀਤ ਪੰਮਾ ਅਤੇ ਨਿਰਮਲ ਨਿੰਮਾਂ। ਪਰਮਜੀਤ ਪੰਮਾ ਪਹਿਲਾਂ ਗੋਲਕੀਪਰ ਹੁੰਦਾ ਸੀ ਫਿਰ ਮੂਹਰੇ ਟੀਮ 'ਚ ਖੇਡਣ ਜਾ ਲੱਗਾ।

ਜੀਤਾ ਮੰਗੂਵਾਲੀਏ ਨਿਰੰਜਣ ਭਗਤ ਦੀ ਗੇਮ ਨੂੰ ਬੜਾ ਪਸੰਦ ਕਰਦਾ ਸੀ। ਮੰਗੂਵਾਲ ਦੇ ਨਿਰੰਜਣ ਭਗਤ, ਸਰਬਜੀਤ ਸਰਬਾ, ਗੁਰਪਾਲ ਫ਼ੌਜੀ ਤੇ ਪੰਮੀ (ਗੋਲਕੀਪਰ) ਨਾਲ ਅਕਸਰ ਫ਼ਸਵੇਂ ਮੈਚ ਚਲਦੇ। ਜ਼ਿਆਦਾ ਗੁਰਪਾਲ ਫ਼ੌਜੀ ਦੇ ਪਾਸੇ ਖੇਡਿਆ। ਉਹ ਫ਼ੌਜੀ ਦੀ ਬੜੀ ਕਦਰ ਕਰਦੈ ਕਿਉਂਕਿ ਕਾਹਮਾਂ ਦੇ ਹਾਈ ਸਕੂਲ ਪੜ੍ਹਾਉਂਦੇ ਫ਼ੌਜੀ ਨੇ ਫ਼ੁੱਟਬਾਲ ਦੇ ਨਾਮਵਰ ਖਿਡਾਰੀ ਤਿਆਰ ਕੀਤੇ। ਮੰਗੂਵਾਲ ਤੇ ਕਾਹਮਾਂ ਗੁਆਂਢੀ ਪਿੰਡਾਂ ਦੇ ਤਕੜੇ ਖਿਡਾਰੀ ਹੋਣ ਕਰਕੇ ਇਲਾਕੇ ਦੇ ਫ਼ਾਈਨਲ ਮੈਚਾਂ ਵਿਚ ਦੋਵੇਂ ਪਿੰਡ ਭਿੜਦੇ।

ਪਿੰਡ ਦੇ ਸਮੇਂ ਸਮੇਂ ਦੇ ਖਿਡਾਰੀਆਂ ਨੇ ਹਮੇਸ਼ਾਂ ਪਿੰਡ ਦੀ ਗੁੱਡੀ ਚਾੜ੍ਹ ਕੇ ਰੱਖੀ। ਤਕੜੇ ਖਿਡਾਰੀ ਕਰਕੇ ਏ ਦੀਆਂ ਦੋ ਟੀਮਾਂ ਅਸਾਨੀ ਨਾਲ ਬਣਾਈਆਂ ਜਾ ਸਕਦੀਆਂ ਸਨ। ਬੀ ਟੀਮ ਦੇ ਖਿਡਾਰੀ ਵੀ ਬੱਲ ਹੁੰਦੇ ਸਨ ਜੋ ਦੂਜੇ ਪਿੰਡਾਂ ਦੇ ਏ ਟੀਮਾਂ ਦਾ ਮੁਕਾਬਲਾ ਕਰ ਸਕਦੇ ਸਨ।

ਇਹ ਸਾਰੀ ਜਾਣਕਾਰੀ ਮੇਰੇ ਛੋਟੇ ਭਰਾਵਾਂ ਵਰਗੇ ਨਿੱਘੇ ਮਿੱਤਰ ਅਤੇ ਪਿੰਡ ਦੀ ਬੀ ਟੀਮ ਦਾ ਖਿਡਾਰੀ ਅਤੇ ਐਸ ਐਨ ਕਾਲਜ ਬੰਗਾ ਦਾ ਫ਼ੁੱਟਬਾਲ ਖਿਡਾਰੀ ਦਿਲਾਵਰ ਸਿੰਘ ਦਾਵਰੀ ਅਤੇ ਪਰਮਜੀਤ ਪੰਮਾ ਕਾਮਰੇਡ ਅਕਸਰ ਸਾਂਝੀ ਕਰਦੇ ਰਹਿੰਦੇ ਸਨ। ਅਫ਼ਸੋਸ, ਉਹ ਦੋਵੇਂ ਹੁਣ ਸਾਥੋਂ ਵਿਛੜ ਚੁੱਕੇ ਹਨ।

ਸਮੇਂ ਸਮੇਂ ਦੀ ਪੰਚਾਇਤ ਵੀ ਹਰ ਤਰ੍ਹਾਂ ਨਾਲ ਖਿਡਾਰੀਆਂ ਦਾ ਖਿਆਲ ਰਹੀਆਂ ਹਨ। ਪਿੰਡ ਦੇ ਮੌਜੂਦਾ ਸਰਪੰਚ ਮੈਡਮ ਪਰਮਿੰਦਰ ਕੌਰ ਜੀ ਹਨ ਜੋ ਪਿੰਡ 'ਚ ਵਧੀਆ ਕੰਮ ਕਰ ਰਹੇ ਨੇ। ਜੋ ਇਲਾਕੇ ਵਾਸਤੇ ਇਕ ਮਿਸਾਲ ਹੈ। ਉਨ੍ਹਾਂ ਦਾ ਸਾਥ ਉਨ੍ਹਾਂ ਦੇ ਜੀਵਨ ਸਾਥੀ ਰਿਟਾਇਰਡ ਹੈੱਡ ਕਾਂਸਟੇਬਲ ਸ. ਸਤਨਾਮ ਸਿੰਘ ਦਿੰਦੇ ਹਨ।

ਖਿਡਾਰੀਆਂ ਦਾ ਪੂਰਾ ਪੂਰਾ ਖਿਆਲ ਰੱਖਦੇ ਹਨ ਕਿਉਂਕਿ ਸਤਨਾਮ ਸਿੰਘ ਖੁਦ ਵੀ ਫ਼ੁੱਟਬਾਲ ਖਿਡਾਰੀ ਰਹੇ ਹਨ। ਪਿੰਡ ਦੇ ਸਾਬਕਾ ਸਰਪੰਚ ਤੇ ਪਿੰਡ ਦੇ ਲੋਕ ਭਲਾਈ ਦੇ ਕਾਰਜਾਂ 'ਚ ਤਨੋਂ, ਮਨੋਂ, ਧਨੋਂ ਹਿੱਸਾ ਪਾਉਣ ਵਾਲੇ ਅਤੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਸ਼ਹੀਦ ਭਗਤ ਸਿੰਘ ਜੀ ਦੇ ਨਾਂ 'ਤੇ ਟੂਰਨਾਮੈਂਟ ਦੀ ਸ਼ੁਰੂਆਤ ਦੀ ਮੋਹੜੀ ਗੱਡਣ ਵਾਲੇ ਸ. ਹਰਦੇਵ ਸਿੰਘ ਜੀ ਦੀ ਪਿੰਡ ਨੂੰ ਬੜੀ ਦੇਣ ਹੈ। ਉਨ੍ਹਾਂ ਦੇ ਹੌਸਲੇ ਸਦਕਾ ਖਿਡਾਰੀਆਂ ਨੂੰ ਅੱਗੇ ਤੋਂ ਅੱਗੇ ਵਧਣ ਦੇ ਮੌਕੇ ਮਿਲ ਰਹੇ। ਜਿਨ੍ਹਾਂ 'ਚੋਂ ਜੀਤਾ ਵੀ ਇਕ ਹੈ।

ਅਮਰੀਕਾ ਦੀ ਧਰਤੀ 'ਤੇ ਰਹਿੰਦਾ ਮਨਜੀਤ ਜੀਤਾ ਪਿੰਡ ਦੀ ਮਿੱਟੀ ਨਾਲ ਹਮੇਸ਼ਾਂ ਮੋਹ ਰੱਖਦੈ ਤੇ ਖੇਡਾਂ ਦੇ ਖੇਤਰ ਵਿਚ ਵਧ ਚੜ੍ਹ ਕੇ ਹਿੱਸਾ ਪਾਉਂਦੈ। ਗੇੜਾ ਪਿੰਡ ਜ਼ਰੂਰ ਰੱਖਦੈ।

ਪਿਛਲੇ ਸਾਲ 2023 ਨੂੰ ਐਸ ਐਨ ਕਾਲਜ ਬੰਗਾ ਦੀ ਗਰਾਊਂਡ ਵਿਚ ਸ਼ਹੀਦ ਭਗਤ ਸਿੰਘ ਯਾਦਗਾਰੀ ਚਲਦੇ ਫ਼ੁੱਟਬਾਲ ਟੂਰਨਾਮੈਂਟ ਵਿਚ ਸ਼ਾਮਲ ਹੋਇਆ ਤੇ ਪ੍ਰਬੰਧਕਾਂ ਨੇ ਉਹਦਾ ਵਾਹਵਾ ਮਾਣ-ਤਾਣ ਕੀਤਾ ਤੇ ਦਰਸ਼ਕਾਂ ਨਾਲ ਉਹਦੀ ਖੇਡ ਜ਼ਿੰਦਗੀ ਦੀ ਸਾਂਝ ਪਾਈ। ਜਿਸ ਨਾਲ ਜੀਤੇ ਦਾ ਸਿਰ ਮਾਣ ਨਾਲ ਉਚਾ ਹੋਇਆ।

"ਮੁੱਲ ਪੈਂਦਾ ਸਦਾ ਚੰਗੇ ਖਿਡਾਰੀਆਂ ਦਾ,
ਚੰਗੀ ਖੇਡ ਜਿਨ੍ਹਾਂ ਵਿਖਾਈ ਹੋਵੇ।
ਬੱਲੇ ਬੱਲੇ ਹੁੰਦੀ ਸਦਾ ਹਰ ਪਾਸੇ,
ਜਾਨ ਤੋੜ ਸੇਹਿਤ ਜਿਨ੍ਹਾਂ ਬਣਾਈ ਹੋਵੇ।
ਖਾਧੀਆਂ ਚੂਰੀਆਂ ਤੇ ਪੀਤੇ ਦੁੱਧ ਮਲਾਈ ਹੋਵੇ।"

# ਫਿਲਮ 'ਖਾਮੋਸ਼ ਪਾਣੀ' ਦੀ ਦਾਸਤਾਨ

**ਫਿਲਮ 'ਖਾਮੋਸ਼ ਪਾਣੀ' ਨੂੰ ਕੌਮਾਂਤਰੀ ਫਿਲਮ ਉਤਸਵਾਂ ਵਿਚ ਕਈ ਪੁਰਸਕਾਰ ਮਿਲੇ ਹਨ। ਇਹ ਹਿੰਦੋਸਤਾਨ ਵਿਚ ਵੀ ਰਿਲੀਜ਼ ਹੋਈ ਸੀ। ਮੁੰਬਈ ਦੇ ਵੱਡੇ ਲੇਖਕਾਂ ਨਿਰਦੇਸ਼ਕਾਂ ਨੇ ਇਸ ਨੂੰ ਚੰਗੀ ਫਿਲਮ ਦਾ ਖਿਤਾਬ ਦਿੱਤਾ ਸੀ ਜਿਸ ਵਿਚ ਵੱਡਾ ਸਬਕ ਵੀ ਸੀ, ਜਿਸ ਵਿਚ ਉਤਮ ਦਰਜੇ ਦਾ ਸਿਨੇਮਾ ਸੀ, ਜਿਸ ਦੀ ਕਹਾਣੀ ਯਥਾਰਥ ਦੇ ਨੇੜੇ ਸੀ ਅਤੇ ਵਿਲੱਖਣ ਸੀ। ਫਿਲਮ ਦੀ ਹਿਦਾਇਤਕਾਰਾ ਸਬੀਹਾ ਸੁਮਾਰ ਦੀਆਂ ਜੜ੍ਹਾਂ ਹਿੰਦੋਸਤਾਨ ਵਿਚ ਹਨ, ਹੁਣ ਉਹ ਕਰਾਚੀ ਵਿਚ ਰਹਿੰਦੀ ਹੈ।**

ਫਿਲਮ 'ਖਾਮੋਸ਼ ਪਾਣੀ' ਦੇਖਦਿਆਂ ਮੈਨੂੰ ਪਹਿਲੀ ਵਿਡੰਬਨਾ ਤਾਂ ਇਹ ਜਾਪੀ ਕਿ ਇਸ ਫਿਲਮ ਦੀ ਭਾਸ਼ਾ ਪੰਜਾਬੀ ਹੋਣ ਦੇ ਬਾਵਜੂਦ ਇਸ ਨੂੰ ਪੰਜਾਬੀ ਕਲਾ ਫਿਲਮ ਦਾ ਲਕਬ ਨਹੀਂ ਮਿਲਿਆ। ਇਸ ਦੀ ਬੋਲੀ ਪੰਜਾਬੀ ਹੈ, ਇਸ ਦੀ ਕਹਾਣੀ ਪੰਜਾਬ ਨਾਲ ਜੁੜੀ ਹੋਈ ਹੈ, ਫਿਲਮ ਹੀ ਪੰਜਾਬ ਦੀ ਧਰਾਤਲ 'ਤੇ ਖੜ੍ਹੀ ਪਰ ਇਸ ਨੂੰ ਪੰਜਾਬੀ ਫਿਲਮ ਤਸਲੀਮ ਨਹੀਂ ਕੀਤਾ ਗਿਆ। ਸ਼ਾਇਦ ਇਸ ਲਈ ਕਿ ਇਹ ਕੌਮਾਂਤਰੀ ਤੌਰ 'ਤੇ ਪੇਸ਼ ਕੀਤੀ ਜਾਣੀ ਸੀ ਜਿਸ ਵਿਚ ਬਹੁਤ ਸਾਰੇ ਦੇਸ਼ਾਂ ਦੇ ਫਨਕਾਰ ਜੁੜੇ ਹੋਏ ਸਨ ਤੇ ਜੇਕਰ ਇਸ ਨੂੰ ਪੰਜਾਬੀ ਭਾਸ਼ਾ ਦੀ ਫਿਲਮ ਦੇ ਤੌਰ 'ਤੇ ਪੇਸ਼ ਕੀਤਾ ਜਾਂਦਾ ਤਾਂ ਸ਼ਾਇਦ ਇਸ ਦੀ ਉਹ ਪਹੁੰਚ ਨਹੀਂ ਸੀ ਹੋਣੀ ਜੋ ਦਰਕਾਰ ਸੀ। ਉਂਝ, ਇਹ ਤੈਅ ਹੈ ਕਿ ਜੇਕਰ ਪੰਜਾਬੀ ਭਾਸ਼ਾ ਦੀਆਂ ਫਿਲਮਾਂ (ਭਾਰਤ+ਪਾਕਿਸਤਾਨ) ਵਿਚ ਇਹ ਫਿਲਮ ਵੀ ਸ਼ੁਮਾਰ ਕੀਤੀ ਜਾਂਦੀ ਤਾਂ ਇਹ ਪੰਜਾਬੀ ਫਿਲਮਾਂ ਦੇ ਇਤਿਹਾਸ ਦੀ ਸਭ ਤੋਂ ਸ਼ਾਨਦਾਰ ਕਲਾ ਫਿਲਮ ਹੈ।

**ਤਰਸੇਮ ਬਸ਼ਰ**

ਇਸ ਫਿਲਮ ਦੀ ਹਿਦਾਇਤਕਾਰਾ ਸਬੀਹਾ ਸੁਮਾਰ ਦੀਆਂ ਜੜ੍ਹਾਂ ਹਿੰਦੋਸਤਾਨ ਵਿਚ ਹਨ ਪਰ ਹੁਣ ਉਹ ਕਰਾਚੀ ਦੀ ਰਹਿਣ ਵਾਲੀ ਹੈ ਤੇ ਧਾਰਮਿਕ ਕੱਟੜਤਾ ਵਿਰੁੱਧ ਬੋਲਣ ਵਾਲੀ ਲੇਖਕ ਅਤੇ ਨਿਰਦੇਸ਼ਕ ਵਜੋਂ ਜਾਣੀ ਜਾਂਦੀ ਹੈ। ਸਬੀਹਾ ਦੀਆਂ ਫਿਲਮਾਂ ਸੰਵੇਦਨਸ਼ੀਲ ਮੁੱਦਿਆਂ 'ਤੇ ਆਧਾਰਿਤ ਅਤੇ ਧਰਾਤਲ ਦੇ ਨੇੜੇ ਹੁੰਦੀਆਂ ਹਨ ਅਤੇ ਕੌਮਾਂਤਰੀ ਤੌਰ 'ਤੇ ਉਹਨਾਂ ਨੂੰ ਵਧੀਆ ਫਿਲਮ ਨਿਰਦੇਸ਼ਕ ਵਜੋਂ ਜਾਣਿਆ ਜਾਂਦਾ ਹੈ।

ਫਿਲਮ ਦੇਖਣ ਵੇਲੇ ਤਾਂ ਕਈ ਵਾਰ ਖੁਸ਼ਵੰਤ ਸਿੰਘ ਦੇ ਨਾਵਲ 'ਟ੍ਰੇਨ ਟੂ ਪਾਕਿਸਤਾਨ' ਆਧਾਰਿਤ ਫਿਲਮ ਯਾਦ ਆਉਂਦੀ ਹੈ। ਉਹ ਵੀ ਵੰਡ ਦੀ ਵੱਢ-ਟੁੱਕ 'ਤੇ ਆਧਾਰਿਤ ਸੀ। ਇਸ ਫਿਲਮ ਦਾ ਵਿਸ਼ਾ ਵੀ ਉਸੇ ਤਰਾਸਦੀ ਨਾਲ ਜੁੜਿਆ ਹੋਇਆ ਹੈ ਪਰ ਇਸ ਫਿਲਮ ਦਾ ਕਥਾਨਕ ਵੰਡ ਤੋਂ ਲਗਭਗ ਢਾਈ ਦਹਾਕੇ ਬਾਅਦ ਦਾ ਹੈ; ਉਨ੍ਹਾਂ ਦਿਨਾਂ ਦਾ ਜਦੋਂ ਪਾਕਿਸਤਾਨ ਵਿਚ ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ ਸੀ ਅਤੇ ਜਨਰਲ ਜ਼ਿਆ ਉਲ ਹੱਕ ਨੇ ਸੱਤਾ ਦੀ ਕਮਾਨ ਸੰਭਾਲ ਲਈ ਸੀ। ਪਾਕਿਸਤਾਨ ਵਿਚ ਫਾਸ਼ੀਵਾਦੀ ਤਾਕਤਾਂ ਤਾਕਤਵਰ ਹੋ ਰਹੀਆਂ ਸਨ। ਫਿਜ਼ਾ ਵਿਚ ਕੱਟੜਤਾ ਤੇ ਨਫਰਤ ਘੁਲ ਰਹੀ ਸੀ। ਇਸ ਕਹਾਣੀ ਦੀ ਵਿਲੱਖਣਤਾ ਇਹ ਵੀ ਹੈ ਕਿ ਇੰਨੇ ਸਮੇਂ ਬਾਅਦ ਦੀ ਇਹ ਕਹਾਣੀ ਵੰਡ ਦੀ ਤਰਾਸਦੀ ਨਾਲ ਜਾ ਜੁੜਦੀ ਹੈ। ਵੰਡ ਦੇ ਜ਼ਖਮ ਇੰਨੇ ਸਾਲਾਂ ਬਾਅਦ ਵੀ ਹਰੇ ਹੁੰਦੇ ਹਨ।

1947 ਦੇ ਅਗਸਤ ਮਹੀਨੇ ਜਦੋਂ ਦੋਵੇਂ ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਹੇ ਸਨ ਤਾਂ ਪੰਜਾਬ ਅਤੇ ਬੰਗਾਲ ਵਿਚ ਹਜ਼ਾਰਾਂ ਲੋਕ ਕਤਲ ਹੋ ਰਹੇ ਸਨ, ਉੱਜੜ ਰਹੇ ਸਨ। ਦੁਨੀਆ ਦਾ ਸਭ ਤੋਂ ਭਿਆਨਕ ਕਤਲੇਆਮ। ਇਸ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ ਪਰ ਇਹ ਵੰਡ ਇੰਨੀ ਭਿਆਨਕ ਸੀ ਕਿ ਇਸ ਨੂੰ ਸਮੁੱਚੇ ਤੌਰ 'ਤੇ ਅਜੇ ਤੱਕ ਵੀ ਪਰਿਭਾਸ਼ਿਤ ਕਰਨਾ ਸ਼ਾਇਦ ਸੰਭਵ ਨਹੀਂ। ਇਸ ਤ੍ਰਾਸਦੀ ਨੂੰ ਸ਼ਾਇਦ ਹੀ ਕਦੇ ਢੁਕਵੇਂ ਲਫਜ਼ ਮਿਲ ਸਕਣ। ਮੰਟੋ ਨੇ ਉਸ ਸਮੇਂ ਦੇ ਹਾਲਾਤ 'ਤੇ ਪਾਗਲਾਂ ਦਾ ਨਜ਼ਰੀਆ ਪੇਸ਼ ਕੀਤਾ ਤਾਂ ਕ੍ਰਿਸ਼ਨ ਚੰਦਰ ਨੇ ਫੁੱਟ-ਪਾਊ ਤਾਕਤਾਂ ਕਿਵੇਂ ਕੰਮ ਕਰ ਰਹੀਆਂ ਸਨ, ਉਸ ਬਾਰੇ ਲਿਖਿਆ। ਖੁਸ਼ਵੰਤ ਸਿੰਘ ਨੇ ਕਤਲੋਗਾਰਤ ਨਾਲ ਭਰੀਆਂ ਰੇਲਾਂ ਬਾਰੇ ਲਿਖਿਆ ਤਾਂ ਇਸਮਤ ਚੁਗਤਾਈ ਨੇ ਉਹਨਾਂ ਮੁਸਲਮਾਨਾਂ ਬਾਰੇ ਲਿਖਿਆ ਜੋ ਪੰਜਾਬ ਤੋਂ ਦੂਰ ਸਨ ਅਤੇ ਇਸ ਸ਼ਸ਼ੋਪੰਜ ਵਿਚ ਸਨ ਕਿ ਉਹਨਾਂ ਨੂੰ ਮੁਸਲਮਾਨਾਂ ਲਈ ਬਣੇ ਅਲਹਿਦਾ ਮੁਲਕ ਜਾਣਾ ਚਾਹੀਦਾ ਹੈ ਜਾਂ ਨਹੀਂ। ਸੋਹਣ ਸਿੰਘ ਸ਼ੀਤਲ ਨੇ 'ਤੂਤਾਂ ਵਾਲਾ ਖੂਹ' ਨਾਵਲ ਵਿਚ ਵੰਡ ਤੋਂ ਪਹਿਲਾਂ ਦਾ ਮਾਹੌਲ ਲਿਖਿਆ।

ਸਬੀਹਾ ਕੋਲ ਅਜਿਹੀ ਕਹਾਣੀ ਸੀ ਜੋ ਅਸਲੀਅਤ ਦੇ ਨੇੜੇ ਸੀ। 'ਖਾਮੋਸ਼ ਪਾਣੀ' ਦੀ ਸਮੀਖਿਆ ਕਰਦਿਆਂ ਇਕ ਅੰਗਰੇਜ਼ੀ ਅਖਬਾਰ ਨੇ ਲਿਖਿਆ ਕਿ ਉਦੋਂ ਔਰਤਾਂ ਦੀ ਹਾਲਤ ਬਿਆਨ ਤੋਂ ਬਾਹਰ ਹੈ, ਘਰ ਦੇ ਮਰਦ ਉਹਨਾਂ ਨੂੰ ਇਸ ਲਈ ਮਾਰ ਦੇਣਾ ਚਾਹੁੰਦੇ ਸਨ ਕਿ ਉਹ ਬੇਪਤੀ ਦਾ ਸ਼ਿਕਾਰ ਨਾ ਹੋ ਜਾਣ। ਹਰ ਤਰਫ ਮੌਤ ਦਾ ਸਾਇਆ। ਇਹ ਔਰਤਾਂ ਦੀ ਕਿੰਨੀ ਖਤਰਨਾਕ ਸਥਿਤੀ ਸੀ। 'ਖਾਮੋਸ਼ ਪਾਣੀ' ਇਹਨਾਂ ਔਰਤਾਂ ਵਿਚੋਂ ਹੀ ਇੱਕ ਔਰਤ ਦੀ ਕਹਾਣੀ ਹੈ ਜੋ ਦੂਜੀਆਂ ਕੁੜੀਆਂ ਵਾਂਗ ਖੂਹ ਵਿਚ ਛਾਲ ਮਾਰਨ ਵੇਲੇ ਕਿਸੇ ਤਰ੍ਹਾਂ ਬਚ ਜਾਂਦੀ ਹੈ।

1979-80 ਸਾਲ ਹੈ। ਰਾਵਲਪਿੰਡੀ ਦਾ ਇਕ ਪਿੰਡ ਹੈ ਚਰਖੀ। ਰਾਵਲਪਿੰਡੀ ਦਾ ਇਹ ਪਿੰਡ ਛੋਟੇ-ਛੋਟੇ ਪਹਾੜਾਂ 'ਚ ਘਿਰਿਆ ਹੋਇਆ ਹੈ। ਜ਼ਿੰਦਗੀ





ਫਿਲਮ 'ਖਾਮੋਸ਼ ਪਾਣੀ' ਦੇ ਦੋ ਦ੍ਰਿਸ਼।

ਮਾਮੂਲ ਅਨੁਸਾਰ ਚੱਲ ਰਹੀ ਹੈ। ਆਇਸ਼ਾ (ਕਿਰਨ ਖੇਰ) ਨੂੰ ਪਿੰਡ ਵਿਚ ਸਾਰੇ ਅਦਬ ਨਾਲ ਚਾਚੀ ਕਹਿੰਦੇ ਹਨ ਤੇ ਆਇਸ਼ਾ ਦੇ ਜਵਾਨ ਹੋ ਰਹੇ ਮੁੰਡੇ ਦਾ ਨਾਂ ਹੈ ਸਲੀਮ (ਆਮਿਰ ਅਲੀ)। ਆਇਸ਼ਾ ਨੂੰ ਆਪਣੇ ਜਵਾਨ ਪੁੱਤਰ ਨਾਲ ਬਹੁਤ ਮੋਹ ਹੈ। ਇਹ ਉਸ ਨੇ ਮੰਗ ਮੰਗ ਕੇ ਲਿਆ ਹੈ ਅਤੇ ਦਿਲ ਵਿਚ ਖ਼ਵਾਬ ਹੈ ਕਿ ਉਹ ਇਸ ਦੀ ਸ਼ਾਦੀ ਜ਼ੁਬੈਦਾ (ਸ਼ਿਲਪਾ ਸ਼ੁਕਲਾ) ਨਾਲ ਕਰੇਗੀ। ਜ਼ੁਬੈਦਾ ਉਸ ਦੀ ਸਹੇਲੀ ਦੀ ਲੜਕੀ ਹੈ। ਇਹ ਪਰਿਵਾਰ ਹਰ ਸੁਖ ਦੁਖ ਵਿਚ ਉਸ ਨਾਲ ਰਹਿੰਦਾ ਹੈ। ਸਲੀਮ ਸੋਹਣਾ ਮੁੰਡਾ ਹੈ, ਭੋਲਾ ਵੀ ਹੈ। ਉਹ ਜ਼ੁਬੈਦਾ ਨੂੰ ਮਿਲਦਾ ਰਹਿੰਦਾ ਹੈ, ਗੀਤ ਸੰਗੀਤ ਸੁਣਨ ਤੇ ਬੰਸਰੀ ਵਜਾਉਣ ਦਾ ਸ਼ੌਕੀਨ ਨਰਮ ਦਿਲ ਮੁੰਡਾ। ਉਸ ਦਾ ਪਿਤਾ ਹੁਣ ਜਹਾਨ ਵਿਚ ਨਹੀਂ।

ਦੇਸ਼ ਵਿਚ ਰਾਜ ਪਲਟਾ ਹੋ ਗਿਆ। ਜ਼ੁਲਫਿਕਾਰ ਅਲੀ ਭੁੱਟੋ ਨੂੰ ਫਾਂਸੀ ਦੇ ਦਿੱਤੀ ਗਈ। ਸੱਤਾ 'ਤੇ ਜਨਰਲ ਜ਼ਿਆ ਉਲ ਹੱਕ ਦਾ ਕਬਜ਼ਾ ਹੋ ਗਿਆ। ਕੱਟੜਵਾਦੀ ਲੋਕ ਫਿਰ ਇਕੱਠੇ ਹੋਣੇ ਸ਼ੁਰੂ ਹੋ ਗਏ ਹਨ ਜੋ ਦੇਸ਼ ਵਿਚ ਇਸਲਾਮੀ ਰਾਜ ਚਾਹੁੰਦੇ ਹਨ। ਇਸ ਪਿੰਡ ਦਾ ਇੱਕ ਨੌਜਵਾਨ ਵੀ ਉਸੇ ਵਿਚਾਰਧਾਰਾ ਦਾ ਹਾਮੀ ਹੈ ਜਿਸ ਕੋਲ ਉਸ ਦਾ ਇਕ ਦੋਸਤ ਸ਼ਹਿਰੋਂ ਆ ਕੇ ਰਹਿ ਰਿਹਾ ਹੈ। ਉਹਨਾਂ ਦਾ ਮਨਸੂਬਾ ਹੈ ਕਿ ਪਿੰਡ ਦੇ ਨੌਜਵਾਨਾਂ ਨੂੰ ਵੀ ਉਸੇ ਵਿਚਾਰਧਾਰਾ ਨਾਲ ਜੋੜ ਦਿੱਤਾ ਜਾਵੇ ਜੋ ਸ਼ਹਿਰ ਦੀਆਂ ਤਨਜ਼ੀਮਾਂ ਵਿਚ ਚੱਲ ਰਿਹਾ ਹੈ। ਹਾਲਾਂਕਿ ਸਲੀਮ ਨਰਮ ਦਿਲ ਮੁੰਡਾ ਹੈ ਪਰ ਉਸ ਦਾ ਦੋਸਤ ਉਸ ਨੂੰ ਉਹਨਾਂ ਲੋਕਾਂ ਨਾਲ ਸ਼ਹਿਰ ਵਿਚ ਘੁੰਮਣ ਫਿਰਨ ਲੈ ਜਾਂਦਾ ਹੈ ਜੋ ਕੱਟੜਵਾਦੀ ਤਨਜ਼ੀਮਾਂ ਨਾਲ ਜੁੜੇ ਹੋਏ ਹਨ। ਉਸ 'ਤੇ ਵੀ ਇਸ ਦਾ ਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਇਸ਼ਾ ਨੂੰ ਪਤਾ ਲੱਗਦਾ ਹੈ ਤਾਂ ਉਹ ਪੁੱਤਰ ਬਾਰੇ ਫਿਕਰਮੰਦ ਹੋ ਜਾਂਦੀ ਹੈ। ਇਸੇ ਦਰਮਿਆਨ ਪਾਕਿਸਤਾਨ ਸਰਕਾਰ ਸਿੱਖ ਸ਼ਰਧਾਲੂ ਯਾਤਰੂਆਂ ਨੂੰ ਪਾਕਿਸਤਾਨ ਆਉਣ ਦੀ ਇਜਾਜ਼ਤ ਦੇ ਦਿੰਦੀ ਹੈ।

ਪਿੰਡ ਵਿਚ ਆਇਸ਼ਾ ਦੀ ਸਾਰੀ ਇੱਜ਼ਤ ਕਰਦੇ ਹਨ ਪਰ ਉਸ ਬਾਰੇ ਮਸ਼ਹੂਰ ਹੈ ਕਿ ਉਹ ਪਿੰਡ ਦੇ ਖੂਹ ਤੋਂ ਪਾਣੀ ਲੈਣ ਕਦੇ ਨਹੀਂ ਜਾਂਦੀ। ਇਹ ਕੰਮ ਉਸ ਦੀ ਸਹੇਲੀ ਅੱਲਾ ਬੀ ਅਤੇ ਉਸ ਦੀ ਧੀ ਉਸ ਵਾਸਤੇ ਕਰ ਦਿੰਦੀਆਂ ਹਨ। ਉਹ ਪਾਣੀ ਲੈਣ ਕਿਉਂ ਨਹੀਂ ਜਾਂਦੀ? ਇਸ ਬਾਰੇ ਕਿਸੇ ਨੂੰ ਕੋਈ ਇਲਮ ਨਹੀਂ। ਉਸ ਦੇ ਪੁੱਤਰ ਨੂੰ ਵੀ ਨਹੀਂ। ਇਸ ਰਾਜ਼ ਦਾ ਪਰਦਾ ਬਾਅਦ ਵਿਚ ਖੁੱਲ੍ਹਦਾ ਹੈ।

ਹੁਣ ਜਦੋਂ ਆਇਸ਼ਾ ਦਾ ਪੁੱਤਰ ਸਲੀਮ ਕੱਟੜ ਵਿਚਾਰਧਾਰਾ ਹਾਮੀ ਹੋ ਰਿਹਾ ਹੈ, ਦੂਜੀਆਂ ਸ਼੍ਰੇਣੀਆਂ ਨੂੰ ਕਾਫਿਰ ਕਹਿਣ ਲੱਗਿਆ ਹੈ ਤਾਂ ਪਿੰਡ ਦੇ ਕੁਝ ਲੋਕ ਸਮਝਾਉਂਦੇ ਹਨ ਕਿ ਇਹ ਠੀਕ ਨਹੀਂ, ਇਹ ਰਾਜਨੀਤਕ ਚਾਲਾਂ ਨੇ, ਕੋਈ ਧਰਮ ਇਹ ਨਹੀਂ ਸਮਝਾਉਂਦਾ ਪਰ ਉਹ ਨੌਜਵਾਨ ਉਹਨਾਂ ਨੂੰ ਚੁੱਪ ਕਰਾ ਦਿੰਦੇ ਹਨ।

ਰਾਜਨੀਤਕ ਕਾਰਨਾਂ ਕਰ ਕੇ ਫੈਲੇ ਕੱਟੜਤਾ ਦੇ ਇਸੇ ਮਾਹੌਲ ਵਿਚ ਕਹਾਣੀ ਮੋੜ ਕੱਟਣਾ ਸ਼ੁਰੂ ਕਰਦੀ ਹੈ। ਅਜਿਹਾ ਮੋੜ ਆਉਂਦਾ ਹੈ ਜੋ ਆਇਸ਼ਾ ਦੀ ਜ਼ਿੰਦਗੀ ਨੂੰ ਖਤਮ ਕਰ ਕੇ ਰੱਖ ਦਿੰਦਾ ਹੈ। ਆਏ ਹੋਏ ਸਿੱਖ ਜਥੇ ਵਿਚ ਇੱਕ ਸਿੱਖ ਅਜਿਹਾ ਵੀ ਹੈ ਜੋ ਚਰਖੀ ਪਿੰਡ ਵਿਚ ਆਪਣੀ ਭੈਣ ਨੂੰ ਭਾਲਣ ਆਇਆ ਹੈ ਜਿਸ ਬਾਰੇ ਉਹਨਾਂ ਨੂੰ ਯਕੀਨ ਹੈ ਕਿ ਉਸੇ ਪਿੰਡ ਵਿਚ ਰਹਿੰਦੀ ਹੈ, ਉਹ ਵੰਡ ਦੇ ਦੁਖਾਂਤ ਵੇਲੇ ਬਚ ਗਈ ਸੀ। ਉਹ ਪਿੰਡੋਂ ਪਤਾ ਕਰਦਾ ਹੈ ਕਿ ਕੀ ਕੋਈ ਅਜਿਹੀ ਔਰਤ ਹੈ ਜੋ 47 ਵੇਲੇ ਇੱਥੇ ਰਹਿ ਗਈ ਹੋਵੇ। ਇੱਕ ਦਿਨ ਉਸ ਦੀ ਮੁਲਾਕਾਤ ਜ਼ੁਬੈਦਾ ਦੇ ਪਿਤਾ ਨਾਲ ਹੋ ਜਾਂਦੀ ਹੈ। ਪਿੰਡ ਵਿਚ ਸਿਰਫ ਉਹੀ ਹੈ ਜਿਸ ਨੂੰ ਪਤਾ ਹੈ ਕਿ ਆਇਸ਼ਾ ਉਹ ਔਰਤ ਹੈ ਜੋ 47 ਦੇ ਵੰਡ ਵੇਲੇ ਖੂਹ ਵਿਚੋਂ ਛਾਲ ਮਾਰਨ ਵੇਲੇ ਬਚ ਗਈ ਸੀ ਅਤੇ ਬਾਅਦ ਵਿਚ ਉਸ ਨੂੰ ਸਲੀਮ ਦੇ ਪਿਤਾ ਨੇ ਵਸਾ ਲਿਆ ਸੀ।

ਪੁੱਛਦਾ ਪਛਾਉਂਦਾ ਸਿੱਖ ਜਥੇ ਵਿਚ ਆਇਆ ਉਹ ਸ਼ਖਸ ਜਦੋਂ ਆਇਸ਼ਾ ਦੇ ਘਰ ਪਹੁੰਚਦਾ ਹੈ ਅਤੇ ਆਇਸ਼ਾ ਨੂੰ ਕਹਿੰਦਾ ਹੈ ਕਿ ਉਸ ਦਾ ਪਿਤਾ ਮਰਨ ਵਾਲਾ ਹੈ, ਉਹ ਆਖਰੀ ਵਾਰ ਆਪਣੀ 'ਵੀਰੋ' (ਆਇਸ਼ਾ ਦਾ ਬਚਪਨ ਦਾ ਨਾਮ) ਨੂੰ ਮਿਲਣਾ ਚਾਹੁੰਦਾ ਹੈ ਤਾਂ ਆਇਸ਼ਾ ਜਾਣ ਤੋਂ ਮਨਾ ਕਰ ਦਿੰਦੀ ਹੈ। ਉਸ ਨੇ ਬੜੇ ਤਪ ਅਤੇ ਕਠਨਾਈਆਂ ਤੋਂ ਬਾਅਦ ਇਹ ਜ਼ਿੰਦਗੀ ਹਾਸਲ ਕੀਤੀ ਹੈ, ਸੋਹਣਾ ਪੁੱਤ ਹੈ, ਮਿਲਵਰਤਨ ਹੈ, ਉਹ ਇਸ ਨੂੰ ਤਬਾਹ ਨਹੀਂ ਕਰ ਸਕਦੀ ਪਰ ਬਦਕਿਸਮਤੀ ਨਾਲ ਇਹ ਗੱਲ ਕਰਦਿਆਂ ਉਸ ਦਾ ਕੱਟੜ ਵਿਚਾਰਧਾਰਾ ਵਿਚ ਗ੍ਰਿਫਤ ਲੜਕਾ ਸਲੀਮ ਵੀ ਆ ਜਾਂਦਾ ਹੈ। ਇਹ ਸਭ ਦੇਖ ਕੇ ਸਲੀਮ ਆਪਣੀ ਮਾਂ ਨਾਲ ਨਫਰਤ ਕਰਨ ਲੱਗ ਪੈਂਦਾ ਹੈ।

ਆਇਸ਼ਾ ਭਾਵੇਂ ਆਪਣੇ ਸਿੱਖ ਭਰਾ ਨਾਲ ਨਹੀਂ ਜਾਂਦੀ ਪਰ ਉਸ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ, ਉਸ ਨੂੰ ਇੰਨੇ ਸਾਲਾਂ ਬਾਅਦ ਯਾਦ ਆ ਜਾਂਦਾ ਹੈ ਕਿ ਉਹ ਵੀਰੋ ਸੀ। ਮਾਹੌਲ ਵਿਚ ਘੁਲ ਰਹੀ ਕੱਟੜਤਾ ਅਤੇ ਆਪਣੇ ਸਿੱਖ ਭਰਾ ਦੇ ਆਉਣ ਤੋਂ ਬਾਅਦ ਬਣੇ ਹਾਲਾਤ ਕਾਰਨ ਆਇਸ਼ਾ ਦੇ ਜੀਵਨ ਵਿਚ ਭੂਚਾਲ ਆ ਜਾਂਦਾ ਹੈ। ਉਸ ਦਾ ਸਮਾਜਿਕ ਜੀਵਨ ਖਤਮ ਹੋ ਜਾਂਦਾ ਹੈ। ਸਾਲਾਂ ਤੋਂ ਸਾਥਣ ਅੱਲਾ ਬੀ ਸਾਥ ਛੱਡ ਦਿੰਦੀ ਹੈ। ਉਹ ਅਤੇ ਉਸ ਦੀ ਧੀ ਹੁਣ ਪਾਣੀ ਭਰਨ ਨਹੀਂ ਆਉਂਦੀਆਂ। ਸਾਲਾਂ ਪੁਰਾਣੀ ਸਹੇਲੀ ਵੀ ਉਸ ਨਾਲ ਬਾਜ਼ਾਰ ਜਾਣ ਤੋਂ ਕਤਰਾਉਂਦੀ ਹੈ ਜੋ ਹਮੇਸ਼ਾ ਉਸ ਨਾਲ ਰਹਿੰਦੀ ਹੁੰਦੀ ਸੀ।



ਫਿਲਮਸਾਜ਼ ਸਬੀਹਾ ਸੁਮਰ

ਇੱਕ ਦਿਨ ਬਾਜ਼ਾਰ ਵਿਚ ਉਹ ਦੇਖਦੀ ਹੈ ਕਿ ਨੌਜਵਾਨਾਂ ਦਾ ਝੁੰਡ ਹਿੰਦੋਸਤਾਨ ਤੋਂ ਆਏ ਸਿੱਖਾਂ ਦਾ ਵਿਰੋਧ ਕਰ ਰਿਹਾ ਹੈ ਅਤੇ ਉਸ ਵਿਚ ਉਸ ਦਾ ਆਪਣਾ ਪੁੱਤਰ ਵੀ ਸ਼ਾਮਿਲ ਹੈ। ਇਹ ਦੇਖ ਕੇ ਉਸ ਦੀ ਰੂਹ ਕੰਬ ਜਾਂਦੀ ਹੈ। ਵੱਢਾ-ਟੁੱਕੀ ਦੇ ਮੰਜ਼ਰ ਉਸ ਦੇ ਜ਼ਿਹਨ ਵਿਚ ਦੁਬਾਰਾ ਆਉਣੇ ਸ਼ੁਰੂ ਹੋ ਜਾਂਦੇ ਹਨ। ਹੁਣ ਭਾਵੇਂ ਉਹ ਆਇਸ਼ਾ ਹੈ ਪਰ ਉਸ ਦੀ ਪਰਵਰਿਸ਼ ਤਾਂ ਸਿੱਖਾਂ ਦੇ ਘਰ ਵਿਚ ਹੀ ਹੋਈ ਸੀ। ਉਤੋਂ ਉਸ ਦਾ ਆਪਣਾ ਪੁੱਤਰ ਉਹਨਾਂ ਵਿਰੁੱਧ ਨਫਰਤ ਨਾਲ ਭਰਿਆ ਹੋਇਆ ਹੈ। ਬੜੇ ਸੰਗੀਨ ਹਾਲਾਤ ਬਣ ਰਹੇ ਸਨ।

ਹੁਣ ਬਦਲੇ ਹਾਲਾਤ ਵਿਚ ਜ਼ੁਬੈਦਾ ਦੇ ਮਾਪੇ ਵੀ ਨਹੀਂ ਚਾਹੁੰਦੇ ਕਿ ਉਹ ਸਲੀਮ ਅਤੇ ਜ਼ੁਬੈਦਾ ਦੇ ਵਿਆਹ ਵਿਚ ਵੀ ਸ਼ਾਮਿਲ ਹੋਵੇ, ਉਨ੍ਹਾਂ ਮੁਤਾਬਕ ਇਹ ਕਿਸੇ ਲਈ ਵੀ ਖਤਰੇ ਤੋਂ ਖਾਲੀ ਨਹੀਂ। ਸਲੀਮ ਦੀਆਂ ਅੱਖਾਂ 'ਤੇ ਕੱਟੜਤਾ ਦੀ ਪੱਟੀ ਬੰਨ੍ਹੀ ਹੋਈ ਹੈ, ਉਹ ਸਿੱਖਾਂ ਨੂੰ ਕਾਫਿਰ ਮੰਨਦਾ ਹੈ ਤੇ ਹੁਣ ਇਹਨਾਂ ਕਾਫਿਰ 'ਚ ਉਸ ਦੀ ਆਪਣੀ ਮਾਂ ਵੀ ਸ਼ਾਮਿਲ ਹੈ।

ਆਇਸ਼ਾ ਹੁਣ ਤੱਕ ਮਾਨਸਿਕ ਤੌਰ 'ਤੇ ਖਿੰਡ-ਪੁੰਡ ਚੁੱਕੀ ਹੈ, ਬਿਖਰ ਗਈ ਹੈ। ਮੁਸਲਸਲ ਸਦਮਿਆਂ ਦੀ ਮਾਰੀ ਹੋਈ ਆਇਸ਼ਾ ਕੋਲ ਹੁਣ ਕੋਈ ਰਸਤਾ ਬਾਕੀ ਨਹੀਂ ਬਚਿਆ ਹੈ। ਫਿਰ ਇੱਕ ਸ਼ਾਮ ਉਹ ਨਮਾਜ਼ ਅਦਾ ਕਰਦੀ ਹੈ ਅਤੇ ਆਪਣੀ ਖਿੰਡੀ-ਪੁੰਡੀ ਮਾਨਸਿਕਤਾ ਨੂੰ ਖਤਮ ਕਰਨ ਲਈ ਖੂਹ ਵੱਲ ਰੁਖ ਕਰਦੀ ਹੈ ਅਤੇ ਉਸ ਵਿਚ ਕੁੱਦ ਜਾਂਦੀ ਹੈ। ਖੂਹ ਵਿਚ ਡਿੱਗ ਕੇ ਮਰਨ ਤੋਂ ਬਚਣ ਅਤੇ ਫਿਰ ਤੋਂ ਹਾਲਾਤ ਅੱਗੇ ਬੇਵਸ ਖੂਹ ਵਿਚ ਡਿੱਗ ਕੇ ਮਰਨ ਦੀ ਇਹ ਕਥਾ ਅਨੰਤ ਦੁੱਖਾਂ ਦੀ ਕਥਾ ਹੈ।

ਆਇਸ਼ਾ ਦੇ ਖੂਹ ਵਿਚ ਡਿੱਗਣ ਤੋਂ ਕੁਝ ਦੇਰ ਬਾਅਦ ਖੂਹ ਦਾ ਪਾਣੀ ਸ਼ਾਂਤ ਹੋ ਜਾਂਦਾ ਹੈ। ਖੂਹ ਦਾ ਪਾਣੀ ਅੱਜ ਵੀ ਖਾਮੋਸ਼ ਹੈ, ਜਿਵੇਂ ਉਦੋਂ ਖਾਮੋਸ਼ ਰਿਹਾ ਸੀ ਜਦੋਂ ਇਸ ਵਿਚ ਬਹੁਤ ਸਾਰੀਆਂ ਕੁੜੀਆਂ ਨੇ ਛਾਲ ਮਾਰ ਕੇ ਜਾਣ ਦੇ ਦਿੱਤੀ ਸੀ।

ਆਇਸ਼ਾ ਨੂੰ ਦਫਨਾਉਣ ਤੋਂ ਬਾਅਦ ਸਲੀਮ ਘਰ ਪਏ ਉਸ ਸੰਦੂਕ ਨੂੰ ਫਰੋਲਦਾ ਹੈ ਜਿਸ ਵਿਚ ਕੁਝ ਪੁਰਾਣੀਆਂ ਤਸਵੀਰਾਂ ਹਨ। ਐਨਕ ਹੈ ਅਤੇ ਗੁਟਕੇ ਹਨ ਜੋ ਆਇਸ਼ਾ ਨੇ ਹੁਣ ਤੱਕ ਸਾਂਭੇ ਹੋਏ ਸਨ। ਇਹਨਾਂ ਸਹਾਰੇ ਉਹ ਅਤੀਤ ਨੂੰ ਯਾਦ ਕਰ ਲਿਆ ਕਰਦੀ ਸੀ। ਸਲੀਮ ਸੰਦੂਕ ਨੂੰ ਪਿੰਡ 'ਚੋਂ ਨਿਕਲਦੀ ਛੋਟੀ ਜਿਹੀ ਨਦੀ ਵਿਚ ਤਾਰ ਦਿੰਦਾ ਹੈ, ਭਾਵੇਂ ਨਿਰਦੇਸ਼ਕ ਉਸ ਦੇ ਅੰਤਰ-ਮਨ ਬਾਰੇ ਕੁਝ ਨਹੀਂ ਦੱਸਦੀ ਪਰ ਸੰਕੇਤਕ ਰੂਪ ਵਿਚ ਇਹ ਸਮਝਿਆ ਜਾ ਸਕਦਾ ਹੈ ਕਿ ਸਲੀਮ ਹੁਣ ਮੁਤਮਇਨ ਹੈ ਕਿ ਉਹ ਆਪਣੇ ਮਜ਼ਹਬ ਵਿਚ ਪੱਕਾ ਹੈ। ਜੋ ਕੁਝ ਕਚਿਆਈ ਸੀ ਤਾਂ ਉਹ ਨਦੀ ਵਿਚ ਵਹਾ ਦਿੱਤੀ ਹੈ।

ਸੰਦੂਕ ਨੂੰ ਨਦੀ ਵਿਚ ਵਹਾਏ ਜਾਣ ਦਾ ਦ੍ਰਿਸ਼ ਸਲੀਮ ਦੀ ਮੰਗੇਤਰ ਜ਼ੁਬੈਦਾ ਵੀ ਦੇਖਦੀ ਹੈ; ਜ਼ੁਬੈਦਾ ਜੋ ਕੱਟੜਤਾ ਦੀ ਨਹੀਂ, ਇਨਸਾਨੀਅਤ ਦੀ ਹਾਮੀ ਹੈ। ਸਲੀਮ ਜਾਂਦਾ ਹੋਇਆ ਜ਼ੁਬੈਦਾ ਨੂੰ ਆਪਣੀ ਮਾਂ ਦੀ ਉਸ ਦੇ ਬਚਪਨ ਦੀ ਨਿਸ਼ਾਨੀ ਦਿੰਦਾ ਹੋਇਆ ਕਹਿ ਦਿੰਦਾ ਹੈ ਕਿ ਇਹ ਫੈਸਲਾ ਉਹ ਕਰ ਲਵੇ ਕਿ ਇਹ ਆਇਸ਼ਾ ਦੀ ਸੀ ਜਾਂ ਫਿਰ ਵੀਰੋ ਦੀ।

ਫਿਲਮ ਦੇ ਅੰਤ ਵਿਚ ਜ਼ੁਬੈਦਾ ਸ਼ਹਿਰ ਵਿਚ ਤਕਰੀਰਾਂ ਸੁਣ ਰਹੀ ਹੈ ਜਿਸ ਵਿਚ ਕਿਹਾ ਜਾਂਦਾ ਹੈ ਕਿ ਰਾਜਨੀਤੀ ਨੂੰ ਮਜ਼ਹਬ ਤੋਂ ਵੱਖਰਾ ਰੱਖਣਾ ਚਾਹੀਦਾ ਹੈ ਪਰ ਜ਼ੁਬੈਦਾ ਦੇ ਅੰਤਰ-ਮਨ ਵਿਚ ਆਇਸ਼ਾ ਜੋ ਪਹਿਲਾਂ ਵੀਰੋ ਸੀ, ਦੀ ਕਹਾਣੀ ਚਲਦੀ ਰਹਿੰਦੀ ਹੈ। ਉਹ ਹੁਣ ਵੀ ਅਕਸਰ ਉਸ ਦੇ ਸੁਪਨਿਆਂ ਵਿਚ ਆਉਂਦੀ ਹੈ। ਕਦੇ ਆਇਸ਼ਾ ਬਣ ਕੇ, ਕਦੇ ਵੀਰੋ ਬਣ ਕੇ।

'ਖਾਮੋਸ਼ ਪਾਣੀ' ਨੂੰ ਕੌਮਾਂਤਰੀ ਫਿਲਮ ਉਤਸਵਾਂ ਵਿਚ ਕਈ ਪੁਰਸਕਾਰ ਮਿਲੇ ਹਨ। ਇਹ ਹਿੰਦੋਸਤਾਨ ਵਿਚ ਵੀ ਰਿਲੀਜ਼ ਹੋਈ ਸੀ। ਮੁੰਬਈ ਦੇ ਵੱਡੇ ਲੇਖਕਾਂ ਨਿਰਦੇਸ਼ਕਾਂ ਨੇ ਇਸ ਨੂੰ ਚੰਗੀ ਫਿਲਮ ਦਾ ਖਿਤਾਬ ਦਿੱਤਾ ਸੀ ਜਿਸ ਵਿਚ ਵੱਡਾ ਸਬਕ ਵੀ ਸੀ, ਜਿਸ ਵਿਚ ਉਤਮ ਦਰਜੇ ਦਾ ਸਿਨੇਮਾ ਸੀ, ਜਿਸ ਦੀ ਕਹਾਣੀ ਯਥਾਰਥ ਦੇ ਨੇੜੇ ਸੀ ਅਤੇ ਵਿਲੱਖਣ ਸੀ।

ਹਿੰਦੋਸਤਾਨ ਅਤੇ ਪਾਕਿਸਤਾਨ ਦੇ ਕਲਾਕਾਰਾਂ ਦੇ ਸਹਿਯੋਗ ਨਾਲ ਬਣੀ ਇਹ ਫਿਲਮ ਬੁੱਧੀਜੀਵੀ ਵਰਗ ਵਿਚ ਭਾਵੇਂ ਪਸੰਦ ਕੀਤੀ ਗਈ ਪਰ ਇਹ ਆਮ ਵਰਗ ਤੱਕ ਨਹੀਂ ਪਹੁੰਚ ਸਕੀ। ਫਿਲਮ ਵਿਚ ਪਾਤਰਾਂ ਦੀ ਭਾਸ਼ਾ ਪੰਜਾਬੀ ਹੈ ਤਾਂ ਇਸ ਵਿਚ ਗੀਤ ਸੰਗੀਤ ਵੀ ਪੰਜਾਬੀ ਸੁਣਾਈ ਦਿੰਦਾ ਹੈ। ਕਈ ਵਾਰ ਹਜ਼ਰਤ ਬਾਹੂ ਦਾ ਕਲਾਮ ਪਿਠਵਰਤੀ ਤੌਰ 'ਤੇ ਸੁਣਾਈ ਦਿੰਦਾ ਹੈ।

ਪਤਾ ਨਹੀਂ ਕਿਉਂ, ਫਿਲਮ ਇੰਨੀ ਵੱਡੀ ਵੀ ਨਹੀਂ ਸੀ ਪਰ ਇਸ ਦੀ ਐਡੀਟਿੰਗ ਬਹੁਤ ਜ਼ਿਆਦਾ ਚੁਸਤ ਕਿਉਂ ਕੀਤੀ ਗਈ! ਘਟਨਾਵਾਂ ਤੁਹਾਡੀ ਉਡੀਕ ਤੋਂ ਪਹਿਲਾਂ ਵਾਪਰ ਜਾਂਦੀਆਂ ਹਨ। ਆਇਸ਼ਾ ਦੇ ਖੂਹ ਵਿਚ ਛਾਲ ਮਾਰਨ ਦਾ ਦ੍ਰਿਸ਼ ਪਹਿਲੀ ਵਾਰ ਦੇਖਣ 'ਤੇ ਪ੍ਰਤੀਤ ਹੀ ਨਹੀਂ ਹੁੰਦਾ ਕਿ ਫਿਲਮ ਵਿਚ ਇੰਨੀ ਵੱਡੀ ਘਟਨਾ ਵਾਪਰ ਚੁੱਕੀ ਹੈ। ਕਿਰਨ ਖੇਰ ਆਪਣੇ ਜੀਵਨ ਦੀ ਸਭ ਤੋਂ ਵਧੀਆ ਭੂਮਿਕਾ ਵਿਚ ਸੀ ਪਰ ਉਸ ਦੀ ਬੋਲੀ ਵਿਚ ਚੜ੍ਹਦੇ ਪੰਜਾਬ ਦੀ ਬੋਲੀ ਦੀ ਪੁੱਠ ਹੈ। ਜੇਕਰ ਬੋਲੀ ਉਸੇ ਖਿੱਤੇ ਦੀ, ਉਸੇ ਪੰਜਾਬ ਵਾਲੀ ਹੁੰਦੀ ਤਾਂ ਜ਼ਿਆਦਾ ਚੰਗਾ ਹੁੰਦਾ, ਸੁਭਾਵਿਕ ਮਹਿਸੂਸ ਹੁੰਦੀ।

ਖੈਰ! ਫਿਲਮ ਦੀ ਕਹਾਣੀ ਵਿਚ ਬਹੁਤ ਕੁਝ ਫਲੈਸ਼-ਬੈਕ ਵਿਚ ਬੀਤਦਾ ਦਿਖਾਇਆ ਗਿਆ ਹੈ। ਬਹਰਹਾਲ ਫਿਲਮ ਇੰਨੀ ਸੂਖਮ ਅਤੇ ਸੰਕੇਤਕ ਹੈ ਕਿ ਸ਼ਾਇਦ ਇੱਕ ਵਾਰ ਦੇਖਣ 'ਤੇ ਉਹ ਗੱਲ ਨਾ ਬਣੇ ਜੋ ਦੂਜੀ ਵਾਰ ਦੇਖਣ 'ਤੇ ਬਣ ਸਕਦੀ ਹੈ। ਬੇਸ਼ਕ ਇਹ ਬੁੱਧੀਜੀਵੀ ਵਰਗ ਦੇ ਦੇਖਣ ਵਾਲੀ ਫਿਲਮ ਹੈ ਜਿਸ ਦਾ ਤਾਅਲੁਕ ਪਾਕਿਸਤਾਨ ਦੇ ਤਤਕਾਲੀਨ ਹਾਲਾਤ ਵਿਚੋਂ ਗੁਜ਼ਰਦਾ ਹੋਇਆ ਵੰਡ ਤੱਕ ਪਹੁੰਚ ਜਾਂਦਾ ਹੈ, ਅਸਲ ਵਿਚ ਵੰਡ ਦੇ ਦੁੱਖਾਂ ਤੱਕ ਪਹੁੰਚ ਜਾਂਦਾ ਹੈ।

ਉਂਝ, ਦੋਵਾਂ ਚੀਜ਼ਾਂ 'ਤੇ ਖੁਸ਼ ਅਤੇ ਹੈਰਾਨ ਹਾਂ: ਇੱਕ ਤਾਂ ਇਹ ਕਿ ਪੰਜਾਬੀ ਭਾਸ਼ਾ ਵਿਚ ਕੌਮਾਂਤਰੀ ਦਰਜੇ ਦੀ ਅਜਿਹੀ ਫਿਲਮ ਬਣੀ ਹੈ; ਦੂਜੀ ਇਹ ਕਿ ਪਾਕਿਸਤਾਨ ਵਿਚ ਅਜਿਹੀ ਮਹਿਲਾ ਨਿਰਦੇਸ਼ਕ ਵੀ ਹੈ ਜੋ ਅਜਿਹੀਆਂ ਸਚਾਈਆਂ ਨੂੰ ਪਰਦੇ 'ਤੇ ਉਤਾਰ ਲੈਂਦੀ ਹੈ ਜਿਨ੍ਹਾਂ ਨੂੰ ਉੱਥੇ ਰਹਿੰਦਿਆਂ ਪਰਦੇ 'ਤੇ ਉਤਾਰਨਾ ਆਸਾਨ ਕੰਮ ਨਹੀਂ।

ਫਿਲਮ ਵਿਚ ਸਲੀਮ ਦਾ ਕਿਰਦਾਰ ਆਮਦ ਅਲੀ ਨੇ ਨਿਭਾਇਆ ਸੀ। ਉਹ ਅਜਿਹਾ ਨੌਜਵਾਨ ਹੈ ਜੋ ਸਿਆਸਤਦਾਨਾਂ ਦੇ ਬਹਿਕਾਵੇ ਵਿਚ ਆ ਜਾਂਦਾ ਹੈ, ਜਿਸ ਦੀ ਮਨੋ-ਬਿਰਤੀ ਖੰਡਿਤ ਹੈ, ਜੋ ਸ਼ੁਰੂਆਤ ਵਿਚ ਭੋਲਾ-ਭਾਲਾ ਤੇ ਮਾਸੂਮ ਹੁੰਦਾ ਹੈ ਪਰ ਬਾਅਦ ਵਿਚ ਕੱਟੜ ਇਨਸਾਨ ਵਜੋਂ ਸਾਹਮਣੇ ਆਉਂਦਾ ਹੈ। ਆਮਿਰ ਅਲੀ ਨੇ ਇਹ ਭੂਮਿਕਾ ਬੜੀ ਸ਼ਿੱਦਤ ਨਾਲ ਨਿਭਾਈ। ਰਾਕੇਸ਼ ਓਮ ਪ੍ਰਕਾਸ਼ ਮਹਿਰਾ ਨਿਰਦੇਸ਼ਤ ਫਿਲਮ 'ਰੰਗ ਦੇ ਬਸੰਤੀ' ਵਿਚ ਉਸ ਨੂੰ ਫਰਹਾਨ ਅਖਤਰ ਵਾਲੀ ਭੂਮਿਕਾ ਲਈ ਪਹੁੰਚ ਕੀਤੀ ਗਈ ਸੀ ਪਰ ਇਹ ਜ਼ਹੀਨ ਅਦਾਕਾਰ ਸਮੇਂ ਤੋਂ ਬਹੁਤ ਪਹਿਲਾਂ ਦੁਨੀਆ ਤੋਂ ਰੁਖਸਤ ਹੋ ਗਿਆ।

ਵਿਕੀਪੀਡੀਆ ਨੇ ਇਸ ਨੂੰ ਇੰਡੋ-ਪਾਕਿਸਤਾਨੀ ਫਿਲਮ ਲਿਖਿਆ ਹੈ ਜਿਸ ਦੀ ਭਾਸ਼ਾ ਪੰਜਾਬੀ ਹੈ।

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Sam Bhullar: 317-995-2020
Gurbaksh S Randhawa
Call: 317-800-2976



# Reliable

## *Trucks & Trailer Repair Shop*

**7401 Brookville Road**
**Indianapolis, IN 46239**



- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Gurbaksh S Randhawa:
317-800-2976
Sam Bhullar: 317-995-2020



# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

- Truck & Trailer Alignment
- Truck Oil Change
- Truck & Trailer Brakes
- Shock and Chambers
- Drive Lines & AC Work
- Tire Chnage, Repair, And Balance
- Reefer Oil Change * DPF Work
- Nox Sensor
- Truck & Trailer Bushings
- Air Compressor * Air Dryer
- Radiator Change

Jasbir Singh: 317-702-6302
Gurbaksh S Randhawa:
317-800-2976



# TRUCK PARTS KING USA

**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020